

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fifth Year of Publication　ਨਿਊਯਾਰਕ ਐਡੀਸ਼ਨ　Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ



Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 25, Issue 16; April 20, 2024　20451 N. Plum Grove Rd., Palatine, IL 60074　Ph:847-359-0746, Fax:847-705-9388


# ਪੰਜਾਬ ਵਿਚ ਚੋਣ ਦਾ ਪਿੜ ਭਖਣ ਲੱਗਾ

## ‘ਆਪ’ ਅਤੇ ਕਾਂਗਰਸ ਦਾ ਵੱਕਾਰ ਦਾਅ ’ਤੇ; ਦਲ-ਬਦਲੂਆਂ ਲਈ ਮੈਦਾਨ ਤਿਆਰ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਵਾਰ ਪੰਜਾਬ ਦਾ ਸਿਆਸੀ ਮਾਹੌਲ ਦਿਲਚਸਪ ਬਣਿਆ ਹੋਇਆ ਹੈ। ਸੂਬੇ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰ ਕਾਂਗਰਸ ਜਿਥੇ ਇਨ੍ਹਾਂ ਚੋਣਾਂ ਨੂੰ ਵੱਕਾਰ ਦਾ ਸਵਾਲ ਬਣਾ ਕੇ ਚੱਲ ਰਹੀਆਂ ਹਨ, ਉਥੇ ਆਪਣੀ ਹੋਂਦ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਪੂਰੀ ਵਾਹ ਲਾਉਣ ਦੀ ਤਿਆਰੀ ਕਰੀ ਬੈਠਾ ਹੈ। ਸੂਬੇ ਵਿਚ ਪੈਰ ਧਰਾਵੇ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਭਾਜਪਾ ਦਲ-ਬਦਲੂਆਂ ਆਸਰੇ ਮੈਦਾਨ ਵਿਚ ਆ ਨਿੱਤਰੀ ਹੈ।

ਪ੍ਰਮੁੱਖ ਸਿਆਸੀ ਧਿਰਾਂ ਵੱਲੋਂ ਹੁਣ ਤੱਕ ਐਲਾਨੇ ਉਮੀਦਵਾਰਾਂ ਦੀ ਸੂਚੀ ਸਾਫ ਇਸ਼ਾਰਾ ਕਰਦੀ ਹੈ ਕਿ ਕੋਈ ਵੀ ਧਿਰ ਇਸ ਵਾਰ ਕਸਰ ਛੱਡਣ ਦੇ ਰੌਂਅ ਵਿਚ ਨਹੀਂ ਹੈ। ਆਮ ਆਦਮੀ ਪਾਰਟੀ ਇਸ ਪਾਸੇ ਸਭ ਤੋਂ ਚੌਕਸ ਨਜ਼ਰ ਆ ਰਹੀ ਹੈ ਜਿਸ ਨੇ ਇਸ ਵਾਰ ਜਾਂ ਤਾਂ ਆਪਣੇ ਮੰਤਰੀਆਂ ਤੇ ਵਿਧਾਇਕਾਂ ਨੂੰ ਮੈਦਾਨ ਵਿਚ ਉਤਾਰਿਆ, ਜਾਂ ਫਿਰ ਦਲ ਬਦਲਾਅ ਕੇ ਲਿਆਂਦੇ ਮੌਜੂਦਾ ਕਾਂਗਰਸੀ ਵਿਧਾਇਕਾਂ ਨੂੰ ਅੱਗੇ ਕੀਤਾ ਹੈ। ‘ਆਪ’ ਨੇ 13 ਦੀਆਂ 13 ਸੀਟਾਂ ਉਤੇ ਉਮੀਦਵਾਰ ਐਲਾਨ ਦਿੱਤੇ ਹਨ। ਇਸ ਨੇ ਆਪਣੇ 9 ਮੌਜੂਦਾ ਵਿਧਾਇਕਾਂ ਨੂੰ ਹੀ ਮੈਦਾਨ ਵਿਚ ਉਤਾਰ ਦਿੱਤਾ ਹੈ। ਪਾਰਟੀ ਨੇ ਲੁਧਿਆਣਾ ਤੋਂ ਅਸ਼ੋਕ ਪਰਾਸ਼ਰ, ਗੁਰਦਾਸਪੁਰ ਤੋਂ ਅਮਨ ਸ਼ੇਰ ਸਿੰਘ, ਫ਼ਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ, ਆਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ, ਪਟਿਆਲਾ ਤੋਂ ਡਾ. ਬਲਬੀਰ ਸਿੰਘ, ਬਠਿੰਡਾ ਤੋਂ ਗੁਰਮੀਤ ਸਿੰਘ



ਖੁੱਡੀਆਂ ਨੂੰ ਉਮੀਦ ਐਲਾਨਿਆਂ ਹੈ। ਇਹ ਸਾਰੇ ਮੌਜੂਦਾ ਵਿਧਾਇਕ ਹਨ।

ਇਸ ਤੋਂ ਇਲਾਵਾ ਆਪ ਨੇ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਆਏ ਪਵਨ ਕੁਮਾਰ ਟੀਨੂੰ ਜਲੰਧਰ ਅਤੇ ਕਾਂਗਰਸ ਤੋਂ ਆਏ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਫਤਹਿਗੜ੍ਹ ਸਾਹਿਬ ਅਤੇ ਡਾ. ਰਾਜ ਸਿੰਘ ਚੱਬੇਵਾਲ ਨੂੰ ਹੁਸ਼ਿਆਰਪੁਰ ਤੋਂ ਮੈਦਾਨ ਵਿਚ ਉਤਾਰਿਆ ਹੈ। ਕਾਂਗਰਸ ਦਾ ਵੀ ਹਾਲ ਇਹੀ ਹੈ। ਉਸ ਨੇ ਆਪਣੇ ਮੌਜੂਦਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸੰਗਰੂਰ ਤੋਂ ਟਿਕਟ ਦਿੱਤੀ ਹੈ। ਹੁਣ ਜੇਕਰ ਇਹ ਸਾਰੇ ਵਿਧਾਇਕ ਜਿੱਤਦੇ ਹਨ, ਪੰਜਾਬ ਦੀਆਂ ਤਕਰੀਬਨ ਦਰਜਨ ਵਿਧਾਨ ਸਭਾ ਸੀਟਾਂ ਉਤੇ ਉਪ ਚੋਣਾਂ ਹੋਣਗੀਆਂ।

ਪੰਜਾਬ ਦਾ ਮੌਜੂਦਾ ਸਿਆਸੀ ਮਾਹੌਲ ਇਹ ਹੈ ਕਿ ਇਸ ਵਾਰ ਜ਼ਿਆਦਾਤਰ ਸਿਆਸੀ ਆਗੂ ਦਲ ਬਦਲੀ ਕਰ ਕੇ ਆਪਣੀਆਂ ਰਵਾਇਤੀ ਪਾਰਟੀਆਂ ਖ਼ਿਲਾਫ਼ ਹੀ ਚੋਣਾਂ ਲੜ ਰਹੇ ਹਨ। ਕਾਂਗਰਸ ਨੇ ਪਟਿਆਲਾ ਤੋਂ ਧਰਮਵੀਰ ਗਾਂਧੀ ਨੂੰ ਟਿਕਟ ਦਿੱਤੀ ਹੈ। ਇਹ ਉਹੀ ਧਰਮਵੀਰ ਗਾਂਧੀ ਹਨ ਜਿਨ੍ਹਾਂ ਨੇ 2014 ‘ਚ ‘ਆਪ‘ ਦੀ ਤਰਫੋਂ ਚੋਣ ਲੜੀ ਸੀ ਅਤੇ ਕਾਂਗਰਸ ਦੀ ਪ੍ਰਨੀਤ ਕੌਰ ਨੂੰ ਹਰਾਇਆ ਸੀ। ਗਾਂਧੀ ਹੁਣ ਕਾਂਗਰਸ ਦੇ ਉਮੀਦਵਾਰ ਹਨ ਅਤੇ ਪ੍ਰਨੀਤ ਕੌਰ ਭਾਜਪਾ ਉਮੀਦਵਾਰ ਹਨ। ਪਿਛਲੇ ਸਾਲ ਜਲੰਧਰ ਤੋਂ ਲੋਕ ਸਭਾ ਜ਼ਿਮਨੀ ਚੋਣ ‘ਚ ਸੁਸ਼ੀਲ ਰਿੰਕੂ ਕਾਂਗਰਸ ਛੱਡ ਕੇ ‘ਆਪ‘ ਦੀ ਟਿਕਟ ‘ਤੇ ਜਿੱਤੇ ਸਨ। ਇਸ ਵਾਰ ਉਹ ਭਾਜਪਾ ਦੀ ਟਿਕਟ ‘ਤੇ ਚੋਣ ਲੜ ਰਹੇ ਹਨ। ਸਾਲ 2022 ‘ਚ ਅਕਾਲੀ ਦਲ ਦੇ ਉਮੀਦਵਾਰ ਵਜੋਂ ਵਿਧਾਨ ਸਭਾ ਚੋਣ ਲੜ ਰਹੇ ਪਵਨ ਕੁਮਾਰ ਟੀਨੂੰ ਨੇ ‘ਆਪ‘ ਵਿਚ ਪ੍ਰਵੇਸ਼ ਕਰ ਲਿਆ ਹੈ। ਆਪ ਨੇ ਉਸ ਨੂੰ ਉਮੀਦਵਾਰ ਬਣਾਇਆ ਹੈ। ਭਾਜਪਾ ਨੇ ਲੁਧਿਆਣਾ ਤੋਂ ਕਾਂਗਰਸ ਵੱਲੋਂ ਰਵਨੀਤ ਸਿੰਘ ਬਿੱਟੂ ਅਤੇ ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਉਮੀਦਵਾਰ ਬਣਾਇਆ ਹੈ। ਭਾਜਪਾ ਨੂੰ ਕਾਂਗਰਸੀ ਉਮੀਦਵਾਰ ਵਜੋਂ ਚੁਣੌਤੀ ਦੇਣ ਵਾਲੇ ਇਹ ਦੋਵੇਂ ਆਗੂ ਇਸ ਵਾਰ ਕਾਂਗਰਸ ਨੂੰ ਚੁਣੌਤੀ ਦੇ ਰਹੇ ਹਨ।

ਆਪ ਨੇ ਫ਼ਤਹਿਗੜ੍ਹ ਸਾਹਿਬ ਤੋਂ ਗੁਰਪ੍ਰੀਤ ਜੀ.ਪੀ. ਨੂੰ ਟਿਕਟ ਦਿੱਤੀ ਹੈ। ਰਾਜਕੁਮਾਰ ਚੱਬੇਵਾਲ ਨੂੰ ਹੁਸ਼ਿਆਰਪੁਰ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਸਾਲ 2022 ‘ਚ ਉਨ੍ਹਾਂ ਕਾਂਗਰਸ ਦੀ ਟਿਕਟ ਉਤੇ ਵਿਧਾਨ ਸਭਾ ਚੋਣ ਲੜੀ ਸੀ। ਇਸ ਵਾਰ ਦੋਵੇਂ ਝਾੜੂ ਦੇ ਨਿਸ਼ਾਨ ‘ਤੇ ਉਤਰੇ ਹਨ। ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਨੇ ਪਿਛਲੀ ਵਾਰ ਬਠਿੰਡਾ ਤੋਂ ਪੰਜਾਬ ਏਕਤਾ ਪਾਰਟੀ ਦੇ ਬੈਨਰ ਹੇਠ ਚੋਣ ਲੜੀ ਸੀ ਪਰ ਹੁਣ ਉਹ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨਗੇ। ਜੀਤ ਮਹਿੰਦਰ ਸਿੱਧੂ ਬਠਿੰਡਾ ਤੋਂ ਕਾਂਗਰਸ ਦੀ ਟਿਕਟ ‘ਤੇ ਚੋਣ ਲੜ ਰਹੇ ਹਨ, ਜੋ ਲਗਾਤਾਰ ਅਕਾਲੀ ਦਲ ਦੇ ਚੋਣ ਨਿਸ਼ਾਨ ‘ਤੇ ਚੋਣ ਲੜ ਰਹੇ ਸਨ। ਆਪ ਅਤੇ ਕਾਂਗਰਸ ਜਿਥੇ ਸੰਗਰੂਰ, ਜਲੰਧਰ ਅਤੇ ਬਠਿੰਡਾ ਹਲਕੇ ਨੂੰ ਵੱਕਾਰ ਦਾ ਸਵਾਲ ਮੰਨ ਰਹੀਆਂ ਹਨ, ਉਥੇ ਅੰਮ੍ਰਿਤਸਰ ਲੋਕ ਸਭਾ ਹਲਕਾ ਵੀ ਵੱਡੀ ਚੁਣੌਤੀ ਹੈ। ਇਸ ਹਲਕੇ ਤੋਂ ਭਾਜਪਾ ਨੇ ਤਰਨਜੀਤ ਸਿੰਘ ਸੰਧੂ, ‘ਆਪ‘ ਨੇ ਕੁਲਦੀਪ ਸਿੰਘ ਧਾਲੀਵਾਲ, ਕਾਂਗਰਸ ਨੇ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਅਕਾਲੀ ਦਲ (ਅੰਮ੍ਰਿਤਸਰ) ਨੇ ਸਿਮਰਨਜੀਤ ਸਿੰਘ ਮਾਨ ਦਾ ਪੁੱਤਰ ਇਮਾਨ ਸਿੰਘ ਮਾਨ ਚੋਣ ਮੈਦਾਨ ‘ਚ ਉਤਾਰਿਆ ਹੈ।

ਇਸ ਵਾਰ ਅੰਮ੍ਰਿਤਸਰ ਹਲਕੇ ਵਿਚ ਬਹੁਕੋਨੀ ਮੁਕਾਬਲਾ ਹੋਣ ਕਾਰਨ ਕਿਸੇ ਵੀ ਪਾਰਟੀ ਦੇ ਉਮੀਦਵਾਰ ਲਈ ਜਿੱਤਣਾ ਸੌਖਾ ਨਹੀਂ ਹੋਵੇਗਾ। ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਭਾਵੇਂ ਦੋ ਵਾਰ ਪਹਿਲਾਂ ਜਿੱਤ ਚੁੱਕੇ ਹਨ ਪਰ ਇਸ ਵਾਰ ਕਾਂਗਰਸ ਦੀ ਮੌਜੂਦਾ ਹਾਲਤ ਅਤੇ ਆਪਸੀ ਖਿੱਚੋਤਾਣ ਉਸ ਲਈ ਵੱਡੀ ਚੁਣੌਤੀ ਸਾਬਤ ਹੋਵੇਗੀ। ਔਜਲਾ ਨੇ 2017 ਵਿਚ ਉਪ ਚੋਣ ਵਿਚ 5 ਲੱਖ 8 ਹਜ਼ਾਰ ਜਦਕਿ 2019 ਵਿਚ 4 ਲੱਖ 45 ਹਜ਼ਾਰ ਵੋਟਾਂ ਪ੍ਰਾਪਤ ਕੀਤੀਆਂ ਸਨ। ਅਕਾਲੀ-ਭਾਜਪਾ ਗੱਠਜੋੜ ਵੇਲੇ ਅੰਮ੍ਰਿਤਸਰ ਹਲਕੇ ਦੀ ਸੀਟ ਵਧੇਰੇ ਕਰਕੇ ਭਾਜਪਾ ਦੇ ਹਿੱਸੇ ਆਉਂਦੀ ਰਹੀ ਹੈ। ਭਾਜਪਾ ਵੱਲੋਂ ਨਵਜੋਤ ਸਿੰਘ ਸਿੱਧੂ ਨੇ 2004, 2007 ਤੇ 2009 ਵਿਚ ਇਸ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਸੀ ਪਰ ਸਿੱਧੂ ਅਤੇ ਅਕਾਲੀ ਦਲ ਵਿਚਾਲੇ ਖਟਾਸ ਪੈਦਾ ਹੋਣ ਤੋਂ


***(ਬਾਕੀ ਸਫਾ 6 ‘ਤੇ)***


### ਦਲ-ਬਦਲੂਆਂ ਲਈ ਨਵੀਂ ਮੁਸੀਬਤ!

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਬਦਲਣ ਕਾਰਨ ਕਈ ਆਗੂਆਂ ਨੂੰ ਹੁਣ ਨਵੀਂ ਪਾਰਟੀ ਦੇ ਚੋਣ ਨਿਸ਼ਾਨ ਲਈ ਪ੍ਰਚਾਰ ਕਰਦਿਆਂ ਕਈ ਸਮੱਸਿਆਵਾਂ ਆ ਰਹੀਆਂ ਹਨ। ਸ਼ਹਿਰੀ ਖੇਤਰਾਂ ਵਿਚ ਤਾਂ ਇਹ ਸਮੱਸਿਆ ਘੱਟ ਆ ਰਹੀ ਹੈ ਪਰ ਪੇਂਡੂ ਖੇਤਰਾਂ ਵਿਚ ਦਲ ਬਦਲਣ ਵਾਲਿਆਂ ਨੂੰ ਵੋਟਰ ਕਈ ਸਵਾਲ ਕਰ ਰਹੇ ਹਨ ਜਿਨ੍ਹਾਂ ਦਾ ਸਾਹਮਣਾ ਕਰਨਾ ਪਾਰਟੀ ਉਮੀਦਵਾਰਾਂ ਨੂੰ ਮੁਸ਼ਕਲ ਹੋ ਰਿਹਾ ਹੈ। ਇਹ ਟਕਸਾਲੀ ਵਰਕਰ ਹਨ ਜੋ ਪਾਰਟੀ ਬਦਲਣ ਵਾਲਿਆਂ ਨੂੰ ਸਮਰਥਨ ਦੇਣ ਦੀ ਥਾਂ ਪੁਰਾਣੀ ਪਾਰਟੀ ਦਾ ਹੀ ਸਾਥ ਦੇਣ ਦੀ ਗੱਲ ਕਰ ਰਹੇ ਹਨ।


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

* Our Instructors speak: Punjabi and Urdu
* We Provide: Accommodation for non-residents
* More than 10 Trucks * PTI Just 3 pages
* Fast Exam Scheduling
* Online Training
* Average Training Time: Two Weeks

Scan Me

Call us at: +18442272162
Address: 2605 US-130 Cinnaminson, NJ 08077

# ਭੱਠਲ ਪਰਿਵਾਰ ਨੂੰ ਸਦਮਾ; ਮਾਤਾ ਸ਼ਮਸ਼ੇਰ ਕੌਰ ਦਾ ਦੇਹਾਂਤ

**ਸ਼ਿਕਾਗੋ:** ਇੱਥੋਂ ਦੇ ਪੰਜਾਬੀ ਭਾਈਚਾਰੇ ਵਿਚ ਵਿਸ਼ੇਸ਼ ਥਾਂ ਰੱਖਣ ਵਾਲੇ ਸ. ਜਗਵਿੰਦਰ ਸਿੰਘ ਭੱਠਲ ਅਤੇ ਸ਼ਰਨਜੀਤ ਸਿੰਘ ਭੱਠਲ ਦੇ ਮਾਤਾ ਸਰਦਾਰਨੀ ਸ਼ਮਸ਼ੇਰ ਕੌਰ ਭੱਠਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਬੀਤੇ ਦਿਨੀਂ ਗੁਰ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 84 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਆਪਣੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ 'ਚ ਇਸ ਸੰਸਾਰ ਨੂੰ ਅਲਵਿਦਾ ਆਖੀ। ਉਨ੍ਹਾਂ ਦੇ ਪਤੀ ਸ. ਭਾਨ ਸਿੰਘ ਭੱਠਲ ਤਿੰਨ ਸਾਲ ਪਹਿਲਾਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ।

ਮਾਤਾ ਸ਼ਮਸ਼ੇਰ ਕੌਰ ਭੱਠਲ ਦਾ ਜਨਮ ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਪਿੰਡ ਘੜੂੰਆਂ ਵਿਚ ਹੋਇਆ ਸੀ ਅਤੇ 1986 ਵਿਚ ਉਹ ਸ਼ਿਕਾਗੋ ਆ ਗਏ ਸਨ। ਇੱਥੇ ਆਪਣੀ ਸੇਵਾ ਭਾਵਨਾ ਨਾਲ ਉਨ੍ਹਾਂ ਨੇ ਪੰਜਾਬੀ ਭਾਈਚਾਰੇ ਵਿਚ ਖਾਸ ਥਾਂ ਬਣਾਈ ਹੋਈ ਸੀ। ਉਹ ਦਿਆਲੂ ਅਤੇ ਧਾਰਮਿਕ ਬਿਰਤੀ ਵਾਲੇ ਸਨ ਅਤੇ ਉਨ੍ਹਾਂ ਆਪਣਾ ਸਾਰਾ ਜੀਵਨ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਗੁਜ਼ਾਰਿਆ। ਉਹ ਹਮੇਸ਼ਾਂ ਪੰਜਾਬ ਤੋਂ ਆਉਣ ਵਾਲੇ ਨਵੇਂ ਲੋਕਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਤਪਰ ਰਹਿੰਦੇ। ਪਰਿਵਾਰ ਨੂੰ ਜਿਥੇ ਆਪਣੇ ਘਰ ਦੇ ਇਕ ਜੀਅ ਦੇ ਤੁਰ ਜਾਣ ਦਾ ਵਿਗੋਚਾ ਹੈ, ਉਥੇ ਤਸੱਲੀ ਵੀ ਹੈ ਕਿ ਉਨ੍ਹਾਂ ਆਪਣਾ ਜੀਵਨ ਪਿਆਰ, ਹਾਸੇ ਅਤੇ ਪਿਆਰੀਆਂ ਯਾਦਾਂ ਨਾਲ ਬਤੀਤ ਕੀਤਾ। ਉਹ ਆਪਣੇ ਪਿੱਛੇ ਦੋ ਪੁੱਤਰ, ਜਗਵਿੰਦਰ ਸਿੰਘ ਭੱਠਲ, ਨੂੰਹ ਦਵਿੰਦਰ ਕੌਰ ਭੱਠਲ ਅਤੇ ਸ਼ਰਨਜੀਤ ਸਿੰਘ ਭੱਠਲ, ਨੂੰਹ ਸ਼ਿਵਰੂਪ ਕੌਰ ਭੱਠਲ, ਧੀ ਹਰਜਿੰਦਰ ਕੌਰ ਦਿਓਲ, ਜਵਾਈ ਕੁਲਵੰਤ ਸਿੰਘ ਦਿਓਲ ਅਤੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਮਾਤਾ ਜੀ ਦਾ ਧਾਰਮਿਕ ਜੀਵਨ ਪਰਿਵਾਰ ਲਈ ਰਾਹ ਦਸੇਰਾ ਹੈ।

ਮਾਤਾ ਸ਼ਮਸ਼ੇਰ ਕੌਰ ਦਾ ਸਸਕਾਰ ਐਤਵਾਰ 21 ਅਪ੍ਰੈਲ ਨੂੰ ਸਵੇਰੇ 12 ਵਜੇ ਡੇਵਨਪੋਰਟ ਫਿਊਨਰਲ ਹੋਮ, 941 ਐੱਸ ਓਲਡ ਰੈਂਡ ਰੋਡ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਬਾਅਦ ਦੁਪਹਿਰ 3 ਤੋਂ 5 ਵਜੇ ਤਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਮੇਲਾ 10 ਅਗਸਤ ਨੂੰ

## ਸੰਤੋਖ ਸਿੰਘ ਘੁੰਮਣ ਪ੍ਰਧਾਨ ਅਤੇ ਨਰਿੰਦਰ ਸਿੰਘ ਸਰਾਂ ਨੂੰ ਮੀਤ ਪ੍ਰਧਾਨ ਚੁਣਿਆ

**ਸ਼ਿਕਾਗੋ (ਬਿਊਰੋ):** ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸਾਲ 2024 ਲਈ ਸੰਤੋਖ ਸਿੰਘ ਘੁੰਮਣ ਪ੍ਰਧਾਨ ਬਣਾਏ ਗਏ ਹਨ ਅਤੇ ਨਰਿੰਦਰ ਸਿੰਘ ਸਰਾਂ ਨੂੰ ਮੀਤ ਪ੍ਰਧਾਨ ਚੁਣਿਆ ਗਿਆ ਹੈ। ਲੰਘੇ ਐਤਵਾਰ ਕਲੱਬ ਦੇ ਬੋਰਡ ਮੈਂਬਰਾਂ ਦੀ ਮੀਟਿੰਗ ਹੋਈ, ਜਿਸ ਵਿਚ ਕਬੱਡੀ ਅਤੇ ਸੱਭਿਆਚਾਰਕ ਮੇਲਾ ਅਗਸਤ ਵਿਚ ਕਰਾਉਣ ਦਾ ਫੈਸਲਾ ਲਿਆ ਗਿਆ।

ਮਹਾਰਾਜ ਗਰਿੱਲ ਵਿਖੇ ਹੋਈ ਇਸ ਮੀਟਿੰਗ ਵਿਚ ਅਜੈਬ ਸਿੰਘ ਲੱਖਣ, ਲਖਵੀਰ ਸਿੰਘ ਸਹੋਤਾ, ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ, ਪਰਮਿੰਦਰ ਸੈਂਬੀ, ਰਜਿੰਦਰ ਦਿਆਲ, ਰਾਜਾ ਦਿਆਲ, ਸੁਰਿੰਦਰ ਸਿੰਘ ਚੀਮਾ, ਜਸਕਰਨ ਧਾਲੀਵਾਲ, ਹਰਵਿੰਦਰ ਸਿੰਘ ਬਿੱਲਾ, ਮਿੱਢਾ ਮਾਹਿਲਪੁਰੀਆ ਅਤੇ ਹਰਦੀਪ ਸਿੰਘ ਗਿੱਲ ਹਾਜ਼ਰ ਸਨ।

ਕਲੱਬ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਵਾਰ ਦਾ ਖੇਡ ਮੇਲਾ 'ਪੰਜਾਬ ਸਪੋਰਟਸ ਕਲੱਬ 2003' ਵਾਲੇ ਖੇਡ ਮੇਲੇ ਦਾ ਇਤਿਹਾਸ ਦੁਹਰਾਏਗਾ। ਕਲੱਬ ਦੇ ਨਵੇਂ ਪ੍ਰਧਾਨ ਸੰਤੋਖ ਸਿੰਘ ਘੁੰਮਣ ਨੇ ਦੱਸਿਆ ਕਿ ਇਸ ਸਾਲ ਦਾ ਸਾਲਾਨਾ ਖੇਡ ਮੇਲਾ ਸ਼ਿਕਾਗੋ ਦੀ ਸਬਰਬ ਐਲਕ ਗਰੂਵ ਵਿਲੇਜ ਦੇ ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ ਵਿਚ ਸ਼ਨਿਚਰਵਾਰ, 10 ਅਗਸਤ, 2024 ਨੂੰ ਹੋਵੇਗਾ। ਇਸ ਵਰਲਡ ਕਬੱਡੀ ਖੇਡ ਮੇਲੇ ਵਿਚ ਦੁਨੀਆ ਦੇ ਨਾਮੀ ਕਬੱਡੀ ਖਿਡਾਰੀ ਹਿੱਸਾ ਲੈਣਗੇ। ਉਨ੍ਹਾਂ ਨੇ ਕਲੱਬ ਵਲੋਂ ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ ਤੇ ਸਹਿਯੋਗੀ ਸੱਜਣਾਂ ਨੂੰ ਮੇਲੇ ਵਿਚ ਪਰਿਵਾਰਾਂ ਸਮੇਤ ਆਉਣ ਦਾ ਸੱਦਾ ਦਿੰਦਿਆਂ ਵਿਸਾਖੀ ਦੀ ਵਧਾਈ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਮੇਲੇ ਦੌਰਾਨ ਮੇਲੀਆਂ ਲਈ ਖਾਣ-ਪੀਣ ਦਾ ਵੀ ਵਧੀਆ ਪ੍ਰਬੰਧ ਹੋਵੇਗਾ।

ਵਰਣਨਯੋਗ ਹੈ ਕਿ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਪਹਿਲਾ ਅਜਿਹਾ ਕਲੱਬ ਹੈ, ਜਿਸ ਨੇ ਮਿਡਵੈਸਟ ਵਿਚ ਖੇਡ ਮੇਲਿਆਂ ਦੀ ਸ਼ੁਰੂਆਤ ਕੀਤੀ ਸੀ। ਉਦੋਂ ਤੋਂ ਲਗਾਤਾਰ ਇਹ ਕਲੱਬ ਮਾਂ ਖੇਡ ਕਬੱਡੀ ਨੂੰ ਪ੍ਰਮੋਟ ਕਰਦਾ ਆ ਰਿਹਾ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਯਤਨਸ਼ੀਲ ਹੈ।

ਮੇਲੇ ਸਬੰਧੀ ਅਤੇ ਹੋਰ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਸੰਤੋਖ ਸਿੰਘ ਘੁੰਮਣ ਨਾਲ 847-338-3866 ਅਤੇ ਮੀਤ ਪ੍ਰਧਾਨ ਨਰਿੰਦਰ ਸਿੰਘ ਸਰਾਂ ਨਾਲ 630 205-9264 'ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਸੰਤੋਖ ਸਿੰਘ ਘੁੰਮਣ (ਪ੍ਰਧਾਨ)*




*ਨਰਿੰਦਰ ਸਿੰਘ ਸਰਾਂ (ਮੀਤ ਪ੍ਰਧਾਨ)*

# ਵਿਪਸਾਅ ਵੱਲੋਂ ਫਰੀਮੌਂਟ ਵਿਚ ਕਿਤਾਬ ਰਿਲੀਜ਼ ਸਮਾਰੋਹ 20 ਅਪ੍ਰੈਲ ਨੂੰ

## ਸੁਰਿੰਦਰ ਸੀਰਤ ਅਤੇ ਬੀਬੀ ਸੁਰਜੀਤ ਕੌਰ (ਸੈਕਰਾਮੈਂਟੋ) ਦੀਆਂ ਕਿਤਾਬਾਂ 'ਤੇ ਚਰਚਾ ਹੋਏਗੀ

**ਫਰੀਮੌਂਟ:** ਵਿਸ਼ਵ ਪੰਜਾਬ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਵੱਲੋਂ 20 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਪ੍ਰੋ. ਸੁਰਿੰਦਰ ਸੀਰਤ ਦੇ ਕਾਵਿ-ਸੰਗ੍ਰਹਿ 'ਜੰਗ ਜਾਰੀ ਹੈ' ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀਆ ਕਾਵਿ- ਪੁਸਤਕਾਂ 'ਰੂਹਾਨੀ ਰਮਜ਼ਾਂ' ਅਤੇ 'ਬੂੰਦ ਬੂੰਦ ਬਰਸਾਤ' ਕੈਲੀਫ਼ੋਰਨੀਆ ਦੇ ਸ਼ਹਿਰ ਫਰੀਮੌਂਟ ਵਿਚ ਰਿਲੀਜ਼ ਕਰਨ ਲਈ ਸਾਹਿਤਕ ਸਮਾਰੋਹ ਕਰਵਾਇਆ ਜਾ ਰਿਹਦ ਹੈ, ਜਿਸ ਵਿਚ ਸ਼ਾਮਿਲ ਹੋਣ ਲਈ ਸਾਹਿਤ ਪ੍ਰੇਮੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਹ ਸਮਾਗਮ ਫਰੀਮੌਂਟ ਸ਼ਹਿਰ ਦੇ Wally Pond Irvington Community Center (41885 Blacow Rd, Fremont, CA 94538) ਵਿਖੇ 20 ਅਪਰੈਲ ਨੂੰ ਦੁਪਹਿਰ 12:30 ਤੋਂ ਸ਼ਾਮ 5:00 ਵਜੇ ਤੱਕ ਚੱਲੇਗਾ। ਦੋਹਾਂ ਲੇਖਕਾਂ ਬਾਰੇ ਜਾਣਕਾਰੀ ਤੋਂ ਬਾਅਦ ਕਿਤਾਬਾਂ ਲੋਕ-ਅਰਪਣ ਕੀਤੀਆਂ ਜਾਣਗੀਆਂ। 'ਜੰਗ ਜਾਰੀ ਹੈ' ਉੱਪਰ ਡਾ. ਸੁਖਵਿੰਦਰ ਕੰਬੋਜ ਪਰਚਾ ਪੜ੍ਹ ਕੇ ਚਰਚਾ ਸ਼ੁਰੂ ਕਰਨਗੇ। ਇਸ ਕਿਤਾਬ ਉੱਪਰ ਡਾ. ਐਮ.ਪੀ. ਸਿੰਘ ਦਾ ਲਿਖਿਆ ਪਰਚਾ ਸ਼ਾਇਰਾ ਸੁਰਜੀਤ ਸਖੀ ਪੜ੍ਹਨਗੇ। ਬੀਬੀ ਸੁਰਜੀਤ ਕੌਰ ਦੀਆਂ ਕਾਵਿ ਪੁਸਤਕਾਂ ਬਾਰੇ ਡਾ. ਇਕਬਾਲ ਸਿੰਘ ਸਕਰੌਦੀ ਦਾ ਲਿਖਿਆ ਪਰਚਾ ਸੋਨੂੰ ਮਾਹਲ ਪੜ੍ਹਨਗੇ। ਸਾਹਿਤਕ ਚਰਚਾ ਦੌਰਾਨ ਦੋਹਾਂ ਲੇਖਕਾਂ ਤੋਂ ਉਨ੍ਹਾਂ ਦੇ ਵਿਚਾਰ ਵੀ ਸੁਣੇ ਜਾਣਗੇ ਅਤੇ ਹਾਜ਼ਰ ਸਾਹਿਤਕਾਰ ਅਤੇ ਸਰੋਤੇ ਚਰਚਾ ਵਿਚ ਹਿੱਸਾ ਲੈਣਗੇ।







ਵਿਪਸਾਅ ਪ੍ਰਧਾਨ ਕੁਲਵਿੰਦਰ ਨੇ ਦੱਸਿਆ ਹੈ ਕਿ ਇਸ ਸਮਾਗਮ ਵਿਚ ਸੂਫ਼ੀ/ਗ਼ਜ਼ਲ ਗਾਇਕ ਸੁਖਦੇਵ ਸਾਹਿਲ ਰਿਲੀਜ਼ ਹੋ ਰਹੀਆਂ ਕਿਤਾਬਾਂ 'ਚੋਂ ਚੁਣਦਾ ਕਲਾਮ ਆਪਣੀ ਅਵਾਜ਼ ਵਿਚ ਗਾ ਕੇ ਪੇਸ਼ ਕਰਨਗੇ। ਇੰਡੀਆ ਤੋਂ ਪਹੁੰਚੇ ਲੇਖਕ ਅਤੇ ਗ਼ਜ਼ਲਗੋ ਅਮਰ ਸੂਫ਼ੀ ਨਾਲ ਗੱਲਬਾਤ ਹੋਏਗੀ ਅਤੇ ਉਨ੍ਹਾਂ ਦੀ ਸ਼ਾਇਰੀ ਸੁਣੀ ਜਾਏਗੀ।

ਸਮਾਗਮ ਦਾ ਅੰਤ ਖ਼ੂਬਸੂਰਤ ਕਵੀ ਦਰਬਾਰ ਨਾਲ ਹੋਏਗਾ ਜਿਸ ਵਿਚ ਹਾਜ਼ਰ ਕਵੀ ਹਿੱਸਾ ਲੈਣਗੇ। ਬੇਅ-ਏਰੀਏ ਦੇ ਸਮੂਹ ਪੰਜਾਬੀ ਪਿਆਰਿਆਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਸ. ਗੁਰਸ਼ਰਨਜੀਤ ਸਿੰਘ (ਗੁਰ ਸਿੰਘ) ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਇੱਥੋਂ ਦੇ ਸਿੱਖ ਭਾਈਚਾਰੇ ਵਿਚ ਵਿਸ਼ੇਸ਼ ਥਾਂ ਰੱਖਣ ਵਾਲੇ ਸ. ਗੁਰਸ਼ਰਨਜੀਤ ਸਿੰਘ (ਗੁਰ ਸਿੰਘ) ਸਰਕਾਰੀਆ ਆਪਣੀ ਸਰੀਰਕ ਯਾਤਰਾ ਪੂਰੀ ਕਰਦਿਆਂ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 78 ਵਰ੍ਹਿਆਂ ਦੇ ਸਨ। ਉਹ ਬਹੁਤ ਚੰਗੇ ਪਤੀ, ਪਿਤਾ, ਦਾਦਾ, ਵਫ਼ਾਦਾਰ ਮਿੱਤਰ ਅਤੇ ਸ਼ਿਕਾਗੋਵਾਸੀਆਂ ਦੇ 'ਭਾਈਆ ਜੀ' ਸਨ, ਜਿਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਜਿਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉਥੇ ਪੰਜਾਬੀ ਭਾਈਚਾਰਾ ਵੀ ਸਦਮੇ ਵਿਚ ਹੈ। ਉਨ੍ਹਾਂ ਆਪਣੇ ਪਰਿਵਾਰਕ ਜੀਆਂ ਦੀ ਹਾਜ਼ਰੀ ਵਿਚ ਆਖਰੀ ਸਾਹ ਲਏ। ਬਿਨਾਂ ਕਿਸੇ ਤਕਲੀਫ ਤੋਂ ਉਹ ਸ਼ਾਂਤੀ ਨਾਲ ਗੁਰੂ ਚਰਨਾਂ ਵਿਚ ਜਾ ਵਿਰਾਜੇ। ਗੁਰ ਸਿੰਘ ਕਮਾਲ ਦੀ ਕਾਬਲੀਅਤ ਵਾਲਾ ਵਿਅਕਤੀ ਸੀ, ਉਨ੍ਹਾਂ ਨੇ ਆਪਣੇ ਹਰ ਜਾਣਕਾਰ ਦੇ ਜੀਵਨ ਵਿਚ ਖੁਸ਼ਹਾਲੀ ਲਿਆਂਦੀ। ਉਨ੍ਹਾਂ ਨੇ ਆਪਣੇ ਸਾਫ ਦਿਲ ਨਾਲ ਜਿੱਥੇ ਉਮਰ ਭਰ ਲਈ ਅਣਗਿਣਤ ਦੋਸਤ ਬਣਾਏ, ਉਥੇ ਹੀ ਉਹ ਸ਼ਾਨਦਾਰ ਪਰਿਵਾਰਕ ਵਿਅਕਤੀ ਸੀ।

ਉਹ ਮਰਹੂਮ ਸ. ਕੁਲਦੀਪ ਸਿੰਘ ਸਰਕਾਰੀਆ ਅਤੇ ਸਰਦਾਰਨੀ ਸੁਖਜਿੰਦਰ ਕੌਰ ਦੇ ਪੁੱਤਰ ਸਨ, ਜੋ ਪੰਜਾਬ ਦੇ ਪਿੰਡ ਅਕਾਲਗੜ੍ਹ ਢੇਪੀਆਂ ਨਾਲ ਸਬੰਧਤ ਸਨ। ਭਾਵੇਂ ਉਨ੍ਹਾਂ ਦੇ ਛੱਡ ਜਾਣ ਦਾ ਪਰਿਵਾਰ ਨੂੰ ਦੁਖ ਹੈ, ਪਰ ਇਸ ਗੱਲ ਦੀ ਤਸੱਲੀ ਵੀ ਹੈ ਕਿ ਉਨ੍ਹਾਂ ਨੇ ਪਿਆਰ, ਹਾਸੇ ਅਤੇ ਪਿਆਰੀਆਂ ਯਾਦਾਂ ਨਾਲ ਭਰਿਆ ਜੀਵਨ ਬਤੀਤ ਕੀਤਾ। ਉਹ ਆਪਣੇ ਪਿੱਛੇ ਪਤਨੀ ਗੁਰਪਾਲ, ਬੱਚੇ ਸੂਜ਼ਨ, ਅਮਨ ਅਤੇ ਬਿੱਕੀ, ਜਵਾਈ ਅਤੇ ਨੂੰਹ ਕੇਨੀ ਅਤੇ ਮੇਲਫਾ, ਪੋਤੇ-ਪੋਤੀਆਂ ਸੀਨ, ਅਰਮਾਨ, ਲੈਲਾ ਅਤੇ ਜਾਨ ਨੂੰ ਛੱਡ ਗਏ ਹਨ।

ਪਿਛਲੇ ਕੁਝ ਸਾਲਾਂ ਤੋਂ ਉਹ ਪੂਰੀ ਤਰ੍ਹਾਂ ਗੁਰਮਤਿ ਦੇ ਧਾਰਨੀ ਬਣ ਗਏ ਸਨ ਤੇ ਉਨ੍ਹਾਂ ਆਪਣਾ ਜੀਵਨ ਸਿੱਖੀ ਦੇ "ਨਿਰਭਉ ਨਿਰਵੈਰ" (ਬਿਨਾਂ ਡਰ ਅਤੇ ਨਫ਼ਰਤ) ਦੇ ਸਿਧਾਂਤ ਅਨੁਸਾਰ ਬਸਰ ਕੀਤਾ। ਇਹ ਸਿਧਾਂਤ ਉਨ੍ਹਾਂ ਦੇ ਜੀਵਨ ਵਿਚ ਰੋਸ਼ਨੀ ਦੀ ਕਿਰਨ ਸੀ, ਜੋ ਉਨ੍ਹਾਂ ਨੂੰ ਪਿਆਰ ਅਤੇ ਆਪਣੇਪਨ ਨਾਲ ਸਭ ਨੂੰ ਗਲੇ ਲਗਾਉਣ, ਡਰ ਤੋਂ ਰਹਿਤ ਰਹਿਣ ਅਤੇ ਨਫ਼ਰਤ ਦੇ ਵਿਰੁੱਧ ਅਟੱਲ ਖੜ੍ਹੇ ਹੋਣ ਲਈ ਪ੍ਰੇਰਿਤ ਕਰਦਾ ਸੀ।

ਉਹ ਲੋੜਵੰਦਾਂ ਅਤੇ ਗਰੀਬਾਂ ਦੀ ਨਿਰਸਵਾਰਥ ਅਤੇ ਨਿਮਰਤਾ ਸਹਿਤ ਸੇਵਾ ਕਰਦੇ ਸਨ। ਇਹੀ ਉਨ੍ਹਾਂ ਦੇ ਜੀਵਨ ਦਾ ਇੱਕੋ ਇੱਕ ਮਿਸ਼ਨ ਬਣ ਗਿਆ ਸੀ। ਉਨ੍ਹਾਂ ਨੇ ਬਹੁਤ ਸਾਰੇ ਲੋੜਵੰਦਾਂ ਦੀ ਜ਼ਿੰਦਗੀ ਨੂੰ ਸਵਾਰਿਆ। ਉਹ ਲੋੜਵੰਦਾਂ ਦੀ ਮਦਦ ਅਤੇ ਮਾਰਗਦਰਸ਼ਨ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਉਹ ਪੰਜਾਬ ਵਿਚ ਆਪਣੇ ਸਹੁਰੇ ਪਿੰਡ ਕੋਟਲੀ ਅਰਾਇਣ ਵਿਖੇ ਚੈਰੀਟੇਬਲ ਟਰੱਸਟ 'ਮੇਰਾ ਪਿੰਡ 360' ਦਾ ਸਰਗਰਮ ਭਾਗੀਦਾਰ ਬਣ ਗਿਆ ਸੀ। ਇਹ ਟਰੱਸਟ ਉਸ ਪਿੰਡ ਦੇ ਪ੍ਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਲੋਂ ਦਿੱਤੇ ਜਾਂਦੇ ਦਾਨ ਨਾਲ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਗੁਰ ਸਿੰਘ ਕਾਵਿ ਪ੍ਰਤਿਭਾ ਦਾ ਮਾਲਕ ਸੀ, ਉਨ੍ਹਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ (ਅਗਮ ਪ੍ਰਕਾਸ਼) ਸਿਰਲੇਖ ਹੇਠ ਪੰਜਾਬੀ ਸੱਥ, ਲਾਂਬੜਾ, ਪੰਜਾਬ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ।



ਜ਼ਿਕਰਯੋਗ ਹੈ ਕਿ ਇਹ ਅਲਬੇਲਾ ਸ਼ਖਸ 'ਪੰਜਾਬ ਟਾਈਮਜ਼' ਨਾਲ ਵੀ ਮੁਢ ਤੋਂ ਹੀ ਜੁੜਿਆ ਹੋਇਆ ਸੀ ਅਤੇ ਵ੍ਹੀਲਿੰਗ ਵਾਲੇ ਉਸਦੇ ਦਫਤਰ ਵਿਚ ਹੀ ਉਸ ਦੇ ਜਿਗਰੀ ਯਾਰ ਬਲਕਾਰ ਸਿੰਘ ਢਿਲੋਂ, ਰਘਵਿੰਦਰ ਸਿੰਘ ਮਾਹਲ, ਮਨਜੀਤ ਸਿੰਘ ਗਿੱਲ, ਰਛਪਾਲ ਸਿੰਘ ਬਾਜਵਾ, ਹਰਜਾਪ ਸਿੰਘ ਸੰਘਾ ਅਤੇ ਹੋਰ ਸਾਥੀਆਂ ਨੇ ਇਸ ਦੀ ਰੂਪ-ਰੇਖਾ ਤਿਆਰ ਕੀਤੀ ਸੀ। ਅਦਾਰਾ 'ਪੰਜਾਬ ਟਾਈਮਜ਼' ਵੀ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੈ।

ਗੁਰ ਸਿੰਘ ਦਾ ਅੰਤਿਮ ਸੰਸਕਾਰ 16 ਅਪ੍ਰੈਲ ਦਿਨ ਮੰਗਲਵਾਰ ਨੂੰ ਕਰ ਦਿੱਤਾ ਗਿਆ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਹੋਈ। ਇਸ ਮੌਕੇ ਵੱਡੀ ਗਿਣਤੀ ਸੰਗਤ ਵਲੋਂ ਗੁਰ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਗੁਰ ਸਿੰਘ ਦੀ ਚੜ੍ਹਦੀਕਲਾ ਦੀ ਭਾਵਨਾ ਹਮੇਸ਼ਾ ਉਨ੍ਹਾਂ ਨੂੰ ਜਾਨਣ ਵਾਲਿਆਂ ਦੇ ਦਿਲਾਂ ਵਿਚ ਵਸਦੀ ਰਹੇਗੀ ਅਤੇ ਪਰਿਵਾਰ ਦਾ ਮਾਰਗਦਰਸ਼ਨ ਕਰਦੀ ਰਹੇਗੀ।

# ਕਾਰੋਬਾਰੀ ਜਸਵੀਰ ਸਿੰਘ ਦੇ ਅਕਾਲ ਚਲਾਣੇ 'ਤੇ ਢੰਡਾ ਪਰਿਵਾਰ ਨੂੰ ਸਦਮਾ

**ਸੈਂਗਰ:** ਇੱਥੋਂ ਦੇ ਨਿਵਾਸੀ ਜਸਵੀਰ ਸਿੰਘ ਢੰਡਾ (ਸਪੁੱਤਰ ਸਵ. ਗੁਰਦੇਵ ਸਿੰਘ) ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 43 ਸਾਲ ਦੇ ਸਨ ਤੇ ਪਿਛਲੇ ਲਗਭਗ 24 ਸਾਲਾਂ ਤੋਂ ਕੈਲੇਫੋਰਨੀਆ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਉਹ ਚੰਗੇ ਕਾਰੋਬਾਰੀ ਅਤੇ ਮਿਲਣਸਾਰ ਇਨਸਾਨ ਸਨ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਢੰਡਾ, ਜ਼ਿਲ੍ਹਾ ਜਲੰਧਰ ਸੀ।

ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 16 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: 4800 E[ Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ "ਗੁਰਦੁਆਰਾ ਗੁਰੂ ਕਲਗੀਧਰ ਸਾਹਿਬ, ਸੈਲਮਾਂ ਵਿਖੇ ਹੋਵੇਗੀ।




ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪਰਿਵਾਰ ਜਾਂ ਵੱਡੇ ਭਰਾ ਅਵਤਾਰ ਸਿੰਘ ਢੰਡਾ (ਬਿੱਲਾ ਡਿਨੂਬਾ) ਨਾਲ ਫੋਨ ਨੰਬਰ (559) 709-2225 'ਤੇ ਸੰਪਰਕ ਕਰ ਸਕਦੇ ਹੋ।

**ਰਿਪੋਰਟ: ਕੁਲਵੰਤ ਧਾਲੀਆਂ / ਨੀਟਾ ਮਾਛੀਕੇ**

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸੈਮੀਨਾਰ ਅਤੇ ਨਾਟਕ 20 ਅਪ੍ਰੈਲ ਨੂੰ

**ਅੰਮ੍ਰਿਤਸਰ:** ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬ ਨਾਟਸ਼ਾਲਾ ਵਲੋਂ ਸਥਾਨਕ ਸਾਹਿਤ ਸਭਾਵਾਂ ਦੇ ਪੂਰਨ ਸਹਿਯੋਗ ਨਾਲ "ਔਰਤ ਸਮਾਜ ਅਤੇ ਸੰਘਰਸ਼" ਵਿਸ਼ੇ 'ਤੇ ਸੈਮੀਨਾਰ ਅਤੇ "ਰਾਹਾਂ ਵਿੱਚ ਅੰਗਿਆਰ ਬੜੇ ਸਨ" ਨਾਟਕ ਕਰਵਾਇਆ ਜਾ ਰਿਹਾ ਹੈ।




ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਅਤੇ ਕੋ-ਕਨਵੀਨਰ ਸ਼ੈਲਿੰਦਰਜੀਤ ਸਿੰਘ ਰਾਜਨ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦੀ ਅਗਵਾਈ ਹੇਠ 20 ਅਪ੍ਰੈਲ ਸ਼ਨਿਚਰਵਾਰ ਦੁਪਹਿਰ ਦੋ ਵਜੇ ਪੰਜਾਬ ਨਾਟਸ਼ਾਲਾ ਵਿਖੇ ਹੋਣ ਵਾਲੇ ਇਸ ਸੈਮੀਨਾਰ ਦੀ ਪ੍ਰਧਾਨਗੀ ਨਾਮਵਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਕਰਨਗੇ ਅਤੇ ਡਾ. ਲਖਵਿੰਦਰ ਜੌਹਲ, ਪ੍ਰਿੰ. ਡਾ ਮਹਿਲ ਸਿੰਘ, ਸੁਖਵਿੰਦਰ ਅੰਮ੍ਰਿਤ ਵਿਸ਼ੇਸ਼ ਮਹਿਮਾਨ ਹੋਣਗੇ ਜਦਕਿ ਡਾ. ਪਰਮਿੰਦਰ ਮੁੱਖ ਵਕਤਾ ਦੇ ਤੌਰ 'ਤੇ ਸ਼ਿਰਕਤ ਕਰਨਗੇ।

ਸਮਾਗਮ ਦੀ ਤਿਆਰੀ ਟੀਮ ਦੇ ਮੈਂਬਰ ਹਰਜੀਤ ਸਿੰਘ ਸੰਧੂ, ਵਜ਼ੀਰ ਸਿੰਘ ਰੰਧਾਵਾ, ਮਨਮੋਹਨ ਢਿੱਲੋਂ ਅਤੇ ਪ੍ਰਤੀਕ ਸਹਿਦੇਵ ਨੇ ਦਸਿਆ ਕਿ ਅਕਸ ਰੰਗ-ਮੰਚ ਦੀ ਟੀਮ ਵਲੋਂ ਉਸੇ ਦਿਨ ਸ਼ਾਮ 6 ਵਜੇ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾ ਹੇਠ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦੇ ਜੀਵਨ 'ਤੇ ਆਧਾਰਿਤ ਨਾਟਕ "ਰਾਹਾਂ ਵਿਚ ਅੰਗਿਆਰ ਬੜੇ ਸੀ" ਵੀ ਖੇਡਿਆ ਜਾਵੇਗਾ ਜਿਸ ਵਿਚ ਸ਼ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਮੁੱਖ ਮਹਿਮਾਨ ਹੋਣਗੇ ਅਤੇ ਨਾਟਕਕਾਰ ਜਤਿੰਦਰ ਬਰਾੜ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ।

## ਹੋਟਲ ਵਿਚ ਵਰਕਰਾਂ ਦੀ ਲੋੜ ਹੈ

ਟੈਕਸਸ ਵਿਚ ਹੋਟਲ 'ਚ ਸਫਾਈ, ਲੌਂਡਰੀ ਕਰਮਚਾਰੀ ਅਤੇ ਰਿਸੈਪਸ਼ਨਿਸਟ ਦੀ ਲੋੜ ਹੈ। ਜੋੜੇ (ਪਤੀ-ਪਤਨੀ) ਨੂੰ ਤਰਜੀਹ। ਰਹਿਣ ਲਈ ਮੁਫਤ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

**ਚਾਹਵਾਨ ਸੰਪਰਕ ਕਰਨ:**

**ਰੀਨਾ ਫੋਨ: 408-981-1501**

## WEATHER XPERTS, INC.

ਹੀਟ ਅਤੇ ਏਅਰ ਕੰਡੀਸ਼ਨਰ ਲਗਵਾਉਣ ਅਤੇ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

** ਅਸੀਂ ਹੀਟ ਅਤੇ ਕੂਲਿੰਗ ਨਾਲ ਸਬੰਧਤ ਹਰ ਸਮੱਸਿਆ ਦਾ ਹੱਲ ਕਰਦੇ ਹਾਂ।*
** ਵਧੀਆ ਸੇਵਾਵਾਂ ਲਈ ਮਸ਼ਹੂਰ*
** ਪਿਛਲੇ ਵੀਹ ਸਾਲਾਂ ਤੋਂ ਕੁੱਕ ਅਤੇ ਲੇਕ ਕਾਊਂਟੀ ਵਿਚ ਸੇਵਾਵਾਂ ਦੇ ਰਹੇ ਹਾਂ।*

**Call: BRIAN STREET** Owner/President
**847-255-2665**

## ਗੈਸ ਸਟੇਸ਼ਨ ਵਿਚ ਕੈਸ਼ੀਅਰ ਦੀ ਲੋੜ ਹੈ

*ਰੋਲਿੰਗ ਮੀਡੋ ਵਿਚ ਸਵੇਰ ਦੀ ਸ਼ਿਫਟ ਲਈ 7 ਦਿਨ ਵਾਸਤੇ ਕੈਸ਼ੀਅਰ ਦੀ ਲੋੜ ਹੈ। ਪਾਰਟ ਟਾਈਮ ਅਤੇ ਪੂਰਾ ਟਾਈਮ ਕੰਮ ਉਪਲੱਬਧ ਹੈ। ਸਿਖਲਾਈ ਵੀ ਦਿੱਤੀ ਜਾ ਸਕਦੀ ਹੈ ਪਰ ਤਜਰਬੇਕਾਰ ਨੂੰ ਪਹਿਲ।*

*ਚਾਹਵਾਨ ਸੰਪਰਕ ਕਰਨ:*

***ਮੈਕਸ ਸ਼ਾਅ ਫੋਨ: 312-505-7272***

## Look for AM shift Cashier

**Look for AM shift Cashier for 7 days in rolling meadows IL. Many hours available. Part time or full time available Willing to train but experience preferred.**

**Please call or text: Max Shaw 312-505-7272**

# Matrimonials

## ਲੜਕੀ ਦੀ ਲੋੜ ਹੈ

Looking for a suitable match for our Canadian PR Ramgarhia Sikh daughter 31, 5'-8" beautiful, family oriented, graduated in M.B.A (Canada). The boy must be from the USA or Canada, professionally qualified, good-natured, well settled, and with good family values. Serious enquiries only. Please respond to hunjan.inders@gmail.com with biodata."

16-19

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444

USA based Gursikh Arora family looking for suitable match for their turbaned, divorced son, 35 yrs., 5'9', MS engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Please email: utakecare2@yahoo.com or call 1-618-402-4269

16-19

Looking for a Bride for American Citizen Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772.

15-18

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

02-05

## ਲੜਕੇ ਦੀ ਲੋੜ ਹੈ

ਯੂ.ਐੱਸ.ਏ. ਸਿਟੀਜ਼ਨ, ਤਲਾਕਸ਼ੁਦਾ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੀ ਉਮਰ 40 ਸਾਲ ਲਈ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੇ ਦੀ ਲੋੜ ਹੈ। ਪਹਿਲੇ ਵਿਆਹ ਵਿਚੋਂ ਤਿੰਨ ਬੱਚੇ, ਜੋ ਆਪਣੇ ਪਿਤਾ ਨਾਲ ਰਹਿੰਦੇ ਹਨ। ਤਲਾਕਸ਼ੁਦਾ ਅਤੇ ਬੱਚਿਆਂ ਵਾਲੇ ਨੂੰ ਪਹਿਲ। ਚਾਹਵਾਨ ਸੰਪਰਕ ਕਰਨ:331-222-8545 or E-mail: raji205425@gmail.com

14-17

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

# ਅਕਾਲੀ ਦਲ ਦੀ ਏਕੇ ਵਾਲੀ ਮੁਹਿੰਮ ਖਤਰੇ ਵਿਚ ਪਈ!

**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਤੋਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਨਜ਼ਰਅੰਦਾਜ਼ ਕਰ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕਬਾਲ ਸਿੰਘ ਝੂੰਦਾਂ ਨੂੰ ਪਾਰਟੀ ਉਮੀਦਵਾਰ ਬਣਾਉਣ ਤੋਂ ਬਾਅਦ ਪਾਰਟੀ ਦੀ ਏਕਤਾ 'ਤੇ ਖ਼ਤਰੇ ਦੇ ਬੱਦਲ ਮੰਡਰਾਉਣ ਲੱਗੇ ਹਨ।

ਵੱਡੀ ਗਿਣਤੀ ਸਮਰਥਕ ਢੀਂਡਸਾ ਰਿਹਾਇਸ਼ 'ਤੇ ਪਰਮਿੰਦਰ ਸਿੰਘ ਢੀਂਡਸਾ ਨੂੰ ਮਿਲਣ ਪੁੱਜ ਰਹੇ ਹਨ ਜਿਨ੍ਹਾਂ ਜਜ਼ਬਾਤੀ ਲਹਿਜ਼ੇ ਵਿਚ ਪਰਮਿੰਦਰ ਸਿੰਘ ਢੀਂਡਸਾ ਨੂੰ ਜਲਦ ਕੋਈ ਫੈਸਲਾ ਲੈਣ ਲਈ ਦਬਾਅ ਪਾਇਆ ਪਰ ਸ੍ਰੀ ਢੀਂਡਸਾ ਨੇ ਆਪਣੇ ਸਮਰਥਕਾਂ ਨੂੰ ਹਾਲ ਦੀ ਘੜੀ ਸ਼ਾਂਤ ਰਹਿਣ ਲਈ ਕਿਹਾ ਹੈ। ਪਰਮਿੰਦਰ ਢੀਂਡਸਾ ਦੀ ਟਿਕਟ ਕੱਟੇ ਜਾਣ ਤੋਂ ਢੀਂਡਸਾ ਦੇ ਨੇੜਲਿਆਂ 'ਚ ਮਾਯੂਸੀ ਛਾ ਗਈ ਹੈ। ਹੁਣ ਇਹ ਸਵਾਲ ਹੋ ਰਹੇ ਹਨ ਕਿ ਕੀ ਹੁਣ ਢੀਂਡਸਾ ਪਰਿਵਾਰ ਕਿਸੇ ਹੋਰ ਪਾਰਟੀ ਦਾ ਪੱਲਾ ਫੜੇਗਾ। ਇਸ ਸਵਾਲ ਨੂੰ ਲੈ ਕੇ ਢੀਂਡਸਾ ਪਰਿਵਾਰ ਖ਼ੁਦ ਵੀ ਸਿਆਸੀ ਮੰਥਨ ਵਿਚ ਜੁਟਿਆ ਹੋਇਆ ਹੈ। ਸੂਤਰਾਂ ਮੁਤਾਬਿਕ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਵੀਆਂ ਪ੍ਰਸਥਿਤੀਆਂ ਵਿਚ ਭਾਜਪਾ ਦੇ ਲੜ ਲੱਗਣ ਬਾਰੇ ਸੋਚਣ ਲੱਗੇ ਹਨ ਪਰ ਪਰਮਿੰਦਰ ਸਿੰਘ ਢੀਂਡਸਾ ਹਾਲੇ ਭਾਜਪਾ



'ਚ ਜਾਣ ਦੇ ਰੌਂਅ ਵਿਚ ਨਹੀਂ ਹਨ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਨੂੰ ਟਿਕਟ ਦੇ ਕੇ ਸਿਆਸੀ ਦਾਅ ਖੇਡ ਦਿੱਤਾ ਹੈ ਪਰ ਢੀਂਡਸਾ ਸਮਰਥਕਾਂ ਦੇ ਉਹ ਵੇਲਾ ਹੱਥ ਨਹੀਂ ਆ ਰਿਹਾ ਹੈ ਜਿਸ ਸਮੇਂ ਸੰਯੁਕਤ ਅਕਾਲੀ ਦਲ ਦਾ ਰਲੇਵਾਂ ਕੀਤਾ ਗਿਆ ਸੀ। ਜਦੋਂ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਲੈਣ ਵਾਸਤੇ ਢੀਂਡਸਾ ਨੇ ਇਕ ਕਮੇਟੀ ਬਣਾਈ ਸੀ ਤਾਂ ਉਦੋਂ ਬਹੁਗਿਣਤੀ ਨੇ ਸੁਖਬੀਰ ਬਾਦਲ ਤੋਂ ਪਾਸਾ ਵੱਟਣ ਲਈ ਕਿਹਾ ਸੀ। ਜਿਹੜੇ ਢੀਂਡਸਾ ਨੇੜਲੇ ਟਿਕਟਾਂ ਦੀ ਆਸ ਲਾਈ ਬੈਠੇ ਸਨ, ਉਨ੍ਹਾਂ ਨੂੰ ਹੁਣ ਆਪਣਾ ਸਿਆਸੀ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ ਹੈ। ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇਕ ਇੰਟਰਵਿਊ 'ਚ ਕਿਹਾ ਹੈ ਕਿ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਖ਼ਾਤਰ ਸੌਦਾ ਕੀਤਾ ਗਿਆ ਹੈ ਜਿਸ ਕਰ ਕੇ ਪਰਮਿੰਦਰ ਢੀਂਡਸਾ ਦੀ ਟਿਕਟ ਕੱਟੀ ਗਈ ਹੈ। ਸੂਤਰ ਦੱਸਦੇ ਹਨ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿਕਟ ਦੇ ਐਲਾਨ ਤੋਂ ਪਹਿਲਾਂ ਅਤੇ ਮਗਰੋਂ ਵੀ ਢੀਂਡਸਾ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਕੀਤਾ।

ਢੀਂਡਸਾ ਪਰਿਵਾਰ ਲਈ ਪ੍ਰਸਥਿਤੀ ਕਾਫ਼ੀ ਕਸੂਤੀ ਬਣੀ ਹੋਈ ਹੈ ਅਤੇ ਕਾਹਲੀ ਵਿਚ ਲਿਆ ਫ਼ੈਸਲਾ ਕਿਤੇ ਪੁੱਠਾ ਨਾ ਪੈ ਜਾਵੇ, ਇਸ ਕਰਕੇ ਪਰਿਵਾਰ ਮੰਥਨ ਵਿਚ ਲੱਗਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਭਾਜਪਾ ਤਰਫ਼ੋਂ ਢੀਂਡਸਾ ਪਰਿਵਾਰ ਨੂੰ ਸੰਗਰੂਰ ਤੋਂ ਟਿਕਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਢੀਂਡਸਾ ਪਰਿਵਾਰ ਹੁਣ ਦੁਚਿੱਤੀ ਵਿਚ ਫਸਿਆ ਹੋਇਆ ਹੈ। ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਹੈ ਕਿ ਅਜੇ ਅਜਿਹਾ ਕੋਈ ਇਰਾਦਾ ਨਹੀਂ ਹੈ। ਪਾਰਟੀ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪਰਮਿੰਦਰ ਨੂੰ ਪਾਰਟੀ ਉਮੀਦਵਾਰ ਬਣਾਵਾਂਗੇ ਪਰ ਹੁਣ ਉਨ੍ਹਾਂ ਨੂੰ ਭਰੋਸੇ ਵਿਚ ਲਏ ਬਗੈਰ ਹੀ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ।

### ਹੁਣ ਭਾਜਪਾ ਵਧਾ ਸਕਦੀ ਹੈ ਸਰਗਰਮੀਆਂ

**ਚੰਡੀਗੜ੍ਹ:** ਅਕਾਲੀ ਦਲ ਦੇ ਇਸ ਫ਼ੈਸਲੇ ਨਾਲ ਸਿਆਸੀ ਹਲਕਿਆਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਕਿਆਸਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ ਕਿਉਂਕਿ ਭਾਜਪਾ ਵੱਲੋਂ ਅਜੇ ਤੱਕ ਸੰਗਰੂਰ ਸੰਸਦੀ ਹਲਕੇ ਤੋਂ ਆਪਣਾ ਉਮੀਦਵਾਰ ਨਹੀਂ ਐਲਾਨਿਆ ਗਿਆ ਹੈ। ਜਿਸ ਤਰ੍ਹਾਂ ਭਾਜਪਾ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕਮਲ ਦੇ ਫੁੱਲ ਦੀ ਖੁਸ਼ਬੋ ਨਾਲ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀ ਹੈ, ਉਸ ਨਾਲ ਕੁੱਝ ਵੀ ਸੰਭਵ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਸੰਗਰੂਰ ਸੰਸਦੀ ਹਲਕੇ ਦੇ ਵੱਖ-ਵੱਖ ਅਸੈਂਬਲੀ ਹਲਕਿਆਂ ਵਿਚ ਪਾਰਟੀ ਵਰਕਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ ਅਤੇ ਅਕਾਲੀ ਤੇ ਗੈਰ ਅਕਾਲੀ ਹਲਕਿਆਂ ਵਿਚ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਲਗਭਗ ਤੈਅ ਮੰਨੀ ਜਾ ਰਹੀ ਸੀ।

## ਭਗਵੰਤ ਨੇ ਲੰਗਾਹ ਮਾਮਲੇ 'ਚ ਤਨਜ਼ ਕੱਸਿਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲੀ ਦਲ ਦੇ ਆਗੂ ਸੁੱਚਾ ਸਿੰਘ ਲੰਗਾਹ ਦੇ ਪੁੱਤ ਦੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਜਾਣ 'ਤੇ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਤਨਜ਼ ਕੱਸਿਆ ਹੈ। ਉਨ੍ਹਾਂ ਮਜੀਠੀਆ ਨੂੰ ਇਸ ਮਾਮਲੇ 'ਤੇ ਸਫਾਈ ਦੇਣ ਲਈ ਕਿਹਾ ਹੈ। ਮੁੱਖ ਮੰਤਰੀ ਮਾਨ ਨੇ 'ਐਕਸ' ਉਤੇ ਕਿਹਾ, "ਮਜੀਠੀਆ ਨੇ ਲੰਗਾਹ ਦੇ ਪੁੱਤ ਬਾਰੇ ਪ੍ਰੈੱਸ ਕਾਨਫਰੰਸ ਕਿਉਂ ਨਹੀਂ ਕੀਤੀ। ਉਸ ਦੇ ਵੀ ਮਾਮਾ ਜੀ ਬਣੋ।" 'ਆਪ' ਆਗੂਆਂ ਅਨੁਸਾਰ, ਮਜੀਠੀਆ ਹਰ ਮਸਲੇ 'ਤੇ ਪ੍ਰੈੱਸ ਕਾਨਫਰੰਸ ਕਕਰਦੇ ਪਰ ਲੰਗਾਹ ਦੇ ਪੁੱਤ ਦੇ ਮਾਮਲੇ ਵਿਚ ਅਜਿਹਾ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੇ ਪ੍ਰੈੱਸ ਕਾਨਫਰੰਸ ਕਰ ਕੇ ਭਗਵੰਤ ਮਾਨ ਦੀ ਪਹਿਲੀ ਪਤਨੀ ਦੀ ਧੀ ਸੀਰਤ ਦਾ ਮਾਮਾ ਬਣਨ ਦੀ ਪੇਸ਼ਕਸ਼ ਕੀਤੀ ਸੀ। ਉਸੇ ਦੇ ਚਲਦਿਆਂ ਮੁੱਖ ਮੰਤਰੀ ਨੇ ਮਜੀਠੀਆ ਨੂੰ ਲੰਗਾਹ ਵਾਲੇ ਮਾਮਲੇ 'ਤੇ ਵੀ ਪ੍ਰੈੱਸ ਕਾਨਫਰੰਸ ਕਰਕੇ ਸਥਿਤੀ ਸਪੱਸ਼ਟ ਕਰਨ ਬਾਰੇ ਕਿਹਾ ਹੈ।

# ਹੰਸ ਰਾਜ ਹੰਸ ਦਾ ਵਿਰੋਧ ਕਰਦੇ ਕਿਸਾਨਾਂ ਤੇ ਪੁਲਿਸ ਦਰਮਿਆਨ ਝੜਪ

**ਮੋਗਾ:** ਫ਼ਰੀਦਕੋਟ ਰਾਖਵਾਂ ਹਲਕੇ ਤੋਂ ਭਾਜਪਾ ਉਮੀਦਵਾਰ ਅਦਾਕਾਰ ਹੰਸ ਰਾਜ ਹੰਸ ਨੂੰ ਕਿਸਾਨਾਂ ਦੇ ਰੋਹ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਭਾਜਪਾ ਉਮੀਦਵਾਰਾਂ ਦਾ ਪੰਜਾਬ ਵਿਚ ਵਿਰੋਧ ਕਰਕੇ ਆਪਣਾ ਗੁੱਸਾ ਜ਼ਾਹਿਰ ਕਰ ਰਹੇ ਹਨ। ਪਿੰਡ ਢੁੱਡੀਕੇ ਵਿਚ ਭਾਜਪਾ ਉਮੀਦਵਾਰ ਹੰਸ ਦਾ ਵਿਰੋਧ ਕਰਨ ਪੁੱਜੇ ਕਿਸਾਨਾਂ ਨੂੰ ਪੁਲਿਸ ਨੇ ਧੂਹ ਕੇ ਗੱਡੀਆਂ 'ਚ ਸੁੱਟਿਆ ਤੇ ਥਾਣਾ ਅਜੀਤਵਾਲ ਵਿਚ ਬੰਦ ਕਰ ਦਿੱਤਾ। ਇੱਥੇ ਹੰਸ ਰਾਜ ਹੰਸ ਦੇ ਆਉਣ ਤੋਂ ਪਹਿਲਾਂ ਕਿਸਾਨਾਂ ਅਤੇ ਪੁਲੀਸ ਦਰਮਿਆਨ ਝੜਪਾਂ ਹੋਈਆਂ।



ਇਥੇ ਕਿਸਾਨ ਜਥੇਬੰਦੀਆਂ ਨੂੰ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦੇ ਲਾਲਾ ਲਾਜਪਤ ਰਾਏ ਸਮਾਰਕ ਢੁੱਡੀਕੇ ਵਿਚ ਆਉਣ ਦੀ ਭਿਣਕ ਲੱਗੀ ਤਾਂ ਉਨ੍ਹਾਂ ਪਿੰਡ ਦੀ ਨਾਕਾਬੰਦੀ ਕਰ ਲਈ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਪਿੰਡ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ। ਕਿਸਾਨੀ ਰੋਹ ਕਾਰਨ ਹੰਸ ਰਾਜ ਹੰਸ ਆਪਣੇ ਨਿਰਧਾਰਤ ਸਮੇਂ ਤੋਂ ਕਰੀਬ 4 ਘੰਟੇ ਲੇਟ ਪੁੱਜੇ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੋਂ ਇਲਾਵਾ ਬੀ.ਕੇ.ਯੂ. ਕ੍ਰਾਂਤੀਕਾਰੀ ਤੇ ਬੀ.ਕੇ.ਯੂ. ਏਕਤਾ ਉਗਰਾਹਾਂ ਜਥੇਬੰਦੀ ਨਾਲ ਸਬੰਧਤ ਕਰੀਬ ਦੋ ਦਰਜਨ ਕਿਸਾਨਾਂ ਨੂੰ ਪੁਲਿਸ ਨੇ ਧੂਹ ਧੂਹ ਕੇ ਗੱਡੀਆਂ ਵਿਚ ਸੁੱਟ ਲਿਆ। ਇਸ ਮੌਕੇ ਕਿਸਾਨਾਂ ਨੇ ਕਾਲੇ ਝੰਡੇ ਦਿਖਾਏ।

ਲੁਧਿਆਣਾ: ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਪਿੰਡਾਂ ਵਿਚ ਚੋਣ ਪ੍ਰਚਾਰ ਦੌਰਾਨ ਭਾਜਪਾ ਉਮੀਦਵਾਰਾਂ ਦਾ ਹੋ ਰਿਹਾ ਵਿਰੋਧ ਸਿਰਫ਼ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਅਗਲੇ ਦਿਨਾਂ ਦੌਰਾਨ ਸਾਰੀ ਸਥਿਤੀ ਸਪੱਸ਼ਟ ਹੋ ਜਾਵੇਗੀ। ਭਾਜਪਾ ਦਫ਼ਤਰ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਲੋਕ ਆਪਣੇ ਸਿਆਸੀ ਹਿੱਤਾਂ ਲਈ ਇਹ ਸਭ ਕੁਝ ਕਰ ਰਹੇ ਹਨ।

### ਕਿਸਾਨ ਹਿੰਸਕ ਨਾ ਹੋਣ ਤੇ ਆਪਣੀ ਗੱਲ ਜ਼ਰੂਰ ਕਰਨ: ਹੰਸ ਰਾਜ

ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਕਿਹਾ ਕਿ ਉਹ ਇੱਥੇ ਪਿਆਰ ਦਾ ਸੁਨੇਹਾ ਲੈ ਕੇ ਆਏ ਹਨ ਅਤੇ ਜੇਕਰ ਉਨ੍ਹਾਂ ਨੂੰ ਫਰੀਦਕੋਟ ਤੋਂ ਸਫਲਤਾ ਮਿਲਦੀ ਹੈ ਤਾਂ ਲੋਕ ਸਭਾ ਹਲਕਾ ਫਰੀਦਕੋਟ ਦੇ ਵਿਕਾਸ ਕਾਰਜਾਂ ਲਈ ਦਿਨ ਰਾਤ ਇਕ ਕਰ ਦੇਣਗੇ। ਉਨ੍ਹਾਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ 'ਤੇ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਲਈ ਆਵਾਜ਼ ਉਠਾ ਰਹੇ ਹਨ ਪਰ ਉਹ ਅਪੀਲ ਕਰਦੇ ਹਨ ਕਿ ਕਿਸਾਨ ਆਪਣੀ ਗੱਲ ਜ਼ਰੂਰ ਕਰਨ ਪਰ ਹਿੰਸਕ ਨਾ ਹੋਣ।

# ਸ਼੍ਰੋਮਣੀ ਅਕਾਲੀ ਦਲ ਨੂੰ ਇਕ ਹੋਰ ਝਟਕਾ: ਟੀਨੂੰ ਤੇ ਚੰਨੀ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੂੰ ਦੋਆਬੇ ਵਿਚ ਝਟਕਾ ਲੱਗਾ ਹੈ। ਦੋ ਵਾਰ ਵਿਧਾਇਕ ਰਹੇ ਅਕਾਲੀ ਆਗੂ ਪਵਨ ਕੁਮਾਰ ਟੀਨੂੰ ਅਤੇ ਪੀ.ਏ.ਸੀ. ਕਮੇਟੀ ਮੈਂਬਰ ਗੁਰਚਰਨ ਸਿੰਘ ਚੰਨੀ 'ਆਪ' ਵਿਚ ਸ਼ਾਮਲ ਹੋ ਗਏ। ਟੀਨੂੰ ਕੱਦਾਵਰ ਦਲਿਤ ਨੇਤਾ ਵਜੋਂ ਜਾਣੇ ਜਾਂਦੇ ਹਨ ਅਤੇ ਚੰਨੀ ਅਕਾਲੀ ਦਲ 'ਚ ਵਾਪਸੀ ਮਗਰੋਂ ਕੁਝ ਪਹਿਲਾਂ ਹੀ ਪੀ.ਏ.ਸੀ. ਦੇ ਮੈਂਬਰ ਬਣੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਟੀਨੂੰ ਤੇ ਚੰਨੀ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਹੈ। ਹਫ਼ਤਾ ਪਹਿਲਾਂ ਅਕਾਲੀ ਦਲ ਤਰਫ਼ੋਂ ਟੀਨੂੰ ਜਲੰਧਰ ਤੋਂ ਉਮੀਦਵਾਰ ਬਣਾਏ ਜਾਣ ਬਾਰੇ ਫ਼ੈਸਲਾ ਆਖ਼ਰੀ ਪੜਾਅ 'ਤੇ ਸੀ ਪਰ ਹੁਣ 'ਆਪ' ਨੇ ਟੀਨੂੰ ਆਪਣਾ ਉਮੀਦਵਾਰ ਬਣਾਉਣ ਦਾ ਫ਼ੈਸਲਾ ਲੈ ਲਿਆ ਜਾਪਦਾ ਹੈ। 'ਆਪ' ਨੇ ਪਹਿਲਾਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੂੰ ਜਲੰਧਰ ਸੀਟ ਤੋਂ ਉਮੀਦਵਾਰ ਐਲਾਨਿਆ ਸੀ ਪਰ ਰਿੰਕੂ ਭਾਜਪਾ 'ਚ ਸ਼ਾਮਲ ਹੋ ਗਏ।

ਚੰਨੀ ਅਕਾਲੀ ਦਲ ਸ਼ਹਿਰੀ ਦੇ ਪ੍ਰਧਾਨ ਰਹੇ ਹਨ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੱਤਭੇਦਾਂ ਕਾਰਨ ਸੰਯੁਕਤ ਅਕਾਲੀ ਦਲ ਵਿਚ ਚਲੇ ਗਏ ਸਨ। ਲੰਘੇ ਦਿਨੀਂ ਸੁਖਬੀਰ ਨੇ ਚੰਨੀ ਨੂੰ ਮੁੜ ਅਕਾਲੀ ਦਲ ਵਿਚ ਸ਼ਾਮਲ ਕੀਤਾ ਸੀ ਤੇ ਕੁਝ ਦਿਨ ਪਹਿਲਾਂ ਹੀ ਪੀ.ਏ.ਸੀ. ਦੀ ਕਮੇਟੀ ਦਾ ਮੈਂਬਰ ਬਣਾਇਆ ਸੀ।

# ਅਕਾਲੀ ਦਲ ਵੱਲੋਂ ਸਿਕੰਦਰ ਸਿੰਘ ਮਲੂਕਾ ਦੀ ਹਲਕਾ ਇੰਚਾਰਜ ਵਜੋਂ ਛੁੱਟੀ

**ਲੰਬੀ:** ਪੰਜਾਬ ਦੀ ਆਈ.ਏ.ਐਸ. ਅਧਿਕਾਰੀ ਪਰਮਪਾਲ ਕੌਰ ਮਲੂਕਾ ਅਤੇ ਉਸ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਵੱਲੋਂ ਭਾਜਪਾ ਵਿਚ ਸ਼ਾਮਲ ਹੋਣ ਮਗਰੋਂ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਸਿਰ ਜਥੇਬੰਦਕ ਠੀਕਰਾ ਫੁੱਟ ਸਕਦਾ ਹੈ। ਅਕਾਲੀ ਦਲ ਨੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਮੌੜ ਹਲਕੇ ਦਾ ਇੰਚਾਰਜ ਥਾਪ ਦਿੱਤਾ ਹੈ। ਸਿਕੰਦਰ ਸਿੰਘ ਮਲੂਕਾ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਹਨ ਅਤੇ ਹੁਣ ਤੱਕ ਮੌੜ ਹਲਕੇ ਦੇ ਇੰਚਾਰਜ ਸਨ। ਪਿੰਡ ਬਾਦਲ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ 'ਚ ਜਨਮੇਜਾ ਸਿੰਘ ਸੇਖੋਂ ਨੂੰ ਮੌੜ ਹਲਕੇ ਦਾ ਇੰਚਾਰਜ ਲਾਇਆ ਗਿਆ। ਦੂਜੇ ਪਾਸੇ ਬੀਬੀ ਮਲੂਕਾ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਭਾਜਪਾ ਦੀ ਟਿਕਟ ਮਿਲਣਾ ਲਗਭਗ ਤੈਅ ਹੈ।





ਤਾਜ਼ਾ ਘਟਨਾਕ੍ਰਮ ਤਹਿਤ ਮਲੂਕਾ ਦੀ ਨੂੰਹ ਅਤੇ ਪੁੱਤਰ ਵੱਲੋਂ ਭਾਜਪਾ ਨਾਲ ਜੁੜਨ ਨਾਲ ਉਨ੍ਹਾਂ ਦੀ ਵਫ਼ਾਦਾਰੀ ਖ਼ਦਸ਼ਿਆਂ ਦਾ ਸ਼ਿਕਾਰ ਹੋ ਗਈ ਹੈ। ਉੱਧਰ ਨਵੀਂ ਨਿਯੁਕਤੀ ਬਾਰੇ ਸ੍ਰੀ ਸੇਖੋਂ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਨੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਤੱਕ ਮੌੜ ਹਲਕੇ ਦਾ ਇੰਚਾਰਜ ਲਗਾਇਆ ਹੈ। ਉਹ ਹਫ਼ਤੇ ਦੇ ਤਿੰਨ ਦਿਨ ਹਲਕਾ ਮੌੜ ਅਤੇ ਤਿੰਨ ਦਿਨ ਜ਼ੀਰਾ ਹਲਕੇ 'ਚ ਡਿਊਟੀ ਨਿਭਾਉਣਗੇ। ਮੌੜ ਹਲਕੇ ਵਿਚ 65 ਪਿੰਡ ਹਨ, ਲੋਕ ਸਭਾ ਚੋਣਾਂ ਤੱਕ ਸਾਰੇ ਹਲਕੇ ਨੂੰ ਤਿੰਨ-ਚਾਰ ਵਾਰ ਕਵਰ ਕਰ ਲਿਆ ਜਾਵੇਗਾ। ਸ੍ਰੀ ਸੇਖੋਂ 2012-2017 ਦੌਰਾਨ ਬਤੌਰ ਵਿਧਾਇਕ ਅਤੇ ਮੰਤਰੀ ਮੌੜ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ।

ਬਠਿੰਡਾ ਹਲਕੇ 'ਚ ਮਲੂਕਾ ਪਰਿਵਾਰ ਦੇ ਦੋ ਜੀਆਂ (ਪੁੱਤਰ-ਨੂੰਹ) ਵੱਲੋਂ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਸਮੀਕਰਨ ਬਦਲ ਗਏ ਹਨ। ਪਾਰਟੀ ਵੱਲੋਂ ਮੌੜ ਮੰਡੀ ਹਲਕੇ ਦੀ ਜ਼ਿੰਮੇਵਾਰੀ ਪਹਿਲਾਂ ਸਿਕੰਦਰ ਸਿੰਘ ਮਲੂਕਾ ਨੂੰ ਦਿੱਤੀ ਗਈ ਸੀ ਪਰ ਹੁਣ ਇਹ ਜ਼ਿੰਮੇਵਾਰੀ ਜਨਮੇਜਾ ਸਿੰਘ ਸੇਖੋਂ ਨੂੰ ਸੌਂਪ ਦਿੱਤੀ ਗਈ ਹੈ। ਇਸ ਸਬੰਧੀ ਪਿੰਡ ਬਾਦਲ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਉੱਚ ਪੱਧਰੀ ਮੀਟਿੰਗ ਹੋਈ ਜਿਸ ਵਿਚ ਮਲੂਕਾ ਪਰਿਵਾਰ ਬਾਰੇ ਚਰਚਾ ਕੀਤੀ ਗਈ। ਹਾਲਾਂਕਿ ਸਿਕੰਦਰ ਸਿੰਘ ਮਲੂਕਾ ਨੂੰ ਪਾਰਟੀ ਵਿਚੋਂ ਕੱਢਣ ਬਾਰੇ ਕੋਈ ਠੋਸ ਫ਼ੈਸਲਾ ਨਹੀਂ ਲਿਆ ਗਿਆ ਜਦਕਿ ਕੁਝ ਆਗੂਆਂ ਵੱਲੋਂ ਮਲੂਕਾ ਨੂੰ ਪਾਰਟੀ ਵਿਚੋਂ ਕੱਢਣ ਦੀ ਸਿਫ਼ਾਰਸ਼ ਕੀਤੀ ਗਈ।

### ਪੁੱਤਰ ਤੇ ਨੂੰਹ ਨੂੰ ਰੋਕਣ ਦੀ ਕੀਤੀ ਸੀ ਕੋਸ਼ਿਸ਼: ਮਲੂਕਾ

**ਤਲਵੰਡੀ ਸਾਬੋ:** ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ। ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਗੋਲਮੋਲ ਜਵਾਬ ਦਿੱਤੇ। ਤਖ਼ਤ ਸਾਹਿਬ ਮੱਥਾ ਟੇਕਣ ਉਪਰੰਤ ਸਿਕੰਦਰ ਸਿੰਘ ਮਲੂਕਾ ਨੂੰ ਜਦੋਂ ਲੋਕਾਂ ਸਭਾ ਚੋਣਾਂ ਬਾਰੇ ਪੁੱਛਿਆ ਤਾਂ ਪਹਿਲਾਂ ਤਾਂ ਉਨ੍ਹਾਂ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਬਾਅਦ 'ਚ ਕਿਹਾ ਕਿ ਅਕਾਲੀ ਦਲ ਦੇ ਹੱਕ ਵਿਚ ਵਧੀਆ ਮਾਹੌਲ ਬਣਿਆ ਹੋਇਆ ਹੈ। ਆਪਣੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਅਤੇ ਨੂੰਹ ਪਰਮਪਾਲ ਕੌਰ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਦੋਵਾਂ ਨੂੰ ਭਾਜਪਾ 'ਚ ਜਾਣ ਤੋਂ ਰੋਕਿਆ ਸੀ।

### ਭਾਜਪਾ ਆਗੂ ਗੁਰਪ੍ਰੀਤ ਮਲੂਕਾ ਤੇ ਸਰੂਪ ਸਿੰਗਲਾ ਦਾ ਵਿਰੋਧ

**ਭੁੱਚੋ ਮੰਡੀ:** ਭਾਜਪਾ ਆਗੂਆਂ ਨੇ ਭਾਰੀ ਪੁਲਿਸ ਸੁਰੱਖਿਆ ਹੇਠ ਸਥਾਨਕ ਸ਼ਾਂਤੀ ਹਾਲ ਵਿਚ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦਾ ਬੂਥ ਸੰਮੇਲਨ ਕੀਤਾ। ਇਸ ਮੌਕੇ ਭਾਜਪਾ ਆਗੂ ਗੁਰਪ੍ਰੀਤ ਸਿੰਘ ਮਲੂਕਾ, ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ, ਸੂਬਾਈ ਆਗੂ ਵਿਨੋਦ ਬਿੰਟਾ, ਆਸ਼ੂਤੋਸ਼ ਤਿਵਾੜੀ, ਰੁਪਿੰਦਰਜੀਤ ਸਿੰਘ, ਵਰਿੰਦਰ ਸ਼ਰਮਾ ਅਤੇ ਗੁਰਜੀਤ ਮਾਨ ਆਦਿ ਸ਼ਾਮਲ ਹੋਏ ਜਿਨ੍ਹਾਂ ਦਾ ਕਿਸਾਨਾਂ ਨੇ ਵਿਰੋਧ ਕੀਤਾ। ਸ਼ਾਂਤੀ ਹਾਲ ਦੇ ਬਾਹਰ ਬੀ.ਕੇ.ਯੂ. ਉਗਰਾਹਾਂ, ਬੀ.ਕੇ.ਯੂ. ਡਕੌਂਦਾ (ਬੂਟਾ ਬੁਰਜ ਗਿੱਲ) ਅਤੇ ਕਿਰਤੀ ਕਿਸਾਨ ਯੂਨੀਅਨ ਨੇ ਭਾਜਪਾ ਆਗੂਆਂ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

# ਮਿਸ਼ਨ ਪੰਜਾਬ: ਮਲੂਕਾ ਪਰਿਵਾਰ ਦੀ ਸ਼ਮੂਲੀਅਤ ਪਿੱਛੋਂ ਭਾਜਪਾ ਨੂੰ ਵੱਡੀਆਂ ਆਸਾਂ

**ਬਠਿੰਡਾ:** ਮਲੂਕਾ ਪਰਿਵਾਰ ਦੇ ਨੂੰਹ-ਪੁੱਤਰ ਦੀ ਭਾਜਪਾ ਵਿਚ ਸ਼ਮੂਲੀਅਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਅਕਾਲੀ ਸਫ਼ਾਂ ਉਪਰੋਂ ਭਾਵੇਂ ਇਸ ਘਟਨਾ ਨੂੰ ਹਲਕਾ ਦਰਸਾ ਰਹੀਆਂ ਹਨ ਪਰ ਇਸ ਦੀ ਚੀਸ ਨੇ ਪਾਰਟੀ ਦੇ ਪੂਰੇ ਕਲਬੂਤ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ।

'ਅਕਾਲੀ-ਭਾਜਪਾ' ਗੱਠਜੋੜ ਦੀਆਂ ਬਾਕੀ ਬਚੀਆਂ ਉਮੀਦਾਂ ਦੇ ਮਣਕੇ ਜੇ ਖਿੰਡ ਜਾਂਦੇ ਹਨ ਤਾਂ ਪ੍ਰਤੱਖ ਰੂਪ 'ਚ ਇਸ ਦਾ ਲਾਭ ਬਠਿੰਡਾ ਸਮੇਤ ਫ਼ਰੀਦਕੋਟ ਹਲਕਿਆਂ 'ਚ ਭਾਜਪਾ ਨੂੰ ਯਕੀਨਨ ਮਿਲੇਗਾ। ਓਪਰੀ ਨਜ਼ਰੇ ਭਾਵੇਂ ਆਈ.ਏ.ਐਸ. ਅਧਿਕਾਰੀ ਹੁੰਦਿਆਂ ਪਰਮਪਾਲ ਕੌਰ ਦਾ ਸਬੰਧ ਪ੍ਰਸ਼ਾਸਨ ਨਾਲ ਰਿਹਾ ਪਰ ਪਰਿਵਾਰ ਦੇ ਰਾਜਸੀ ਸੱਭਿਆਚਾਰ ਤੋਂ ਵੀ ਉਹ ਅਭਿੱਜ ਨਹੀਂ ਸਨ। ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਵੀ ਸਹਿਕਾਰੀ ਬੈਂਕ ਦੇ ਐਮ.ਡੀ. ਅਤੇ ਜ਼ਿਲ੍ਹਾ ਪਰਿਸ਼ਦ ਬਠਿੰਡਾ ਦੇ ਚੇਅਰਮੈਨ ਰਹਿ ਚੁੱਕੇ ਹਨ। ਮੰਤਰੀ ਹੁੰਦਿਆਂ ਸਿਕੰਦਰ ਸਿੰਘ ਮਲੂਕਾ ਦੀਆਂ ਜ਼ਿੰਮੇਵਾਰੀਆਂ ਵਧਣ ਕਾਰਨ ਉਨ੍ਹਾਂ ਦੀਆਂ ਰਾਜਸੀ ਸਰਗਰਮੀਆਂ ਨੂੰ ਗੁਰਪ੍ਰੀਤ ਮਲੂਕਾ ਹੀ ਅੰਜਾਮ ਦਿੰਦੇ ਰਹੇ ਹਨ। ਇਸ ਤਰ੍ਹਾਂ ਗੁਰਪ੍ਰੀਤ ਮਲੂਕਾ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਉਂਜ ਵੀ ਸ੍ਰੀ ਮਲੂਕਾ ਭਾਵੇਂ ਨੂੰਹ-ਪੁੱਤ ਦੇ ਫੈਸਲੇ ਨੂੰ 'ਨਿੱਜੀ' ਕਹਿਣ ਪਰ ਲੋਕ ਇਹੋ ਮੰਨ ਰਹੇ ਹਨ ਕਿ ਬੱਚਿਆਂ ਨੂੰ ਉਨ੍ਹਾਂ ਦੀ 'ਰਜ਼ਾ' ਦਾ ਆਸ਼ੀਰਵਾਦ ਜ਼ਰੂਰ ਰਿਹਾ ਹੋਵੇਗਾ।

ਭਾਜਪਾ ਵੱਲੋਂ ਪਰਮਪਾਲ ਕੌਰ ਨੂੰ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਉਤਾਰੇ ਜਾਣ ਦੀ ਸੰਭਾਵਨਾ ਦਾ ਪਹਿਲਾ ਪੜਾਅ ਉਨ੍ਹਾਂ ਦੀ ਭਾਜਪਾ 'ਚ ਸ਼ਮੂਲੀਅਤ ਨਾਲ ਮੁਕੰਮਲ ਹੋ ਗਿਆ। ਅਜਿਹੀ ਸਥਿਤੀ 'ਚ ਬਿਨਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ,



ਖਾਸਕਰ ਬਾਦਲ ਪਰਿਵਾਰ ਲਈ ਇਹ ਬੜਾ ਵੱਡਾ ਝਟਕਾ ਹੈ। ਬਠਿੰਡਾ ਤੋਂ ਤਿੰਨ ਵਾਰ ਜੇਤੂ ਰਹੀ ਹਰਸਿਮਰਤ ਕੌਰ ਬਾਦਲ ਇਸ ਵਾਰ ਫਿਰ ਅਕਾਲੀ ਦਲ ਤਰਫ਼ੋਂ ਸੰਭਾਵਿਤ ਉਮੀਦਵਾਰ ਹਨ। ਇਹ ਵੀ ਸੱਚ ਹੈ ਕਿ ਮਲੂਕਾ ਪਰਿਵਾਰ ਦਾ ਬਠਿੰਡਾ ਹਲਕੇ 'ਚ ਚੋਖਾ ਆਧਾਰ ਹੈ। ਪਿੰਡ ਮਲੂਕਾ ਜ਼ਿਲ੍ਹਾ ਬਠਿੰਡਾ ਵਿਚਲੇ ਵਿਧਾਨ ਸਭਾ ਹਲਕਾ ਰਾਮਪੁਰਾ ਅਧੀਨ ਆਉਂਦਾ ਹੈ। ਰੌਚਿਕ ਪਹਿਲੂ ਇਹ ਕਿ ਰਾਮਪੁਰਾ ਹਲਕਾ ਲੋਕ ਸਭਾ ਹਲਕੇ ਫ਼ਰੀਦਕੋਟ ਵਿਚ ਹੋਣ ਕਰਕੇ ਫ਼ਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਵੀ ਵੱਡਾ ਫਾਇਦਾ ਮਿਲਣ ਦੇ ਆਸਾਰ ਉੱਭਰ ਆਏ ਹਨ। ਬਠਿੰਡਾ ਹਲਕੇ 'ਚ 'ਆਪ' ਵੱਲੋਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੀ ਚੋਣ ਮੈਦਾਨ ਵਿਚ ਹਨ। ਸ੍ਰੀ ਖੁੱਡੀਆਂ ਅਤੇ ਬਾਦਲ ਪਰਿਵਾਰ ਦਾ ਜੱਦੀ ਵਿਧਾਨ ਸਭਾ ਹਲਕਾ ਇਕੋ ਲੰਬੀ ਹੈ, ਜੋ ਭਾਵੇਂ ਸ੍ਰੀ ਮੁਕਤਸਰ ਜ਼ਿਲ੍ਹੇ 'ਚ ਹੈ ਪਰ ਇਹ ਬਠਿੰਡਾ ਲੋਕ ਸਭਾ ਹਲਕੇ ਅਧੀਨ ਹੈ। ਸ੍ਰੀ ਖੁੱਡੀਆਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲੰਬੀ ਤੋਂ ਹਰਾ ਕੇ, ਵਿਧਾਇਕ ਬਣੇ ਸਨ।

# ਲੋਕ ਸਭਾ ਚੋਣਾਂ: ਅਕਾਲੀ ਦਲ ਦੀ ਹਿੰਦੂ ਵੋਟ ਬੈਂਕ ਉਤੇ ਅੱਖ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਖ਼ਾਲਸਾ ਸਾਜਨਾ ਦਿਵਸ ਮੌਕੇ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ 13 ਵਿਚੋਂ 7 ਸੀਟਾਂ 'ਤੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਅਕਾਲੀ ਦਲ ਨੇ ਗੁਰਦਾਸਪੁਰ ਤੋਂ ਡਾ. ਦਲਜੀਤ ਸਿੰਘ ਚੀਮਾ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ, ਪਟਿਆਲਾ ਤੋਂ ਐਨ.ਕੇ. ਸ਼ਰਮਾ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ, ਫ਼ਤਹਿਗੜ੍ਹ ਸਾਹਿਬ ਤੋਂ ਬਿਕਰਮਜੀਤ ਸਿੰਘ ਖਾਲਸਾ, ਫ਼ਰੀਦਕੋਟ ਤੋਂ ਰਾਜਵਿੰਦਰ ਸਿੰਘ ਅਤੇ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਅਕਾਲੀ ਦਲ ਦੀ ਇਸ ਵਾਰ ਹਿੰਦੂ ਵੋਟ ਬੈਂਕ ਉਤੇ ਅੱਖ ਹੈ।

ਜ਼ਿਕਰਯੋਗ ਹੈ ਕਿ ਸਾਲ 1996 ਤੋਂ ਬਾਅਦ ਪਹਿਲੀ ਵਾਰ ਅਕਾਲੀ ਦਲ ਐਤਕੀਂ ਪੰਜਾਬ ਵਿਚ ਇਕੱਲੇ ਲੋਕ ਸਭਾ ਚੋਣਾਂ ਲੜੇਗਾ। ਇਸ ਤੋਂ ਪਹਿਲਾਂ ਉਹ ਭਾਜਪਾ ਦੇ ਨਾਲ ਗੱਠਜੋੜ ਕਰਕੇ ਚੋਣਾਂ ਲੜਦਾ ਆ ਰਿਹਾ ਸੀ ਪਰ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਤੋਂ ਪਾਸਾ ਵੱਟ ਲਿਆ ਹੈ। ਅਕਾਲੀ ਦਲ ਅਤੇ ਭਾਜਪਾ ਦੇ ਵੱਖ-ਵੱਖ ਹੋਣ ਕਰਕੇ ਅਕਾਲੀ ਦਲ ਦਾ ਹਿੰਦੂ ਵੋਟ ਬੈਂਕ ਖਿਸਕ ਗਿਆ ਹੈ। ਇਸੇ ਕਰਕੇ ਅਕਾਲੀ ਦਲ ਨੇ ਪੰਜਾਬ ਵਿਚ ਆਪਣੀ ਖਿਸਕ ਚੁੱਕੀ ਸਿਆਸੀ ਜ਼ਮੀਨ ਮੁੜ ਤਿਆਰ ਕਰਨ ਲਈ 7 ਵਿਚੋਂ ਦੋ ਹਿੰਦੂ ਚਿਹਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਉਨ੍ਹਾਂ ਵਿਚ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੂੰ ਅੰਮ੍ਰਿਤਸਰ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੂੰ ਪਟਿਆਲਾ ਤੋਂ ਟਿਕਟ ਦਿੱਤੀ ਹੈ। ਦੱਸਣਯੋਗ ਹੈ ਕਿ ਡਾ. ਦਲਜੀਤ ਸਿੰਘ ਚੀਮਾ 2007 ਤੋਂ 2012 ਦੌਰਾਨ ਅਕਾਲੀ-ਭਾਜਪਾ ਦੀ ਸਰਕਾਰ ਸਮੇਂ ਕੈਬਨਿਟ ਮੰਤਰੀ ਰਹੇ ਸਨ। ਪ੍ਰੇਮ ਸਿੰਘ ਚੰਦੂਮਾਜਰਾ ਨੇ 2014 ਵਿਚ ਕਾਂਗਰਸੀ ਆਗੂ ਅੰਬਿਕਾ ਸੋਨੀ ਨੂੰ ਆਨੰਦਪੁਰ ਸਾਹਿਬ ਤੋਂ ਹਰਾਇਆ ਸੀ ਜਦੋਂ ਕਿ 2019 ਵਿਚ ਉਹ ਕਾਂਗਰਸ ਦੇ ਮਨੀਸ਼ ਤਿਵਾੜੀ ਤੋਂ ਚੋਣ ਹਾਰ ਗਏ ਸਨ। ਅਨਿਲ ਜੋਸ਼ੀ ਵੀ ਅਕਾਲੀ-ਭਾਜਪਾ ਦੀ ਸਰਕਾਰ ਸਮੇਂ ਸਾਲ 2012 ਵਿਚ ਸਥਾਨਕ ਸਰਕਾਰਾਂ ਤੇ ਮੈਡੀਕਲ ਸਿੱਖਿਆ ਮੰਤਰੀ ਰਹਿ



ਚੁੱਕੇ ਹਨ।

ਉਹ 2017 ਵਿਚ ਕਾਂਗਰਸ ਦੇ ਸੁਨੀਲ ਦੱਤ ਤੋਂ ਚੋਣ ਹਾਰ ਗਏ ਸਨ ਅਤੇ 2021 ਵਿਚ ਭਾਜਪਾ ਨਾਲ ਤੋੜ ਵਿਛੋੜੇ ਮਗਰੋਂ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਐਨ ਕੇ ਸ਼ਰਮਾ ਵਿਧਾਨ ਸਭਾ ਹਲਕਾ ਡੇਰਾਬੱਸੀ ਤੋਂ ਸਾਲ 2012 ਤੇ 2017 ਵਿਚ ਵਿਧਾਇਕ ਚੁਣੇ ਗਏ ਸਨ। ਇਕਬਾਲ ਸਿੰਘ ਝੂੰਦਾ ਸਾਲ 2007 ਵਿਚ ਧੂਰੀ ਤੇ 2012 ਵਿੱਚ ਅਮਰਗੜ੍ਹ ਤੋਂ ਵਿਧਾਇਕ ਚੁਣੇ ਗਏ ਸਨ। ਬਿਕਰਮਜੀਤ ਸਿੰਘ ਖਾਲਸਾ 2012 ਵਿਚ ਰਾਏਕੋਟ ਤੋਂ ਵਿਧਾਇਕ ਚੁਣੇ ਗਏ ਸਨ।

# ਟਿਕਟਾਂ ਦੀ ਵੰਡ: ਹਰ ਪਾਰਟੀ ਵੱਲੋਂ ਮਹਿਲਾਵਾਂ ਨਜ਼ਰਅੰਦਾਜ਼

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਦੌਰਾਨ ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ-ਆਪਣੀ ਪਾਰਟੀਆਂ ਦੇ ਵਜ਼ਨੀ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾ ਰਿਹਾ ਹੈ ਪਰ ਪੰਜਾਬ ਦੀਆਂ ਇਨ੍ਹਾਂ ਸਾਰੀਆਂ ਸਿਆਸੀ ਧਿਰਾਂ ਨੇ ਲੋਕ ਸਭਾ ਚੋਣਾਂ 2024 ਲਈ ਟਿਕਟਾਂ ਦੀ ਵੰਡ ਸਮੇਂ ਅੱਧੀ ਆਬਾਦੀ ਵਾਲੇ ਔਰਤ ਤਬਕੇ ਨੂੰ ਬਿਲਕੁਲ ਹੀ ਨਜ਼ਰਅੰਦਾਜ਼ ਕਰ ਦਿੱਤਾ ਹੈ।

ਸਿਆਸੀ ਪਾਰਟੀਆਂ ਵੱਲੋਂ ਹਾਲਾਂਕਿ ਔਰਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਵੱਖ-ਵੱਖ ਕਿਸਮ ਦੇ ਐਲਾਨ ਕਰ ਕੇ ਉਨ੍ਹਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਹੁਣ ਤੱਕ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਵੱਲੋਂ 9, ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ 6 ਅਤੇ ਅਕਾਲੀ ਦਲ ਵੱਲੋਂ 7 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਹਾਲੇ ਤੱਕ ਸਿਰਫ਼ ਭਾਜਪਾ ਨੇ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਵੱਲੋਂ ਤਿੰਨ ਵਾਰ ਸੰਸਦ ਮੈਂਬਰ ਰਹਿ ਚੁੱਕੀ ਪ੍ਰਨੀਤ ਕੌਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਪ੍ਰਨੀਤ ਕੌਰ ਪਿਛਲੇ ਦਿਨੀਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ



ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਲੋਕ ਸਭਾ ਚੋਣਾਂ ਵਿਚ ਉਤਾਰਿਆ ਜਾ ਸਕਦਾ ਹੈ ਪਰ ਹਾਲੇ ਤੱਕ ਉਨ੍ਹਾਂ ਦੀ ਟਿਕਟ ਦਾ ਐਲਾਨ ਨਹੀਂ ਹੋਇਆ ਹੈ।

ਦੱਸਣਯੋਗ ਹੈ ਕਿ ਪੰਜਾਬ ਵਿਚ ਲੋਕ ਸਭਾ ਚੋਣਾਂ 2024 ਲਈ ਕੁੱਲ ਵੋਟਰ 2.12 ਕਰੋੜ ਹਨ, ਜਿਨ੍ਹਾਂ ਵਿਚੋਂ 1.11 ਕਰੋੜ ਪੁਰਸ਼ ਅਤੇ ਇਕ ਕਰੋੜ ਤੋਂ ਵੱਧ ਮਹਿਲਾ ਵੋਟਰ ਹਨ। ਇਸ ਤੋਂ ਇਲਾਵਾ 744 ਵੋਟਰ ਟਰਾਂਸਜੈਂਡਰ ਹਨ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਰਾਜਸੀ ਪਾਰਟੀਆਂ ਬਹੁਤ ਘੱਟ ਮਹਿਲਾ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਦੀਆਂ ਰਹੀਆਂ ਹਨ। ਇਸ ਤੋਂ ਪਹਿਲਾਂ ਫ਼ਰੀਦਕੋਟ ਤੋਂ ਪਰਮਜੀਤ ਕੌਰ, ਗੁਰਬਿੰਦਰ ਕੌਰ ਬਰਾੜ, ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਪਟਿਆਲਾ ਤੋਂ ਮਹਿੰਦਰ ਕੌਰ, ਪ੍ਰਨੀਤ ਕੌਰ, ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ, ਲੁਧਿਆਣਾ ਤੋਂ ਰਾਜਿੰਦਰ ਕੌਰ, ਰੋਪੜ ਤੋਂ ਬਿਮਲ ਕੌਰ ਖਾਲਸਾ, ਗੁਰਦਾਸਪੁਰ ਤੋਂ ਸੁਖਬੰਸ ਕੌਰ ਭਿੰਡਰ ਤੇ ਸੰਗਰੂਰ ਤੋਂ ਨਿਰਲੇਪ ਕੌਰ ਹੀ ਲੋਕ ਸਭਾ ਚੋਣਾਂ ਵਿਚ ਸੰਸਦ ਦੀਆਂ ਪੌੜੀਆਂ ਚੜ੍ਹ ਸਕੀਆਂ ਹਨ।

# ਕਿਸਾਨਾਂ ਨੇ ਮਲੂਕਾ ਦੇ ਨੂੰਹ-ਪੁੱਤ ਖਿਲਾਫ ਪ੍ਰਦਰਸ਼ਨ ਕੀਤਾ

**ਬਠਿੰਡਾ:** ਭਾਜਪਾ ਵਿਚ ਸ਼ਾਮਲ ਹੋਏ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਨੂੰਹ-ਪੁੱਤ ਦਾ ਇੱਥੇ ਭਾਜਪਾ ਦਫ਼ਤਰ ਪਹੁੰਚਣ 'ਤੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਭਾਜਪਾ ਵਿਚ ਸ਼ਾਮਲ ਹੋਣ ਮਗਰੋਂ ਪਹਿਲੀ ਵਾਰ ਪਰਮਪਾਲ ਕੌਰ ਮਲੂਕਾ ਅਤੇ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਜਦੋਂ ਪਾਰਟੀ ਦਫ਼ਤਰ ਆਏ ਤਾਂ ਇਸ ਬਾਰੇ ਪਤਾ ਲੱਗਦਿਆਂ ਹੀ ਮਿਨੀ ਸਕੱਤਰੇਤ ਅੱਗੇ ਆਪਣੀਆਂ ਮੰਗਾਂ ਨੂੰ ਲੈ ਕੇ 4 ਅਪਰੈਲ ਤੋਂ ਬੇਮਿਆਦੀ ਮੋਰਚਾ ਚਲਾ ਰਹੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ)



ਦੇ ਆਗੂਆਂ ਨੇ ਭਾਜਪਾ ਦਫ਼ਤਰ ਵੱਲ ਵਹੀਰਾਂ ਘੱਤ ਦਿੱਤੀਆਂ।

ਅੱਗੇ ਦਫ਼ਤਰ ਦੇ ਬਾਹਰ ਐਸ.ਪੀ. ਨਰਿੰਦਰ ਸਿੰਘ ਦੀ ਅਗਵਾਈ 'ਚ ਪੁਲਿਸ ਤਾਇਨਾਤ ਸੀ ਅਤੇ ਪੁਲਿਸ ਨੇ ਕਿਸਾਨਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਕਿਸਾਨਾਂ ਨੇ ਇੱਥੇ ਹੀ ਨਾਅਰੇਬਾਜ਼ੀ ਕਰ ਕੇ ਵਿਰੋਧ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਜਾਣਕਾਰੀ ਮੁਤਾਬਕ ਇਸ ਦੌਰਾਨ ਪ੍ਰਸ਼ਾਸਨ ਵੱਲੋਂ ਮਲੂਕਾ ਜੋੜੀ ਸਮੇਤ ਉਥੇ ਮੌਜੂਦ ਭਾਜਪਾ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਸਣੇ ਹੋਰ ਲੀਡਰਸ਼ਿਪ ਨੂੰ ਦਫ਼ਤਰ ਦੇ ਪਿਛਲੇ ਦਰਵਾਜ਼ੇ ਤੋਂ ਸੁਰੱਖਿਅਤ ਬਾਹਰ ਕੱਢ ਦਿੱਤਾ ਗਿਆ।

ਬੀ.ਕੇ.ਯੂ. ਉਗਰਾਹਾਂ ਅਤੇ ਬੀ.ਕੇ.ਯੂ. ਡਕੌਂਦਾ (ਬੂਟਾ ਸਿੰਘ ਬੁਰਜਗਿੱਲ) ਦੇ ਆਗੂਆਂ ਅਤੇ ਵਰਕਰਾਂ ਨੇ ਭਾਜਪਾ ਆਗੂ ਪਰਮਪਾਲ ਕੌਰ ਮਲੂਕਾ ਦੇ ਵਿਰੋਧ ਲਈ ਬਠਿੰਡਾ-ਜ਼ੀਰਕਪੁਰ ਕੌਮੀ ਮਾਰਗ 'ਤੇ ਲਹਿਰਾ ਬੇਗਾ ਟੌਲ ਪਲਾਜ਼ਾ ਉੱਤੇ ਬਲਾਕ ਪੱਧਰੀ ਇਕੱਠ ਕੀਤਾ। ਬੀਬੀਆਂ ਸਣੇ ਕਿਸਾਨਾਂ ਨੇ ਜਥੇਬੰਦੀਆਂ ਦੇ ਝੰਡੇ ਲਹਿਰਾਏ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਕਿਸਾਨ ਬੀਬੀ ਮਲੂਕਾ ਨੂੰ ਟੌਲ ਪਲਾਜ਼ਾ 'ਤੇ ਉਡੀਕਦੇ ਰਹੇ ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਬਦਲਵੇਂ ਰੂਟ ਰਾਹੀਂ ਬਠਿੰਡਾ ਭੇਜ ਦਿੱਤਾ। ਪਤਾ ਲੱਗਣ 'ਤੇ ਕਿਸਾਨਾਂ ਨੇ ਬੀਬੀ ਮਲੂਕਾ ਦਾ ਪਿੱਛਾ ਵੀ ਕੀਤਾ ਪਰ ਇਸ ਦੌਰਾਨ ਭਾਰੀ ਪੁਲਿਸ ਬਲ ਤਾਇਨਾਤ ਸੀ।

# ਲੋਕਾਂ ਨਾਲ ਸਿਰਫ ਝੂਠ ਬੋਲਦੀ ਹੈ ਭਾਜਪਾ: ਭਗਵੰਤ ਮਾਨ

**ਡਿਗਬੋਈ (ਅਸਾਮ):** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ 'ਚ ਸੁੱਟ ਸਕਦੀ ਹੈ ਪਰ ਉਨ੍ਹਾਂ ਦੇ ਵਿਚਾਰਾਂ ਨੂੰ ਕੈਦ ਨਹੀਂ ਕਰ ਸਕਦੀ। ਉਨ੍ਹਾਂ ਇਥੇ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਵਿਚਾਰ ਨਾਲ ਆਮ ਆਦਮੀ ਪਾਰਟੀ ਕੰਮ ਕਰਦੀ ਹੈ, ਉਹ ਦਿੱਲੀ ਤੇ ਪੰਜਾਬ 'ਚ ਨਜ਼ਰ ਆਉਂਦੇ ਹਨ।

ਉਨ੍ਹਾਂ ਕਿਹਾ ਕਿ ਅਸਾਮ ਅਤੇ ਪੰਜਾਬ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦਰ ਅਸਾਮ ਆਏ ਸਨ। ਉਨ੍ਹਾਂ ਦੇ ਇੱਥੇ ਗੁਰਦੁਆਰਾ ਸਾਹਿਬਾਨ ਵੀ ਹਨ। ਭਾਜਪਾ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਕ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਸਕਦੇ ਹਨ ਪਰ ਦੇਸ਼ ਭਰ 'ਚ ਹਜ਼ਾਰਾਂ ਲੋਕ ਹਨ ਜੋ ਪਾਰਟੀ ਦੇ ਸਿਧਾਤਾਂ 'ਤੇ ਚੱਲ ਰਹੇ ਹਨ। ਮਾਨ ਨੇ ਕਿਹਾ ਕਿ ਉਨ੍ਹਾਂ (ਭਾਜਪਾ) ਨੂੰ ਲੱਗਦਾ ਹੈ ਕਿ ਕੇਜਰੀਵਾਲ ਨੂੰ ਜੇਲ੍ਹ ਭੇਜ ਦੇਣ ਨਾਲ 'ਆਪ' ਖਤਮ ਹੋ ਜਾਵੇਗੀ ਪਰ ਉਹ ਉਨ੍ਹਾਂ ਦੇ ਵਿਚਾਰਾਂ ਨੂੰ ਕਿਵੇਂ ਕੈਦ ਕਰਨਗੇ? ਉਹ ਡਿਬਰੂਗੜ੍ਹ ਸੰਸਦੀ ਹਲਕੇ ਤੋਂ 'ਆਪ' ਉਮੀਦਵਾਰ ਮਨੋਜ ਧਨੋਵਰ ਦੇ ਹੱਕ 'ਚ ਰੈਲੀ ਕਰ ਰਹੇ ਸਨ।



ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਝੂਠ 'ਤੇ ਝੂਠ ਬੋਲ ਰਹੀ ਹੈ ਪਰ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਅਜਿਹਾ ਨਹੀਂ ਚੱਲ ਸਕਦਾ। ਉਨ੍ਹਾਂ ਕਿਹਾ ਕਿ 2015 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਤਤਕਾਲੀ ਕਾਂਗਰਸ ਮੰਤਰੀ ਹਿਮੰਤ ਬਿਸਵਾ ਸਰਮਾ ਅਸਾਮ ਦੇ ਸਭ ਤੋਂ ਭ੍ਰਿਸ਼ਟ ਵਿਅਕਤੀ ਹਨ। ਮਾਨ ਨੇ ਕਿਹਾ, 'ਹਾਲਾਂਕਿ ਸਰਮਾ (ਅਸਾਮ ਦੇ ਮੁੱਖ ਮੰਤਰੀ) ਹੁਣ ਬੇਦਾਗ ਹਨ ਕਿਉਂਕਿ ਉਹ ਭਾਜਪਾ ਦੀ ਵਾਸ਼ਿੰਗ ਮਸ਼ੀਨ ਅੰਦਰ ਦਾਖਲ ਹੋ ਚੁੱਕੇ ਹਨ ਪਰ ਉਹ ਕਦੋਂ ਤੱਕ ਲੋਕਾਂ ਨੂੰ ਬੇਵਕੂਫ ਬਣਾਉਣਗੇ?' 'ਆਪ' ਆਗੂ ਨੇ ਕਿਹਾ ਸਰਮਾ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਅਸਾਮ ਦੇ ਸਿੱਖਿਆ ਤੇ ਸਿਹਤ ਮੰਤਰੀ ਸਨ ਪਰ ਉਨ੍ਹਾਂ ਨੂੰ ਮਿਆਰੀ ਸਕੂਲ ਤੇ ਹਸਪਤਾਲ ਬਣਾਉਣ ਤੋਂ ਕਿਸ ਨੇ ਰੋਕਿਆ। ਉਨ੍ਹਾਂ ਕਿਹਾ, "ਮੈਨੂੰ ਦੱਸਿਆ ਗਿਆ ਹੈ ਕਿ ਅਸਾਮ 'ਚ ਅੱਠ ਹਜ਼ਾਰ ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ ਕਿਉਂਕਿ ਉੱਥੇ ਕੋਈ ਵਿਦਿਆਰਥੀ ਨਹੀਂ ਸੀ। ਬੱਚੇ ਸਰਕਾਰੀ ਸਕੂਲਾਂ 'ਚ ਕਿਉਂ ਨਹੀਂ ਜਾ ਰਹੇ ਹਨ ਕਿਉਂਕਿ ਇਨ੍ਹਾਂ ਦੀ ਖਰਾਬ ਹਾਲਤ ਕਾਰਨ ਮਾਪਿਆਂ ਦਾ ਭਰੋਸਾ ਖਤਮ ਹੋ ਗਿਆ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਤੇ ਪੰਜਾਬ ਵਿਚ 'ਆਪ' ਸਰਕਾਰ ਨੇ ਮਿਆਰੀ ਸਕੂਲ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਕੀਤਾ ਹੈ ਅਤੇ ਹੁਣ ਮਾਪੇ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚੋਂ ਕੱਢ ਕੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾ ਰਹੇ ਹਨ। 'ਆਪ' ਉਮੀਦਵਾਰਾਂ ਦੇ ਜਿੱਤਣ 'ਤੇ ਅਸਾਮ 'ਚ ਵੀ ਅਜਿਹਾ ਹੀ ਹੋਵੇਗਾ।

**Punjab Times**
**Established in 2000**
**25thYear in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢੀਂਡਸਾ ਦੇ ਹੱਕ 'ਚ ਆਈ ਬੀਬੀ ਜਗੀਰ ਕੌਰ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਗਰੂਰ ਤੋਂ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਲੋਕ ਸਭਾ ਦੀ ਟਿਕਟ ਨਾ ਦਿੱਤੇ ਜਾਣ 'ਤੇ ਹਾਅ ਦਾ ਨਾਅਰਾ ਮਾਰਿਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਸੁਖਦੇਵ ਸਿੰਘ ਢੀਂਡਸਾ ਪਾਰਟੀ ਵਿਚ ਪਰਤੇ ਹਨ ਤਾਂ ਇਸ ਹਾਲਤ ਵਿਚ ਉਨ੍ਹਾਂ ਦਾ ਭਰੋਸਾ ਨਹੀਂ ਸੀ ਤੋੜਨਾ ਚਾਹੀਦਾ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਦੀ ਟਿਕਟ ਦਾ ਐਲਾਨ ਕਰਨ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਸੀ। ਜਦੋਂ ਉਨ੍ਹਾਂ ਨੇ ਸੁਖਦੇਵ ਸਿੰਘ ਢੀਂਡਸਾ ਨਾਲ ਫ਼ੋਨ 'ਤੇ ਗੱਲ ਕੀਤੀ ਤਾਂ ਢੀਂਡਸਾ ਸਾਹਿਬ ਕਾਫੀ ਪਰੇਸ਼ਾਨੀ ਮਹਿਸੂਸ ਕਰ ਰਹੇ ਸਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ ਲੋਕ



ਸਭਾ ਦੀ ਟਿਕਟ ਲੈਣ ਦੀ ਇੱਛਾ ਨਾਲ ਪਾਰਟੀ ਵਿਚ ਮੁੜ ਸ਼ਾਮਲ ਹੋਏ ਸਨ। ਪਤਾ ਨਹੀਂ ਪਾਰਟੀ ਪ੍ਰਧਾਨ ਨੇ ਕਿਹੜੀ ਮਜਬੂਰੀ ਵਿਚ ਉਨ੍ਹਾਂ ਨੂੰ ਟਿਕਟ ਨਾ ਦੇਣ ਦਾ ਫੈਸਲਾ ਲਿਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਦੋਂ ਹੁਣ ਪਾਰਟੀ ਛੱਡ ਗਏ ਆਗੂ



ਅਕਾਲੀ ਦਲ ਵਿਚ ਵਾਪਸੀ ਕਰ ਰਹੇ ਹਨ ਤਾਂ ਉਨ੍ਹਾਂ ਵਿਚ ਭਰੋਸਾ ਪ੍ਰਗਟਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਬੀਬੀ ਜਗੀਰ ਕੌਰ ਨੇ ਸਪੱਸ਼ਟ ਕੀਤਾ ਕਿ ਉਹ ਪਾਰਟੀ ਲੀਡਰਸ਼ਿਪ ਦੇ ਫੈਸਲੇ ਦੀ ਆਲੋਚਨਾ ਨਹੀਂ ਕਰ ਰਹੀ। ਉਨ੍ਹਾਂ ਦੇ ਇਸ ਬਿਆਨ ਨੂੰ ਸਹੀ ਮਾਅਨਿਆਂ ਵਿਚ ਫੀਡਬੈਕ ਵਜੋਂ ਲਿਆ ਜਾਵੇ।

## ਅੰਮ੍ਰਿਤਪਾਲ ਸਿੰਘ ਦੀ ਮਾਤਾ ਸਣੇ ਛੇ ਜਣੇ ਜੇਲ੍ਹ 'ਚੋਂ ਰਿਹਾਅ

**ਅੰਮ੍ਰਿਤਸਰ:** ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ, ਹੋਰ ਪਰਿਵਾਰਕ ਮੈਂਬਰਾਂ ਸਮੇਤ ਛੇ ਵਿਅਕਤੀਆਂ ਨੂੰ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਜਥੇਬੰਦੀ ਦੇ ਇਕ ਆਗੂ ਨੇ ਦੱਸਿਆ ਕਿ ਉਨ੍ਹਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਖਾਲਸਾ ਮਾਰਚ ਕੱਢਣ ਤੋਂ ਰੋਕਣ ਲਈ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਅਗਾਊਂ ਬਚਾਓ ਨੀਤੀ ਤਹਿਤ ਕਾਰਵਾਈ ਕਰਦਿਆਂ ਜੇਲ੍ਹ ਭੇਜ ਦਿੱਤਾ ਸੀ। ਇਸ ਸਬੰਧੀ ਗ੍ਰਿਫਤਾਰ ਕੀਤੇ ਮੈਂਬਰਾਂ ਵੱਲੋਂ ਜ਼ਮਾਨਤ ਲਈ ਅਪੀਲ ਸੈਸ਼ਨ ਕੋਰਟ ਵਿਚ ਦਾਇਰ ਕੀਤੀ ਗਈ ਸੀ ਪਰ ਇਸ ਤੋਂ ਪਹਿਲਾਂ ਹੀ ਪੁਲਿਸ ਵੱਲੋਂ ਉਨ੍ਹਾਂ ਨੂੰ ਜ਼ਮਾਨਤ 'ਤੇ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਰਿਹਾਅ ਕੀਤੇ ਗਏ ਵਿਅਕਤੀਆਂ ਵਿਚ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ, ਚਾਚਾ, ਚਾਚੀ ਤੇ ਭੂਆ ਸਮੇਤ ਹੋਰ ਸ਼ਾਮਲ ਸਨ। ਜੇਲ੍ਹ ਤੋਂ ਰਿਹਾਅ ਹੋਣ ਮਗਰੋਂ ਇਹ ਸਾਰੇ ਹੈਰੀਟੇਜ ਸਟਰੀਟ ਵਿਚ ਚੱਲ ਰਹੇ ਧਰਨੇ ਵਾਲੇ ਸਥਾਨ 'ਤੇ ਪੁੱਜ ਗਏ ਹਨ।

## ਮੂਸੇਵਾਲਾ ਦੇ ਪਰਿਵਾਰ ਨੂੰ ਚੋਣ ਲੜਾਉਣ ਲਈ ਮਨਾਉਣ ਲੱਗੇ ਆਗੂ

**ਮਾਨਸਾ:** ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਹਾਈਕਮਾਂਡ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਹੁਣ ਇਸ ਖੇਤਰ ਦੇ ਸੈਂਕੜੇ ਨੌਜਵਾਨਾਂ ਵੱਲੋਂ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ 'ਚੋਂ ਕਿਸੇ ਵੀ ਜੀਅ ਨੂੰ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਉਤਰਨ ਲਈ ਮਨਾਇਆ ਜਾਣ ਲੱਗਿਆ ਹੈ। ਪਰਿਵਾਰ ਦੇ ਇਕ ਨਜ਼ਦੀਕੀ ਮੈਂਬਰ ਦਾ ਕਹਿਣਾ ਹੈ ਕਿ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਦਾ ਉਨ੍ਹਾਂ ਨੂੰ ਚੋਣ ਮੈਦਾਨ ਵਿਚ ਉਤਰਨ ਲਈ ਬਾਕਾਇਦਾ ਸੁਨੇਹਾ ਆਇਆ ਹੈ। ਜਦੋਂ ਕਿ ਇਸ ਤੋਂ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਈ ਥਾਵਾਂ 'ਤੇ ਅਜਿਹਾ ਸੁਨੇਹਾ ਦਿੱਤਾ ਹੈ। ਕਈ ਸਿਆਸੀ ਆਗੂਆਂ ਨੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆ ਚਮਕੌਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਬਠਿੰਡਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਕੁੱਦਣ ਲਈ ਜ਼ੋਰ ਪਾਇਆ। ਇਹ ਵੀ ਪਤਾ ਲੱਗਿਆ ਹੈ ਕਿ ਜੇ ਮੂਸੇਵਾਲਾ ਦੇ ਪਰਿਵਾਰ 'ਚੋਂ ਕੋਈ ਆਜ਼ਾਦ ਉਮੀਦਵਾਰ ਵਜੋਂ ਉਤਰਦਾ ਹੈ ਤਾਂ ਉਸ ਲਈ ਕਾਂਗਰਸ ਪਾਰਟੀ ਵੱਲੋਂ ਆਪਣਾ ਉਮੀਦਵਾਰ ਵਾਪਸ ਲੈਣ ਲਈ ਰਾਹੁਲ ਗਾਂਧੀ ਕੋਲ ਗੱਲ ਰੱਖਣ ਦਾ ਭਰੋਸਾ ਦਿੱਤਾ ਗਿਆ ਹੈ। ਅਜਿਹੇ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਕੋਲ ਵੀ ਉਮੀਦਵਾਰ ਵਾਪਸ ਲੈਣ ਦੀ ਗੱਲ ਕਰਨ ਦਾ ਭਰੋਸਾ ਦਿੱਤਾ ਹੈ। ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਨੇ ਕਿਹਾ ਕਿ ਪਰਿਵਾਰ ਦਾ ਚੋਣਾਂ ਵਿਚ ਹਿੱਸਾ ਲੈਣ ਦਾ ਕੋਈ ਵਿਚਾਰ ਨਹੀਂ ਬਣਿਆ ਹੈ।

## ਕੁੰਵਰ ਵਿਜੈ ਪ੍ਰਤਾਪ ਦਾ ਆਪਣੀ ਸਰਕਾਰ ਖਿਲਾਫ ਮੋਰਚਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਆਪਣੀ ਹੀ ਪਾਰਟੀ 'ਤੇ ਨਸ਼ਿਆਂ ਅਤੇ ਬੇਅਦਬੀ ਬਾਰੇ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹਿਣ ਦਾ ਦੋਸ਼ ਲਾਉਣ ਤੋਂ ਬਾਅਦ ਕਿਹਾ ਕਿ ਹੁਣ ਪਾਰਟੀ ਆਗੂਆਂ ਨੇ ਵੀ ਪਾਰਟੀ ਦੀਆਂ ਗਲਤੀਆਂ ਦਾ ਪਰਦਾਫਾਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ 'ਆਪ' ਦੇ ਕੈਬਨਿਟ ਮੰਤਰੀ ਅਤੇ ਅੰਮ੍ਰਿਤਸਰ ਲੋਕ ਸਭਾ ਤੋਂ 'ਆਪ' ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੀ ਮੌਜੂਦਗੀ ਵਿਚ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ 'ਚੋਂ ਨਸ਼ਿਆਂ ਦੇ ਮਾਮਲਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਚ ਇਨਸਾਫ ਨਾ ਮਿਲਣ 'ਤੇ ਕਟਹਿਰੇ 'ਚ ਖੜ੍ਹਾ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਨੂੰ ਸੂਬੇ 'ਚ ਸੱਤਾ ਸੰਭਾਲੇ ਨੂੰ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਵੋਟਰਾਂ ਨਾਲ ਸੂਬੇ ਵਿਚੋਂ ਨਸ਼ਿਆਂ ਨੂੰ ਖਤਮ ਕਰਨ ਅਤੇ ਬੇਅਦਬੀ ਲਈ ਇਨਸਾਫ ਦਿਵਾਉਣ ਦੇ ਵਾਅਦੇ ਪੂਰੇ ਨਾ ਕੀਤੇ ਗਏ। ਸੀਨੀਅਰ ਕਾਂਗਰਸੀ ਆਗੂ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਅਕਸਰ ਵਿਧਾਨ ਸਭਾ ਸੈਸ਼ਨਾਂ ਅਤੇ ਹੋਰ ਮੰਚਾਂ 'ਤੇ ਇਹ ਮੁੱਦੇ ਉਠਾਉਂਦੇ ਰਹੇ ਹਨ ਪਰ ਉਨ੍ਹਾਂ ਨੂੰ 'ਆਪ' ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ।

## ਤਿਵਾੜੀ ਨੂੰ ਟਿਕਟ ਮਗਰੋਂ ਚੰਡੀਗੜ੍ਹ ਕਾਂਗਰਸ 'ਚ ਫੁੱਟ

**ਚੰਡੀਗੜ੍ਹ:** ਕਾਂਗਰਸ ਵੱਲੋਂ ਚੰਡੀਗੜ੍ਹ ਤੋਂ ਮਨੀਸ਼ ਤਿਵਾੜੀ ਨੂੰ ਟਿਕਟ ਦੇਣ ਮਗਰੋਂ ਪਾਰਟੀ ਦੀ ਸਥਾਨਕ ਇਕਾਈ ਵਿਚ ਫੁੱਟ ਪੈ ਗਈ ਹੈ। ਤਿਵਾੜੀ ਨੂੰ ਚੋਣ ਵਿਚ ਉਤਾਰਨ 'ਤੇ ਚਾਰ ਵਾਰ ਸੰਸਦ ਮੈਂਬਰ ਤੇ ਦੋ ਵਾਰ ਕੇਂਦਰੀ ਮੰਤਰੀ ਰਹੇ ਪਵਨ ਕੁਮਾਰ ਬਾਂਸਲ ਨਾਰਾਜ਼ ਹਨ। ਇਸੇ ਦੇ ਚਲਦਿਆਂ ਚੰਡੀਗੜ੍ਹ ਮਹਿਲਾ ਕਾਂਗਰਸ ਦੀ ਪ੍ਰਧਾਨ ਦੀਪਾ ਦੂਬੇ ਅਤੇ ਹਾਫਿਜ਼ ਅਨਵਰ ਉਲ ਹੱਕ ਸਣੇ ਤਿੰਨ ਦਰਜਨ ਦੇ ਕਰੀਬ ਕਾਂਗਰਸੀ ਵਰਕਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਚੰਡੀਗੜ੍ਹ ਤੋਂ ਉਮੀਦਵਾਰ ਐਲਾਨੇ ਜਾਣ ਮਗਰੋਂ ਮਨੀਸ਼ ਤਿਵਾੜੀ ਪਹਿਲੀ ਵਾਰ ਚੰਡੀਗੜ੍ਹ ਦੇ ਸੈਕਟਰ-35 ਸਥਿਤ ਕਾਂਗਰਸ ਦਫ਼ਤਰ ਪਹੁੰਚੇ। ਚੰਡੀਗੜ੍ਹ ਮਹਿਲਾ ਕਾਂਗਰਸ ਦੀ ਪ੍ਰਧਾਨ ਦੀਪਾ ਦੂਬੇ ਨੇ ਕਿਹਾ ਕਿ ਕਾਂਗਰਸ ਵੱਲੋਂ ਪਵਨ ਕੁਮਾਰ ਬਾਂਸਲ ਨੂੰ ਅਣਗੌਲਿਆ ਕਰਨਾ ਗਲਤ ਹੈ।

## ਪੰਜਾਬ ਵਿਚ ਚੋਣ ਦਾ ਪਿੜ ਭਖਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਬਾਅਦ 2014, 2017 ਅਤੇ 2019 ਵਿਚ ਭਾਜਪਾ ਦੇ ਵੱਡੇ ਆਗੂ ਅਰੁਣ ਜੇਤਲੀ ਤੇ ਹਰਦੀਪ ਸਿੰਘ ਪੁਰੀ ਚੋਣ ਨਹੀਂ ਜਿੱਤ ਸਕੇ ਅਤੇ ਇਸ ਸੀਟ 'ਤੇ ਕਾਂਗਰਸ ਦਾ ਕਬਜ਼ਾ ਹੋ ਗਿਆ। ਇਸ ਵਾਰ ਅਕਾਲੀ-ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਦੋਵੇਂ ਧਿਰਾਂ ਵੱਖ-ਵੱਖ ਚੋਣਾਂ ਲੜ ਰਹੀਆਂ ਹਨ ਜਿਸ ਕਾਰਨ ਦੋਵਾਂ ਧਿਰਾਂ ਦੀਆਂ ਵੋਟਾਂ ਵੰਡੀਆਂ ਜਾਣਗੀਆਂ। ਆਮ ਆਦਮੀ ਪਾਰਟੀ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੁੜ ਸੰਸਦ ਚੋਣਾਂ ਲਈ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ 2019 ਵਿਚ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਲਈ ਚੋਣ ਲੜੀ ਸੀ ਅਤੇ ਸਿਰਫ 20 ਹਜ਼ਾਰ ਵੋਟਾਂ ਪ੍ਰਾਪਤ ਕੀਤੀਆਂ ਸਨ। ਭਾਵੇਂ ਇਸ ਵੇਲੇ ਉਹ ਪੰਜਾਬ ਵਜ਼ਾਰਤ ਵਿਚ ਕੈਬਨਿਟ ਮੰਤਰੀ ਹਨ ਅਤੇ ਉਨ੍ਹਾਂ ਦਾ ਚੰਗਾ ਰੁਤਬਾ ਹੈ ਪਰ ਆਮ ਆਦਮੀ ਪਾਰਟੀ ਦਾ ਡਿੱਗਿਆ ਗਰਾਫ ਉਨ੍ਹਾਂ ਲਈ ਵੱਡੀ ਚੁਣੌਤੀ ਹੋਵੇਗਾ।

ਲੁਧਿਆਣਾ ਲੋਕ ਸਭਾ ਹਲਕਾ ਇਸ ਵਾਰ ਰਾਜਸੀ ਪਾਰਟੀਆਂ ਲਈ ਵੀ ਅਣਖ ਦਾ ਸਵਾਲ ਬਣਿਆ ਹੋਇਆ ਹੈ। ਸਾਲ 1967 ਤੋਂ 2019 ਤੱਕ ਹੋਈਆਂ 14 ਲੋਕ ਸਭਾ ਚੋਣਾਂ ਵਿਚੋਂ ਸਭ ਤੋਂ ਵੱਧ 8 ਵਾਰ ਜਿੱਤ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹਿੱਸੇ ਆਈ। ਹਾਲਾਂਕਿ ਇਸ ਵਾਰ ਹਾਲਾਤ ਵੱਖਰੇ ਹਨ। ਲੁਧਿਆਣਾ ਤੋਂ ਦੋ ਵਾਰ ਕਾਂਗਰਸ ਪਾਰਟੀ ਵੱਲੋਂ ਐਮ.ਪੀ. ਬਣੇ ਰਵਨੀਤ ਸਿੰਘ ਬਿੱਟੂ ਦੇ ਭਾਜਪਾ ਵਿਚ ਸ਼ਾਮਲ ਹੋ ਕੇ ਇੱਥੋਂ ਹੀ ਭਗਵਾ ਧਿਰ ਦੇ ਉਮੀਦਵਾਰ ਬਣਨ ਕਰ ਕੇ ਕਾਂਗਰਸ ਤਕੜੇ ਉਮੀਦਵਾਰ ਦੀ ਭਾਲ ਵਿਚ ਹੈ।

ਸਿਆਸੀ ਮਾਹਰ ਇਸ ਵਾਰ ਮੁੱਖ ਮੁਕਾਬਲਾ ਕੌਮੀ ਪੱਧਰ ਉਤੇ 'ਇੰਡੀਆ ਗੱਠਜੋੜ' ਰਾਹੀਂ ਭਾਈਵਾਲ ਆਪ ਅਤੇ ਕਾਂਗਰਸ ਵਿਚਾਲੇ ਮੰਨ ਰਹੇ ਹਨ। ਪੰਜਾਬ ਵਿਚ ਇਹ ਦੋਵੇਂ ਧਿਰਾਂ ਵੱਖ-ਵੱਖ ਚੋਣ ਲੜ ਰਹੀਆਂ ਹਨ। ਪੰਜਾਬ ਵਿਚ ਸੱਤਾਧਾਰੀ ਹੋਣ ਕਾਰਨ ਆਪ ਇਸ ਵਾਰ ਕੋਈ ਰਿਸਕ ਲੈਣ ਦੇ ਮੂਡ ਵਿਚ ਨਹੀਂ ਹੈ, ਉਥੇ ਕਾਂਗਰਸ ਵੀ ਆਪਣੀ ਪੂਰੀ ਵਾਹ ਲਾ ਕੇ ਮੁੜ ਭਰੋਸਾ ਬਹਾਲੀ ਦੀ ਰਣਨੀਤੀ ਤਹਿਤ ਚੱਲ ਰਹੀ ਹੈ। ਇਹੀ ਕਾਰਨ ਹੈ ਕਿ ਦੋਵੇਂ ਧਿਰਾਂ ਆਪਣੀਆਂ ਵਿਧਾਨ ਸਭਾ ਸੀਟਾਂ ਦਾਅ ਉਤੇ ਲਾਉਣ ਲਈ ਤਿਆਰ ਹਨ ਤੇ ਮੌਜੂਦਾ ਵਿਧਾਇਕਾਂ ਨੂੰ ਅੱਗੇ ਕੀਤਾ ਹੈ। ਜੇਕਰ ਇਹ ਵਿਧਾਇਕ ਜਿੱਤ ਕੇ ਲੋਕ ਸਭਾ ਜਾਂਦੇ ਹਨ ਤਾਂ ਦੋਵਾਂ ਪਾਰਟੀਆਂ ਨੂੰ ਸੂਬੇ ਵਿਚ ਉਪ ਚੋਣ ਦੌਰਾਨ ਮੁੜ ਪਰਖ ਲਈ ਤਿਆਰ ਰਹਿਣਾ ਪਵੇਗਾ।

## ਪ੍ਰਾਈਵੇਟ ਵਪਾਰੀ ਐਮ.ਐਸ.ਪੀ. ਤੋਂ ਵੱਧ ਭਾਅ 'ਤੇ ਖਰੀਦਣ ਲੱਗੇ ਕਣਕ

**ਮਾਨਸਾ:** ਮੰਡੀਆਂ ਵਿਚ ਆ ਰਹੀ ਕਣਕ ਸਰਕਾਰੀ ਭਾਅ ਤੋਂ ਵਧ ਕੇ ਵਿਕਣ ਲੱਗੀ ਹੈ। ਪੰਜਾਬ ਵਿਚ ਇਹ ਪਹਿਲੀ ਵਾਰ ਹੈ ਕਿ ਪ੍ਰਾਈਵੇਟ ਵਪਾਰੀ ਕਣਕ ਖਰੀਦਣ ਲਈ ਗਿੱਲੀ-ਸੁੱਕੀ ਨਹੀਂ ਵੇਖ ਰਹੇ। ਪ੍ਰਾਈਵੇਟ ਵਪਾਰੀ ਮੀਂਹ ਕਾਰਨ ਬਣੀ ਸਿੱਲ੍ਹ ਦੇ ਦੌਰਾਨ ਵੀ ਕਣਕ ਨੂੰ 5 ਤੋਂ 7 ਰੁਪਏ ਪ੍ਰਤੀ ਕੁਇੰਟਲ ਵਧ ਕੇ ਖਰੀਦ ਰਹੇ ਹਨ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਇਸ ਵਾਰ ਕਣਕ ਦਾ ਸਰਕਾਰੀ ਭਾਅ 2275 ਰੁਪਏ ਐਲਾਨਿਆ ਗਿਆ ਹੈ।

## ਰਾਮਦੇਵ ਜਨਤਕ ਤੌਰ 'ਤੇ ਮੁਆਫੀ ਮੰਗੇ: ਅਦਾਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਯੋਗ ਗੁਰੂ ਰਾਮਦੇਵ, ਉਨ੍ਹਾਂ ਦੇ ਸਹਿਯੋਗੀ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਨੂੰ ਭਰਮਾਊ ਇਸ਼ਤਿਹਾਰਬਾਜ਼ੀ ਮਾਮਲੇ 'ਚ ਜਨਤਕ ਮੁਆਫੀ ਮੰਗਣ ਲਈ ਹਫਤੇ ਦਾ ਸਮਾਂ ਦਿੱਤਾ ਪਰ ਕਿਹਾ ਕਿ ਇਸ ਪੜਾਅ ਉਤੇ ਉਨ੍ਹਾਂ ਨੂੰ ਰਾਹਤ ਨਹੀਂ ਦਿੱਤੀ ਜਾਵੇਗੀ। ਸੁਣਵਾਈ ਦੌਰਾਨ ਰਾਮਦੇਵ ਅਤੇ ਬਾਲਕ੍ਰਿਸ਼ਨ ਦੋਵੇਂ ਹਾਜ਼ਰ ਸਨ ਅਤੇ ਉਨ੍ਹਾਂ ਨੇ ਨਿੱਜੀ ਤੌਰ ਉਤੇ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫੀ ਮੰਗੀ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਉਨ੍ਹਾਂ ਦੀ ਮੁਆਫੀ ਉਤੇ ਨੋਟਿਸ ਲਿਆ ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਇਸ ਪੜਾਅ 'ਤੇ ਉਨ੍ਹਾਂ ਨੂੰ ਰਾਹਤ ਦੇਣ ਦਾ ਫੈਸਲਾ ਨਹੀਂ ਕੀਤਾ ਗਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਖਾਲਸਾ ਸਾਜਨਾ ਦਿਵਸ ਮੌਕੇ ਝੁਲਾਏ ਗਏ ਖਾਲਸਈ ਨਿਸ਼ਾਨ

**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ। ਸ਼ਰਧਾਲੂਆਂ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸਰੋਵਰ ਵਿਚ ਇਸ਼ਨਾਨ ਕਰ ਕੇ ਸ਼ਰਧਾ ਪ੍ਰਗਟਾਈ। ਇਸ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ।

ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਵਾਲੇ ਬਣੇ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਵੀ ਕੀਤੀ ਗਈ। 325ਵੇਂ ਖਾਲਸਾ ਸਾਜਨਾ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸਮੂਹ ਵਿਚ ਖਾਲਸਈ ਨਿਸ਼ਾਨ ਝੁਲਾਏ ਗਏ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਚ ਖਾਲਸਾ ਸਾਜਨਾ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਵੱਡੀ ਗਿਣਤੀ ਸ਼ਰਧਾਲੂਆਂ ਨੇ ਗੁਰੂ ਘਰ ਵਿਚ ਮੱਥਾ ਟੇਕਿਆ। ਪੰਜ ਸਿੰਘ ਸਾਹਿਬਾਨ ਵੱਲੋਂ ਸਮੁੱਚੀ ਸਿੱਖ ਕੌਮ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਆਪਣੇ ਘਰਾਂ 'ਤੇ ਖਾਲਸਈ ਝੰਡੇ ਝੁਲਾਉਣ ਦੇ ਆਦੇਸ਼ ਦਿੱਤੇ ਗਏ ਸਨ ਜਿਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਸੰਸਥਾ ਦੇ ਦਫ਼ਤਰ ਸਮੂਹ ਵਿਚ ਖਾਲਸਈ ਨਿਸ਼ਾਨ ਝੁਲਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਸਿੱਖ ਸੰਗਤ ਲਈ ਖਾਲਸਈ ਝੰਡਿਆਂ ਦਾ ਪ੍ਰਬੰਧ ਕੀਤਾ ਗਿਆ।



ਇਸ ਸਬੰਧੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਿੱਖ ਸੰਸਥਾ ਦੇ ਮੁਲਾਜ਼ਮਾਂ ਨੇ ਸਮੂਹਿਕ ਰੂਪ ਵਿਚ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕੀਤਾ। ਉਪਰੰਤ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ।

ਇਸੇ ਤਰ੍ਹਾਂ ਪਾਕਿਸਤਾਨ ਦੇ ਸੂਬਾ ਪੱਛਮੀ ਪੰਜਾਬ ਦੇ ਜ਼ਿਲ੍ਹਾ ਫ਼ੈਸਲਾਬਾਦ (ਪਹਿਲਾ ਨਾਂ ਲਾਇਲਪੁਰ) ਵਿਚ ਪੈਂਦੇ ਪਿੰਡ ਖਿਆਲਾ ਕਲਾਂ ਚੱਕ ਨੰਬਰ 57 ਜੇ ਬੀ ਵਿਚ 76 ਸਾਲਾਂ ਬਾਅਦ ਮੁਸਲਮਾਨ ਭਾਈਚਾਰੇ ਨੇ ਬਾਬਾ ਤਾਰਿਕ ਅਤੇ ਮਾਸਟਰ ਅੱਲਾ ਰੱਖਾ ਹੋਠੀ ਦੀ ਅਗਵਾਈ ਹੇਠ ਗੁਰਦੁਆਰਾ ਸ਼ਹੀਦ ਬਾਬਾ ਦਿੱਤ ਮੱਲ ਜੀ (ਬਾਬਾ ਮੜ) ਦਾ ਨਵੀਨੀਕਰਨ ਕਰ ਕੇ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮਨਾਈ।

ਭਾਈਚਾਰੇ ਦੇ ਲੋਕ ਸਿੱਖ ਰਹਿਤ ਮਰਿਆਦਾ ਅਨੁਸਾਰ ਦਸ ਗੁਰੂ ਸਾਹਿਬਾਨ ਦੀ ਫੋਟੋ ਅੱਗੇ ਨਤਮਸਤਕ ਹੋਏ ਅਤੇ ਨਿਸ਼ਾਨ ਸਾਹਿਬ ਚੜ੍ਹਾਉਣ ਤੋਂ ਬਾਅਦ ਲੰਗਰ ਲਗਾ ਕੇ ਸਿੱਖ ਪੰਥ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਗੌਰਤਲਬ ਹੈ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਨੇ ਜਦੋਂ ਅੰਮ੍ਰਿਤਸਰ ਵਾਲੀ ਲੜਾਈ ਲੜੀ ਤਾਂ ਬਾਬਾ ਦਿੱਤ ਮੱਲ ਨੇ ਉਸ ਵਿਚ ਸ਼ਹੀਦੀ ਜਾਮ ਪੀਤਾ ਸੀ ਜਿਸ ਦੀ ਯਾਦ ਵਿਚ ਖਿਆਲਾਂ ਕਲਾਂ ਚੱਕ ਨੰਬਰ 57 ਜੇਬੀ ਵਿਚ ਗੁਰਦੁਆਰਾ ਬਣਾਇਆ ਗਿਆ ਪਰ ਉਸ ਪਿੰਡ ਦਾ ਸਾਰਾ ਸਿੱਖ ਭਾਈਚਾਰਾ ਸੰਨ 1947 ਵਿਚ ਉੱਥੋਂ ਆ ਕੇ ਭੋਗਪੁਰ ਇਲਾਕੇ ਵਿਚ ਆ ਵੱਸਿਆ ਸੀ।

### ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਵਧਾਈ ਸੰਦੇਸ਼

**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੌਮ ਦੇ ਨਾਂ ਦਿੱਤੇ ਵਧਾਈ ਸੰਦੇਸ਼ ਵਿਚ ਸਮੁੱਚੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਹੋ ਕੇ ਗੁਰੂ ਦੀ ਖ਼ਾਲਸਈ ਵਿਰਾਸਤ ਦੇ ਵਾਰਿਸ ਬਣਨ ਦਾ ਸੱਦਾ ਦਿੱਤਾ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਵਿਖੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਮੂਲ ਮੰਤਰ ਅਤੇ ਗੁਰਮੰਤਰ ਦਾ ਜਾਪ ਕੀਤਾ ਗਿਆ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਦੀ ਛਤਰ-ਛਾਇਆ ਹੇਠ ਇਕੱਤਰ ਹੋਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਸਿੱਖ ਕੌਮ ਹਕੂਮਤੀ ਜਬਰ ਦਾ ਮੁਕਾਬਲਾ ਏਕਤਾ ਤੋਂ ਬਿਨਾਂ ਨਹੀਂ ਕਰ ਸਕਦੀ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਕੱਤਰੇਤ 'ਤੇ ਖ਼ਾਲਸਈ ਪਰਚਮ ਝੁਲਾਇਆ ਅਤੇ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।

## ਟਾਇਰ ਫਟਣ ਕਾਰਨ ਕਾਰ ਪਲਟੀ, ਤਿੰਨ ਨੌਜਵਾਨਾਂ ਦੀ ਮੌਤ

**ਮਾਲੇਰਕੋਟਲਾ:** ਮਾਲੇਰਕੋਟਲਾ-ਖੰਨਾ ਸੜਕ 'ਤੇ ਪਿੰਡ ਰਾਣਵਾਂ ਵਿਚ ਟਾਇਰ ਫਟਣ ਕਾਰਨ ਇਕ ਕਾਰ ਬੇਕਾਬੂ ਹੋ ਕੇ ਪਲਟ ਗਈ। ਇਸ ਹਾਦਸੇ ਵਿਚ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਪਿੰਡ ਵਾਸੀਆਂ ਨੇ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਮਾਲੇਰਕੋਟਲਾ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਦੋ ਜ਼ਖ਼ਮੀਆਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਨ੍ਹਾਂ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਭੇਜ ਦਿੱਤਾ ਜਦਕਿ ਤੀਜੇ ਜ਼ਖ਼ਮੀ ਦਾ ਇਲਾਜ ਮਾਲੇਰਕੋਟਲਾ ਹਸਪਤਾਲ 'ਚ ਹੀ ਸ਼ੁਰੂ ਕਰ ਦਿੱਤਾ ਗਿਆ ਹੈ।




ਇਸ ਹਾਦਸੇ ਵਿਚ ਸਿਮਰਨਜੀਤ ਸਿੰਘ (21) ਵਾਸੀ ਪਿੰਡ ਗੁਆਰਾ ਅਤੇ ਉਮੇਰ ਰਤਨ ਵਾਸੀ ਜਮਾਲਪੁਰਾ (ਮਾਲੇਰਕੋਟਲਾ) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਮਨਵੀਰ ਸਿੰਘ ਵਾਸੀ ਗੁਆਰਾ, ਮਨਵੀਰ ਸਿੰਘ ਵਾਸੀ ਡੇਰਾਬੱਸੀ ਅਤੇ ਅਲੀ ਸ਼ਾਨ ਵਾਸੀ ਮੁਹੱਲਾ ਵੱਡਾ ਖਾਰਾ ਖੂਹ ਭੂਮਸੀ (ਮਾਲੇਰਕੋਟਲਾ) ਗੰਭੀਰ ਜ਼ਖ਼ਮੀ ਹੋ ਗਏ। ਉਪਰੰਤ ਅਲੀ ਸ਼ਾਨ ਵਾਸੀ ਮੁਹੱਲਾ ਵੱਡਾ ਖਾਰਾ ਖੂਹ ਭੂਮਸੀ (ਮਾਲੇਰਕੋਟਲਾ) ਦੀ ਇਲਾਜ ਦੌਰਾਨ ਮੌਤ ਹੋ ਗਈ।

## ਸ੍ਰੀ ਦਮਦਮਾ ਸਾਹਿਬ ਵਿਖੇ ਵੱਡੀ ਗਿਣਤੀ ਸ਼ਰਧਾਲੂ ਪੁੱਜੇ

**ਤਲਵੰਡੀ ਸਾਬੋ:** ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦੂਰੋਂ-ਨੇੜਿਓਂ ਵੱਡੀ ਗਿਣਤੀ ਵਿਚ ਪਹੁੰਚੇ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ ਵਿਚ ਇਸ਼ਨਾਨ ਕਰ ਕੇ ਤਖ਼ਤ ਸਾਹਿਬ ਸਮੇਤ ਇੱਥੋਂ ਦੇ ਹੋਰ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਖਾਲਸੇ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਸਿੱਖ ਧਰਮ ਵਿਚ ਵਿਸਾਖੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਸੰਗਤ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ, ਗੁਰਦੁਆਰਾ ਦੇਗਸਰ ਬੇਰ ਸਾਹਿਬ ਮੁੱਖ ਛਾਉਣੀ ਬੁੱਢਾ ਦਲ (ਨਿਹੰਗ ਸਿੰਘਾਂ), ਗੁਰਦੁਆਰਾ ਬੁੰਗਾ ਨਾਨਕਸਰ ਆਦਿ ਧਾਰਮਿਕ ਅਸਥਾਨਾਂ 'ਤੇ ਵੀ ਭੋਗ ਪਾਏ ਗਏ।



ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖ਼ਲ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇਕਰ ਇਹ ਦਖ਼ਲਅੰਦਾਜ਼ੀ ਬੰਦ ਨਾ ਹੋਈ ਤਾਂ ਇਸ ਦੇ ਮਾੜੇ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ 1984 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਕੇ ਸਿੱਖਾਂ ਨੂੰ ਇਨਸਾਫ਼ ਦਿੱਤਾ ਹੈ ਪਰ ਕੇਂਦਰ ਸਰਕਾਰ ਵੱਲੋਂ ਸਿੱਖ ਧਰਮ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਵਿਸ਼ਵ ਹਿੰਦੂ ਪ੍ਰੀਸ਼ਦ ਨੰਗਲ ਇਕਾਈ ਦੇ ਪ੍ਰਧਾਨ ਦੀ ਹੱਤਿਆ

**ਨੰਗਲ:** ਇੱਥੇ ਦਿਨ ਦਿਹਾੜੇ ਰੇਲਵੇ ਰੋਡ 'ਤੇ ਦੋ ਅਣਪਛਾਤੇ ਹਮਲਾਵਰਾਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਨੰਗਲ ਇਕਾਈ ਦੇ ਪ੍ਰਧਾਨ ਵਿਕਾਸ ਪ੍ਰਭਾਕਰ ਉਰਫ ਬੱਗਾ 'ਤੇ ਉਸ ਵੇਲੇ ਹਮਲਾ ਕਰ ਦਿੱਤਾ ਜਦੋਂ ਉਹ ਆਪਣੀ ਦੁਕਾਨ 'ਤੇ ਬੈਠਾ ਸੀ। ਗੋਲੀਆਂ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋਏ ਵਿਕਾਸ ਬੱਗਾ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡੀ.ਐਸ.ਪੀ. ਆਨੰਦਪੁਰ ਸਾਹਿਬ ਅਜੈ ਸਿੰਘ ਅਤੇ ਹੋਰ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਭਾਜਪਾ ਆਗੂ ਡਾ. ਪਰਮਿੰਦਰ ਸ਼ਰਮਾ, ਨੰਗਲ ਮੰਡਲ ਪ੍ਰਧਾਨ ਹਰਮਨਜੀਤ ਪ੍ਰਿੰਸ ਆਦਿ ਨੇ ਘਟਨਾ ਦੀ ਨਿੰਦਾ ਕਰਦਿਆਂ ਮਾਮਲੇ ਦੀ ਜਾਂਚ ਦੀ ਮੰਗ ਕੀਤੀ। ਮਿਲੀ ਜਾਣਕਾਰੀ ਅਨੁਸਾਰ ਨੰਗਲ ਪੁਲਿਸ ਇਲਾਕੇ ਦੇ ਸਾਰੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਹਮਲਾਵਰਾਂ ਦਾ ਸੁਰਾਗ ਲਾਇਆ ਜਾ ਸਕੇ।

## ਖਾਲਸਾ ਸਾਜਨਾ ਦਿਵਸ ਮੌਕੇ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਾ



**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਗੁਰੂਧਾਮਾਂ ਦੀ ਯਾਤਰਾ ਵਾਸਤੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਜਥਾ 22 ਅਪਰੈਲ ਨੂੰ ਭਾਰਤ ਪਰਤੇਗਾ। ਸਿੱਖ ਸ਼ਰਧਾਲੂਆਂ ਦੇ ਜਥੇ ਦਾ ਪਾਕਿਸਤਾਨ ਪੁੱਜਣ 'ਤੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਅਤੇ ਬਿਲਾਲ ਅਕਬਰ ਖਾਨ ਵੱਲੋਂ ਸਵਾਗਤ ਕੀਤਾ ਗਿਆ। ਸਿੱਖ ਸ਼ਰਧਾਲੂਆਂ ਦਾ ਵੱਡਾ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਰਵਾਨਾ ਹੋਇਆ। ਅਟਾਰੀ ਸਰਹੱਦ ਪਾਰ ਕਰਕੇ ਪਾਕਿਸਤਾਨ ਵਾਲੇ ਪਾਸੇ ਵਾਹਗਾ ਸਰਹੱਦ ਵਿਖੇ ਪੁੱਜਣ 'ਤੇ ਸ਼ਰਧਾਲੂਆਂ ਨੂੰ ਪਾਕਿਸਤਾਨੀ ਮੰਤਰੀ ਰਮੇਸ਼ ਸਿੰਘ ਅਰੋੜਾ ਅਤੇ ਬਿਲਾਲ ਅਕਬਰ ਖਾਨ ਤੇ ਹੋਰ ਅਧਿਕਾਰੀਆਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਸਰਹੱਦ 'ਤੇ ਸ਼ਰਧਾਲੂਆਂ ਲਈ ਲੰਗਰ ਅਤੇ ਹੋਰ ਪ੍ਰਬੰਧ ਕੀਤੇ ਗਏ ਸਨ।

## ਨਿਊ ਯਾਰਕ ਸਟੇਟ ਅਸੈਂਬਲੀ ਵਿਚ ਖਾਲਸਾ ਸਾਜਨਾ ਦਿਵਸ ਮਨਾਇਆ

**ਅੰਮ੍ਰਿਤਸਰ:** ਅਮਰੀਕਾ ਦੇ ਸਿੱਖਾਂ ਵੱਲੋਂ ਵਰਲਡ ਸਿੱਖ ਪਾਰਲੀਮੈਂਟ ਦੇ ਬੈਨਰ ਹੇਠ ਨਿਊ ਯਾਰਕ ਸਟੇਟ ਅਸੈਂਬਲੀ ਕੰਪਲੈਕਸ ਵਿਚ ਖਾਲਸਾ ਸਾਜਨਾ ਦਿਵਸ (ਵਿਸਾਖੀ) ਮਨਾਇਆ ਗਿਆ। ਵਰਲਡ ਸਿੱਖ ਪਾਰਲੀਮੈਂਟ ਸਿੱਖ ਜਥੇਬੰਦੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਨਿਊ ਯਾਰਕ ਸਟੇਟ ਅਸੈਂਬਲੀ ਵਿਚ ਮਨਾਏ ਗਏ ਸਮਾਗਮ ਦੌਰਾਨ ਅਸੈਂਬਲੀ ਮੈਂਬਰਾਂ ਜੇ. ਮਮਦਾਨੀ, ਗਰੇਸ ਲੀ, ਖਲੀਲ ਐਂਡਰਸਨ, ਸਟੀਵਨ ਰਾਗਾ, ਜੈਫਰੀਅਨ ਔਰਬੀ, ਜੈਸੀਕਾ ਗੋਂਜ਼ਾਲਿਜ਼ ਅਤੇ ਕੈਟਲੀਨਾ ਕਰੂਜ਼ ਆਦਿ ਨੇ ਸ਼ਮੂਲੀਅਤ ਕੀਤੀ।

ਉਨ੍ਹਾਂ ਦੱਸਿਆ ਕਿ ਅਮਰੀਕਾ ਦੇ ਵੱਖ ਵੱਖ ਸੂਬਿਆਂ ਵਿਚ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪਰੈਲ ਮਹੀਨੇ ਨੂੰ ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈਸ ਮੰਥ ਵਜੋਂ ਮਨਾਇਆ ਜਾਂਦਾ ਹੈ। ਇਸ ਸੰਦਰਭ ਵਿਚ ਨਿਊ ਯਾਰਕ ਸਟੇਟ ਅਸੈਂਬਲੀ ਕੰਪਲੈਕਸ ਵਿਚ ਵਿਸਾਖੀ ਨੂੰ ਸਮਰਪਿਤ ਸਮਾਗਮ ਕੀਤਾ ਗਿਆ ਜਿਸ ਵਿਚ ਕੋਵਿਡ ਦੌਰਾਨ ਨਿਊ ਯਾਰਕ ਤੇ ਹੋਰ ਥਾਵਾਂ 'ਤੇ ਸਿੱਖਾਂ ਵੱਲੋਂ ਲੋਕਾਂ ਲਈ ਲਾਏ ਗਏ ਲੰਗਰ, ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਭੇਜੀ ਗਈ ਮਦਦ, ਯੂਕਰੇਨ ਵਿਚ ਚੱਲ ਰਹੇ ਸੰਕਟ ਸਮੇਂ ਯੂਨਾਈਟਿਡ ਸਿਖਜ਼ ਨਾਲ ਮਿਲ ਕੇ ਕੀਤੇ ਗਏ ਰਾਹਤ ਕਾਰਜਾਂ ਦੀ ਭਰਵੀਂ ਸ਼ਲਾਘਾ ਕੀਤੀ ਗਈ।



## ਨਿਸ਼ਾਨ ਸਾਹਿਬ ਚੜ੍ਹਾਉਣ ਵੇਲੇ ਕਰੰਟ ਲੱਗਣ ਕਾਰਨ ਦੋ ਨੌਜਵਾਨਾਂ ਦੀ ਮੌਤ

**ਜਲੰਧਰ:** ਪਿੰਡ ਸ਼ੰਕਰ ਵਿਚ ਨਿਸ਼ਾਨ ਸਾਹਿਬ ਚੜ੍ਹਾ ਰਹੇ ਦੋ ਨੌਜਵਾਨਾਂ ਬੂਟਾ ਸਿੰਘ ਅਤੇ ਮਹਿੰਦਰ ਸਿੰਘ (ਵਾਸੀ ਬਜੂਹਾ ਕਲਾਂ) ਨੂੰ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋ ਗਈ ਤੇ ਤਿੰਨ ਜਣੇ ਗੰਭੀਰ ਜ਼ਖ਼ਮੀ ਹੋ ਗਏ। ਦੋਵਾਂ ਦੀ ਸ਼ੰਕਰ ਪਿੰਡ ਵਿਚ ਜ਼ਮੀਨ ਸੀ। ਇੱਥੇ ਤਬਦੀਲ ਹੋਣ ਤੋਂ ਪਹਿਲਾਂ ਸੱਜੂ ਭਾਈਚਾਰੇ ਦੇ ਲੋਕਾਂ ਨੇ ਪਿੰਡ ਸ਼ੰਕਰ ਵਿਚ ਧਰਮ ਅਸਥਾਨ ਬਣਾਇਆ ਸੀ ਤੇ ਇਹ ਇੱਥੇ ਧਾਰਮਿਕ ਸਮਾਗਮ ਦੌਰਾਨ ਇਕੱਠੇ ਹੁੰਦੇ ਸਨ। ਹਾਦਸਾ ਵਿਸਾਖੀ ਵਾਲੇ ਦਿਨ ਵਾਪਰਿਆ। ਇਸ ਦੌਰਾਨ ਕਈ ਵਿਅਕਤੀ ਨਿਸ਼ਾਨ ਸਾਹਿਬ ਲਗਾਉਣ ਜਾ ਰਹੇ ਸਨ। ਨਿਸ਼ਾਨ ਸਾਹਿਬ ਲਗਾਉਂਦੇ ਸਮੇਂ ਅਚਾਨਕ ਲੋਹੇ ਦਾ ਖੰਭਾ ਨੇੜਿਓਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਨੂੰ ਛੂਹ ਗਿਆ, ਜਿਸ ਕਾਰਨ ਹੇਠਾਂ ਤੋਂ ਖੰਭੇ ਨੂੰ ਫੜੀ ਬੈਠੇ ਬੂਟਾ ਸਿੰਘ ਤੇ ਮਹਿੰਦਰ ਸਿੰਘ ਨੂੰ ਜ਼ੋਰਦਾਰ ਝਟਕਾ ਲੱਗਾ ਅਤੇ ਉਹ ਝੁਲਸ ਗਏ।

## ਬਾਬਾ ਤਰਸੇਮ ਸਿੰਘ ਕਤਲ ਕੇਸ ਵਿਚ ਦੋ ਹੋਰ ਗ੍ਰਿਫਤਾਰ

**ਊਧਮ ਸਿੰਘ ਨਗਰ (ਉਤਰਾਖੰਡ):** ਬਾਬਾ ਤਰਸੇਮ ਸਿੰਘ ਕਤਲ ਕੇਸ ਵਿਚ ਦੋ ਹੋਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਨਾਨਕਮੱਤਾ ਗੁਰਦੁਆਰੇ ਦੇ ਕਾਰਸੇਵਾ ਮੁਖੀ ਬਾਬਾ ਤਰਸੇਮ ਸਿੰਘ ਦਾ 28 ਮਾਰਚ ਨੂੰ ਗੁਰਦੁਆਰੇ ਵਿਚ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ। ਫੜੇ ਮੁਲਜ਼ਮਾਂ ਦੀ ਪਛਾਣ ਸਤਨਾਮ ਸਿੰਘ ਅਤੇ ਸੁਲਤਾਨ ਸਿੰਘ ਵਜੋਂ ਹੋਈ ਹੈ।

ਪੁਲਿਸ ਕਪਤਾਨ ਮੰਜੂਨਾਥ ਟੀਸੀ ਅਨੁਸਾਰ ਸਤਨਾਮ ਸਿੰਘ ਨੂੰ ਨੇਪਾਲ ਸਰਹੱਦ 'ਤੇ ਅਤੇ ਸੁਲਤਾਨ ਸਿੰਘ ਨੂੰ ਹਰਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ।



ਪੁਲਿਸ ਅਨੁਸਾਰ ਬਾਬਾ ਤਰਸੇਮ ਸਿੰਘ ਦੇ ਕਤਲ ਦਾ ਮਾਸਟਰ ਮਾਈਂਡ ਸੁਲਤਾਨ ਸਿੰਘ ਹੈ। ਉਸ ਨੇ ਕਤਲ ਦੀ ਸਾਜ਼ਿਸ਼ ਰਚੀ ਤੇ ਹੋਰਾਂ ਨੂੰ ਨਾਲ ਰਲਾਇਆ। ਉਨ੍ਹਾਂ ਨੂੰ ਪੈਸੇ ਅਤੇ ਹਥਿਆਰ ਮੁਹੱਈਆ ਕਰਵਾਏ। ਹੁਣ ਤੱਕ ਬਾਬਾ ਤਰਸੇਮ ਸਿੰਘ ਕਤਲ ਕਾਂਡ ਵਿਚ ਸ਼ਾਮਲ ਸੱਤ ਸਾਜ਼ਿਸ਼ਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਹਰਿਦੁਆਰ ਦੇ ਭਗਵਾਨਪੁਰ ਇਲਾਕੇ ਵਿਚ ਪੁਲਿਸ ਨੇ ਇਕ ਮੁਕਾਬਲੇ ਵਿਚ ਸ਼ਾਰਪ ਸ਼ੂਟਰ ਨੂੰ ਮਾਰ ਮੁਕਾਇਆ ਹੈ।

# ਕਾਂਗਰਸ ਵੀ ਚੋਣ ਮੈਦਾਨ ਵਿਚ ਨਿੱਤਰੀ, ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

**ਚੰਡੀਗੜ੍ਹ:** ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਵਿਚ ਛੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਸਕਰੀਨਿੰਗ ਕਮੇਟੀ ਨੇ ਪਹਿਲੀ ਸੂਚੀ ਨੂੰ ਅੰਤਿਮ ਛੋਹਾਂ ਦੇਣ ਮਗਰੋਂ ਕਮੇਟੀ ਨੂੰ ਨਾਵਾਂ ਸਬੰਧੀ ਸਿਫ਼ਾਰਸ਼ ਭੇਜ ਦਿੱਤੀ ਸੀ।

ਕਾਂਗਰਸ ਨੇ ਐਤਕੀਂ ਚੋਣ ਪਿੜ ਵਿਚ ਦੋ ਮੌਜੂਦਾ ਸੰਸਦ ਮੈਂਬਰਾਂ ਗੁਰਜੀਤ ਸਿੰਘ ਔਜਲਾ (ਅੰਮ੍ਰਿਤਸਰ) ਤੇ ਅਮਰ ਸਿੰਘ (ਫਤਹਿਗੜ੍ਹ ਸਾਹਿਬ) ਨੂੰ ਮੁੜ ਉਤਾਰਿਆ ਹੈ ਜਦੋਂ ਕਿ ਚਾਰ ਸੀਟਾਂ 'ਤੇ ਚਰਨਜੀਤ ਸਿੰਘ ਚੰਨੀ (ਜਲੰਧਰ ਰਾਖਵੀਂ), ਮੌਜੂਦਾ ਵਿਧਾਇਕ ਸੁਖਪਾਲ ਖਹਿਰਾ (ਸੰਗਰੂਰ), ਜੀਤਮਹਿੰਦਰ ਸਿੰਘ ਸਿੱਧੂ (ਬਠਿੰਡਾ) ਤੇ ਧਰਮਵੀਰ ਗਾਂਧੀ (ਪਟਿਆਲਾ) ਨਵੇਂ ਚਿਹਰੇ ਉਤਾਰੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪਹਿਲੀ ਸੂਚੀ ਹਲੂਣਾ ਦੇਣ ਵਾਲੀ ਹੈ ਕਿਉਂਕਿ ਬਠਿੰਡਾ ਹਲਕੇ ਤੋਂ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਦਾਅਵੇਦਾਰ ਸੀ।

ਕੇਂਦਰੀ ਚੋਣ ਕਮੇਟੀ ਵੱਲੋਂ ਜਾਰੀ ਸੂਚੀ ਅਨੁਸਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਜਲੰਧਰ ਤੋਂ ਉਤਾਰਿਆ ਗਿਆ ਹੈ ਜਦੋਂ ਕਿ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਅੰਮ੍ਰਿਤਸਰ ਅਤੇ ਅਮਰ ਸਿੰਘ ਨੂੰ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਣਾਇਆ ਹੈ। ਇਸੇ ਤਰ੍ਹਾਂ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਅਤੇ ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ



ਉਮੀਦਵਾਰ ਐਲਾਨਿਆ ਹੈ। ਚੰਨੀ ਪਹਿਲਾਂ ਹੀ ਜਲੰਧਰ ਤੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਚੁੱਕੇ ਹਨ।

ਜਲੰਧਰ ਹਲਕੇ ਤੋਂ ਮਰਹੂਮ ਸੰਤੋਖ ਚੌਧਰੀ ਦਾ ਪਰਿਵਾਰ ਵੀ ਦਾਅਵੇਦਾਰੀ ਜਤਾ ਰਿਹਾ ਸੀ। ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਟਿਕਟ ਲੈਣ ਵਿਚ ਕਾਮਯਾਬ ਹੋਏ ਹਨ, ਜਿਨ੍ਹਾਂ ਨੇ 11 ਮਾਰਚ 2017 ਨੂੰ ਅੰਮ੍ਰਿਤਸਰ ਦੀ ਜ਼ਿਮਨੀ ਚੋਣ ਜਿੱਤੀ ਸੀ ਅਤੇ ਮੁੜ 2019 ਵਿਚ ਭਾਜਪਾ ਉਮੀਦਵਾਰ ਹਰਦੀਪ ਪੁਰੀ ਨੂੰ ਹਰਾਇਆ ਸੀ। ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ ਬਾਜ਼ੀ ਮਾਰ ਗਏ ਹਨ ਜੋ ਸਿਆਸਤ ਦੀ ਸ਼ੁਰੂਆਤ ਵਿਚ ਤਲਵੰਡੀ ਸਾਬੋ ਤੋਂ ਚੋਣ ਹਾਰ ਗਏ ਸਨ ਅਤੇ 2002 ਵਿਚ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਗਏ ਸਨ। ਕਾਂਗਰਸੀ ਟਿਕਟ 'ਤੇ ਉਨ੍ਹਾਂ ਨੇ 2007 ਅਤੇ 2012 ਦੀ ਚੋਣ ਜਿੱਤੀ। 2014 ਵਿਚ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਅਤੇ ਸਾਲ 2014 ਵਿਚ ਅਕਾਲੀ ਦਲ ਤਰਫ਼ੋਂ ਚੋਣ ਜਿੱਤੀ।

ਸਿੱਧੂ ਨੇ ਪਿਛਲੇ ਸਾਲ 13 ਅਕਤੂਬਰ ਨੂੰ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤਾ ਸੀ। ਕਾਂਗਰਸ ਨੇ ਮੁੱਖ ਮੰਤਰੀ ਦੇ ਹਲਕੇ ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਨੂੰ ਉਮੀਦਵਾਰ ਬਣਾਇਆ ਹੈ ਜਿਸ ਨਾਲ ਸੰਗਰੂਰ ਦੀ ਸੀਟ ਦਿਲਚਸਪ ਬਣ ਗਈ ਹੈ। ਖਹਿਰਾ 2007 ਵਿਚ ਭੁਲੱਥ ਤੋਂ ਵਿਧਾਇਕ ਬਣੇ ਅਤੇ 2014 ਵਿਚ ਕਾਂਗਰਸ ਤੋਂ ਅਸਤੀਫ਼ਾ ਦੇ ਕੇ 'ਆਪ' ਵਿਚ ਸ਼ਾਮਲ ਹੋ ਗਏ। 2017 ਵਿਚ 'ਆਪ' ਟਿਕਟ 'ਤੇ ਵਿਧਾਇਕ ਬਣੇ ਅਤੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਉਨ੍ਹਾਂ ਫਿਰ 'ਆਪ' ਨੂੰ ਅਲਵਿਦਾ ਕਿਹਾ ਅਤੇ ਪੰਜਾਬ ਏਕਤਾ ਪਾਰਟੀ ਬਣਾ ਕੇ 2019 ਵਿਚ ਬਠਿੰਡਾ ਸੰਸਦੀ ਹਲਕੇ ਤੋਂ ਚੋਣ ਲੜੀ ਸੀ। ਉਹ ਚੋਣ ਹਾਰ ਗਏ ਸਨ। ਪਟਿਆਲਾ ਹਲਕੇ ਤੋਂ ਡਾ.ਧਰਮਵੀਰ ਗਾਂਧੀ ਨੂੰ ਟਿਕਟ ਦਿੱਤੀ ਗਈ ਹੈ ਅਤੇ ਡਾ.ਗਾਂਧੀ ਨੇ ਪਹਿਲੀ ਦਫ਼ਾ 2014 ਵਿਚ 'ਆਪ' ਉਮੀਦਵਾਰ ਵਜੋਂ ਚੋਣ ਜਿੱਤੀ ਸੀ ਅਤੇ 2018 ਵਿਚ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਸੀ। ਫ਼ਤਿਹਗੜ੍ਹ ਸਾਹਿਬ ਤੋਂ ਅਮਰ ਸਿੰਘ ਦੂਸਰੀ ਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਹਨ।

ਬਠਿੰਡਾ ਸੰਸਦੀ ਹਲਕੇ ਵਿਚ ਕਿਆਸਾਂ ਤੋਂ ਉਲਟ ਕਾਂਗਰਸ ਪਾਰਟੀ ਨੇ ਚਾਰ ਦਫ਼ਾ ਵਿਧਾਇਕ ਰਹੇ ਜੀਤਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਬਣਾਇਆ ਹੈ। ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਪਿਛਲੇ ਕੁਝ ਸਮੇਂ ਤੋਂ ਇਥੇ ਚੋਣ ਪ੍ਰਚਾਰ ਵਿੱਢਿਆ ਹੋਇਆ ਸੀ ਪਰ ਕਾਂਗਰਸ ਦੇ ਅੰਦਰਲੇ ਕੁਝ ਆਗੂ ਚਾਹੁੰਦੇ ਸਨ ਕਿ ਰਾਜਾ ਵੜਿੰਗ ਖ਼ੁਦ ਚੋਣ ਮੈਦਾਨ ਵਿਚ ਉੱਤਰੇ। ਕਾਂਗਰਸ ਵੱਲੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਟਿਕਟ ਦਿੱਤੇ ਜਾਣ ਦੇ ਚਰਚੇ ਸਨ। ਵੜਿੰਗ ਬਠਿੰਡਾ ਤੋਂ ਆਪਣੀ ਪਤਨੀ ਦੀ ਟਿਕਟ ਪੱਕੀ ਸਮਝ ਕੇ ਚੱਲ ਰਹੇ ਸਨ। ਉਨ੍ਹਾਂ ਦੀ ਪਤਨੀ ਦੀ ਟਿਕਟ ਕੱਟੇ ਜਾਣ ਤੋਂ ਜਾਪਦਾ ਹੈ ਕਿ ਜਿਵੇਂ ਰਾਜਾ ਵੜਿੰਗ ਦੀ ਕਾਰਗੁਜ਼ਾਰੀ ਤੋਂ ਪਾਰਟੀ ਨਾਖ਼ੁਸ਼ ਹੋਵੇ।

## ਬਠਿੰਡਾ ਤੋਂ ਜੀਤ ਮਹਿੰਦਰ ਸਿੱਧੂ ਦੀ ਟਿਕਟ ਤੋਂ ਸਭ ਹੈਰਾਨ

**ਬਠਿੰਡਾ:** ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਹਾਈ ਕਮਾਂਡ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਸਿਆਸੀ ਹਲਕੇ, ਖਾਸ ਕਰਕੇ ਕਾਂਗਰਸੀ ਸਫ਼ਾਂ 'ਚ ਕਾਫੀ ਹੈਰਾਨੀ ਹੈ। ਇਸ ਹਲਕੇ ਤੋਂ ਕਾਂਗਰਸ 'ਚ ਦੋ ਨਾਵਾਂ ਬਾਰੇ ਚਰਚਾ ਚੱਲ ਰਹੀ ਸੀ। ਇਨ੍ਹਾਂ 'ਚੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਨਾਂ ਜ਼ਿਕਰਯੋਗ ਹਨ। ਜੀਤ ਮਹਿੰਦਰ ਸਿੰਘ ਸਿੱਧੂ ਕਾਂਗਰਸ ਪਾਰਟੀ ਵੱਲੋਂ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ।

# ਐਤਕੀਂ ਫਰੀਦਕੋਟ ਹਲਕੇ ਵਿਚ ਹੋਵੇਗਾ ਦਿਲਚਸਪ ਮੁਕਾਬਲਾ

**ਕੋਟਕਪੂਰਾ:** ਲੋਕ ਸਭਾ ਹਲਕਾ ਫ਼ਰੀਦਕੋਟ ਅੰਦਰ ਆਉਣ ਵਾਲੇ ਦਿਨਾਂ ਵਿਚ ਚੋਣ ਦੰਗਲ ਭਖ ਜਾਵੇਗਾ। ਇਸ ਹਲਕੇ ਅੰਦਰ ਕਾਂਗਰਸ ਨੂੰ ਛੱਡ ਕੇ ਬਾਕੀ ਵੱਡੀਆਂ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ। 'ਆਪ' ਨੇ ਕਾਮੇਡੀਅਨ ਤੇ ਅਦਾਕਾਰ ਕਰਮਜੀਤ ਸਿੰਘ ਅਨਮੋਲ, ਭਾਜਪਾ ਨੇ ਗਾਇਕ ਹੰਸ ਰਾਜ ਹੰਸ ਨੂੰ ਮੈਦਾਨ ਵਿਚ ਉਤਾਰਿਆ ਹੈ। ਅਕਾਲੀ ਦਲ ਨੇ ਸਾਬਕਾ ਵਿਧਾਇਕ ਸੀਤਲ ਸਿੰਘ ਧਰਮਕੋਟ ਦੇ ਪੁੱਤਰ ਤੇ ਨੌਜਵਾਨ ਅਕਾਲੀ ਆਗੂ ਰਾਜਵਿੰਦਰ ਸਿੰਘ ਧਰਮਕੋਟ ਨੂੰ ਉਮੀਦਵਾਰ ਐਲਾਨ ਕੇ ਸਰਗਰਮੀਆਂ ਵਧਾ ਦਿੱਤੀਆਂ ਹਨ।

ਇਨ੍ਹਾਂ ਤੋਂ ਇਲਾਵਾ ਦੋ ਹੋਰ ਦਾਅਵੇਦਾਰਾਂ ਨੇ ਸੋਸ਼ਲ ਮੀਡੀਆ ਉੱਤੇ ਆਜ਼ਾਦ ਚੋਣ ਲੜਨ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਨ੍ਹਾਂ ਵਿਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੀ ਜਾਂਚ ਕਰਨ ਵਾਲੇ ਜਸਟਿਸ ਜ਼ੋਰਾ ਸਿੰਘ ਸ਼ਾਮਲ ਹਨ। ਫ਼ਰੀਦਕੋਟ ਲੋਕ ਸਭਾ ਹਲਕੇ ਅੰਦਰ 9 ਵਿਧਾਨ ਸਭਾ ਹਲਕੇ ਫ਼ਰੀਦਕੋਟ, ਕੋਟਕਪੂਰਾ, ਜੈਤੋ, ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ, ਧਰਮਕੋਟ, ਗਿੱਦੜਬਾਹਾ ਅਤੇ ਰਾਮਪੁਰਾ ਅਤੇ ਮੋਗਾ ਸ਼ਾਮਲ ਹਨ।

ਅਕਾਲੀ ਦਲ ਅਤੇ ਭਾਜਪਾ ਦਾ ਸਿਆਸੀ ਗੱਠਜੋੜ 1996 ਵਿਚ ਹੋਇਆ ਸੀ। ਇਹ ਸੀਟ ਅਕਾਲੀ ਦਲ ਦੇ ਹਿੱਸੇ ਆਉਂਦੀ ਰਹੀ ਹੈ ਪਰ ਕਿਸਾਨੀ ਅੰਦੋਲਨ ਦੌਰਾਨ ਅਕਾਲੀ-ਭਾਜਪਾ ਗਠਜੋੜ ਟੁੱਟ ਜਾਣ ਕਰਕੇ ਇਹ ਚੋਣਾਂ ਦੋਵੇਂ ਪਾਰਟੀਆਂ ਵੱਖੋ-ਵੱਖਰੀਆਂ ਲੜ ਰਹੀਆਂ ਹਨ। ਪਿਛੋਕੜ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਇਹ ਹਲਕਾ 1977 ਵਿਚ ਹੋਂਦ ਵਿਚ ਆਇਆ ਸੀ। ਉਦੋਂ ਤੋਂ ਹੁਣ ਤੱਕ ਇਸ ਹਲਕੇ 'ਤੇ ਕਿਸੇ ਇਕ ਪਾਰਟੀ ਦਾ ਪੱਕਾ ਕਬਜ਼ਾ ਨਹੀਂ ਰਿਹਾ।

## ਫਤਹਿਗੜ੍ਹ ਸਾਹਿਬ 'ਚੋਂ ਕਦੇ ਨਹੀਂ ਜਿੱਤਿਆ ਅਕਾਲੀ ਦਲ

**ਫਤਹਿਗੜ੍ਹ ਸਾਹਿਬ:** ਪੰਜਾਬ ਵਿਚ ਲੋਕ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ 2009 ਵਿਚ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਹੋਂਦ ਵਿਚ ਆਇਆ ਅਤੇ ਤਿੰਨ ਵਾਰ ਹੋਈਆਂ ਪਿਛਲੀਆਂ ਚੋਣਾਂ ਦੇ ਨਤੀਜਿਆਂ 'ਤੇ ਝਾਤ ਮਾਰੀ ਜਾਵੇ ਤਾਂ ਇੱਥੇ ਸ਼੍ਰੋਮਣੀ ਅਕਾਲੀ ਦਲ ਨੂੰ ਕਦੇ ਜਿੱਤ ਨਸੀਬ ਨਹੀਂ ਹੋਈ ਜਦਕਿ ਦੋ ਵਾਰ ਕਾਂਗਰਸ ਅਤੇ ਇਕ ਵਾਰ 'ਆਪ' ਉਮੀਦਵਾਰ ਜੇਤੂ ਰਿਹਾ। ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਜਿਸ ਵਿਚ 9 ਵਿਧਾਨ ਸਭਾ ਹਲਕੇ ਸਮਰਾਲਾ, ਸਾਹਨੇਵਾਲ, ਪਾਇਲ, ਖੰਨਾ, ਰਾਏਕੋਟ, ਬਸੀ ਪਠਾਣਾਂ, ਸ੍ਰੀ ਫਤਹਿਗੜ੍ਹ ਸਾਹਿਬ, ਅਮਲੋਹ ਤੇ ਅਮਰਗੜ੍ਹ ਸ਼ਾਮਲ ਕੀਤੇ ਗਏ ਹਨ। ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਜਿਸ ਵਿਚ ਜ਼ਿਆਦਾਤਰ ਪੇਂਡੂ ਖੇਤਰ ਹੈ ਜਿੱਥੇ ਅਕਾਲੀ ਦਲ ਦੀ ਪਕੜ ਵੀ ਚੰਗੀ ਹੈ ਪਰ ਤਿੰਨ ਵਾਰ ਇਸ ਪਾਰਟੀ ਦੇ ਉਮੀਦਵਾਰ ਦਾ ਨਾ ਜਿੱਤਣਾ ਹੈਰਾਨ ਕਰਨ ਵਾਲਾ ਹੈ।

## ਕੇਜਰੀਵਾਲ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਜਾ ਰਿਹੈ: ਮਾਨ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਤਿਹਾੜ ਜੇਲ੍ਹ 'ਚ ਮੁਲਾਕਾਤ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਨਾਲ ਅਪਰਾਧੀ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਇਕ ਘੰਟੇ ਤੱਕ ਚੱਲੀ ਮੁਲਾਕਾਤ ਬਾਰੇ ਸ੍ਰੀ ਮਾਨ ਨੇ ਕਿਹਾ ਕਿ ਕੇਜਰੀਵਾਲ ਨੂੰ ਉਹ ਸਹੂਲਤਾਂ ਵੀ ਨਹੀਂ ਮਿਲ ਰਹੀਆਂ ਜਿਹੜੀਆਂ ਕੱਟੜ ਅਪਰਾਧੀਆਂ ਨੂੰ ਮਿਲਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ 4 ਜੂਨ ਨੂੰ ਆਮ ਚੋਣਾਂ ਦੇ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਵੱਡੀ ਸਿਆਸੀ ਧਿਰ ਬਣ ਕੇ ਉਭਰੇਗੀ। ਸ੍ਰੀ ਮਾਨ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਨੇ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਮੈਂ ਚੋਣਾਂ ਦੌਰਾਨ ਇੰਡੀਆ ਗਠਜੋੜ ਦੇ ਪ੍ਰਚਾਰ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਜਾਵਾਂ।' ਇਸ ਦੌਰਾਨ ਪਾਰਟੀ ਦੇ ਸੰਸਦ ਮੈਂਬਰ ਸੰਦੀਪ ਪਾਠਕ ਨੇ ਕਿਹਾ ਕਿ ਅਗਲੇ ਹਫ਼ਤੇ ਤੋਂ ਸ੍ਰੀ ਕੇਜਰੀਵਾਲ ਦੋ ਮੰਤਰੀਆਂ ਨੂੰ ਮੁਲਾਕਾਤ ਲਈ ਸੱਦਣਗੇ ਤੇ ਵੱਖ-ਵੱਖ ਮਸਲਿਆਂ 'ਤੇ ਚਰਚਾ ਕਰਨਗੇ।

# ਅਕਾਲੀ ਦਲ (ਅ) ਨੇ ਬਠਿੰਡਾ ਤੋਂ ਲੱਖਾ ਸਿਧਾਣਾ ਨੂੰ ਉਮੀਦਵਾਰ ਐਲਾਨਿਆ

**ਬਠਿੰਡਾ:** ਬਠਿੰਡਾ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਵਿਚਰ ਰਹੇ ਲਖਵੀਰ ਸਿੰਘ ਉਰਫ ਲੱਖਾ ਸਿਧਾਣਾ ਹੁਣ ਅਕਾਲੀ ਦਲ ਅੰਮ੍ਰਿਤਸਰ ਦੇ ਸਮਰਥਨ ਨਾਲ ਬਠਿੰਡਾ ਤੋਂ ਚੋਣ ਲੜਨਗੇ। ਪਾਰਟੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਲੱਖਾ ਸਿਧਾਣਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ।

ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਬਠਿੰਡਾ ਤੋਂ ਉਮੀਦਵਾਰ ਲੱਖਾ ਸਿੰਘ ਸਿਧਾਣਾ ਹੋਣਗੇ। ਇਸ ਮੌਕੇ ਲੱਖਾ ਸਿਧਾਣਾ ਵੱਲੋਂ ਸਪਸ਼ਟ ਕੀਤਾ ਗਿਆ ਕਿ ਉਹ ਆਜ਼ਾਦ ਤੌਰ 'ਤੇ ਚੋਣ ਲੜ ਰਹੇ ਹਨ ਤੇ ਉਨ੍ਹਾਂ ਨੂੰ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਮਰਥਨ ਦਿੱਤਾ ਗਿਆ ਹੈ। ਲੱਖਾ ਸਿਧਾਣਾ ਨੇ ਖੁਲਾਸਾ ਕੀਤਾ ਕਿ ਉਹ ਹਰ ਹਮਖਿਆਲੀ ਪਾਰਟੀ ਦਾ ਸਮਰਥਨ ਲੈਣਗੇ ਤਾਂ ਜੋ ਬਠਿੰਡਾ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਲੱਖਾ ਸਿਧਾਣਾ ਰਾਮਪੁਰਾ ਫੂਲ ਹਲਕੇ ਦੇ ਪਿੰਡ ਸਿਧਾਣਾ ਦੇ ਜੰਮਪਲ ਹਨ। ਉਹ ਸਾਲ 2022 ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ਼ ਪੰਜਾਬ



ਵੱਲੋਂ ਚੋਣ ਲੜ ਚੁੱਕੇ ਹਨ। ਲੱਖਾ ਸਿਧਾਣਾ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਬੋਲੀ ਦੇ ਵਿਕਾਸ ਦੇ ਨਾਂ 'ਤੇ ਸੜਕਾਂ ਉੱਪਰ ਅੰਗਰੇਜ਼ੀ ਤੇ ਹਿੰਦੀ ਵਿਚ ਲਿਖੇ ਬੋਰਡਾਂ ਨੂੰ ਮਿਟਾ ਕੇ ਪੰਜਾਬੀ ਲਿਖਣ ਦੀ ਮੁਹਿੰਮ ਚਲਾ ਰਹੇ ਹਨ। ਦੱਸਣਯੋਗ ਹੈ ਕਿ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਲੱਖਾ ਸਿਧਾਣਾ ਸਮੇਤ ਹੁਣ ਤੱਕ 11 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ।

# ਅਕਾਲੀ ਦਲ ਦੀ ਸੂਚੀ ਵਿਚੋਂ ਹਰਸਿਮਰਤ ਦਾ ਨਾਮ ਗਾਇਬ ਹੋਣ ਨੇ ਨਵੀਂ ਚਰਚਾ ਛੇੜੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਐਲਾਨੀ ਪਹਿਲੀ ਸੂਚੀ ਵਿਚੋਂ ਹਰਸਿਮਰਤ ਕੌਰ ਬਾਦਲ ਦਾ ਨਾਮ ਗ਼ਾਇਬ ਹੋਣ ਤੋਂ ਨਵੇਂ ਚਰਚੇ ਛਿੜ ਗਏ ਹਨ। ਬਠਿੰਡਾ ਸੰਸਦੀ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਨੇ ਆਪਣੀ ਚੋਣ ਮੁਹਿੰਮ ਪਹਿਲਾਂ ਹੀ ਅਰੰਭੀ ਹੋਈ ਹੈ ਅਤੇ ਉਨ੍ਹਾਂ ਦਾ ਨਾਂ ਹਮੇਸ਼ਾ ਉਮੀਦਵਾਰਾਂ ਦੀ ਪਹਿਲੀ ਸੂਚੀ ਵਿਚ ਆਉਂਦਾ ਰਿਹਾ ਹੈ।

ਹੁਣ ਨਵੇਂ ਸਿਆਸੀ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਬੀਬੀ ਬਾਦਲ ਨੇ ਬਠਿੰਡਾ ਹਲਕੇ ਵਿਚ ਆਪਣੀ ਚੋਣ ਮੁਹਿੰਮ ਨੂੰ ਵਿਰਾਮ ਨਹੀਂ ਦਿੱਤਾ ਹੈ। ਪਿਛਾਂਹ ਨਜ਼ਰ ਮਾਰੀਏ ਤਾਂ ਜਦੋਂ ਪਹਿਲੀ ਦਫ਼ਾ ਹਰਸਿਮਰਤ ਕੌਰ ਬਾਦਲ ਸਿਆਸਤ ਵਿਚ ਉੱਤਰੇ ਸਨ ਤਾਂ ਉਨ੍ਹਾਂ ਦਾ ਨਾਂ ਅਕਾਲੀ ਦਲ ਵੱਲੋਂ 27 ਮਾਰਚ 2009 ਨੂੰ ਐਲਾਨ ਦਿੱਤਾ ਗਿਆ



ਸੀ। ਜਦੋਂ ਉਨ੍ਹਾਂ ਨੂੰ ਦੂਸਰੀ ਵਾਰ 2014 ਵਿਚ ਉਮੀਦਵਾਰ ਬਣਾਇਆ ਗਿਆ ਤਾਂ ਉਦੋਂ ਵੀ ਅਕਾਲੀ ਦਲ ਵੱਲੋਂ ਜੋ 18 ਫਰਵਰੀ 2014 ਨੂੰ ਛੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ, ਉਸ ਵਿਚ ਹਰਸਿਮਰਤ ਕੌਰ ਬਾਦਲ ਦਾ ਨਾਮ ਸ਼ਾਮਲ ਸੀ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸੂਚੀ ਤੋਂ ਪਹਿਲਾਂ ਹੀ 5 ਫਰਵਰੀ 2014 ਨੂੰ ਇਕ ਸੰਗਤ ਦਰਸ਼ਨ ਪ੍ਰੋਗਰਾਮ ਵਿਚ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਪਾਰਟੀ ਦੀ ਬਠਿੰਡਾ ਤੋਂ ਉਮੀਦਵਾਰ ਐਲਾਨ ਦਿੱਤਾ ਸੀ। ਇਸੇ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ ਨੇ 2019 ਲੋਕ ਸਭਾ ਚੋਣਾਂ ਲਈ ਸਾਰੇ ਉਮੀਦਵਾਰਾਂ ਦਾ ਐਲਾਨ ਇਕੋ ਸੂਚੀ 'ਚ 23 ਅਪਰੈਲ 2019 ਨੂੰ ਕਰ ਦਿੱਤਾ ਸੀ, ਉਸ 'ਚ ਬੀਬੀ ਬਾਦਲ ਦਾ ਨਾਮ ਵੀ ਸ਼ਾਮਲ ਸੀ।

ਸੂਤਰਾਂ ਅਨੁਸਾਰ ਅਕਾਲੀ ਦਲ ਵੱਲੋਂ ਜੋ ਉਮੀਦਵਾਰਾਂ ਦੀ ਹੁਣ ਪਹਿਲੀ ਸੂਚੀ ਐਲਾਨੀ ਗਈ ਹੈ, ਉਸ ਵਿਚ ਫ਼ਿਰੋਜ਼ਪੁਰ ਹਲਕਾ ਵੀ ਪਹਿਲਾਂ ਸ਼ਾਮਲ ਕੀਤਾ ਗਿਆ ਸੀ ਪਰ ਮਗਰੋਂ ਫ਼ਿਰੋਜ਼ਪੁਰ ਦਾ ਐਲਾਨ ਰੋਕ ਦਿੱਤਾ ਗਿਆ ਹੈ। ਬੇਸ਼ੱਕ ਅਕਾਲੀ ਦਲ ਤਰਫ਼ੋਂ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ ਪਰ ਸਿਆਸੀ ਗਲਿਆਰਿਆਂ ਵਿਚ ਇਹ ਚਰਚਾ ਜ਼ੋਰ ਫੜ ਗਈ ਹੈ ਕਿ ਹਰਸਿਮਰਤ ਕੌਰ ਬਾਦਲ ਐਤਕੀਂ ਫ਼ਿਰੋਜ਼ਪੁਰ ਜਾਂ ਖਡੂਰ ਸਾਹਿਬ ਤੋਂ ਵੀ ਚੋਣ ਲੜ ਸਕਦੇ ਹਨ। ਚਰਚਾ ਤਾਂ ਇੱਥੋਂ ਤੱਕ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ ਬਠਿੰਡਾ ਤੋਂ ਚੋਣ ਲੜਾਈ ਜਾ ਸਕਦੀ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੋਈ। ਸਿਆਸੀ ਮੁਲਾਂਕਣ ਕਰੀਏ ਤਾਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਹਰਸਿਮਰਤ ਕੌਰ ਬਾਦਲ ਸਿਰਫ਼ 21,772 ਵੋਟਾਂ ਦੇ ਫ਼ਰਕ ਨਾਲ ਜਿੱਤੇ ਸਨ। ਹਾਲਾਂਕਿ ਉਸ ਚੋਣ ਵਿਚ ਅਕਾਲੀ ਭਾਜਪਾ ਗੱਠਜੋੜ ਤਰਫ਼ੋਂ ਚੋਣ ਲੜੀ ਗਈ ਸੀ। ਉਸ ਤੋਂ ਪਹਿਲਾਂ 2014 ਵਿਚ ਬੀਬੀ ਬਾਦਲ ਨੇ 19,395 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ।

## ਚੋਣ ਕਮਿਸ਼ਨ ਹਰ ਰੋਜ਼ ਜ਼ਬਤ ਕਰ ਰਿਹੈ 100 ਕਰੋੜ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਕਿਹਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਅਧਿਕਾਰੀ ਪਹਿਲੀ ਮਾਰਚ ਤੋਂ ਹਰ ਰੋਜ਼ 100 ਕਰੋੜ ਰੁਪਏ ਦੀ ਰਕਮ ਜ਼ਬਤ ਕਰ ਰਹੇ ਹਨ। ਕਮਿਸ਼ਨ ਨੇ ਕਿਹਾ ਕਿ ਇਨਫੋਰਸਮੈਂਟ ਅਧਿਕਾਰੀਆਂ ਨੇ ਲੋਕ ਸਭਾ ਚੋਣਾਂ ਲਈ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ 4,650 ਕਰੋੜ ਰੁਪਏ ਜ਼ਬਤ ਕਰ ਲਏ ਹਨ, ਜੋ 2019 ਦੀਆਂ ਲੋਕ ਸਭਾ ਚੋਣਾਂ ਵਿਚ ਕੀਤੀ ਗਈ ਕੁੱਲ ਜ਼ਬਤ ਤੋਂ ਵੱਧ ਹੈ।

# ਵੱਡੀਆਂ ਚੁਣੌਤੀਆਂ ਅਤੇ ਸਵਾਲਾਂ ਨੇ ਅਕਾਲੀ ਦਲ ਦਾ ਰਾਹ ਮੱਲਿਆ

**ਚੰਡੀਗੜ੍ਹ:** ਭਾਜਪਾ ਤੋਂ ਵੱਖ ਹੋਣ ਬਾਅਦ ਸੂਬੇ ਵਿਚ ਆਪਣੀ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਹੁਣ ਮੁੜ ਪੈਰ ਜਮਾਉਣੇ ਸੌਖੇ ਨਹੀਂ ਜਾਪਦੇ। ਅਕਾਲੀ ਦਲ ਨੇ ਸਿਆਸਤ ਦਾ ਸਿਖਰ ਵੀ ਛੋਹਿਆ ਪਰ ਜਨਤਕ ਉਭਾਰ ਦੀ ਥਾਂ ਕਰੀਬ ਦਹਾਕੇ ਤੋਂ ਪਾਰਟੀ ਨਿਘਾਰ ਵੱਲ ਗਈ, ਇਸ ਦੌਰਾਨ ਕਈ ਵੱਡੇ ਅਕਾਲੀ ਆਗੂ ਪਾਰਟੀ ਛੱਡ ਕੇ ਚਲੇ ਗਏ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਸੁਖਦੇਵ ਸਿੰਘ ਢੀਂਡਸਾ ਤੇ ਹੋਰ ਰੁੱਸੇ ਟਕਸਾਲੀ ਆਗੂਆਂ ਨੂੰ ਨਾਲ ਤੋਰਨ ਵਿਚ ਸਫ਼ਲ ਰਹੇ। ਪਰ ਪਾਰਟੀ ਲਈ ਵੱਡੀਆਂ ਚੁਣੌਤੀਆਂ ਤੇ ਸਵਾਲਾਂ ਨੇ ਰਾਹ ਮੱਲਿਆ ਹੋਇਆ ਹੈ। ਸੂਬੇ ਵਿਚ ਦਹਾਕਾ ਭਰ ਰਾਜ ਕਰਨ ਵਾਲੀ ਇਹ ਪਾਰਟੀ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਵੀ ਨਹੀਂ ਬਣ ਸਕੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਮਗਰੋਂ ਸੂਬੇ ਵਿਚ ਅਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਦੇਹਾਂਤ ਮਗਰੋਂ ਮੋਗਾ ਵਿਚ ਅਕਾਲੀ ਦਲ ਦਾ ਇਕ ਅਧਿਆਇ ਖ਼ਤਮ ਹੋਣਾ ਮੰਨਿਆ ਜਾ ਰਿਹਾ ਹੈ।

ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ ਤੋਂ ਅਸਤੀਫ਼ਾ ਦੇਣ ਤੇ ਉਨ੍ਹਾਂ ਦੇ ਭਾਜਪਾ 'ਚ



ਸ਼ਾਮਲ ਹੋ ਕੇ ਬਠਿੰਡਾ ਤੋਂ ਚੋਣ ਲੜਨ ਦੀ ਚਰਚਾ ਛਿੜੀ।

ਇਸ ਦੌਰਾਨ ਇਥੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ 'ਚ 'ਆਪ' ਵਿਚ ਸ਼ਾਮਲ ਹੋਏ ਮੋਗਾ ਸ਼ਹਿਰੀ ਅਕਾਲੀ ਦਲ ਦੇ ਪ੍ਰਧਾਨ ਪ੍ਰੇਮ ਚੱਕੀਵਾਲਾ ਤੇ ਹੋਰ ਆਗੂਆਂ ਦੀ ਬਗਾਵਤ ਪਾਰਟੀ ਲਈ ਵੱਡੀ ਵੰਗਾਰ ਬਣ ਕੇ ਸਾਹਮਣੇ ਆਈ ਹੈ। ਪਾਰਟੀ ਛੱਡਣ ਤੇ ਹਾਸ਼ੀਏ 'ਤੇ ਚੱਲ ਰਹੇ ਨਾਰਾਜ਼ ਅਕਾਲੀ ਆਗੂਆਂ ਦਾ ਆਖਣਾ ਹੈ ਕਿ ਆਪਹੁਦਰੀਆਂ ਅਤੇ ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਆਪਣੇ ਮਨਮਰਜ਼ੀ ਦੇ ਫ਼ੈਸਲਿਆਂ ਕਾਰਨ ਪਾਰਟੀ ਨੂੰ ਆਹ ਦਿਨ ਦੇਖਣੇ ਪੈ ਰਹੇ ਹਨ। ਅਕਾਲੀ ਦਲ 'ਚ ਸੱਤਾਹੀਣ ਹੋਣ ਤੋਂ ਬਾਅਦ ਛਿੜਿਆ ਗ੍ਰਹਿ ਯੁੱਧ ਠੰਢਾ ਨਹੀਂ ਹੋ ਰਿਹਾ। ਮੋਗਾ ਜ਼ਿਲ੍ਹੇ 'ਚ ਜਥੇਦਾਰ ਤੋਤਾ ਸਿੰਘ ਦੇ ਅਕਾਲ ਚਲਾਣੇ ਮਗਰੋਂ ਇਥੇ ਕੋਈ ਵੱਡੇ ਕੱਦ ਦਾ ਆਗੂ ਨਹੀਂ ਰਿਹਾ। ਇਥੋਂ ਇਕ ਦਹਾਕੇ ਦੌਰਾਨ ਜ਼ਿਲ੍ਹਾ ਕਾਂਗਰਸ ਦੇ ਮੌਜੂਦਾ ਪ੍ਰਧਾਨ ਸਾਬਕਾ ਵਿਧਾਇਕ ਕਾਕਾ ਸੁਖਜੀਤ ਸਿੰਘ ਲੋਹਗੜ੍ਹ, ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਸਾਬਕਾ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਸਾਬਕਾ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ, ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ, ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ, ਮਰਹੂਮ ਐਸ.ਜੀ.ਪੀ.ਸੀ. ਮੈਂਬਰ ਢੋਸ, ਜੋ ਧਰਮਕੋਟ ਤੋਂ ਮੌਜੂਦਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਪਿਤਾ ਹਨ, ਧਰਮਕੋਟ ਨਗਰ ਕੌਂਸਲ ਸਾਬਕਾ ਪ੍ਰਧਾਨ ਇੰਦਰਪ੍ਰੀਤ ਸਿੰਘ ਬੰਟੀ, ਨਿਹਾਲ ਸਿੰਘ ਵਾਲਾ ਤੋਂ ਹਲਕਾ ਕਾਂਗਰਸ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਅਤੇ ਹੋਰ ਆਗੂ ਅਸਲ ਵਿਚ ਅਕਾਲੀ ਦਲ ਦੀਆਂ ਨੀਤੀਆਂ ਤੋਂ ਤੰਗ ਆ ਕੇ ਅਕਾਲੀ ਦਲ ਨੂੰ ਅਲਵਿਦਾ ਆਖ ਗਏ।

ਅਕਾਲੀ ਦਲ ਬਾਦਲ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਮਗਰੋਂ ਕਾਫ਼ੀ ਚੁਣੌਤੀਆਂ ਮਿਲੀਆਂ। ਗੁਰਦੁਆਰਾ ਸੁਧਾਰ ਲਹਿਰ 'ਚੋਂ ਨਿਕਲੇ ਅਕਾਲੀ ਦਲ ਲਈ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਪਾਰਟੀ ਦੇ ਆਗੂਆਂ 'ਤੇ ਸੱਤਾਧਾਰੀ ਹੁੰਦਿਆਂ ਲੱਗੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਜੋ ਹੁਣ ਤੱਕ ਪਿੱਛਾ ਨਹੀਂ ਛੱਡ ਰਹੇ।

## ਮਨੀਸ਼ ਤਿਵਾੜੀ ਐਤਕੀਂ ਚੰਡੀਗੜ੍ਹ ਤੋਂ ਚੋਣ ਲੜਨਗੇ

**ਨਵੀਂ ਦਿੱਲੀ:** ਕਾਂਗਰਸ ਨੇ 16 ਲੋਕ ਸਭਾ ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਮਨੀਸ਼ ਤਿਵਾੜੀ ਨੂੰ ਚੰਡੀਗੜ੍ਹ ਸੰਸਦੀ ਸੀਟ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਤਿਵਾੜੀ ਸ੍ਰੀ ਆਨੰਦਪੁਰ ਸਾਹਿਬ ਤੋਂ ਮੌਜੂਦਾ ਸੰਸਦ ਮੈਂਬਰ ਹਨ। ਹਰਿਆਣਾ ਵਿਚ ਦੀਪਿੰਦਰ ਸਿੰਘ ਹੁੱਡਾ ਤੇ ਕੁਮਾਰੀ ਸ਼ੈਲਜਾ ਨੂੰ ਕ੍ਰਮਵਾਰ ਰੋਹਤਕ ਤੇ ਸਿਰਸਾ ਤੋਂ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿਚ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਮੰਡੀ ਅਤੇ ਵਿਨੋਦ ਸੁਲਤਾਨਪੁਰੀ ਸ਼ਿਮਲਾ ਹਲਕੇ ਤੋਂ ਪਾਰਟੀ ਉਮੀਦਵਾਰ ਹੋਣਗੇ।

## ਪੰਜਾਬ ਦੇ ਮਸਲੇ ਹੱਲ ਨਾ ਹੋਣ ਕਾਰਨ ਗੱਠਜੋੜ ਨੇਪਰੇ ਨਹੀਂ ਚੜ੍ਹਿਆ: ਮਜੀਠੀਆ



**ਮੁਕੇਰੀਆਂ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਸੂਬੇ ਦੇ ਕਿਸਾਨਾਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਦੇ ਅਰਥਚਾਰੇ ਬਾਰੇ ਮਸਲਿਆਂ ਦੇ ਠੋਸ ਹੱਲ ਨਾ ਹੋਣ ਕਾਰਨ ਅਕਾਲੀ-ਭਾਜਪਾ ਗੱਠਜੋੜ ਨੇਪਰੇ ਨਹੀਂ ਚੜ੍ਹਿਆ। ਮੋਦੀ ਸਰਕਾਰ ਦੀਆਂ ਖੇਤੀ ਨੂੰ ਤਬਾਹ ਕਰਨ ਵਾਲੀਆਂ ਨੀਤੀਆਂ ਕਾਰਨ ਹੀ ਵਾਹਗਾ ਬਾਰਡਰ ਰਾਹੀਂ ਵਪਾਰ ਨਹੀਂ ਖੋਲ੍ਹਿਆ ਜਾ ਰਿਹਾ। ਮਜੀਠੀਆ ਨੇ ਕਿਹਾ ਕਿ ਰਾਮ ਰਹੀਮ ਨੂੰ ਬਿਨਾਂ ਕਿਸੇ ਰੋਕ ਦੇ ਪੈਰੋਲਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਕੇਂਦਰ ਵੱਲੋਂ ਨੋਟੀਫਿਕੇਸ਼ਨ ਦੇ ਬਾਵਜੂਦ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ, "ਭਗਵੰਤ ਮਾਨ ਦਾ ਦਿਨੇ ਸਮਝੌਤਾ ਕਾਂਗਰਸ ਅਤੇ ਰਾਤ ਦਾ ਸਮਝੌਤਾ ਭਾਜਪਾ ਨਾਲ ਹੈ। ਕੇਂਦਰ ਦੀ ਮੋਦੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਆਪਸੀ ਗੰਢਤੁੱਪ ਕਰਕੇ ਹੀ ਪੰਜਾਬ ਦੇ ਸਿੱਖ ਨੌਜਵਾਨਾਂ 'ਤੇ ਐਨ.ਐਸ.ਏ. ਲਗਾਇਆ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਵਿਜੀਲੈਂਸ ਵੱਲੋਂ ਕੇਸ ਦਰਜ ਹੋਣ ਦੇ ਡਰੋਂ ਡਾ. ਰਾਜ ਕੁਮਾਰ ਨੇ 'ਆਪ' ਵਿਚ ਸ਼ਮੂਲੀਅਤ ਕੀਤੀ ਹੈ। ਹਲਕਾ ਇੰਚਾਰਜ ਸਰਬਜੋਤ ਸਿੰਘ ਸਾਬੀ ਨੇ ਕਿਹਾ ਕਿ ਲੋਕਾਂ ਨੇ ਹਲਕੇ ਦੀ ਹਾਲਤ ਸੁਧਾਰਨ ਲਈ ਲੰਬੇ ਸਮੇਂ ਤੋਂ ਕਾਂਗਰਸ, ਭਾਜਪਾ ਤੇ 'ਆਪ' ਨੂੰ ਵੋਟ ਦਿੱਤੀ, ਪਰ ਇਨ੍ਹਾਂ ਪਾਰਟੀਆਂ ਨੇ ਹਲਕੇ ਲਈ ਕੁਝ ਨਹੀਂ ਕੀਤਾ।

# ਐਨ.ਡੀ.ਪੀ.ਐਸ. ਕੇਸ: ਤਫਤੀਸ਼ ਲਈ ਪੰਜਾਬ ਪੁਲਿਸ ਹਿਮਾਚਲ ਤੋਂ ਗੁਰ ਸਿੱਖੇਗੀ

**ਮੋਗਾ:** ਹੁਣ ਹਿਮਾਚਲ ਪੁਲਿਸ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਐਨ.ਡੀ.ਪੀ.ਐਸ. ਕੇਸਾਂ ਦੀ ਤਫ਼ਤੀਸ਼ ਲਈ ਗੁਰ ਸਿਖਾਏਗੀ। ਪੰਜਾਬ ਪੁਲਿਸ ਮੁਖੀ ਵੱਲੋਂ 520 ਮੁਲਾਜ਼ਮਾਂ ਦੀ ਸੂਚੀ ਜਾਰੀ ਕੀਤੀ ਗਈ ਹੈ, ਜੋ ਹਿਮਾਚਲ ਰਾਜ ਪੁਲਿਸ ਟਰੇਨਿੰਗ ਕਾਲਜ, ਦੜੋਹ ਜ਼ਿਲ੍ਹਾ ਕਾਂਗੜਾ ਵਿਚ ਪੜਾਅ ਵਾਰ ਪੰਜ ਰੋਜ਼ਾ ਸਿਖਲਾਈ ਹਾਸਲ ਕਰਨਗੇ। ਇਨ੍ਹਾਂ ਮੁਲਾਜ਼ਮਾਂ ਲਈ ਵਿਸ਼ੇਸ਼ ਵਰਦੀ ਕੋਡ ਵੀ ਜਾਰੀ ਕੀਤਾ ਗਿਆ ਹੈ।

ਡੀ.ਜੀ.ਪੀ. ਦਫ਼ਤਰ ਵੱਲੋਂ 9 ਅਪਰੈਲ ਨੂੰ ਜਾਰੀ ਪੱਤਰ ਮੁਤਾਬਕ ਸਿਖਲਾਈ ਹਾਸਲ ਕਰਨ ਵਾਲੇ ਵੱਖ-ਵੱਖ ਜ਼ਿਲ੍ਹਿਆਂ ਅਤੇ ਪੁਲਿਸ ਕਮਿਸ਼ਨਰੇਟ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਤੋਂ 520 ਪੁਲਿਸ ਮੁਲਾਜ਼ਮਾਂ ਦੀ ਪੰਜ ਰੋਜ਼ਾ



ਸਿਖਲਾਈ ਲਈ ਚਾਰ ਬੈਚ ਬਣਾਏ ਗਏ ਹਨ। ਇਕ ਬੈਚ ਵਿਚ 130 ਮੁਲਾਜ਼ਮ ਹੋਣਗੇ। ਪਹਿਲੇ ਬੈਚ ਦੀ 16 ਤੋਂ 20 ਅਪਰੈਲ, ਦੂਜੇ ਦੀ 26 ਤੋਂ 30 ਅਪਰੈਲ, ਤੀਜੇ ਦੀ 1 ਮਈ ਤੋਂ 4 ਮਈ ਅਤੇ ਚੌਥਾ ਬੈਚ 6 ਤੋਂ 9 ਮਈ ਤੱਕ ਸਿਖਲਾਈ ਹਾਸਲ ਕਰੇਗਾ।

ਦਰਅਸਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਸੁਰੇਸ਼ਵਰ ਠਾਕੁਰ ਅਤੇ ਜਸਟਿਸ ਲਲਿਤ ਬੱਤਰਾ ਡਿਵੀਜ਼ਨ ਬੈਂਚ ਨੇ 19 ਫ਼ਰਵਰੀ ਨੂੰ ਹਰਿਆਣਾ ਨਾਲ ਸਬੰਧਤ ਇਕ ਮੁਲਜ਼ਮ ਦੀ ਐਨ.ਡੀ.ਪੀ.ਐਸ. ਐਕਟ ਤਹਿਤ ਸਜ਼ਾ ਦੇ ਖ਼ਿਲਾਫ਼ ਅਪੀਲ 'ਤੇ ਸੁਣਵਾਈ ਕਰਦਿਆਂ ਹਰਿਆਣਾ ਤੇ ਪੰਜਾਬ ਪੁਲਿਸ ਦੀ ਐਨ.ਡੀ.ਪੀ.ਐਸ. ਕੇਸਾਂ 'ਚ ਤਫ਼ਤੀਸ਼ ਉੱਤੇ ਸੁਆਲ ਚੁੱਕੇ ਸਨ। ਹਾਈ ਕੋਰਟ ਨੇ ਦੋਵਾਂ ਰਾਜਾਂ ਪੰਜਾਬ ਤੇ ਹਰਿਆਣਾ ਦੇ ਪੁਲਿਸ ਮੁਖੀਆਂ ਨੂੰ ਹੁਕਮ ਦਿੱਤਾ ਸੀ ਕਿ ਐਨ.ਡੀ.ਪੀ.ਐਸ. ਕੇਸਾਂ ਦੇ ਜਾਂਚ ਅਧਿਕਾਰੀਆਂ ਨੂੰ ਬਿਹਤਰ ਸਿਖਲਾਈ ਲਈ ਹਿਮਾਚਲ ਰਾਜ ਪੁਲਿਸ ਟਰੇਨਿੰਗ ਕਾਲਜ, ਦੜੋਹ ਜ਼ਿਲ੍ਹਾ ਕਾਂਗੜਾ ਵਿਚ ਬੈਚ ਤਿਆਰ ਕਰਕੇ ਸਿਖਲਾਈ ਦਿੱਤੀ ਜਾਵੇ।

## ਵਿਨੋਦ ਖੰਨਾ ਦੀ ਪਤਨੀ ਵੱਲੋਂ ਗੁਰਦਾਸਪੁਰ ਤੋਂ ਚੋਣ ਨਾ ਲੜਨ ਦਾ ਐਲਾਨ

**ਪਠਾਨਕੋਟ:** ਸਾਬਕਾ ਸੰਸਦ ਮੈਂਬਰ ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਨੇ ਐਲਾਨ ਕੀਤਾ ਹੈ ਕਿ ਉਹ ਗੁਰਦਾਸਪੁਰ ਸੰਸਦੀ ਹਲਕੇ ਤੋਂ ਚੋਣ ਨਹੀਂ ਲੜੇਗੀ। ਇਹ ਐਲਾਨ ਕਵਿਤਾ ਖੰਨਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਪਾ ਕੇ ਕੀਤਾ ਹੈ। ਕਵਿਤਾ ਖੰਨਾ ਦੇ ਇਸ ਐਲਾਨ ਨਾਲ ਪਹਿਲਾਂ ਤੋਂ ਚੱਲ ਰਹੀਆਂ ਕਿਆਸਅਰਾਈਆਂ 'ਤੇ ਵਿਰਾਮ ਚਿੰਨ੍ਹ ਲੱਗ ਗਿਆ ਹੈ।

ਕਵਿਤਾ ਖੰਨਾ ਨੇ ਆਪਣੇ ਸੁਨੇਹੇ ਵਿਚ ਕਿਹਾ ਹੈ ਕਿ ਕਈ ਸਿਆਸੀ ਪਾਰਟੀਆਂ ਨੇ ਉਸ ਨੂੰ ਚੋਣ ਲੜਨ ਲਈ ਸੱਦੇ ਦਿੱਤੇ ਜਿਸ ਲਈ ਉਹ ਉਨ੍ਹਾਂ ਦੀ ਧੰਨਵਾਦੀ ਹੈ ਪਰ ਉਹ ਗੁਰਦਾਸਪੁਰ ਤੋਂ 2024 ਦੀ ਲੋਕ ਸਭਾ ਚੋਣ ਨਹੀਂ ਲੜੇਗੀ ਅਤੇ ਗੁਰਦਾਸਪੁਰ ਸੰਸਦੀ ਹਲਕੇ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕਰਦੀ ਰਹੇਗੀ।

ਜ਼ਿਕਰਯੋਗ ਹੈ ਕਿ ਕਵਿਤਾ ਖੰਨਾ ਪਿਛਲੇ ਲੰਬੇ ਸਮੇਂ ਤੋਂ ਪਠਾਨਕੋਟ ਵਿਚ ਰਹਿ ਕੇ ਗੁਰਦਾਸਪੁਰ ਹਲਕੇ ਅੰਦਰ ਕੰਮ ਕਰ ਰਹੀ ਸੀ ਅਤੇ ਉਸ ਨੇ ਭਾਜਪਾ ਦੀ ਟਿਕਟ ਲੈਣ ਲਈ ਦਾਅਵੇਦਾਰੀ ਵੀ ਪੇਸ਼ ਕੀਤੀ ਸੀ ਪਰ ਜਦੋਂ ਪਾਰਟੀ ਨੇ ਠਾਕੁਰ ਦਿਨੇਸ਼ ਸਿੰਘ ਬੱਬੂ ਨੂੰ ਉਮੀਦਵਾਰ ਐਲਾਨ ਦਿੱਤਾ ਤਾਂ ਇਹ ਕਨਸੋਆਂ ਲਗਾਈਆਂ ਜਾ ਰਹੀਆਂ ਸਨ ਕਿ ਉਹ ਅਕਾਲੀ ਦਲ ਵੱਲੋਂ ਉਮੀਦਵਾਰ ਬਣੇਗੀ। ਇਸ ਬਾਰੇ ਉਨ੍ਹਾਂ ਨੂੰ ਬਾਕਾਇਦਾ ਸੱਦਾ ਵੀ ਮਿਲਿਆ ਸੀ ਪਰ ਉਹ ਅਚਾਨਕ ਪਰਿਵਾਰਕ ਮੈਂਬਰ ਦੇ ਬਿਮਾਰ ਹੋਣ ਦੀ ਗੱਲ ਆਖ ਕੇ ਮੁੰਬਈ ਚਲੇ ਗਏ ਸਨ। ਦੂਜੇ ਪਾਸੇ ਅਕਾਲੀ ਦਲ ਨੇ ਵੀ ਦਲਜੀਤ ਸਿੰਘ ਚੀਮਾ ਨੂੰ ਗੁਰਦਾਸਪੁਰ ਹਲਕੇ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ।

## ਹਵਾਈ ਅੱਡੇ ਤੋਂ 78 ਲੱਖ ਦਾ ਸੋਨਾ ਤੇ ਵਿਦੇਸ਼ੀ ਕਰੰਸੀ ਬਰਾਮਦ

**ਅੰਮ੍ਰਿਤਸਰ:** ਕਸਟਮ ਵਿਭਾਗ ਨੇ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਦੋ ਵੱਖ ਵੱਖ ਘਟਨਾਵਾਂ ਵਿਚ ਤਕਰੀਬਨ 51 ਲੱਖ ਰੁਪਏ ਮੁੱਲ ਦਾ 700 ਗਰਾਮ ਸੋਨਾ ਅਤੇ 25,900 ਪੌਂਡ ਬਰਾਮਦ ਕੀਤੇ ਹਨ ਜਿਨ੍ਹਾਂ ਦੀ ਭਾਰਤੀ ਰੁਪਏ ਵਿਚ ਕੀਮਤ ਕਰੀਬ 27 ਲੱਖ ਰੁਪਏ ਬਣਦੀ ਹੈ।

ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਵਾਈ ਅੱਡੇ ਵਿਖੇ ਤਾਇਨਾਤ ਸੀ.ਆਈ.ਐਸ.ਐਫ. ਦੇ ਜਵਾਨਾਂ ਨੇ ਇਕ ਯਾਤਰੀ ਦੇ ਹੈਂਡਬੈਗ ਦੀ ਜਾਂਚ ਦੌਰਾਨ ਐਕਸਰੇ ਵਿਚ ਮੁਦਰਾ ਵਰਗੀਆਂ ਸ਼ੱਕੀ ਵਸਤੂਆਂ ਦੇਖੀਆਂ। ਉਨ੍ਹਾਂ ਅਗਲੇਰੀ ਕਾਰਵਾਈ ਵਾਸਤੇ ਯਾਤਰੀ ਨੂੰ ਕਸਟਮ ਸਟਾਫ ਦੇ ਹਵਾਲੇ ਕਰ ਦਿੱਤਾ ਅਤੇ ਜਾਂਚ ਦੌਰਾਨ ਯਾਤਰੀ ਕੋਲੋਂ ਲਗਭਗ 25,900 ਪੌਂਡ ਬਰਾਮਦ ਕੀਤੇ ਹਨ ਜੋ ਕਿ ਭਾਰਤੀ ਕਰੰਸੀ ਦੇ ਕਰੀਬ 26 ਲੱਖ, 91000 ਰੁਪਏ ਬਣਦੇ ਹਨ। ਉਨ੍ਹਾਂ ਦੱਸਿਆ ਕਿ ਯਾਤਰੀ ਅੰਮ੍ਰਿਤਸਰ ਤੋਂ ਦਿੱਲੀ ਜਾ ਰਿਹਾ ਸੀ, ਜਿਥੋਂ ਉਸ ਨੇ ਲੰਡਨ ਦੀ ਉਡਾਣ ਫੜਨੀ ਸੀ।

ਦੂਜੀ ਘਟਨਾ ਵਿਚ ਕਸਟਮ ਵਿਭਾਗ ਨੇ ਸ਼ਾਰਜਾਹ ਤੋਂ ਆਈ ਇੰਡੀਗੋ ਹਵਾਈ ਕੰਪਨੀ ਦੀ ਉਡਾਣ ਵਿਚੋਂ ਜਾਂਚ ਦੌਰਾਨ ਇਕ ਸ਼ੱਕੀ ਪੈਕਟ ਬਰਾਮਦ ਕੀਤਾ, ਜਿਸ ਵਿਚੋਂ ਸੋਨੇ ਦੇ ਲੰਬੇ ਬਿਸਕੁਟਾਂ ਵਰਗੇ ਛੇ ਬਾਰਜ਼ ਬਰਾਮਦ ਕੀਤੇ। ਸੋਨੇ ਦੀਆਂ ਇਨ੍ਹਾਂ ਛੇ ਛੜਾਂ ਦਾ ਕੁੱਲ ਵਜ਼ਨ 700 ਗ੍ਰਾਮ ਪਾਇਆ ਗਿਆ, ਜਿਸ ਦੀ ਬਾਜ਼ਾਰ ਵਿਚ ਕੀਮਤ ਕਰੀਬ 51 ਲੱਖ 45000 ਰੁਪਏ ਹੈ।

# ਆਬਕਾਰੀ ਨੀਤੀ: ਪੰਜਾਬ ਦੇ ਦੋ ਆਈ.ਏ.ਐਸ. ਅਫਸਰਾਂ ਖਿਲਾਫ 'ਐਕਸ਼ਨ' ਟਲਿਆ

**ਚੰਡੀਗੜ੍ਹ:** ਪੰਜਾਬ ਦੇ ਦੋ ਆਈ.ਏ.ਐਸ. ਅਫ਼ਸਰਾਂ 'ਤੇ ਭਾਰਤੀ ਚੋਣ ਕਮਿਸ਼ਨ ਦੀ ਕਾਰਵਾਈ ਤੋਂ ਬਚਾਅ ਹੋ ਗਿਆ ਹੈ ਪਰ ਵਿਰੋਧੀ ਧਿਰਾਂ ਇਸ ਮਾਮਲੇ 'ਤੇ ਹੰਗਾਮਾ ਕਰ ਸਕਦੀਆਂ ਹਨ। ਆਬਕਾਰੀ ਨੀਤੀ ਨੂੰ ਲੈ ਕੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਨਿਸ਼ਾਨੇ 'ਤੇ ਆਬਕਾਰੀ ਕਮਿਸ਼ਨਰ ਵਰੁਣ ਰੂਜ਼ਮ ਅਤੇ ਵਧੀਕ ਕਮਿਸ਼ਨਰ ਆਬਕਾਰੀ ਨਰੇਸ਼ ਦੂਬੇ ਹਨ। ਇਵੇਂ ਹੀ ਅਮਰੂਦ ਬਾਗ਼ ਘੁਟਾਲੇ ਦੇ ਮਾਮਲੇ ਵਿਚ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੀ ਈਡੀ ਦੀ ਰਾਡਾਰ 'ਤੇ ਹਨ। ਈਡੀ ਇਨ੍ਹਾਂ ਅਧਿਕਾਰੀਆਂ ਦੇ ਟਿਕਾਣਿਆਂ ਦੀ ਛਾਣਬੀਣ ਵੀ ਕਰ ਚੁੱਕੀ ਹੈ।

ਭਾਰਤੀ ਚੋਣ ਕਮਿਸ਼ਨ ਨੇ ਸ਼ਿਕਾਇਤਾਂ ਦੇ ਆਧਾਰ 'ਤੇ ਉਪਰੋਕਤ ਅਧਿਕਾਰੀਆਂ ਖ਼ਿਲਾਫ਼ ਨਿਯਮਾਂ ਅਨੁਸਾਰ ਐਕਸ਼ਨ ਲੈਣ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਹਦਾਇਤ ਕੀਤੀ ਸੀ। ਇਸ ਸਬੰਧੀ ਨਿਤਿਨ ਅਗਰਵਾਲ ਨੇ ਭਾਰਤੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰਦਿਆਂ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਅਤੇ ਨਰੇਸ਼ ਕੁਮਾਰ ਦੂਬੇ ਦਾ ਤਬਾਦਲਾ ਕਰਨ ਦੀ ਮੰਗ ਕੀਤੀ ਸੀ।



ਮੁੱਖ ਚੋਣ ਅਧਿਕਾਰੀ ਪੰਜਾਬ ਸਿਬਿਨ ਸੀ ਨੇ ਦੱਸਿਆ ਕਿ ਉਨ੍ਹਾਂ ਨੇ ਉਪਰੋਕਤ ਬਾਰੇ ਪਰਸੋਨਲ ਵਿਭਾਗ ਤੋਂ ਸ਼ਿਕਾਇਤ ਬਾਰੇ ਰਿਪੋਰਟ ਮੰਗੀ ਸੀ ਅਤੇ ਪਰਸੋਨਲ ਵਿਭਾਗ ਦਾ ਲਿਖਤੀ ਜਵਾਬ ਮਿਲ ਗਿਆ ਹੈ ਜਿਸ ਵਿਚ ਸ਼ਿਕਾਇਤ ਦੇ ਗੁੰਮਨਾਮ ਹੋਣ ਦਾ ਹਵਾਲਾ ਦਿੱਤਾ ਗਿਆ ਹੈ। ਉਨ੍ਹਾਂ ਨੇ ਇਹ ਜਵਾਬ ਭਾਰਤੀ ਚੋਣ ਕਮਿਸ਼ਨ ਨੂੰ ਭੇਜ ਦਿੱਤਾ ਹੈ। ਪਤਾ ਲੱਗਾ ਹੈ ਕਿ ਆਬਕਾਰੀ ਵਿਭਾਗ ਨੇ ਆਪਣੇ ਜਵਾਬ ਵਿਚ ਸ਼ਿਕਾਇਤਕਰਤਾ ਬਾਰੇ ਜਾਣਨ ਲਈ ਸਾਈਬਰ ਕ੍ਰਾਈਮ ਸੈਲ ਤੋਂ ਜਾਂਚ ਵੀ ਮੰਗੀ ਸੀ।

ਜਾਣਕਾਰੀ ਅਨੁਸਾਰ 25 ਮਾਰਚ ਨੂੰ ਆਬਕਾਰੀ ਅਤੇ ਕਰ ਵਿਭਾਗ ਦੇ ਆਬਕਾਰੀ ਕਮਿਸ਼ਨਰੇਟ ਵਿਚ ਦਾਗੀ ਅਫ਼ਸਰਾਂ ਦੀ ਤਾਇਨਾਤੀ ਬਾਰੇ ਸ਼ਿਕਾਇਤ ਭਾਰਤੀ ਚੋਣ ਕਮਿਸ਼ਨ ਨੂੰ ਕੀਤੀ ਗਈ ਸੀ ਜਿਸ ਵਿਚ ਅਧਿਕਾਰੀਆਂ ਦੇ ਸ਼ਰਾਬ ਘੁਟਾਲੇ ਵਿਚ ਨਾਮ ਹੋਣ ਦੇ ਦੋਸ਼ ਲਾਏ ਗਏ ਸਨ।

ਇਸ ਤੋਂ ਇਲਾਵਾ ਚੰਡੀਗੜ੍ਹ ਦੇ ਵਿਵੇਕ ਸ਼ਰਮਾ ਨੇ 23 ਮਾਰਚ ਨੂੰ ਭਾਰਤੀ ਚੋਣ ਕਮਿਸ਼ਨ ਨੂੰ ਸ਼ਿਕਾਇਤ ਭੇਜ ਕੇ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਤਬਾਦਲੇ ਦੀ ਮੰਗ ਕੀਤੀ ਸੀ। ਉਨ੍ਹਾਂ ਸ਼ਿਕਾਇਤ ਵਿਚ ਕਿਹਾ ਸੀ ਕਿ ਇਹ ਅਧਿਕਾਰੀ ਅਮਰੂਦ ਬਾਗ਼ ਘੁਟਾਲੇ ਵਿਚ ਕਥਿਤ ਤੌਰ 'ਤੇ ਸ਼ਾਮਲ ਹੈ। ਭਾਰਤੀ ਚੋਣ ਕਮਿਸ਼ਨ ਨੇ ਜੋ ਹੋਰ ਸ਼ਿਕਾਇਤਾਂ ਮੁੱਖ ਚੋਣ ਅਧਿਕਾਰੀ ਪੰਜਾਬ ਕੋਲ ਭੇਜੀਆਂ ਹਨ, ਉਨ੍ਹਾਂ ਵਿਚ ਜ਼ਿਲ੍ਹਾ ਪਰਿਸ਼ਦ ਅੰਮ੍ਰਿਤਸਰ ਦੇ ਵਧੀਕ ਮੁੱਖ ਕਾਰਜਕਾਰੀ ਅਫ਼ਸਰ ਗੁਰਦਰਸ਼ਨ ਲਾਲ ਕੁੰਡਲ ਅਤੇ ਫ਼ਾਜ਼ਿਲਕਾ ਦੇ ਡੀ.ਐਸ.ਪੀ. ਕਰਨ ਮੁੰਡਨ ਦਾ ਤਬਾਦਲਾ ਕਰਨ ਦੀ ਮੰਗ ਕੀਤੀ ਗਈ ਹੈ।

# ਇਰਾਨ ਵੱਲੋਂ ਇਜ਼ਰਾਈਲ 'ਤੇ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਹਮਲਾ

**ਯੇਰੂਸ਼ਲਮ:** ਇਜ਼ਰਾਈਲ ਵੱਲੋਂ ਸੀਰੀਆ 'ਚ ਇਰਾਨੀ ਦੂਤਘਰ ਉਤੇ ਕੀਤੇ ਗਏ ਹਮਲੇ ਦਾ ਬਦਲਾ ਲੈਣ ਲਈ ਇਰਾਨ ਨੇ ਇਜ਼ਰਾਈਲ ਉਤੇ ਅਚਾਨਕ ਹਮਲਾ ਕਰ ਦਿੱਤਾ ਅਤੇ ਉਸ ਉਤੇ ਸੈਂਕੜੇ ਡਰੋਨ, ਬੈਲਿਸਟਿਕ ਮਿਜ਼ਾਈਲਾਂ ਅਤੇ ਕਰੂਜ਼ ਮਿਜ਼ਾਈਲਾਂ ਦਾਗੀਆਂ।

ਫ਼ੌਜ ਦੇ ਇਕ ਤਰਜਮਾਨ ਨੇ ਦੱਸਿਆ ਕਿ 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਇਜ਼ਰਾਈਲ ਵੱਲ ਦਾਗੀਆਂ ਗਈਆਂ ਜਿਨ੍ਹਾਂ ਵਿਚੋਂ 99 ਫ਼ੀਸਦੀ ਹਵਾ ਵਿਚ ਹੀ ਨਸ਼ਟ ਕਰ ਦਿੱਤੀਆਂ ਗਈਆਂ। ਇਰਾਨ ਨੇ ਇਜ਼ਰਾਈਲ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨੇ ਹਮਲੇ ਦਾ ਜਵਾਬ ਦੇਣ ਦੀ ਹਿਮਾਕਤ ਕੀਤੀ ਤਾਂ ਹੋਰ ਵੱਡਾ ਹਮਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਵਾਸ਼ਿੰਗਟਨ ਨੇ ਇਰਾਨ ਖ਼ਿਲਾਫ਼ ਇਜ਼ਰਾਇਲੀ ਫ਼ੌਜ ਦੀ ਕਿਸੇ ਵੀ ਕਾਰਵਾਈ ਨੂੰ ਹਮਾਇਤ ਦਿੱਤੀ ਤਾਂ ਅਮਰੀਕੀ ਅੱਡਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਨੇ ਰਿਵੋਲੂਸ਼ਨਰੀ ਗਾਰਡ ਦੇ ਹਮਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸ ਨੇ ਯਹੂਦੀ ਹਕੂਮਤ ਨੂੰ ਸਬਕ ਸਿਖਾਇਆ ਹੈ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਨੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਰਾਨ ਵੱਲੋਂ ਵੱਡਾ ਹਮਲਾ ਕੀਤਾ ਜਾਵੇਗਾ। ਇਰਾਨੀ ਫ਼ੌਜ ਦੇ ਚੀਫ ਆਫ ਸਟਾਫ਼ ਮੇਜਰ ਜਨਰਲ ਮੁਹੰਮਦ ਬਗ਼ੇਰੀ ਨੇ ਦਾਅਵਾ ਕੀਤਾ ਕਿ ਦੋ ਇਜ਼ਰਾਇਲੀ ਫ਼ੌਜੀ ਅੱਡਿਆਂ ਨੂੰ ਉਨ੍ਹਾਂ ਦੀ ਫ਼ੌਜ ਨੇ ਸਫ਼ਲਤਾਪੂਰਬਕ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਹੁਣ ਅਪਰੇਸ਼ਨ ਖ਼ਤਮ ਹੋ ਗਿਆ ਹੈ ਅਤੇ ਇਰਾਨ ਦਾ ਹਮਲੇ ਜਾਰੀ ਰੱਖਣ ਦਾ ਕੋਈ ਇਰਾਦਾ ਨਹੀਂ ਹੈ ਪਰ ਜੇਕਰ ਅਮਰੀਕਾ ਨੇ ਇਜ਼ਰਾਈਲ ਅਤੇ ਹੋਰਾਂ ਨਾਲ ਮਿਲ ਕੇ ਕੋਈ ਹਿਮਾਕਤ ਕੀਤੀ ਤਾਂ ਉਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸੀਰੀਆ ਵਿਚ ਪਹਿਲੀ ਅਪਰੈਲ ਨੂੰ ਇਜ਼ਰਾਈਲ ਵੱਲੋਂ ਕੀਤੇ ਗਏ ਹਵਾਈ ਹਮਲੇ ਵਿਚ ਇਰਾਨੀ ਸਫ਼ਾਰਤਖ਼ਾਨੇ ਵਿਚ ਉਸ ਦੇ ਇਕ ਚੋਟੀ ਦੇ ਜਨਰਲ ਸਣੇ ਸੱਤ ਰਿਵੋਲੂਸ਼ਨਰੀ ਗਾਰਡ ਦੇ ਅਧਿਕਾਰੀ ਮਾਰੇ ਜਾਣ ਮਗਰੋਂ ਇਰਾਨ ਨੇ ਬਦਲਾ ਲੈਣ ਦੀ ਸਹੁੰ ਖਾਧੀ ਸੀ। ਇਰਾਨ ਦੇ ਇਸ ਹਮਲੇ ਨੇ ਪੱਛਮੀ ਏਸ਼ੀਆ ਨੂੰ ਜੰਗ ਵੱਲ ਧੱਕ ਦਿੱਤਾ ਹੈ। ਅਮਰੀਕਾ, ਫਰਾਂਸ, ਬਰਤਾਨੀਆ ਅਤੇ ਜਾਰਡਨ ਨੇ ਇਰਾਨ ਵੱਲੋਂ ਦਾਗੀਆਂ ਮਿਜ਼ਾਈਲਾਂ ਅਤੇ ਡਰੋਨ ਫੁੰਡਣ 'ਚ ਇਜ਼ਰਾਈਲ ਦੀ ਸਹਾਇਤਾ ਕੀਤੀ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਉਨ੍ਹਾਂ ਹਮਲੇ ਨੂੰ ਠੱਲ੍ਹ ਦਿੱਤਾ ਹੈ ਅਤੇ ਅਸੀਂ ਸਾਰੇ ਇਕੱਠੇ ਜਿੱਤਾਂਗੇ। ਉਧਰ ਹਮਾਸ ਨੇ ਇਰਾਨ ਦੇ ਹਮਲੇ ਨੂੰ 'ਕੁਦਰਤੀ ਹੱਕ' ਕਰਾਰ ਦਿੱਤਾ ਹੈ। ਹਮਲੇ ਮਗਰੋਂ ਇਜ਼ਰਾਈਲ ਵਿਚ ਹਰ ਪਾਸੇ ਸਾਇਰਨ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਇਜ਼ਰਾਇਲੀ ਫ਼ੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਇਰਾਨ ਨੇ 170 ਡਰੋਨ, 30 ਤੋਂ ਵਧ ਕਰੂਜ਼ ਮਿਜ਼ਾਈਲਾਂ ਅਤੇ 120 ਤੋਂ ਵਧ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਸਨ।

ਕਈ ਬੈਲਿਸਟਿਕ ਮਿਜ਼ਾਈਲਾਂ ਇਜ਼ਰਾਇਲੀ ਇਲਾਕੇ 'ਚ ਡਿੱਗੀਆਂ ਜਿਸ ਕਾਰਨ ਇਕ ਹਵਾਈ ਬੇਸ ਨੂੰ ਮਾਮੂਲੀ ਨੁਕਸਾਨ ਪੁੱਜਾ। ਜਾਣਕਾਰੀ ਮੁਤਾਬਕ ਛੱਰੇ ਲੱਗਣ ਕਾਰਨ ਇਕ ਬੱਚਾ ਜ਼ਖ਼ਮੀ ਹੋਇਆ ਹੈ। ਹਮਲਿਆਂ ਮਗਰੋਂ ਇਜ਼ਰਾਈਲ 'ਚ ਸਕੂਲ ਤੇ ਹੋਰ ਵਿਦਿਅਕ ਅਦਾਰੇ ਸੋਮਵਾਰ ਤੱਕ ਬੰਦ ਕਰ ਦਿੱਤੇ ਗਏ ਪਰ ਸਰਕਾਰੀ ਦਫ਼ਤਰ ਤੇ ਨਿੱਜੀ ਕਾਰੋਬਾਰ ਪਹਿਲਾਂ ਵਾਂਗ ਕੰਮ ਕਰ ਰਹੇ ਹਨ। ਉਂਜ ਸਰਕਾਰ ਨੇ ਸਾਰਿਆਂ ਨੂੰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਹੈ। ਇਰਾਨ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਦੀ ਅਮਰੀਕਾ, ਸੰਯੁਕਤ ਰਾਸ਼ਟਰ, ਫਰਾਂਸ, ਬਰਤਾਨੀਆ ਆਦਿ ਮੁਲਕਾਂ ਨੇ ਨਿਖੇਧੀ ਕੀਤੀ ਹੈ।



## ਟਕਰਾਅ 'ਤੇ ਭਾਰਤ ਨੇ ਚਿੰਤਾ ਜਤਾਈ

**ਨਵੀਂ ਦਿੱਲੀ:** ਇਰਾਨ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਭਾਰਤ ਨੇ ਕਿਹਾ ਕਿ ਉਹ ਦੋਵਾਂ ਦੇਸ਼ਾਂ ਦਰਮਿਆਨ ਵਧਦੇ ਟਕਰਾਅ ਤੋਂ ਬੇਹੱਦ ਚਿੰਤਤ ਹੈ ਅਤੇ ਹਮਲੇ ਨਾਲ ਖੇਤਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਭਾਰਤ ਨੇ ਦੋਵੇਂ ਮੁਲਕਾਂ ਨੂੰ ਤਣਾਅ ਤੁਰਤ ਘਟਾਉਣ ਦੀ ਅਪੀਲ ਕੀਤੀ ਹੈ। ਭਾਰਤ ਨੇ ਕਿਹਾ ਕਿ ਖੇਤਰ ਵਿਚ ਉਸ ਦੇ ਦੂਤਾਵਾਸ ਭਾਰਤੀਆਂ ਦੇ ਸੰਪਰਕ ਵਿਚ ਹਨ। ਉਧਰ ਇਜ਼ਰਾਈਲ 'ਚ ਭਾਰਤੀ ਮਿਸ਼ਨ ਨੇ ਆਪਣੇ ਨਾਗਰਿਕਾਂ ਲਈ ਨਵੇਂ ਸਿਰੇ ਤੋਂ ਐਡਵਾਇਜ਼ਰੀ ਜਾਰੀ ਕੀਤੀ ਹੈ।

## ਦੁਨੀਆ ਇਕ ਹੋਰ ਜੰਗ ਨਹੀਂ ਝੱਲ ਕਰ ਸਕਦੀ: ਯੂ.ਐਨ.


**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ (ਯੂ.ਐਨ.) ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਇਜ਼ਰਾਈਲ 'ਤੇ ਇਰਾਨ ਵੱਲੋਂ ਕੀਤੇ ਗਏ ਹਮਲੇ ਕਾਰਨ ਪੈਦਾ ਹੋਏ ਤਣਾਅ 'ਤੇ ਚਿੰਤਾ ਜ਼ਾਹਿਰ ਕਰਦਿਆਂ ਚਿਤਾਵਨੀ ਦਿੱਤੀ ਕਿ ਨਾ ਤਾਂ ਪੱਛਮੀ ਏਸ਼ੀਆ ਅਤੇ ਨਾ ਹੀ ਦੁਨੀਆਂ ਇਕ ਹੋਰ ਯੁੱਧ ਬਰਦਾਸ਼ਤ ਕਰ ਸਕਦੀ ਹੈ। ਸੰਯੁਕਤ ਰਾਸ਼ਟਰ ਮੁਖੀ ਨੇ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਪੱਛਮੀ ਏਸ਼ੀਆ ਵਿਚ ਕਈ ਮੋਰਚਿਆਂ 'ਤੇ ਵੱਡੇ ਫ਼ੌਜੀ ਟਕਰਾਅ ਨੂੰ ਭੜਕਾਉਣ ਵਾਲੀ ਕਿਸੇ ਵੀ ਕਾਰਵਾਈ ਤੋਂ ਬਚਣ ਲਈ ਵੱਧ ਤੋਂ ਵੱਧ ਸੰਜਮ ਵਰਤਣ।

## 'ਇਰਾਨ ਤੇ ਇਜ਼ਰਾਈਲ ਦੇ ਹਵਾਈ ਖੇਤਰ ਨਾ ਵਰਤੋ'

**ਪੈਰਿਸ:** ਯੂਰਪੀ ਯੂਨੀਅਨ ਏਵੀਏਸ਼ਨ ਸੇਫਟੀ ਏਜੰਸੀ ਨੇ ਨਾਗਰਿਕ ਹਵਾਈ ਜਹਾਜ਼ਾਂ ਨੂੰ ਇਰਾਨ ਅਤੇ ਇਜ਼ਰਾਈਲ ਦੇ ਹਵਾਈ ਖੇਤਰ ਅਤੇ ਦੇਸ਼ ਦੇ ਆਲੇ-ਦੁਆਲੇ 100 ਸਮੁੰਦਰੀ ਮੀਲ ਦੇ ਘੇਰੇ ਵਿਚ ਸਾਵਧਾਨੀ ਵਰਤਣ ਦੀ ਸਿਫ਼ਾਰਸ਼ ਕੀਤੀ ਹੈ। ਏਜੰਸੀ ਨੇ ਕਿਹਾ ਕਿ ਭਾਵੇਂ ਇਸ ਸਮੇਂ ਨਾਗਰਿਕ ਹਵਾਈ ਜਹਾਜ਼ਾਂ ਲਈ ਇਨ੍ਹਾਂ ਮੁਲਕਾਂ ਦੇ ਉਪਰੋਂ ਉੱਡਣ 'ਚ ਕੋਈ ਖ਼ਤਰਾ ਨਹੀਂ ਹੈ। ਇਰਾਨ ਨੇ 300 ਤੋਂ ਵੱਧ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ ਉਤੇ ਹਮਲਾ ਕੀਤਾ ਜਿਸ ਨਾਲ ਖੇਤਰ ਵਿਚ ਤਣਾਅ ਪੈਦਾ ਹੋ ਗਿਆ ਹੈ।

# ਪਾਕਿਸਤਾਨ ਵਿਚ ਸਰਬਜੀਤ ਦੇ ਹਤਿਆਰੇ ਦੀ ਹੱਤਿਆ

**ਲਾਹੌਰ:** ਪਾਕਿਸਤਾਨ ਦੀ ਜੇਲ੍ਹ 'ਚ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਹੱਤਿਆ 'ਚ ਸ਼ਾਮਲ ਆਮਿਰ ਸਰਫਰਾਜ਼ ਤਾਂਬਾ ਦਾ ਅਣਪਛਾਤੇ ਬੰਦੂਕਧਾਰੀਆਂ ਨੇ ਲਾਹੌਰ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਉਹ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤਾਇਬਾ ਦੇ ਬਾਨੀ ਹਾਫ਼ਿਜ਼ ਸਈਦ ਦਾ ਨੇੜਲਾ ਸਹਿਯੋਗੀ ਸੀ। ਸਮਝਿਆ ਜਾ ਰਿਹਾ ਹੈ ਕਿ ਇਹ ਹੱਤਿਆ ਮਿੱਥ ਕੇ ਕੀਤੀ ਗਈ ਹੈ।





ਸਰਬਜੀਤ ਸਿੰਘ ਦੇ ਹਤਿਆਰੇ ਆਮਿਰ ਤਾਂਬਾ ਦੀ ਹੱਤਿਆ ਨੂੰ ਸੁਪਾਰੀ ਲੈ ਕੇ ਬਦਲਾ ਲੈਣ ਦੀ ਕਾਰਵਾਈ ਵਜੋਂ ਵੀ ਦੇਖਿਆ ਜਾ ਰਿਹਾ ਹੈ। ਸਥਾਨਕ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਪਿਛਲੇ ਕੁਝ ਦਿਨਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ। ਸੂਤਰਾਂ ਨੇ ਕਿਹਾ ਕਿ ਤਾਂਬਾ 'ਤੇ ਲਾਹੌਰ ਦੇ ਇਸਲਾਮਪੁਰਾ ਇਲਾਕੇ 'ਚ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਹਮਲਾ ਕੀਤਾ। ਉਸ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦਿਆਂ ਦਮ ਤੋੜ ਗਿਆ। ਲੋਕਾਂ ਮੁਤਾਬਕ ਆਮਿਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਚੁੱਕਿਆ ਸੀ।

ਜ਼ਿਕਰਯੋਗ ਹੈ ਕਿ ਸਰਬਜੀਤ ਸਿੰਘ (49) 'ਤੇ ਉੱਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ 'ਚ ਤਾਂਬਾ ਸਮੇਤ ਹੋਰ ਹਵਾਲਾਤੀਆਂ ਨੇ ਹਮਲਾ ਕਰ ਦਿੱਤਾ ਸੀ ਅਤੇ ਕਰੀਬ ਇਕ ਹਫ਼ਤੇ ਮਗਰੋਂ ਉਸ ਦੀ ਲਾਹੌਰ ਦੇ ਜਿਨਾਹ ਹਸਪਤਾਲ 'ਚ 2 ਮਈ, 2013 ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਪਾਕਿਸਤਾਨੀ ਕੈਦੀਆਂ ਦੇ ਇਕ ਗੁੱਟ ਨੇ ਸਰਬਜੀਤ ਸਿੰਘ 'ਤੇ ਇੱਟਾਂ ਅਤੇ ਲੋਹੇ ਦੀਆਂ ਛੜਾਂ ਨਾਲ ਹਮਲਾ ਕੀਤਾ ਸੀ। ਉਸ ਨੂੰ ਲਹਿੰਦੇ ਪੰਜਾਬ 'ਚ ਕਈ ਬੰਬ ਧਮਾਕੇ ਕਰਨ ਦਾ ਕਥਿਤ ਤੌਰ 'ਤੇ ਦੋਸ਼ੀ ਪਾਇਆ ਗਿਆ ਸੀ ਅਤੇ ਸਜ਼ਾ-ਏ-ਮੌਤ ਸੁਣਾਈ ਗਈ ਸੀ।

# ਮੁੰਬਈ 'ਚ ਸਲਮਾਨ ਖਾਨ ਦੇ ਘਰ ਦੇ ਬਾਹਰ ਫਾਇਰਿੰਗ

**ਮੁੰਬਈ:** ਮੁੰਬਈ ਪੁਲਿਸ ਨੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਸਵੇਰੇ ਬੌਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਦੇ ਇਥੇ ਬਾਂਦਰਾ ਇਲਾਕੇ ਵਿਚਲੇ ਘਰ ਦੇ ਬਾਹਰ ਗੋਲੀ ਚਲਾਉਣ ਦੇ ਮਾਮਲੇ ਵਿਚ ਕੇਸ ਦਰਜ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਪੁਲਿਸ ਨੇ ਅਦਾਕਾਰ ਦੇ ਘਰ ਤੋਂ ਇਕ ਡੇਢ ਕਿਲੋਮੀਟਰ ਦੀ ਦੂਰੀ 'ਤੇ ਦੁਪਹੀਆ ਬਰਾਮਦ ਕੀਤਾ ਹੈ ਤੇ ਮੰਨਿਆ ਜਾਂਦਾ ਹੈ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਇਸੇ ਬਾਈਕ 'ਤੇ ਆਏ ਸਨ।



ਬਾਂਦਰਾ ਪੁਲਿਸ ਦੇ ਅਧਿਕਾਰੀ ਨੇ ਕਿਹਾ ਕਿ ਆਈ.ਪੀ.ਸੀ. ਦੀ ਧਾਰਾ 307 ਤੇ ਆਰਮਜ਼ ਐਕਟ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਉਧਰ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਘਟਨਾ ਨੂੰ ਮੰਦਭਾਗਾ ਦੱਸਦੇ ਹੋਏ ਅਦਾਕਾਰ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

ਪੁਲਿਸ ਅਧਿਕਾਰੀ ਨੇ ਕਿਹਾ ਕਿ ਦੋ ਵਿਅਕਤੀਆਂ ਨੇ ਸਵੇਰੇ ਪੰਜ ਵਜੇ ਦੇ ਕਰੀਬ ਅਦਾਕਾਰ ਦੀ ਗਲੈਕਸੀ ਅਪਾਰਟਮੈਂਟਸ ਵਿਚਲੀ ਰਿਹਾਇਸ਼ ਦੇ ਬਾਹਰ ਚਾਰ ਫਾਇਰ ਕੀਤੇ ਤੇ ਮਗਰੋਂ ਮੌਕੇ ਤੋਂ ਫ਼ਰਾਰ ਹੋ ਗਏ। ਫਾਇਰਿੰਗ ਮਗਰੋਂ ਖਾਨ ਦੀ ਰਿਹਾਇਸ਼ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਸਥਾਨਕ ਪੁਲਿਸ, ਕ੍ਰਾਈਮ ਬ੍ਰਾਂਚ ਦੇ ਅਮਲੇ ਤੇ ਫੋਰੈਂਸਿਕ ਮਾਹਿਰਾਂ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਤਰ ਕੀਤੇ। ਟੀਮ ਨੇ ਅਦਾਕਾਰ ਦੇ ਘਰ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲਣ ਮਗਰੋਂ ਮਾਮਲੇ ਦੀ ਜਾਂਚ ਵਿੱਢ ਦਿੱਤੀ ਹੈ। ਇਸ ਦੌਰਾਨ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਖ਼ਾਨ ਨਾਲ ਗੱਲਬਾਤ ਕੀਤੀ ਤੇ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਸ਼ਿੰਦੇ ਨੇ ਕਿਹਾ ਕਿ ਸੂਬਾ ਸਰਕਾਰ ਕਿਸੇ ਨੂੰ ਵੀ ਕਾਨੂੰਨ ਹੱਥ ਵਿਚ ਲੈਣ ਦੀ ਇਜਾਜ਼ਤ ਨਹੀਂ ਦੇਵੇਗੀ। ਉਧਰ, ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਜੁੜੇ ਮਾਫ਼ੀਆ ਗਰੋਹ ਨੇ ਸੁਪਰਸਟਾਰ ਸਲਮਾਨ ਖ਼ਾਨ ਦੇ ਘਰ ਦੇ ਬਾਹਰ ਅਣਪਛਾਤੇ ਬਾਈਕ ਸਵਾਰਾਂ ਵੱਲੋਂ ਕੀਤੀ ਫਾਇਰਿੰਗ ਦੀ ਜ਼ਿੰਮੇਵਾਰੀ ਲਈ ਹੈ। ਲਾਰੈਂਸ ਬਿਸ਼ਨੋਈ ਦੇ ਅਮਰੀਕਾ ਰਹਿੰਦੇ ਭਰਾ ਅਨਮੋਲ ਬਿਸ਼ਨੋਈ ਨੇ ਗੋਲੀਬਾਰੀ ਦੀ ਇਸ ਘਟਨਾ ਨੂੰ ਸਲਮਾਨ ਖ਼ਾਨ ਲਈ 'ਪਹਿਲੀ ਤੇ ਆਖ਼ਰੀ ਚਿਤਾਵਨੀ' ਕਰਾਰ ਦਿੱਤਾ ਹੈ।

# ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਡਟੇ ਖੜ੍ਹੇ ਹਾਂ: ਟਰੂਡੋ

**ਓਟਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਦੇਸ਼ ਦੀ ਧਰਤੀ 'ਤੇ ਇਕ ਖ਼ਾਲਿਸਤਾਨੀ ਸਿੱਖ ਆਗੂ ਦੀ ਹੱਤਿਆ ਦਾ ਮੁੱਦਾ ਚੁੱਕਿਆ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਰੇ ਕੈਨੇਡਿਆਈ ਲੋਕਾਂ ਦੇ ਅਧਿਕਾਰਾਂ ਤੇ ਆਜ਼ਾਦੀ ਦੀ ਰਾਖੀ ਲਈ ਖੜ੍ਹੀ ਹੈ। ਟਰੂਡੋ ਜੋ ਕੈਨੇਡਾ ਦੀ ਚੋਣ ਪ੍ਰਕਿਰਿਆ 'ਚ ਵਿਦੇਸ਼ੀ ਦਖ਼ਲ ਦੀ ਜਾਂਚ ਕਰ ਰਹੀ ਇਕ ਉੱਚ ਪੱਧਰੀ ਜਨਤਕ ਜਾਂਚ 'ਚ ਗਵਾਹੀ ਦੇ ਰਹੇ ਸਨ, ਨੇ ਇਹ ਦੋਸ਼ ਵੀ ਲਾਇਆ ਕਿ ਪਿਛਲੀ ਸਰਕਾਰ ਦਾ ਭਾਰਤ ਸਰਕਾਰ ਨਾਲ ਰਵੱਈਆ ਨਰਮੀ ਵਾਲਾ ਸੀ। ਸਥਾਨਕ ਮੀਡੀਆ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਅਨੁਸਾਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ 2019 ਤੇ 2021 ਦੀਆਂ ਚੋਣਾਂ ਦੌਰਾਨ ਵਿਦੇਸ਼ੀ ਸੂਚਨਾਵਾਂ ਬਾਰੇ ਖੁਫ਼ੀਆ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਕੀ ਕੀਤਾ ਤਾਂ ਉਨ੍ਹਾਂ ਇਹ ਟਿੱਪਣੀ ਕੀਤੀ।



ਟਰੂਡੋ ਵੱਲੋਂ ਪਿਛਲੇ ਸਾਲ 18 ਜੂਨ ਨੂੰ ਸਰੀ ਸ਼ਹਿਰ ਦੇ ਇਕ ਗੁਰਦੁਆਰੇ ਦੇ ਬਾਹਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਦੋਸ਼ ਲਾਏ ਜਾਣ ਮਗਰੋਂ ਭਾਰਤ ਤੇ ਕੈਨੇਡਾ ਵਿਚਾਲੇ ਸਬੰਧ ਤਣਾਅਪੂਰਨ ਹੋ ਗਏ ਸਨ। ਭਾਰਤ ਨੇ ਨਿੱਝਰ ਨੂੰ 2020 'ਚ ਅਤਿਵਾਦੀ ਐਲਾਨਿਆ ਸੀ ਅਤੇ ਟਰੂਡੋ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਸੀ। ਆਪਣੀ ਗਵਾਹੀ ਦੌਰਾਨ ਟਰੂਡੋ ਨੇ ਕੌਮੀ ਸੁਰੱਖਿਆ ਤੇ ਖੁਫ਼ੀਆ ਸਲਾਹਕਾਰ ਦੀ ਭੂਮਿਕਾ ਬਾਰੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਉਨ੍ਹਾਂ ਖੁਫ਼ੀਆ ਜਾਣਕਾਰੀ ਮਿਲੀ ਅਤੇ ਉਨ੍ਹਾਂ ਉਸ 'ਤੇ ਕਾਰਵਾਈ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਇਸ ਮਾਮਲੇ 'ਚ ਚੀਨ ਤੇ ਨਾਲ-ਨਾਲ ਚੀਨੀ-ਕੈਨੇਡਿਆਈ ਨਾਗਰਿਕਾਂ ਦੀ ਭੂਮਿਕਾ ਬਾਰੇ ਵੀ ਦੱਸਿਆ।

# ਸਿਡਨੀ 'ਚ ਚਾਕੂ ਨਾਲ ਕੀਤੇ ਹਮਲੇ 'ਚ ਛੇ ਜਣਿਆਂ ਦੀ ਮੌਤ

**ਸਿਡਨੀ:** ਸਿਡਨੀ ਦੇ ਵੈਸਟਫੀਲਡ ਸ਼ਾਪਿੰਗ ਸੈਂਟਰ 'ਚ ਇਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰਕੇ ਛੇ ਜਣਿਆਂ ਨੂੰ ਮਾਰ ਦਿੱਤਾ ਜਦਕਿ ਘਟਨਾ ਦੌਰਾਨ ਹਮਲਾਵਰ ਵੀ ਪੁਲਿਸ ਦੀ ਗੋਲੀ ਨਾਲ ਮੌਕੇ 'ਤੇ ਹੀ ਮਾਰਿਆ ਗਿਆ। ਪੁਲਿਸ ਨੇ ਇਹ ਦੱਸਿਆ ਕਿ ਹਮਲੇ 'ਚ ਨੌਂ ਮਹੀਨਿਆਂ ਦੇ ਇਕ ਬੱਚੇ ਸਣੇ ਅੱਠ ਹੋਰ ਜ਼ਖ਼ਮੀ ਵੀ ਹੋਏ ਹਨ, ਜੋ ਹਸਪਤਾਲ 'ਚ ਜੇਰੇ ਇਲਾਜ ਹਨ। ਦੱਸਿਆ ਜਾ ਰਿਹਾ ਹੈ ਕਿ ਮਾਰੇ ਗਏ ਸਾਰੇ ਵਿਅਕਤੀ ਦੁਕਾਨਦਾਰ ਸਨ ਤੇ ਜ਼ਖ਼ਮੀਆਂ 'ਚੋਂ ਵੀ ਬਹੁਤੇ ਦੁਕਾਨਦਾਰ ਹੀ ਹਨ। ਆਸਟਰੇਲੀਅਨ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਤੇ ਆਖਿਆ ਕਿ ਅਜਿਹੀਆਂ ਵਾਰਦਾਤਾਂ ਸਮਝ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਇਹ ਹਿੰਸਾ ਦੀ ਭਿਆਨਕ ਕਾਰਵਾਈ ਸੀ ਜਿਸ 'ਚ ਬੇਕਸੂਰ ਲੋਕਾਂ ਨੂੰ ਅੰਨ੍ਹੇਵਾਹ ਨਿਸ਼ਾਨਾ ਬਣਾਇਆ ਗਿਆ। ਪ੍ਰਧਾਨ ਮੰਤਰੀ ਨੇ ਜ਼ਖ਼ਮੀਆਂ ਨਾਲ ਹਮਦਰਦੀ ਪ੍ਰਗਟਾਈ ਅਤੇ ਦਲੇਰੀ ਦਿਖਾਉਣ ਲਈ ਪੁਲਿਸ ਦਾ ਧੰਨਵਾਦ ਕੀਤਾ।



ਨਿਊ ਸਾਊਥ ਵੇਲਜ਼ ਦੇ ਸਹਾਇਕ ਪੁਲਿਸ ਕਮਿਸ਼ਨਰ (ਏ.ਸੀ.ਪੀ.) ਐਂਥਨੀ ਕੁੱਕ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੋਂਡੀ ਜੰਕਸ਼ਨ ਦੇ ਵੈਸਟਫੀਲਡ ਸ਼ਾਪਿੰਗ ਸੈਂਟਰ 'ਚ ਇਕ ਸ਼ੱਕੀ ਵਿਅਕਤੀ ਨੇ ਚਾਕੂ ਨਾਲ ਹਮਲਾ ਸ਼ੁਰੂ ਕਰ ਦਿੱਤਾ ਅਤੇ ਨੌਂ ਵਿਅਕਤੀਆਂ 'ਤੇ ਚਾਕੂ ਨਾਲ ਵਾਰ ਕੀਤੇ ਜਿਸ ਮਗਰੋਂ ਇਕ ਪੁਲਿਸ ਇੰਸਪੈਕਟਰ ਨੇ ਉਸ ਨੂੰ ਗੋਲੀ ਮਾਰ ਦਿੱਤੀ। ਘਟਨਾ 'ਚ ਛੇ ਵਿਅਕਤੀਆਂ ਅਤੇ ਹਮਲਾਵਰ ਦੀ ਮੌਤ ਹੋ ਗਈ। ਕੁੱਕ ਨੇ ਦੱਸਿਆ ਕਿ ਲੱਗਦਾ ਹੈ ਸ਼ੱਕੀ ਹਮਲਾਵਰ ਨੇ ਇਸ ਵਾਰਦਾਤ ਨੂੰ ਇਕੱਲਿਆਂ ਹੀ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਹਾਲੇ ਤੱਕ ਹਮਲਾਵਰ ਦੀ ਪਛਾਣ ਨਹੀਂ ਹੋਈ ਅਤੇ ਹਮਲੇ ਪਿੱਛੇ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹਾਲਾਂਕਿ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਕਿਸਾਨਾਂ ਦੇ ਸਵਾਲਾਂ ਨੇ ਲਾਜਵਾਬ ਕੀਤੇ ਸੱਤਾਧਾਰੀ ਆਗੂ

**ਸੰਗਰੂਰ:** ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ ਦੋ ਮਹੀਨੇ ਹੋ ਗਏ ਹਨ। ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਕਿਸਾਨਾਂ ਵੱਲੋਂ ਜਿੱਥੇ ਅੰਦੋਲਨ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ, ਉਥੇ ਹੀ ਕਿਸਾਨੀ ਮੰਗਾਂ ਪੂਰੀਆਂ ਹੋਣ ਤੱਕ ਅੰਦੋਲਨ ਨੂੰ ਬੁਲੰਦ ਹੌਸਲੇ ਨਾਲ ਜਾਰੀ ਰੱਖਣ ਦਾ ਪ੍ਰਣ ਲਿਆ ਗਿਆ।

ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਪੰਜਾਬ-ਹਰਿਆਣਾ ਦੇ ਸਾਰੇ ਪਿੰਡਾਂ 'ਚ ਕਿਸਾਨੀ ਅਤੇ ਰੁਜ਼ਗਾਰ ਦੇ ਮੁੱਦਿਆਂ 'ਤੇ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਪੁੱਛੇ ਜਾ ਰਹੇ ਹਨ ਅਤੇ ਭਾਜਪਾ ਤੇ ਸਹਿਯੋਗੀ ਪਾਰਟੀਆਂ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਅਸਮਰੱਥ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਕਿਸਾਨਾਂ ਦੇ ਸਵਾਲਾਂ ਤੋਂ ਕਿਉਂ ਡਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ 2014 ਦੀਆਂ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਸਾਰੇ ਵਾਅਦੇ ਅਜੇ ਵੀ ਪੂਰੇ ਨਹੀਂ ਹੋਏ।

ਦੱਸ ਦਈਏ ਕਿ ਪਿਛਲੇ ਮਹੀਨੇ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਦੀ ਰੈਲੀ ਵਿਚ ਸੰਯੁਕਤ ਕਿਸਾਨ ਮੋਰਚੇ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ



ਆਪਣੀ ਪ੍ਰਜੀਸ਼ਨ ਸਾਫ਼ ਕੀਤੀ ਸੀ। ਇਸ ਤੋਂ ਇਲਾਵਾ ਕਿਸਾਨ ਮਜ਼ਦੂਰ ਮੋਰਚੇ ਨੇ ਹਰਿਆਣਾ ਦੀ ਹੱਦ 'ਤੇ ਦੋ ਥਾਵਾਂ ਉਪਰ ਪਿਛਲੇ ਪਿਛਲੇ ਦੋ ਮਹੀਨਿਆਂ ਤੋਂ ਮੋਰਚਾ ਲਾਇਆ ਹੋਇਆ ਹੈ। ਰਾਮਲੀਲ੍ਹਾ ਮੈਦਾਨ ਦੀ ਰੈਲੀ ਵਿਚ ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਖਿਲਾਫ਼ ਪ੍ਰਚਾਰ ਕਰਨ ਦਾ ਐਲਾਨ ਕੀਤਾ ਸੀ ਜਿਸ ਦੇ ਮੱਦੇਨਜ਼ਰ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਚੋਣ ਪ੍ਰਚਾਰ ਕਰਨ ਆ ਰਹੇ ਭਾਜਪਾ ਉਮੀਦਵਾਰਾਂ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਜਾ ਰਿਹਾ ਸੀ।

ਇਸੇ ਪ੍ਰਸੰਗ ਵਿਚ ਹੁਣ ਸੰਯੁਕਤ ਕਿਸਾਨ ਮੋਰਚਾ ਦੀ ਪੰਜ ਮੈਂਬਰੀ ਕਮੇਟੀ ਵੱਲੋਂ ਲੋਕ ਸਭਾ ਚੋਣਾਂ ਲਈ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਲਈ 11 ਨੁਕਾਤੀ ਸਵਾਲਨਾਮਾ ਤਿਆਰ ਕੀਤਾ ਗਿਆ ਹੈ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਨੇ ਇਸ ਪਾਰਟੀ ਦੇ ਉਮੀਦਵਾਰਾਂ ਅਤੇ ਆਗੂਆਂ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਗਿਆ ਹੈ। ਇਸ ਵਿਚ ਭਾਜਪਾ ਤੋਂ ਪੁੱਛਿਆ ਗਿਆ ਹੈ ਕਿ ਕਿਸਾਨ ਅੰਦੋਲਨ ਦੌਰਾਨ ਕਿੱਲਾਂ ਗੱਡ ਕੇ ਤੇ ਬੈਰੀਕੇਡ ਲਾ ਕੇ ਸੜਕਾਂ ਕਿਉਂ ਰੋਕੀਆਂ ਗਈਆਂ ਅਤੇ ਕਿਸਾਨਾਂ ਉਪਰ ਗੋਲੀਆਂ ਤੇ ਅੱਥਰੂ ਗੈਸ ਦੀ ਵਰਤੋਂ ਕਿਉਂ ਕੀਤੀ ਗਈ, ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਕਿਉਂ ਮਾਰਿਆ ਗਿਆ, 400 ਕਿਸਾਨਾਂ ਨੂੰ ਜ਼ਖ਼ਮੀ ਕਿਉਂ ਕੀਤਾ ਗਿਆ ਅਤੇ ਉਨ੍ਹਾਂ ਦੇ ਟਰੈਕਟਰਾਂ ਦੀ ਭੰਨਤੋੜ ਕਿਉਂ ਕੀਤੀ ਗਈ, ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਿਉਂ ਨਹੀਂ ਕੀਤੀ ਗਈ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਾਨੂੰਨੀ ਮਾਨਤਾ ਦੇਣ ਅਤੇ ਐਮ.ਐਸ.ਪੀ ਸੀ2 ਪਲੱਸ 50 ਫ਼ੀਸਦ ਮੁਨਾਫ਼ੇ ਨਾਲ ਮਿੱਥਣ ਵਿਚ ਕੀ ਸਮੱਸਿਆ ਹੈ, ਲਖੀਮਪੁਰ ਖੀਰੀ ਦੇ ਕਿਸਾਨਾਂ ਨੂੰ ਇਨਸਾਫ਼ ਕਿਉਂ ਨਹੀਂ ਦਿੱਤਾ ਗਿਆ ਅਤੇ ਅਜੈ ਮਿਸ਼ਰਾ ਹਾਲੇ ਵੀ ਕੇਂਦਰੀ ਕੈਬਨਿਟ ਵਿਚ ਕਿਉਂ ਹਨ। ਇਸ ਸਵਾਲਨਾਮੇ ਵਿਚ ਕਿਸਾਨਾਂ ਤੋਂ ਇਲਾਵਾ ਪੰਜਾਬ ਦੇ ਕੁਝ ਹੋਰ ਮਸਲਿਆਂ ਨਾਲ ਸਬੰਧਿਤ ਸਵਾਲ ਵੀ ਪੁੱਛੇ ਗਏ ਹਨ।

## ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਾਂਗੇ: ਰਾਹੁਲ

**ਬਸਤਰ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ ਚੋਣਾਂ ਮਗਰੋਂ ਕੇਂਦਰ ਦੀ ਸੱਤਾ ਵਿਚ ਆਈ ਤਾਂ ਉਹ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨਗੇ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਫੌਰੀ ਜਾਤੀ ਜਨਗਣਨਾ ਵੀ ਕਰਵਾਈ ਜਾਵੇਗੀ। ਛੱਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਅਤੇ ਮਹਾਰਾਸ਼ਟਰ ਦੇ ਭੰਡਾਰਾ ਜ਼ਿਲ੍ਹੇ ਦੇ ਸਕੋਲੀ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਮਗਰੋਂ ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਮਾਰੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਅੱਜ ਬੇਰੁਜ਼ਗਾਰੀ ਤੇ ਮਹਿੰਗਾਈ ਜਿਹੇ ਮੁੱਦੇ ਦਰਪੇਸ਼ ਹਨ, ਪਰ ਮੀਡੀਆ ਵੱਲੋਂ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਕੇ ਪ੍ਰਧਾਨ ਮੰਤਰੀ ਤੇ ਹੋਰ ਸਿਲੈਬਰਿਟੀਜ਼ ਦੇ ਪ੍ਰੋਗਰਾਮਾਂ ਵੱਲ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ।

## ਖਾੜਕੂਵਾਦ ਦੇ ਦੌਰ 'ਚ ਸਰਗਰਮ ਰਹੇ ਪਰਮਿੰਦਰ ਸਿੰਘ ਰਾਣਾ ਗ੍ਰਿਫ਼ਤਾਰ

**ਜਲੰਧਰ:** ਖਾੜਕੂਵਾਦ ਦੇ ਦੌਰ 'ਚ ਸਰਗਰਮ ਰਹੇ ਪਰਮਿੰਦਰ ਸਿੰਘ ਰਾਣਾ ਨੂੰ 36 ਸਾਲਾਂ ਬਾਅਦ ਸਿਟੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਰਾਣਾ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਸੁਖਦੇਵ ਸਿੰਘ ਉਰਫ ਸੁੱਖਾ ਦਾ ਸੱਜਾ ਹੱਥ ਸੀ। ਗੁਪਤ ਸੂਚਨਾ ਦੇ ਆਧਾਰ 'ਤੇ ਸਿਟੀ ਪੁਲਿਸ ਟੀਮ ਨੇ ਉਸ ਨੂੰ ਆਦਮਪੁਰ ਨੇੜਿਓਂ ਗ੍ਰਿਫ਼ਤਾਰ ਕੀਤਾ।

ਪੁਲਿਸ ਨੇ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਹੈ। 57 ਸਾਲਾ ਰਾਣਾ ਪਿੰਡ ਡਿੰਗਰੀਆ 'ਚ ਲੁਕਿਆ ਹੋਇਆ ਸੀ। ਇਸ ਤੋਂ ਪਹਿਲਾਂ ਉਦੋਂ ਫੜਿਆ ਗਿਆ ਜਦੋਂ ਉਹ ਸਿਰਫ਼ 17 ਸਾਲ ਦਾ ਸੀ। ਰਾਣਾ ਵਿਰੁੱਧ ਅੱਠ ਕੇਸ ਦਰਜ ਸਨ। ਇਨ੍ਹਾਂ ਵਿਚੋਂ ਇਕ ਕੇਸ ਪੈਂਡਿੰਗ ਸੀ। ਰਾਣਾ ਨੂੰ ਨਾਬਾਲਗ ਹੋਣ ਕਾਰਨ ਜ਼ਮਾਨਤ ਦਿੱਤੀ ਗਈ ਸੀ। ਪੁਲਿਸ ਨੇ ਜਾਂਚ ਮੁਕੰਮਲ ਕਰਕੇ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਸਰੂਪਾਂ 'ਤੇ ਕਿਊ.ਆਰ. ਕੋਡ ਲਾਉਣ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਸਮੇਂ ਨਵੀਂ ਤਕਨੀਕ ਅਨੁਸਾਰ ਕਿਊ.ਆਰ. ਕੋਡ ਵਰਤਿਆ ਜਾਵੇਗਾ ਤਾਂ ਜੋ ਸਰੂਪਾਂ ਦੀ ਗਿਣਤੀ ਅਤੇ ਹੋਰ ਜਾਣਕਾਰੀਆਂ ਨੂੰ ਸੂਚੀਬੱਧ ਕੀਤਾ ਜਾ ਸਕੇ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬਾਨ ਵਿਚ ਪ੍ਰਕਾਸ਼ ਕੀਤੇ ਜਾ ਰਹੇ ਅਤੇ ਸੰਗਤਾਂ ਪਾਸ ਮੌਜੂਦ ਪਾਵਨ ਸਰੂਪਾਂ ਨੂੰ ਵੀ ਇਸ ਵਿਧੀ ਨਾਲ ਜੋੜਨ ਦੇ ਯਤਨ ਕੀਤੇ ਜਾਣਗੇ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਈ ਅਹਿਮ ਫ਼ੈਸਲੇ ਲਏ ਗਏ। ਮੀਟਿੰਗ ਮਗਰੋਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਮੇਂ ਨਵੀਂ ਤਕਨੀਕ ਅਨੁਸਾਰ ਕਿਊਆਰ ਕੋਡ ਲਗਾਉਣ ਦਾ ਫੈਸਲਾ ਕੀਤਾ ਹੈ। ਦੱਸਯੋਗ ਹੈ ਕਿ ਕੁਝ ਸਮਾਂ ਪਹਿਲਾਂ ਛਪਾਈ ਕੀਤੇ 300 ਤੋਂ ਵੱਧ ਸਰੂਪਾਂ ਦਾ ਕੋਈ ਰਿਕਾਰਡ ਨਾ ਮਿਲਣ ਕਾਰਨ ਇਹ




ਮਾਮਲਾ ਵੱਡੇ ਵਿਵਾਦ ਦਾ ਕਾਰਨ ਬਣਿਆ ਸੀ।

ਸ੍ਰੀ ਧਾਮੀ ਨੇ ਦੱਸਿਆ ਕਿ ਇਕ ਫ਼ੈਸਲੇ ਮੁਤਾਬਕ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਪੂਰੀ ਸਰਵਿਸ ਦੌਰਾਨ 2 ਸਾਲ ਤੱਕ ਦੀ ਹੀ ਵਿਦੇਸ਼ ਛੁੱਟੀ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਆਈ.ਏ.ਐਸ, ਆਈ.ਪੀ.ਐਸ, ਪੀ.ਸੀ.ਐਸ ਆਦਿ ਮੁਕਾਬਲਾ ਪ੍ਰੀਖਿਆਵਾਂ ਲਈ ਸਿੱਖ ਨੌਜਵਾਨਾਂ ਨੂੰ ਤਿਆਰੀ ਕਰਵਾਉਣ ਲਈ ਚਲਾਈ ਜਾ ਰਹੀ ਨਿਸ਼ਚੈ ਅਕੈਡਮੀ ਲਈ ਇਕ ਵਿਸ਼ਾਲ ਇਮਾਰਤ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਇਮਾਰਤ ਗੁਰਦੁਆਰਾ ਬਾਗ ਸ਼ਹੀਦਾਂ ਸੈਕਟਰ-44 ਚੰਡੀਗੜ੍ਹ ਵਿਚ ਤਿਆਰ ਕੀਤੀ ਜਾਵੇਗੀ, ਜਿਸ ਲਈ ਮੁੱਢਲੇ ਤੌਰ 'ਤੇ 6.50 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ 450 ਸਾਲਾ ਗੁਰਤਾ ਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ ਜੋਤਿ ਦਿਵਸ ਮਨਾਉਣ ਲਈ ਸਮਾਗਮਾਂ ਦੀ ਆਰੰਭਤਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਤੋਂ ਕੀਤੀ ਗਈ ਹੈ। ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਹ ਸ਼ਤਾਬਦੀ ਦਿਹਾੜੇ 16 ਤੋਂ 18 ਸਤੰਬਰ 2024 ਦੌਰਾਨ ਮਨਾਏ ਜਾਣੇ ਹਨ। ਸਮਾਗਮਾਂ ਦੀ ਆਰੰਭਤਾ ਮੌਕੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ।

# ਪੁਲਿਸ ਵੱਲੋਂ ਸਰਹੱਦੀ ਜ਼ਿਲ੍ਹਿਆਂ ਦੇ ਐਂਟਰੀ ਪੁਆਇੰਟ ਸੀਲ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦੇ 10 ਸਰਹੱਦੀ ਜ਼ਿਲ੍ਹਿਆਂ ਦੇ ਐਂਟਰੀ ਪੁਆਇੰਟ ਸੀਲ ਕਰ ਦਿੱਤੇ। ਇਸ ਦੌਰਾਨ ਪੁਲਿਸ ਵੱਲੋਂ ਸੂਬੇ ਵਿਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਦੀ ਚੈਕਿੰਗ ਵੀ ਕੀਤੀ ਗਈ।




ਵਿਸ਼ੇਸ਼ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਦੌਰਾਨ ਚਲਾਈ ਗਈ ਤਲਾਸ਼ੀ ਮੁਹਿੰਮ ਵਿਚ 10 ਸਰਹੱਦੀ ਜ਼ਿਲ੍ਹਿਆਂ ਦੇ ਡੀ.ਐਸ.ਪੀਜ਼. ਤੇ ਇੰਸਪੈਕਟਰਾਂ ਸਣੇ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਨੇ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐਸ.ਏ.ਐਸ. ਨਗਰ (ਮੁਹਾਲੀ), ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਵਿਚ ਵਾਹਨਾਂ ਦੀ ਚੈਕਿੰਗ ਕੀਤੀ। ਇਸ ਦੌਰਾਨ ਸੂਬੇ ਵਿਚ ਆਉਣ-ਜਾਣ ਵਾਲੇ 5137 ਵਾਹਨਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾਂ ਵਿਚੋਂ 200 ਦੇ ਚਲਾਨ ਕੀਤੇ ਗਏ ਅਤੇ 22 ਵਾਹਨ ਜ਼ਬਤ ਕੀਤੇ ਗਏ। ਇਸ ਦੌਰਾਨ ਪੁਲਿਸ ਨੇ 42 ਕੇਸ ਦਰਜ ਕਰ ਕੇ 44 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ 10 ਲੱਖ ਰੁਪਏ ਨਕਦੀ, 110 ਕਿਲੋ ਭੁੱਕੀ, 1 ਕਿਲੋ ਅਫੀਮ, 24 ਗ੍ਰਾਮ ਹੈਰੋਇਨ, ਨਾਜਾਇਜ਼ ਸ਼ਰਾਬ ਬਰਾਮਦ ਹੋਈ।

# 'ਆਪ' ਮੰਤਰੀ ਵੱਲੋਂ ਦੋ ਭਾਈਚਾਰਿਆਂ ਖਿਲਾਫ ਟਿੱਪਣੀਆਂ ਦਾ ਮਾਮਲਾ ਭਖਿਆ

**ਜ਼ੀਰਾ:** ਸਾਬਕਾ ਵਿਧਾਇਕ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਰਾਮਗੜ੍ਹੀਆ ਅਤੇ ਸਵਰਨਕਾਰਾਂ ਖ਼ਿਲਾਫ਼ ਬੋਲੇ ਗਏ ਅਪਸ਼ਬਦਾਂ ਦੀ ਨਿੰਦਾ ਕੀਤੀ ਹੈ। ਸ੍ਰੀ ਜ਼ੀਰਾ ਨੇ ਕਿਹਾ ਕਿ ਰਾਮਗੜ੍ਹੀਆ ਭਾਈਚਾਰੇ ਨੇ ਸਿੱਖ ਕੌਮ ਲਈ ਬਹੁਤ ਹੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਮੌਜੂਦਾ ਸਮੇਂ ਵੀ ਰਾਮਗੜ੍ਹੀਆ ਬਰਾਦਰੀ ਵੱਖ-ਵੱਖ ਖੇਤਰਾਂ 'ਚ ਉਚ ਅਹੁਦਿਆਂ 'ਤੇ ਤਾਇਨਾਤ ਹੈ।

ਇਸ ਬਰਾਦਰੀ ਖਿਲਾਫ਼ ਅਜਿਹੀ ਟਿੱਪਣੀ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਸਵਰਨਕਾਰਾਂ ਬਿਨਾਂ ਸਾਡੇ ਸਾਰੇ ਸ਼ਗਨਾਂ ਦੇ ਕੰਮ ਅਧੂਰੇ ਹਨ ਤੇ ਇਹ ਇਕ ਮਿਹਨਤੀ ਕੌਮ ਹੈ। ਕਾਂਗਰਸ ਪਾਰਟੀ ਦੇ ਤਜਰਬੇਕਾਰ ਆਗੂ ਹਰਿਮੰਦਰ ਸਿੰਘ ਗਿੱਲ ਨੂੰ ਨਿਸ਼ਾਨਾ ਬਣਾਉਣ ਲਈ ਇਨ੍ਹਾਂ ਦੋਵਾਂ ਬਰਾਦਰੀਆਂ ਦੇ ਨਾਮ ਹੇਠ ਘਟੀਆ ਸ਼ਬਦਾਵਲੀ ਵਰਤੀ ਗਈ ਹੈ ਜੋ ਅਤੀ ਨਿੰਦਣਯੋਗ ਯੋਗ ਹੈ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿਚ ਮੰਤਰੀ ਨੇ ਅਜਿਹਾ ਕੁਝ ਕਿਹਾ ਹੈ ਜਿਸ ਕਾਰਨ ਰਾਮਗੜ੍ਹੀਏ ਅਤੇ ਸਵਰਨਕਾਰਾਂ ਵਿਚ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਵਿਰੋਧ 'ਚ ਕਈ ਥਾਈਂ ਰੋਸ ਪ੍ਰਦਰਸ਼ਨ ਵੀ ਕੀਤੇ ਗਏ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਉਨ੍ਹਾਂ ਨਾਲ ਡਟ ਕੇ ਖੜ੍ਹੀ ਹੈ।

# ਪੰਜਾਬ ਵਿਚ ਖਰਾਬ ਮੌਸਮ ਨੇ ਕਿਸਾਨਾਂ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਪੰਜਾਬ ਵਿਚ ਬੇਮੌਸਮੇ ਮੀਂਹ ਅਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੇ ਸਾਹ ਸੁੱਕਣੇ ਪਾ ਦਿੱਤੇ ਹਨ। ਮੀਂਹ ਕਰਕੇ ਕਿਸਾਨਾਂ ਨੂੰ ਤਿਆਰ ਖੜ੍ਹੀ ਹਾੜ੍ਹੀ ਦੀ ਫ਼ਸਲ ਪ੍ਰਭਾਵਿਤ ਹੋਣ ਦਾ ਡਰ ਸਤਾ ਰਿਹਾ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਹਾੜ੍ਹੀ ਦੀ ਫਸਲ ਪੱਕ ਕੇ ਤਿਆਰੀ ਹੋ ਚੁੱਕੀ ਹੈ ਅਤੇ ਜ਼ਿਆਦਾਤਰ ਥਾਵਾਂ 'ਤੇ ਕਣਕ ਦੀ ਫ਼ਸਲ ਦੀ ਵਾਢੀ ਵੀ ਸ਼ੁਰੂ ਹੋ ਚੁੱਕੀ ਹੈ। ਇਸ ਸਮੇਂ ਤੇਜ਼ ਹਵਾਵਾਂ ਤੇ ਕਿਣਮਿਣ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਮੀਂਹ ਕਰਕੇ ਅੱਧਾ ਦਰਜਨ ਦੇ ਕਰੀਬ ਜ਼ਿਲ੍ਹਿਆਂ ਵਿਚ ਕਿਸਾਨਾਂ ਦੀ ਫ਼ਸਲ ਮੰਡੀਆਂ ਤੇ ਖੇਤਾਂ ਵਿਚ ਭਿੱਜ ਗਈ। ਮੌਸਮ ਵਿਭਾਗ ਨੇ ਪੰਜਾਬ ਭਰ ਵਿਚ ਹਲਕਾ ਮੀਂਹ ਤੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ।



ਜ਼ਿਕਰਯੋਗ ਹੈ ਕਿ ਪੰਜਾਬ ਵਿਚ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਚੁੱਕੀ ਹੈ, ਜਿੱਥੇ ਕਿਸਾਨਾਂ ਵੱਲੋਂ ਆਪਣੀ-ਆਪਣੀ ਫ਼ਸਲ ਦੀ ਕਟਾਈ ਕੀਤੀ ਜਾ ਰਹੀ ਹੈ। ਇਸ ਦੌਰਾਨ ਕੁਝ ਕਿਸਾਨਾਂ ਵੱਲੋਂ ਆਪਣੀ ਫ਼ਸਲ ਮੰਡੀਆਂ ਵਿਚ ਵੀ ਪਹੁੰਚਾ ਦਿੱਤੀ ਗਈ ਹੈ। ਮੀਂਹ ਕਰਕੇ ਮੰਡੀਆਂ ਵਿਚ ਖੁੱਲ੍ਹੇ ਅਸਮਾਨ ਹੇਠ ਪਈ ਕਿਸਾਨਾਂ ਦੀ ਫ਼ਸਲ ਭਿੱਜ ਗਈ ਹੈ। ਇਸ ਮੀਂਹ ਨਾਲ ਹੀ ਸੂਬਾ ਸਰਕਾਰ ਵੱਲੋਂ ਮੰਡੀਆਂ ਵਿਚ ਕੀਤੇ ਪ੍ਰਬੰਧਾਂ ਦੀ ਪੋਲ ਵੀ ਖੁੱਲ੍ਹ ਗਈ ਹੈ। ਮੰਡੀਆਂ ਵਿਚ ਲੋੜੀਂਦੀਆਂ ਤਰਪਾਲਾਂ ਨਾ ਹੋਣ ਕਰਕੇ ਸ਼ੈੱਡਾਂ ਤੋਂ ਬਾਹਰ ਪਈ ਫ਼ਸਲ ਮੀਂਹ ਦੀ ਲਪੇਟ ਵਿਚ ਆ ਗਈ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਮੌਸਮ ਵਿਚ ਪੱਛਮੀ ਵਿਗਾੜ ਦੇ ਚਲਦਿਆਂ ਪੰਜਾਬ ਵਿਚ ਮੌਸਮ ਬਦਲਿਆ ਹੈ। ਪੰਜਾਬ ਦੇ ਪਟਿਆਲਾ ਸ਼ਹਿਰ ਵਿਚ ਸਭ ਤੋਂ ਵੱਧ 5.4 ਐਮ.ਐਮ ਮੀਂਹ ਪਿਆ। ਰਾਜਧਾਨੀ ਚੰਡੀਗੜ੍ਹ ਵਿਚ ਇਕ ਐਮ.ਐਮ, ਲੁਧਿਆਣਾ ਵਿਚ 1.4 ਐਮ.ਐਮ, ਫਤਹਿਗੜ੍ਹ ਸਾਹਿਬ ਵਿਚ 1.5 ਐਮ.ਐਮ, ਮੁਹਾਲੀ ਵਿਚ 1.5 ਐਮ.ਐਮ, ਨਵਾਂ ਸ਼ਹਿਰ ਵਿਚ 1 ਐਮ.ਐਮ. ਮੀਂਹ ਪਿਆ ਹੈ। ਇਸ ਤੋਂ ਇਲਾਵਾ ਪਠਾਨਕੋਟ, ਫਰੀਦਕੋਟ, ਗੁਰਦਾਸਪੁਰ, ਜਲੰਧਰ ਤੇ ਹੋਰਨਾਂ ਸ਼ਹਿਰਾਂ ਵਿਚ ਹਲਕੀ ਕਿਣਮਿਣ ਹੋਈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 20 ਅਪਰੈਲ, 2024

# ਭਾਜਪਾ ਦੀ ਚੋਣ ਸਿਆਸਤ

ਜਿਉਂ-ਜਿਉਂ ਲੋਕ ਸਭਾ ਚੋਣਾਂ ਲਈ ਮੈਦਾਨ ਭਖ ਰਿਹਾ ਹੈ, ਭਾਰਤੀ ਜਨਤਾ ਪਾਰਟੀ ਲਈ ਮੁਸ਼ਕਲ ਹਾਲਾਤ ਬਣ ਰਹੇ ਹਨ। ਪਿਛਲੇ ਇਕ ਹਫਤੇ ਦੀਆਂ ਖਬਰਾਂ ਨੇ ਇਸ ਪਾਰਟੀ ਦੀ ਨੀਂਦ ਉਡਾ ਦਿੱਤੀ ਹੈ। ਐਤਕੀਂ ਇਸ ਨੇ ਖੁਦ 370 ਅਤੇ ਐਨ.ਡੀ.ਏ. ਵੱਲੋਂ 400 ਤੋਂ ਉਪਰ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਹੋਇਆ ਹੈ ਪਰ ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਮਾਰ ਨੇ ਇਸ ਦੀ ਸਿਆਸੀ ਗਿਣਤੀ-ਮਿਣਤੀ ਇਕ ਵਾਰ ਤਾਂ ਵਿਗਾੜ ਹੀ ਦਿੱਤੀ ਹੈ। ਸਿਆਸੀ ਮਾਹਿਰ ਇਨ੍ਹਾਂ ਚੋਣਾਂ ਦਾ ਮੁਕਾਬਲਾ 2004 ਵਾਲੀਆਂ ਲੋਕ ਸਭਾ ਚੋਣਾਂ ਨਾਲ ਵੀ ਕਰਨ ਲੱਗੇ ਹਨ। ਉਦੋਂ ਮੁਲਕ ਵਿਚ ਅਟਲ ਬਿਹਾਈ ਵਾਜਪਾਈ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਸੀ ਅਤੇ ਉਦੋਂ ਭਾਰਤੀ ਜਨਤਾ ਪਾਰਟੀ ਆਪਣੀ ਜਿੱਤ ਲਈ ਪੂਰੀ ਤਰ੍ਹਾਂ ਆਸਵੰਦ ਸੀ। ਇਸੇ ਕਰ ਕੇ ਉਦੋਂ ਪਾਰਟੀ ਨੇ ਸਮੇਂ ਤੋਂ ਕੁਝ ਸਮਾਂ ਪਹਿਲਾਂ ਹੀ ਲੋਕ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਸੀ। ਨਾਲ ਹੀ ਪਾਰਟੀ ਨੇ 'ਭਾਰਤ ਉਦੈ' (ਸ਼ਾਈਨਿੰਗ ਇੰਡੀਆ)ਦਾ ਨਾਅਰਾ ਦਿੱਤਾ ਅਤੇ ਇਸ ਮੁਹਿੰਮ 'ਤੇ ਕਰੋੜਾਂ ਰੁਪਏ ਖਰਚੇ ਪਰ ਉਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਹਾਰ ਗਈ। ਹੁਣ ਵੀ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਦੀ ਚੜ੍ਹਤ ਦੇ ਨਾਅਰੇ ਮਾਰ ਰਹੇ ਹਨ ਅਤੇ ਅਗਲੇ ਸਾਲਾਂ ਦੌਰਾਨ ਭਾਰਤ ਨੂੰ ਚੋਟੀ 'ਤੇ ਪਹੁੰਚਾਉਣ ਦਾ ਪ੍ਰਚਾਰ ਵੀ ਜ਼ੋਰ-ਸ਼ੋਰ ਨਾਲ ਕਰ ਰਹੇ ਹਨ। ਭਾਰਤੀ ਜਨਤਾ ਪਾਰਟੀ ਦਾ ਜਿਹੜਾ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਹੈ, ਉਸ ਨੂੰ 'ਮੋਦੀ ਦੀ ਗਾਰੰਟੀ' ਵਜੋਂ ਪ੍ਰਚਾਰਿਆ ਜਾ ਰਿਹਾ ਹੈ ਪਰ ਪਿਛਲੇ ਸਮੇਂ ਦੌਰਾਨ ਕੁਝ ਅਜਿਹੇ ਮਸਲੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਸਿਆਸੀ ਤੌਰ 'ਤੇ ਭਾਰਤੀ ਜਨਤਾ ਪਾਰਟੀ ਦਾ ਨੁਕਸਾਨ ਕੀਤਾ ਹੈ। ਸਿਆਸੀ ਪਾਰਟੀਆਂ ਨੂੰ ਫੰਡਿੰਗ ਵਾਲੇ ਮਾਮਲੇ ਬਾਰੇ ਸੁਪਰੀਮ ਕੋਰਟ ਦੇ ਦਖਲ ਨਾਲ ਭਾਰਤੀ ਜਨਤਾ ਪਾਰਟੀ ਦੀ ਚੋਰੀ ਫੜੀ ਗਈ ਹੈ ਅਤੇ ਆਮ ਲੋਕਾਂ ਤੱਕ ਇਹ ਗੱਲ ਪਹੁੰਚ ਗਈ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਕੇਂਦਰ ਸਰਕਾਰ ਕਿਸ ਤਰ੍ਹਾਂ ਚੰਮ ਦੀਆਂ ਚਲਾ ਰਹੀਆਂ ਹਨ।

ਹੁਣ ਹਜੂਮੀ ਹੱਤਿਆਵਾਂ ਦੇ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਫਿਰ ਕਸੂਤੀ ਫਸ ਗਈ ਹੈ। ਸੁਪਰੀਮ ਕੋਰਟ ਨੇ ਹਜੂਮੀ ਕਤਲਾਂ ਅਤੇ ਕਥਿਤ ਗਊ ਰੱਖਿਅਕਾਂ ਨਾਲ ਜੁੜੀਆਂ ਘਟਨਾਵਾਂ ਦੇ ਸਬੰਧ ਵਿਚ ਵੱਖ-ਵੱਖ ਰਾਜਾਂ ਤੋਂ ਹੁਣ ਤੱਕ ਕੀਤੀ ਕਾਰਵਾਈ ਬਾਰੇ ਜਵਾਬ ਛੇ ਹਫ਼ਤਿਆਂ ਦੇ ਵਿਚ-ਵਿਚ ਮੰਗ ਲਿਆ ਹੈ। ਚੋਣ ਬਾਂਡ ਵਾਲੇ ਮਾਮਲੇ 'ਤੇ ਵੀ ਅਜਿਹਾ ਹੀ ਵਾਪਰਿਆ ਸੀ। ਚੋਣ ਬਾਂਡਾਂ ਬਾਰੇ ਤੱਥ ਨਾ ਸਰਕਾਰ ਅਤੇ ਨਾ ਹੀ ਭਾਰਤੀ ਸਟੇਟ ਬੈਂਕ ਨਸ਼ਰ ਕਰਨ ਦੇ ਹੱਕ ਵਿਚ ਸੀ। ਇਨ੍ਹਾਂ ਨੇ ਇਹ ਤੱਥ ਲੁਕੋਣ ਦੇ ਬਹੁਤ ਯਤਨ ਕੀਤੇ ਪਰ ਅਦਾਲਤ ਦੇ ਦਖਲ ਕਾਰਨ ਚੋਣ ਕਮਿਸ਼ਨ ਨੂੰ ਇਹ ਵੇਰਵੇ ਨਸ਼ਰ ਕਰਨੇ ਪਏ ਅਤੇ ਜਦੋਂ ਇਹ ਵੇਰਵੇ ਨਸ਼ਰ ਹੋਏ ਤਾਂ ਭਾਰਤੀ ਜਨਤਾ ਪਾਰਟੀ ਦੀ ਬੁਰਛਾਗਰਦੀ ਸਾਹਮਣੇ ਆ ਗਈ। ਹੁਣ ਸੁਪਰੀਮ ਕੋਰਟ ਦੇ ਬੈਂਚ ਨੇ ਮਹਿਲਾਵਾਂ ਦੀ ਇਕ ਜਥੇਬੰਦੀ ਵੱਲੋਂ ਦਾਇਰ ਅਪੀਲ 'ਤੇ ਸੁਣਵਾਈ ਕਰਦਿਆਂ ਹਜੂਮੀ ਹੱਤਿਆਵਾਂ ਬਾਰੇ ਜਵਾਬ ਤਲਬ ਕੀਤਾ ਹੈ। ਸੁਪਰੀਮ ਕੋਰਟ ਨੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਨਾਲ ਸਬੰਧਿਤ ਜਥੇਬੰਦੀ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵਿਮੈੱਨ (ਐਨ.ਐਫ.ਆਈ.ਡਬਲਿਊ.) ਵੱਲੋਂ ਦਾਇਰ ਪਟੀਸ਼ਨ 'ਤੇ ਪਿਛਲੇ ਸਾਲ ਕੇਂਦਰ ਸਰਕਾਰ ਅਤੇ ਮਹਾਰਾਸ਼ਟਰ, ਉੜੀਸਾ, ਬਿਹਾਰ, ਮੱਧ ਪ੍ਰਦੇਸ਼ ਤੇ ਹਰਿਆਣਾ ਦੇ ਪੁਲਿਸ ਮੁਖੀਆਂ ਨੂੰ ਨੋਟਿਸ ਜਾਰੀ ਕਰਦਿਆਂ ਜਵਾਬ ਮੰਗੇ ਸਨ।

ਅਜਿਹੇ ਕੁਝ ਫੈਸਲਿਆਂ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਮੁੱਦੇ ਆਪ-ਮੁਹਾਰੇ ਉਠਣ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਕਿਹਾ ਜਾ ਰਿਹਾ ਹੈ ਕਿ ਸੋਮਵਾਰ ਨੂੰ ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਵੱਲੋਂ ਮੁਕਾਬਲੇ ਵਿਚ 29 ਨਕਸਲੀਆਂ ਨੂੰ ਮਾਰਨ ਦਾ ਜਿਹੜਾ ਦਾਅਵਾ ਕੀਤਾ ਗਿਆ ਹੈ, ਉਹ ਲੋਕਾਂ ਦਾ ਧਿਆਨ ਚੋਣ ਮੁੱਦਿਆਂ ਤੋਂ ਲਾਂਭੇ ਕਰਨ ਲਈ ਕੀਤਾ ਜਾ ਰਿਹਾ ਹੈ। ਸਿਆਸੀ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਲੋਕਾਂ ਦਾਧਿਆਨ ਹੋਰ ਪਾਸੇ ਭਟਕਾਉਣ ਲਈ ਅਜਿਹੇ ਹੋਰ ਕਾਰੇ ਵੀ ਅੰਜਾਮ ਦੇ ਸਕਦੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਪਿਛਲੇ ਕਾਫੀ ਦਿਨਾਂ ਤੋਂ ਆਪਣੇ ਭਾਸ਼ਣਾਂ ਵਿਚ ਵਾਰ-ਵਾਰ ਚਰਚਾ ਕਰ ਰਹੇ ਹਨ ਕਿ ਮੋਦੀ ਸਰਕਾਰ ਨੇ ਮੁਲਕ ਵਿਚੋਂ ਨਕਸਲੀਆਂ ਦਾ ਸਫਾਇਆ ਕਰ ਦਿੱਤਾ ਹੈ; ਬੱਸ ਹੁਣ ਕੁਝ ਕੁ ਇਲਾਕਿਆਂ ਵਿਚ ਹੀ ਇਨ੍ਹਾਂ ਦੀ ਹੋਂਦ ਬਾਕੀ ਰਹਿ ਗਈ ਹੈ, ਉਹ ਵੀ ਮਿਟਾ ਦਿੱਤੀ ਜਾਵੇਗੀ। ਹੁਣ ਪੁਲਿਸ ਅਫਸਰ ਦਾਅਵੇ ਕਰ ਰਹੇ ਹਨ ਕਿ ਬੀ.ਐੱਸ.ਐੱਫ. ਅਤੇ ਜ਼ਿਲ੍ਹਾ ਰਿਜ਼ਰਵ ਗਾਰਡ ਦੀ ਸਾਂਝੀ ਟੀਮ ਨੇ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੀ ਉੱਤਰੀ ਬਸਤਰ ਡਿਵੀਜ਼ਨ ਦੇ ਸੀਨੀਅਰ ਆਗੂਆਂ ਸ਼ੰਕਰ, ਲਲਿਤਾ, ਰਾਜੂ ਅਤੇ ਹੋਰਾਂ ਦੀ ਇਸ ਖੇਤਰ ਵਿਚ ਮੌਜੂਦਗੀ ਦਾ ਪਤਾ ਚੱਲਣ ਮਗਰੋਂ ਅਪਰੇਸ਼ਨ ਸ਼ੁਰੂ ਕੀਤਾ ਅਤੇ ਇਲਾਕੇ ਵਿਚ ਗਸ਼ਤ ਦੌਰਾਨ ਸਖ਼ਤ ਮੁਕਾਬਲਾ ਹੋਇਆ ਜਿਸ ਵਿਚ ਘਟਨਾ ਵਾਲੀ ਥਾਂ ਤੋਂ 29 ਮਾਓਵਾਦੀਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿਚ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ ਕਰਨ ਦਾ ਦਾਅਵਾ ਵੀ ਕੀਤਾ ਗਿਆ ਹੈ। ਚੇਤੇ ਰਹੇ ਕਿ ਨਕਸਲ ਪ੍ਰਭਾਵਿਤ ਬਸਤਰ ਲੋਕ ਸਭਾ ਹਲਕੇ ਵਿਚ ਪਹਿਲੇ ਗੇੜ ਦੀਆਂ ਵੋਟਾਂ 19 ਅਪਰੈਲ ਪਈਆਂ ਹਨ ਅਤੇ ਕਾਂਕੇਰ ਜੋ ਬਸਤਰ ਖੇਤਰ ਦਾ ਹੀ ਹਿੱਸਾ ਹੈ, ਵਿਚ ਦੂਜੇ ਗੇੜ ਤਹਿਤ ਵੋਟਾਂ 26 ਅਪਰੈਲ ਨੂੰ ਪੈਣੀਆਂ ਹਨ। 2019 ਵਾਲੀਆਂ ਲੋਕ ਸਭਾ ਚੋਣਾਂ ਵੇਲੇ ਵੀ ਮੋਦੀ ਸਰਕਾਰ ਨੇ ਪੁਲਵਾਮਾ ਵਾਲੀ ਘਟਨਾ ਨੂੰ ਉਭਾਰ ਕੇ ਲੋਕਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਜ਼ੋਰ ਮਾਰਿਆ ਸੀ। ਹੁਣ ਵੀ ਇਹ ਧਿਰ ਇਸੇ ਨੀਤੀ ਉਤੇ ਚੱਲ ਰਹੀ ਹੈ ਅਤੇ ਆਮ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਕਰ ਰਹੀ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਚੋਣਾਂ ਜਿੱਤਣ ਲਈ ਹਰ ਹੀਲਾ-ਵਸੀਲਾ ਕਰ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਆਮ ਚੋਣਾਂ ਦਾ ਅਰਥ

ਸੱਤਾਧਾਰੀਆਂ ਦੇ ਕਾਰੇ ਮਨਮਰਜ਼ੀ ਦੇ ਹੁੰਦੇ ਵੋਟਰ ਵਿਚਾਰੇ ਵਰ੍ਹਿਆਂ ਤੋਂ ਆਏ ਸਹਿੰਦੇ ਨੇ।
'ਭੰਡੀ ਪ੍ਰਚਾਰ' ਜਿਹਦਾ ਕਰ ਕਰ ਜਿੱਤ ਜਾਂਦੇ ਜਿੱਤੇ ਹੋਏ ਉਹਦੇ ਹੀ ਬਨੇਰੇ ਜਾ ਕੇ ਬਹਿੰਦੇ ਨੇ।
ਇੱਕੋ ਥਾ਼ਲੀ ਵਿੱਚ ਉਂਜ 'ਕੱਠੇ ਬੈਠੇ ਖਾਂਦੇ ਪੀਂਦੇ ਜਨਤਾ ਦੇ ਸਾਹਵੇਂ ਇੱਕ-ਦੂਜੇ ਨਾ਼ਲ਼ ਖਹਿੰਦੇ ਨੇ।
ਡੱਡੂਆਂ ਦੇ ਵਾਂਗ ਜੋ ਟਪੂਸੀਆਂ ਨੇ ਮਾਰੀ ਜਾਂਦੇ ਹੋ ਕੇ ਬੇ-ਯਕੀਨੇ ਲੋਕ-ਮਨਾਂ ਵਿੱਚੋਂ ਲਹਿੰਦੇ ਨੇ।
ਭੁੱਲ ਕੀਤੀ ਪੋਲੇ ਜਿਹੇ ਮੂੰਹ ਦੇ ਨਾ਼ਲ਼ ਆਖ ਦਿੰਦੇ 'ਲੋਕ-ਰੋਹ' ਦੇ ਮਾਰੇ ਜਦੋਂ ਬੁਰੀ ਤਰ੍ਹਾਂ ਢਹਿੰਦੇ ਨੇ।
ਗ਼ਲੇ-ਸੜੇ 'ਆਮ' ਪਏ ਹੋਣ ਇੱਕ ਟੋਕਰੀ 'ਚ 'ਚੰਗਾ ਜ਼ਰਾ' ਚੁਣਨੇ ਨੂੰ 'ਆਮ ਚੋਣ' ਕਹਿੰਦੇ ਨੇ!

# ਭਾਜਪਾ ਦੀ ਚੋਣ ਨੀਤੀ ਅਤੇ ਕਿਸਾਨਾਂ ਦਾ ਸੰਘਰਸ਼

**ਦਸ ਸਾਲਾਂ ਤੋਂ ਸੱਤਾ 'ਤੇ ਕਾਬਜ਼ ਭਾਜਪਾ ਇਹ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜਨ ਦੀ ਬਜਾਇ ਧਰਮ, ਜਾਤ, ਫੋਕੇ ਨਾਅਰਿਆਂ ਉਤੇ ਲੜ ਰਹੀ ਹੈ। ਜੇਕਰ ਦਹਾਕਾ ਭਰ ਸੱਤਾ ਵਿਚ ਰਹਿਣ ਵਾਲੀ ਇਹ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿਚ ਅਗਲੇ ਪੰਜ ਸਾਲਾਂ ਲਈ ਮੁਫਤ ਰਾਸ਼ਨ, ਪਾਣੀ, ਗੈਸ ਕੁਨੈਕਸ਼ਨ, ਪੀ.ਐੱਮ. ਸੂਰਿਆ ਯੋਜਨਾ ਰਾਹੀਂ ਜ਼ੀਰੋ ਬਿਜਲੀ ਬਿੱਲ ਦਾ ਵਾਅਦਾ ਕਰ ਰਹੀ ਹੈ ਤਾਂ ਸਵਾਲ ਉਠਣਾ ਚਾਹੀਦਾ ਹੈ ਕਿ ਕੀ ਉਹ ਦੇਸ਼ ਦੇ ਲੋਕਾਂ ਨੂੰ ਆਤਮਨਿਰਭਰ ਬਨਾਉਣ ਦੀ ਬਜਾਏ ਮੁਫਤ ਵਾਲੀ ਲਾਈਨ ਵਿਚ ਹੀ ਰੱਖਣਾ ਚਾਹੁੰਦੀ ਹੈ?**

ਭਾਰਤ ਵਿਚ ਲੋਕ ਸਭਾ ਚੋਣਾਂ ਦਾ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਜਿੱਥੇ ਕਿਤੇ ਵੀ ਚਾਰ ਵਿਅਕਤੀ ਜੁੜਦੇ ਹਨ, ਉੱਥੇ ਵੋਟਾਂ ਦੀ ਚਰਚਾ ਚੱਲ ਰਹੀ ਹੁੰਦੀ ਹੈ। ਸੱਤ ਗੇੜਾਂ ਵਿਚ ਪੈਣ ਵਾਲੀਆਂ ਵੋਟਾਂ ਦਾ ਪਹਿਲਾ ਗੇੜ ਇਸੇ ਹਫਤੇ ਮੁਕੰਮਲ ਕਰ ਲਿਆ ਜਾਵੇਗਾ। ਭਾਜਪਾ ਵੱਲੋਂ ਚੋਣਾਂ ਜਿੱਤਣ ਲਈ ਅਪਣਾਏ ਜਾ ਰਹੇ ਹੱਥਕੰਡੇ ਜਿੱਥੇ ਜਮਹੂਰੀਅਤ 'ਤੇ ਸਵਾਲ ਖੜ੍ਹਾ ਕਰ ਰਹੇ ਹਨ, ਉੱਥੇ ਹੀ ਇਹਨਾਂ ਦੇ ਭਵਿੱਖ ਦੇ ਮਨਸ਼ੇ ਵੀ ਉਜਾਗਰ ਕਰ ਰਹੇ ਹਨ। ਇਸੇ ਕਰ ਕੇ ਦੇਸ਼ ਦੇ ਬੁੱਧੀਜੀਵੀਆਂ ਦਾ ਵੱਡਾ ਹਿੱਸਾ ਇਹਨਾਂ ਚੋਣਾਂ ਨੂੰ ਹੁਣ ਤੱਕ ਹੋਈਆਂ ਚੋਣਾਂ ਨਾਲੋਂ ਵੱਖਰੀਆਂ ਦੱਸਦਿਆਂ ਸੰਵਿਧਾਨ ਤੇ ਲੋਕਤੰਤਰ ਬਚਾਉਣ ਦੀ ਦੁਹਾਈ ਦੇ ਰਿਹਾ ਹੈ।



ਪਿਛਲੇ 10 ਸਾਲਾਂ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਭਾਜਪਾ ਇਹ ਚੋਣਾਂ ਕਿਸੇ ਵਿਕਾਸ ਦੇ ਮੁੱਦੇ 'ਤੇ ਲੜਨ ਦੀ ਬਜਾਇ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਧਰਮ, ਜਾਤ, ਫੋਕੇ ਨਾਅਰਿਆਂ ਉੱਤੇ ਲੜ ਰਹੀ ਹੈ। ਜੇਕਰ ਦਹਾਕਾ ਭਰ ਸੱਤਾ ਵਿਚ ਰਹਿਣ ਵਾਲੀ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿਚ ਅਗਲੇ ਪੰਜ ਸਾਲਾਂ ਲਈ ਮੁਫਤ ਰਾਸ਼ਨ, ਪਾਣੀ, ਗੈਸ ਕੁਨੈਕਸ਼ਨ, ਪੀ.ਐੱਮ. ਸੂਰਿਆ ਯੋਜਨਾ ਰਾਹੀਂ ਜ਼ੀਰੋ ਬਿਜਲੀ ਬਿੱਲ ਦਾ ਵਾਅਦਾ ਕਰ ਰਹੀ ਹੈ ਤਾਂ ਸਵਾਲ ਉੱਠਣਾ ਚਾਹੀਦਾ ਹੈ: ਕੀ ਉਹ ਦੇਸ਼ ਦੇ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਦੀ ਬਜਾਇ ਮੁਫਤ ਵਾਲੀ ਲਾਈਨ ਵਿਚ ਹੀ ਰੱਖਣਾ ਚਾਹੁੰਦੀ ਹੈ। ਦਰਅਸਲ ਭਾਜਪਾ ਵੱਲੋਂ ਇਸ ਵਾਰ ਚੋਣ ਮੈਨੀਫੈਸਟੋ ਨੂੰ ਵੀ 'ਮੋਦੀ ਦੇ ਗਾਰੰਟੀ ਸੰਕਲਪ ਪੱਤਰ' ਕਿਹਾ ਗਿਆ ਹੈ; ਮਤਲਬ ਸਾਫ ਹੈ ਮੋਦੀ-ਸ਼ਾਹ ਜੋੜੀ ਨੇ ਪਿਛਲੇ 10 ਸਾਲਾਂ ਵਿਚ ਭਾਜਪਾ ਨੂੰ ਸਿਰਫ ਇਕੋ ਵਿਅਕਤੀ 'ਤੇ ਕੇਂਦਰਿਤ ਪਾਰਟੀ ਬਣਾ ਦਿੱਤਾ ਹੈ।

'ਮੋਦੀ ਦੇ ਗਾਰੰਟੀ ਸੰਕਲਪ ਪੱਤਰ' ਵਿਚ ਕਈ ਬੇਤੁਕੇ ਵਾਅਦਿਆਂ ਨੂੰ ਉਭਾਰਿਆ ਗਿਆ ਹੈ; ਜਿਵੇਂ ਕਿਹਾ ਗਿਆ ਹੈ ਕਿ ਭਾਰਤ 2036 ਵਿਚ ਓਲੰਪਿਕ ਦੀ ਮੇਜ਼ਬਾਨੀ ਕਰੇਗਾ। ਇਹ ਕਿਸ ਤਰ੍ਹਾਂ ਦੀ ਗਾਰੰਟੀ ਹੋਈ, ਸਾਡੇ ਲਈ ਓਲੰਪਿਕ ਦੀ ਮੇਜ਼ਬਾਨੀ ਕਰਨੀ ਜ਼ਿਆਦਾ ਅਹਿਮ ਹੈ ਜਾਂ ਓਲੰਪਿਕ ਵਿਚੋਂ ਮੈਡਲ ਜਿੱਤਣੇ ਅਹਿਮ ਹਨ। ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਐਲਾਨ ਹੁੰਦਾ ਤਾਂ ਵਾਜਬ ਕਿਹਾ ਜਾ ਸਕਦਾ ਸੀ ਪਰ ਇਸ ਤਰ੍ਹਾਂ ਦੇ ਦਾਅਵੇ ਪਿਛਲੇ ਜੁਮਲਿਆਂ ਵਰਗੇ ਹਨ। ਜਦ ਇਹ ਚੋਣਾਂ 2029 ਤੱਕ ਦੀ ਸਰਕਾਰ ਚੁਣਨ ਲਈ ਹਨ ਤਾਂ 2036 ਦਾ ਜ਼ਿਕਰ ਕਰਨ ਦਾ ਕੀ ਮਤਲਬ ਰਹਿ ਜਾਂਦਾ ਹੈ।

ਚੋਣਾਂ ਦੌਰਾਨ ਵਿਰੋਧੀ ਧਿਰਾਂ ਦੇ ਆਗੂਆਂ ਦੀ ਫੜ-ਫੜਾਈ ਲਈ ਕੇਂਦਰੀ ਏਜੰਸੀਆਂ ਵੱਲੋਂ ਜਿਸ ਤਰ੍ਹਾਂ ਦੇਸ਼ ਵਿਚ ਮੁਹਿੰਮ ਚਲਾ ਜਾ ਰਹੀ ਹੈ, ਉਹ ਸਵਾਲ ਖੜ੍ਹੇ ਕਰਨ ਵਾਲੀ ਹੈ। ਭਾਜਪਾ ਕਹਿਣ ਨੂੰ ਦੁਨੀਆ ਦੀ ਸਭ ਤੋਂ ਵੱਧ ਮੈਂਬਰਸ਼ਿਪ ਵਾਲੀ ਵਿਚਾਰਧਾਰਕ ਪਾਰਟੀ ਅਖਵਾਉਂਦੀ ਹੈ ਪਰ ਹੁਣ ਟਿਕਟਾਂ ਦੀ ਵੰਡ ਦੌਰਾਨ ਆਪਣੇ ਕਾਡਰ ਨੂੰ ਅੱਖੋਂ-ਪਰੋਖੇ ਕਰ ਕੇ ਕਾਂਗਰਸ ਸਮੇਤ ਸਾਰੀਆਂ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਭਾਜਪਾ ਦੀਆਂ ਟਿਕਟਾਂ ਵੰਡੀਆਂ ਜਾ ਰਹੀਆਂ ਹਨ। ਅਸਲ ਵਿਚ ਭਾਜਪਾ ਵੱਲੋਂ ਲਿਆਂਦੀ ਗਈ 'ਚੋਣ ਬਾਂਡ' ਯੋਜਨਾਂ ਰਾਹੀਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਤੋਂ ਇਕੱਠੀ ਕੀਤੀ ਪੂੰਜੀ ਨੇ ਭਾਜਪਾ ਦਾ ਚਿਹਰਾ ਬੇਪਰਦ ਕਰ ਦਿੱਤਾ ਹੈ ਪਰ ਘਪਲੇ ਦੀ ਉਸ ਗੂੰਜ ਨੂੰ ਦਬਾਉਣ ਲਈ ਕੇਂਦਰ ਸਰਕਾਰ ਵੱਲੋਂ ਈ.ਡੀ./ਸੀ.ਬੀ.ਆਈ. ਵਰਗੀਆਂ ਏਜੰਸੀਆਂ ਵਿਰੋਧੀ ਧਿਰਾਂ ਦੇ ਲੀਡਰਾਂ ਪਿੱਛੇ ਪਾ ਰੱਖੀਆਂ ਹਨ। ਪਹਿਲਾਂ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਤੇ ਫਿਰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਇਸੇ ਲੜੀ ਦਾ ਹਿੱਸਾ ਹੈ।

ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਭਾਜਪਾ ਨੇ ਅਜਿਹੀ ਵਾਸ਼ਿੰਗ ਮਸ਼ੀਨ ਲਗਾ ਰੱਖੀ ਹੈ ਜਿਸ ਵਿਚੋਂ ਦੀ ਵਿਰੋਧੀ ਧਿਰਾਂ ਦੇ 'ਭ੍ਰਿਸ਼ਟ ਤੋਂ ਭ੍ਰਿਸ਼ਟ' ਲੀਡਰ ਦੁੱਧ ਧੋਤੇ ਬਣ ਰਹੇ ਹਨ। ਇੱਕ ਰਿਪੋਰਟ ਅਨੁਸਾਰ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਮੋਦੀ ਸਰਕਾਰ ਦੀ ਅਗਵਾਈ ਹੇਠ ਈ.ਡੀ. ਨੇ ਸਤੰਬਰ 2022



ਤੱਕ 121 ਆਗੂਆਂ ਨੂੰ ਆਪਣੀ ਜਾਂਚ ਦੇ ਦਾਇਰੇ ਵਿਚ ਲਿਆਂਦਾ ਸੀ, ਇਨ੍ਹਾਂ ਵਿਚੋਂ 115 ਵਿਰੋਧੀ ਪਾਰਟੀਆਂ ਨਾਲ ਸਬੰਧਿਤ ਸਨ। ਹਕੀਕਤ ਇਹ ਹੈ ਕਿ ਕੇਂਦਰੀ ਏਜੰਸੀਆਂ ਨੇ ਜਿਨ੍ਹਾਂ ਖਿਲਾਫ ਕਾਰਵਾਈ ਵਿੱਢੀ, ਉਹਨਾਂ ਵਿਚੋਂ ਕੁੱਝ ਨੇ ਚੋਣ ਬਾਂਡ ਰਾਹੀਂ ਭਾਜਪਾ ਨੂੰ ਫੰਡ ਦਿੱਤਾ, ਕੁਝ ਭਾਜਪਾ ਵਿਚ ਹੀ ਸ਼ਾਮਲ ਹੋ ਗਏ ਤੇ ਜਿਨ੍ਹਾਂ ਨੇ ਇਹ ਦੋਵੇਂ ਕੰਮ ਹੀ ਨਾ ਕੀਤੇ, ਉਹਨਾਂ ਮਹਿਜ਼ ਗਿਣਤੀ ਦੇ ਲੀਡਰਾਂ ਨੂੰ ਜੇਲ੍ਹ ਜਾਣਾ ਪਿਆ ਹੈ।

ਕੀ ਭਾਜਪਾ ਦਾ ਕੋਈ ਆਗੂ ਦੱਸ ਸਕਦਾ ਹੈ ਕਿ ਅਜੀਤ ਪਵਾਰ, ਪ੍ਰਫੁੱਲ ਪਟੇਲ, ਅਸ਼ੋਕ ਚਵਾਨ, ਹਿੰਮਤ ਬਿਸਵਾ ਸਰਮਾ, ਸੁਭੇਂਦੂ ਅਧਿਕਾਰੀ, ਪ੍ਰਤਾਪ ਸਰਨਾਈਕ, ਹਸਨ ਮੁਸ਼ਰੀਫ, ਭਾਵਨਾ ਗਵਲੀ, ਜਨਾਰਧਨ ਰੈਡੀ, ਕੈਪਟਨ ਅਮਰਿੰਦਰ ਸਿੰਘ, ਰਵਨੀਤ ਬਿੱਟੂ, ਸੁਨੀਲ ਜਾਖੜ ਵਰਗੇ ਲੀਡਰ ਭਾਜਪਾ ਨੇ ਨੇੜੇ ਕਿਉਂ ਲਗਾਏ ਜਦਕਿ ਇਹਨਾਂ ਖਿਲਾਫ ਭਾਜਪਾ ਖੁੱਲ੍ਹ ਕੇ ਬੋਲਦੀ ਰਹੀ ਹੈ। ਪੰਜਾਬ ਵਿਚ ਭਾਜਪਾ ਨੇ ਦੋ ਕਾਂਗਰਸੀ ਸੰਸਦ ਮੈਂਬਰਾਂ ਰਵਨੀਤ ਬਿੱਟੂ ਅਤੇ ਪ੍ਰਨੀਤ ਕੌਰ ਨੂੰ ਟਿਕਟ ਦਿੱਤੀ ਹੈ; ਜਲੰਧਰ ਤੋਂ 'ਆਪ' ਦੇ ਉਸ ਸੰਸਦ ਮੈਂਬਰ ਨੂੰ ਟਿਕਟ ਦਿੱਤੀ ਹੈ ਜੋ ਪਿਛਲੇ ਦੋ ਸਾਲ ਵਿਚ ਤੀਸਰੀ ਪਾਰਟੀ ਵੱਲੋਂ ਚੋਣ ਲੜ ਰਿਹਾ ਹੈ। ਪੰਜਾਬ ਵਿਚ ਭਾਜਪਾ ਦੀ ਸੂਬਾਈ ਇਕਾਈ ਦੀ ਮੀਟਿੰਗ ਦੌਰਾਨ ਇਸ ਕਦਰ ਭੁਲੇਖਾ ਖੜ੍ਹ ਹੁੰਦਾ ਹੈ ਜਿਵੇਂ ਇਹ ਮੀਟਿੰਗ ਭਾਜਪਾ ਦੀ ਬਜਾਇ ਕਾਂਗਰਸ ਦੀ ਹੋਵੇ।

ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਵੀ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਸ ਵਾਰ ਐੱਨ.ਡੀ.ਏ. 400 ਤੋਂ ਵੱਧ ਜਦਕਿ ਇਕੱਲੀ ਭਾਜਪਾ 370 ਸੀਟਾਂ ਜਿੱਤੇਗੀ। ਮੋਦੀ ਜੀ ਵੱਲੋਂ 370 ਦੇ ਅੰਕੜੇ ਦਾ ਜ਼ਿਕਰ ਸ਼ਾਇਦ ਜੰਮੂ ਕਸ਼ਮੀਰ ਵਿਚੋਂ ਹਟਾਈ ਗਈ ਧਾਰਾ 370 ਨਾਲ ਜੋੜ ਕੇ ਕੀਤਾ ਗਿਆ ਹੈ। ਉਂਝ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 303 ਸੀਟਾਂ ਜਿੱਤੀਆਂ ਸਨ ਪਰ ਇਸ ਵਾਰ ਉਸ ਤੋਂ ਅੱਗੇ ਨਿੱਕਲਣਾ ਭਾਜਪਾ ਲਈ ਔਖਾ ਜਾਪ ਰਿਹਾ ਹੈ। ਭਾਜਪਾ ਵੱਲੋਂ 370 ਸੀਟਾਂ ਜਿੱਤਣ ਦੇ ਦਾਅਵੇ ਤੱਥਾਂ ਨਾਲ ਮੇਲ ਨਹੀਂ ਖਾਂਦੇ ਹਨ। ਹਿੰਦੀ ਭਾਸ਼ਾਈ ਰਾਜਾਂ ਵਿਚ ਭਾਜਪਾ ਦਾ ਫਿਰਕੂ ਪੱਤਾ ਪਿਛਲੀਆਂ ਚੋਣਾਂ ਵਿਚ ਜ਼ਰੂਰ ਚੱਲਿਆ ਸੀ ਪਰ ਇਸ ਵਾਰ ਜ਼ਰੂਰੀ ਨਹੀਂ ਹੈ ਕਿ ਲੋਕ ਉਸੇ ਤਰ੍ਹਾਂ ਵੋਟ ਪਾਉਣ। ਭਾਰਤ ਬਹੁਕੌਮੀ, ਬਹੁ-ਭਾਸ਼ਾਈ ਮੁਲਕ ਹੈ ਤੇ ਇਸ ਦੇ ਦੱਖਣੀ ਵਿਚਲੇ ਪੰਜ ਰਾਜਾਂ ਤਿਲੰਗਾਨਾ, ਕਰਨਾਟਕ, ਤਾਮਿਲਨਾਡੂ, ਕੇਰਲ, ਆਂਧਰਾ ਪ੍ਰਦੇਸ਼ ਤੇ ਤਿੰਨ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਪੁੱਡੂਚੇਰੀ, ਲਕਸ਼ਦੀਪ ਤੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ 132 ਸੀਟਾਂ ਲੋਕ ਸਭਾ ਸੀਟਾਂ ਆਉਂਦੀਆਂ ਹਨ ਜਿਨ੍ਹਾਂ ਉੱਪਰ ਭਾਜਪਾ ਦੀ ਸਥਿਤੀ ਕੋਈ ਬਹੁਤੀ ਸੁਖਾਵੀਂ ਨਜ਼ਰ ਨਹੀਂ ਆ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਇਨ੍ਹਾਂ 132 ਸੀਟਾਂ ਵਿਚੋਂ 30 ਸੀਟਾਂ ਜਿੱਤ ਗਈ ਸੀ ਜਿਨ੍ਹਾਂ ਵਿਚੋਂ ਮੁੱਖ ਰੂਪ ਵਿਚ ਕਰਨਾਟਕ ਦੀਆਂ ਸੀਟਾਂ ਹੀ ਸਨ। ਉਂਝ, ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਹੋਈਆਂ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਹਾਰੀ ਹੈ ਜਿਸ ਕਰ ਕੇ ਕਿਹਾ ਜਾ ਸਕਦਾ ਹੈ ਕਿ ਦੱਖਣੀ ਭਾਰਤ ਵਿਚ ਭਾਜਪਾ ਦੀ ਸਥਿਤੀ ਦਾਅਵਿਆਂ ਅਨੁਸਾਰ ਨਹੀਂ ਹੈ।

ਇਹ ਵੀ ਸੱਚ ਹੈ ਕਿ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਵਿਚ ਭਾਜਪਾ ਦਾ ਮੁਕਾਬਲਾ ਕਰਨ ਦੀ ਸਮਰੱਥਾ ਦੀ ਘਾਟ ਸਾਫ ਨਜ਼ਰ ਆ ਰਹੀ ਹੈ ਲੇਕਿਨ ਫਿਰ ਵੀ ਇਹਨਾਂ ਚੋਣਾਂ ਵਿਚ ਭਾਜਪਾ ਖਿਲਾਫ ਜੇਕਰ ਕੋਈ ਖੁੱਲ੍ਹ ਕੇ ਨਿੱਤਰਿਆ ਹੋਇਆ ਹੈ ਤਾਂ ਉਹ ਹਨ ਕਿਸਾਨ ਜਥੇਬੰਦੀਆਂ ਤੇ ਕੁਝ ਰਾਜਾਂ ਦੇ ਸਮਾਜਿਕ ਕਾਰਕੁਨ। ਕਿਸਾਨ ਜਥੇਬੰਦੀਆਂ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਵਿਚ ਤਾਂ ਭਾਜਪਾ ਲੀਡਰਾਂ ਨੂੰ ਤ੍ਰੇਲੀਆਂ ਲਿਆ ਰੱਖੀਆਂ ਹਨ। ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵੱਲੋਂ ਹਰਿਆਣਾ ਦੀ ਹੱਦ 'ਤੇ ਦੋ ਥਾਵਾਂ ਉੱਪਰ ਪਿਛਲੇ ਪਿਛਲੇ ਦੋ ਮਹੀਨਿਆਂ ਤੋਂ ਪੱਕਾ ਮੋਰਚਾ ਲਾਇਆ ਹੋਇਆ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਉਮੀਦਵਾਰਾਂ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਅਤੇ ਆਗੂਆਂ ਨੂੰ ਪੁੱਛਣ ਲਈ 11 ਨੁਕਾਤੀ ਸਵਾਲਨਾਮਾ ਤਿਆਰ ਕੀਤਾ ਗਿਆ ਹੈ। ਇਸ ਵਿਚ ਭਾਜਪਾ ਤੋਂ ਪੁੱਛਿਆ ਗਿਆ ਹੈ ਕਿ ਕਿਸਾਨ ਅੰਦੋਲਨ ਦੌਰਾਨ ਕਿੱਲਾਂ ਗੱਡ ਕੇ ਅਤੇ ਬੈਰੀਕੇਡ ਲਾ ਕੇ ਸੜਕਾਂ ਕਿਉਂ ਰੋਕੀਆਂ ਗਈਆਂ ਅਤੇ ਕਿਸਾਨਾਂ ਉਪਰ ਗੋਲੀਆਂ ਤੇ ਅੱਥਰੂ ਗੈਸ ਦੀ ਵਰਤੋਂ ਕਿਉਂ ਕੀਤੀ ਗਈ, ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਕਿਉਂ ਮਾਰਿਆ ਗਿਆ, ਕਿਸਾਨਾਂ ਨੂੰ ਜ਼ਖ਼ਮੀ ਕਿਉਂ ਕੀਤਾ ਗਿਆ ਅਤੇ ਉਨ੍ਹਾਂ ਦੇ ਟਰੈਕਟਰਾਂ ਦੀ ਭੰਨਤੋੜ ਕਿਉਂ ਕੀਤੀ ਗਈ, ਸਵਾਮੀਨਾਥਨ ਦੀ ਰਿਪੋਰਟ ਲਾਗੂ ਕਿਉਂ ਨਹੀਂ ਕੀਤੀ ਗਈ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਨੂੰ ਕਾਨੂੰਨੀ ਮਾਨਤਾ ਦੇਣ ਅਤੇ ਐੱਮ.ਐੱਸ.ਪੀ. ਸੀ.-2 ਪਲੱਸ 50 ਫ਼ੀਸਦ ਮੁਨਾਫ਼ੇ ਨਾਲ ਮਿੱਥਣ ਵਿਚ ਕੀ ਸਮੱਸਿਆ ਹੈ, ਲਖੀਮਪੁਰ ਖੀਰੀ ਦੇ ਕਿਸਾਨਾਂ ਨੂੰ ਇਨਸਾਫ਼ ਕਿਉਂ ਨਹੀਂ ਦਿੱਤਾ ਗਿਆ ਅਤੇ ਅਜੈ ਮਿਸ਼ਰਾ ਟੈਨੀ ਹਾਲੇ ਵੀ ਕੇਂਦਰੀ ਕੈਬਨਿਟ ਵਿਚ ਕਿਉਂ ਹੈ। ਭਾਜਪਾ ਆਗੂਆਂ ਤੋਂ ਸਵਾਲ ਪੁੱਛਣ ਲਈ ਅਤੇ ਕਾਲੀਆਂ ਝੰਡੀਆਂ ਦਿਖਾਉਣ ਲਈ ਮਲੇਰਕੋਟਲਾ ਵਿਖੇ ਇਕੱਤਰ ਹੋਏ ਕਿਸਾਨਾਂ ਉੱਪਰ ਪੁਲਿਸ ਵੱਲੋਂ ਲਾਠੀਚਾਰਜ ਕਰਨਾ ਪੰਜਾਬ ਸਰਕਾਰ ਦੀ ਮਨਸ਼ਾ ਉੱਪਰ ਸਵਾਲ ਖੜ੍ਹੇ ਕਰਦਾ ਹੈ।

ਕਰਨਾਟਕ ਵਿਚ ਕਈ ਸਿਵਲ ਸੁਸਾਇਟੀ ਗਰੁੱਪਾਂ, ਸਮਾਜਿਕ ਕਾਰਕੁਨਾਂ, ਵਕੀਲਾਂ, ਡਾਕਟਰਾਂ,ਕੁਝ ਐੱਨ.ਜੀ.ਓ. ਵੱਲੋਂ ਭਾਜਪਾ ਦੇ ਵਿਰੋਧ ਵਿਚ ਵੋਟ ਕਰਨ ਦਾ ਸੱਦਾ ਦਿੱਤਾ ਗਿਆ ਸੀ। ਮਹਾਂਰਾਸ਼ਟਰ ਵਿਚ ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ, ਲੇਖਕ ਰਾਮ ਪੁਨਿਆਨੀ, ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ, ਸਾਬਕਾ ਜਸਟਿਸ ਬੀ.ਜੀ. ਕੋਲਸੇ ਪਾਟਿਲ, ਫਿਲਮਸਾਜ਼ ਆਨੰਦ ਪਟਵਰਧਨ ਆਦਿ ਨੇ ਲੋਕਾਂ ਨੂੰ ਇਸੇ ਤਰ੍ਹਾਂ ਦੀ ਅਪੀਲ ਜਾਰੀ ਕੀਤੀ ਹੈ। ਅਜਿਹੇ ਵਿਚ ਪੰਜਾਬ ਸਮੇਤ ਦੇਸ਼ ਭਰ ਦੇ ਜਮਹੂਰੀਅਤ ਪਸੰਦ ਲੋਕਾਂ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਕਿਸਾਨ ਜਥੇਬੰਦੀਆਂ, ਕਰਨਾਟਕ ਤੇ ਮਹਾਰਾਸ਼ਟਰ ਦੇ ਸਮਾਜਿਕ ਕਾਰਕੁਨਾਂ ਵਾਂਗ ਇਨ੍ਹਾਂ ਚੋਣਾਂ ਵਿਚ ਲੋਕਾਂ ਨੂੰ ਚੇਤਨ ਕਰਦਿਆਂ ਕਿਸੇ ਨਾ ਕਿਸੇ ਰੂਪ ਵਿਚ ਨਿੱਤਰਨਾ ਚਾਹੀਦਾ ਹੈ।

# ਹਿੰਦੂਤਵ ਫਾਸ਼ੀਵਾਦ ਅਤੇ ਸਿਧਾਂਤਹੀਣ ਵਿਰੋਧੀ ਧਿਰ

***ਪਿਛਲੇ ਦਸ ਸਾਲਾਂ ਵਿਚ ਭਗਵਾ ਹਕੂਮਤ ਦੀ ਚਾਲ-ਢਾਲ ਦੇ ਮੱਦੇਨਜ਼ਰ ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਇਹ ਤੈਅ ਕਰ ਦੇਣਗੇ ਕਿ ਭਾਰਤ ਆਉਣ ਵਾਲੇ ਸਮੇਂ 'ਚ ਧਰਮ ਨਿਰਪੱਖ ਲੋਕਤੰਤਰ ਦੇ ਰੂਪ 'ਚ ਜ਼ਿੰਦਾ ਰਹਿ ਸਕੇਗਾ ਜਾਂ ਨਹੀਂ।...***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

18ਵੀਂ ਲੋਕ ਸਭਾ ਲਈ 19 ਅਪਰੈਲ ਤੋਂ ਲੈ ਕੇ ਪਹਿਲੀ ਜੂਨ 2024 ਤੱਕ ਸੱਤ ਪੜਾਵਾਂ 'ਚ ਹੋਣ ਜਾ ਰਹੀਆਂ ਚੋਣਾਂ ਲਈ ਮਾਹੌਲ ਭਖ ਚੁੱਕਾ ਹੈ। ਹੁਕਮਰਾਨ ਆਰ.ਐੱਸ.ਐੱਸ-ਭਾਜਪਾ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਪੂਰੀ ਤਾਕਤ ਨੂੰ ਚੋਣ ਮੁਹਿੰਮਾਂ 'ਚ ਝੋਕ ਕੇ ਵੋਟਰਾਂ ਨੂੰ ਭਰਮਾਉਣ ਲਈ ਯਤਨਸ਼ੀਲ ਹਨ। 'ਇਸ ਵਾਰ, 400 ਪਾਰ' ਦੇ ਨਾਅਰੇ ਨਾਲ ਭਾਜਪਾ ਆਪਣੇ ਤੌਰ 'ਤੇ 370 ਸੀਟਾਂ ਲੈਣ ਅਤੇ ਗੱਠਜੋੜ ਦੁਆਰਾ 400 ਦਾ ਅੰਕੜਾ ਪਾਰ ਕਰਨ ਦੇ ਦਾਅਵੇ ਕਰ ਰਹੀ ਹੈ। ਕਾਂਗਰਸ ਤੇ ਵਿਰੋਧੀ ਧਿਰ ਦੀਆਂ ਹੋਰ ਪਾਰਟੀਆਂ ਵੋਟਰਾਂ ਨੂੰ ਸੰਵਿਧਾਨ ਵਿਰੋਧੀ ਅਤੇ ਲੋਕਤੰਤਰ ਵਿਰੋਧੀ ਤਾਨਾਸ਼ਾਹ ਆਰ.ਐੱਸ.ਐੱਸ-ਭਾਜਪਾ ਨੂੰ ਹਰਾਉਣ ਦੇ ਵਾਸਤੇ ਪਾ ਰਹੀਆਂ ਹਨ।

ਪਿਛਲੇ ਦਸ ਸਾਲਾਂ 'ਚ ਭਗਵਾ ਹਕੂਮਤ ਦੀ ਚਾਲ-ਢਾਲ ਦੇ ਮੱਦੇਨਜ਼ਰ ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਇਹ ਤੈਅ ਕਰ ਦੇਣਗੇ ਕਿ ਭਾਰਤ ਆਉਣ ਵਾਲੇ ਸਮੇਂ 'ਚ 'ਧਰਮ ਨਿਰਪੱਖ ਲੋਕਤੰਤਰ' ਦੇ ਰੂਪ 'ਚ ਜ਼ਿੰਦਾ ਰਹਿ ਸਕੇਗਾ ਜਾਂ ਨਹੀਂ। ਜੇ ਭਾਜਪਾ ਪਹਿਲਾਂ ਵਾਂਗ ਹੀ ਭਾਰੂ ਗਿਣਤੀ 'ਚ ਸੀਟਾਂ ਜਿੱਤ ਕੇ ਦੁਬਾਰਾ ਸੱਤਾ 'ਚ ਆ ਜਾਂਦੀ ਹੈ ਤਾਂ ਇਹ ਆਪਣੇ 'ਹਿੰਦੂ ਰਾਸ਼ਟਰ' ਦੇ ਵਿਚਾਰਧਾਰਕ ਪ੍ਰੋਜੈਕਟ ਅਨੁਸਾਰ ਸੰਵਿਧਾਨ 'ਚ ਅਜਿਹੀ ਰੱਦੋ-ਬਦਲ ਕਰੇਗੀ ਜਿਸ ਨਾਲ ਸੰਵਿਧਾਨਕ ਢਾਂਚੇ ਅਤੇ ਭਾਰਤ ਦੇ ਮੂਲ ਵਿਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ। ਭਾਰਤ ਨੂੰ ਧਰਮ ਤੰਤਰੀ ਤਾਨਾਸ਼ਾਹੀ ਬਣਾਇਆ ਜਾਵੇਗਾ। ਰਸਮੀ ਤੌਰ 'ਤੇ ਮੌਜੂਦਾ ਸੰਵਿਧਾਨ ਨੂੰ ਰੱਦ ਕਰਨ ਦਾ ਰਾਹ ਅਖ਼ਤਿਆਰ ਕਰਨ ਦੀ ਜ਼ਰੂਰਤ ਭਾਜਪਾ ਨੂੰ ਨਹੀਂ। ਉਹ ਲੋਕ ਜਾਗਰੂਕਤਾ ਦੀ ਕਮਜ਼ੋਰੀ ਦੀ ਹਾਲਤ 'ਚ ਵਿਰੋਧੀ ਧਿਰ ਦੇ ਕੰਗਰੋੜ ਰਹਿਤ ਵਿਰੋਧ ਦਾ ਫ਼ਾਇਦਾ ਉਠਾ ਕੇ ਆਪਣੀ ਬਹੁਗਿਣਤੀ ਦੇ ਜ਼ੋਰ ਅਜਿਹੀਆਂ ਤਬਦੀਲੀਆਂ ਲਿਆਉਣ ਲਈ ਆਜ਼ਾਦ ਹੈ ਜੋ ਉਸ ਦੇ ਵਿਚਾਰਧਾਰਕ ਪ੍ਰੋਜੈਕਟ ਨੂੰ ਤੇਜ਼ੀ ਨਾਲ ਅੱਗੇ ਵਧਾ ਸਕਣ।

ਇਸ 'ਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਸੰਵਿਧਾਨਕ ਰਾਜਕੀ ਸਰੂਪ ਲਈ ਇਹ ਖ਼ਤਰਾ ਹਕੀਕੀ ਹੈ ਅਤੇ ਮੁੜ ਸੱਤਾ 'ਚ ਆ ਕੇ ਆਰ.ਐੱਸ.ਐੱਸ.-ਭਾਜਪਾ ਆਪਣੇ ਵਿਚਾਰਧਾਰਕ ਪ੍ਰੋਜੈਕਟ ਦੇ ਬਾਕੀ ਰਹਿੰਦੇ ਹਿੱਸਿਆਂ ਨੂੰ ਨੇਪਰੇ ਚਾੜ੍ਹਨ ਲਈ ਦਿਨ-ਰਾਤ ਇਕ ਕਰ ਦੇਵੇਗੀ। ਸੰਘ ਦੇ ਵਿਚਾਰਧਾਰਕ ਪ੍ਰੋਜੈਕਟ ਦੇ ਤਿੰਨ ਮੁੱਖ ਮੁੱਦੇ ਰਹੇ ਹਨ: ਧਾਰਾ 370 ਖ਼ਤਮ ਕਰਨੀ, ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਅਤੇ ਸਾਂਝਾ ਸਿਵਲ ਕੋਡ ਲਾਗੂ ਕਰਨਾ। ਇਨ੍ਹਾਂ ਵਿਚੋਂ ਦੋ ਤਾਂ ਪਹਿਲਾਂ ਹੀ ਪੂਰੇ ਕਰ ਲਏ ਗਏ ਹਨ। ਭਾਜਪਾ ਦੇ ਤਾਜ਼ਾ 'ਸੰਕਲਪ ਪੱਤਰ' (ਚੋਣ ਮੈਨੀਫੈਸਟੋ) ਵਿਚ 'ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ' ਅੱਗੇ ਵਧਾਉਣ ਲਈ ਦੁਨੀਆ ਭਰ 'ਚ ਰਮਾਇਣ ਜਸ਼ਨ ਸਮਾਗਮ ਕਰਨ ਦਾ ਅਹਿਦ ਹੈ। ਭਾਜਪਾ ਲੀਡਰਸ਼ਿਪ ਨੇ ਇਸ ਵਾਰ ਮੈਨੀਫੈਸਟੋ ਵਿਚੋਂ ਐੱਨ.ਆਰ.ਸੀ. ਦਾ ਜ਼ਿਕਰ ਹਟਾ ਦਿੱਤਾ ਹੈ। ਇਸ ਦੇ ਜ਼ਿਕਰ ਦੀ ਸ਼ਾਇਦ ਹੁਣ ਜ਼ਰੂਰਤ ਵੀ ਨਹੀਂ ਕਿਉਂਕਿ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਲੈਣ ਤੋਂ ਬਾਅਦ ਇਸ ਨੂੰ ਅੰਜਾਮ ਦੇਣ 'ਚ ਕੋਈ ਕਾਨੂੰਨੀ ਰੁਕਾਵਟ ਨਹੀਂ ਹੈ। 2019 'ਚ ਮੁੜ ਸੱਤਾ 'ਚ ਆ ਕੇ ਜਿਸ ਧੁੱਸ ਨਾਲ ਐੱਨ.ਆਰ.ਸੀ. (ਨਾਗਰਿਕਾਂ ਦਾ ਕੌਮੀ ਰਜਿਸਟਰ) ਮੁਕੰਮਲ ਕਰਨ ਦੇ ਚੋਣ ਵਾਅਦੇ ਨੂੰ ਅੰਜਾਮ ਦੇਣ ਲਈ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਕੇ ਉਸ ਨੂੰ ਲਾਗੂ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਗਿਆ, ਉਸੇ ਤਰੀਕੇ ਨਾਲ ਸਾਂਝਾ ਸਿਵਲ ਕੋਡ ਲਾਗੂ ਕੀਤਾ ਜਾਵੇਗਾ।

ਉਂਝ, ਸਵਾਲ ਇਹ ਹੈ: ਕੀ ਕਾਂਗਰਸ ਦੀ ਅਗਵਾਈ ਹੇਠਲੇ 'ਇੰਡੀਆ' ਗੱਠਜੋੜ 'ਚ ਸ਼ਾਮਲ ਅਤੇ ਇਸ ਤੋਂ ਬਾਹਰ ਰਹਿ ਕੇ ਚੋਣਾਂ ਲੜ ਰਹੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ 'ਚ ਉਨ੍ਹਾਂ ਲੋਕ ਲੁਭਾਊ ਲਾਰਿਆਂ-ਵਾਅਦਿਆਂ ਤੋਂ ਪਾਰ ਜਾ ਕੇ ਹਿੰਦੂਤਵ ਬ੍ਰਿਗੇਡ ਦੇ ਵਿਚਾਰਧਾਰਕ-ਰਾਜਨੀਤਕ ਪ੍ਰੋਜੈਕਟ ਨੂੰ ਟੱਕਰ ਦੇਣ ਲਈ ਲੋੜੀਂਦੀ ਦ੍ਰਿੜ ਇੱਛਾ-ਸ਼ਕਤੀ ਹੈ ਜੋ ਵਾਅਦੇ ਉਹ ਆਪਣੇ ਚੋਣ ਮਨੋਰਥ ਪੱਤਰਾਂ ਦੁਆਰਾ ਕਰ ਰਹੀਆਂ ਹਨ? ਇਹ ਸਵਾਲ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਕਾਂਗਰਸ ਤਾਂ ਖ਼ੁਦ ਹਿੰਦੂਤਵ ਵਿਰੁੱਧ ਦ੍ਰਿੜ ਵਿਚਾਰਧਾਰਕ ਲੜਾਈ ਲੜਨ ਤੋਂ ਉਲਟ ਦਿਸ਼ਾ ਅਖ਼ਤਿਆਰ ਕਰ ਕੇ ਨਰਮ ਸੁਰ ਵਾਲੀ ਬਹੁਗਿਣਤੀਵਾਦੀ ਸਿਆਸਤ ਦਾ ਸਹਾਰਾ ਲੈਂਦੀ ਰਹੀ ਹੈ। ਫਿਰ ਵੀ, ਕਾਂਗਰਸ ਅਤੇ ਭਾਜਪਾ ਵਿਚਕਾਰ ਮੂਲ ਫ਼ਰਕ ਇਹ ਹੈ ਕਿ ਕਾਂਗਰਸ ਰਸਮੀ ਤੌਰ 'ਤੇ ਧਰਮ ਨਿਰਪੱਖ ਪਾਰਟੀ ਹੈ ਜੋ ਸੱਤਾ 'ਚ ਰਹਿਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈਂਦੀ ਹੈ ਅਤੇ ਘੱਟਗਿਣਤੀਆਂ ਦਾ ਕਤਲੇਆਮ ਵੀ ਕਰਵਾਉਂਦੀ ਰਹੀ ਹੈ; ਸੰਘ-ਭਾਜਪਾ ਦੀ ਬੁਨਿਆਦ ਹੀ ਬਹੁਗਿਣਤੀਵਾਦੀ ਫਾਸ਼ੀਵਾਦੀ ਵਿਚਾਰਧਾਰਾ ਹੈ ਜਿਸ ਦਾ ਮੁੱਖ ਨਿਸ਼ਾਨਾ ਦੇਸ਼ ਦੀ ਬਹੁ-ਸਭਿਆਚਾਰਕ ਬਣਤਰ ਅਤੇ ਸਾਰੇ ਧਰਮਾਂ ਨੂੰ ਸਮੋਣ ਦੀ ਮੋਕਲੀ ਪਰੰਪਰਾ ਨੂੰ ਖ਼ਤਮ ਕਰ ਕੇ ਬਹੁਗਿਣਤੀਵਾਦ 'ਤੇ ਆਧਾਰਿਤ ਬ੍ਰਾਹਮਣਵਾਦੀ/ਮਨੂਵਾਦੀ ਹਿੰਦੂ ਰਾਸ਼ਟਰ ਬਣਾਉਣਾ ਹੈ। ਇਹ ਆਰ.ਐੱਸ.ਐੱਸ. ਦੇ ਮੁੱਖ ਨਿਸ਼ਾਨਿਆਂ 'ਚੋਂ ਇਕ ਹੈ ਜਿਸ ਤੋਂ ਉਹ ਕਦੇ ਪਿੱਛੇ ਨਹੀਂ ਹਟੇ।



ਜਿੱਥੋਂ ਤੱਕ ਵਿਰੋਧੀ ਧਿਰ ਦੀਆਂ ਬਾਕੀ ਪਾਰਟੀਆਂ ਦਾ ਸਵਾਲ ਹੈ, ਉਹ ਕਾਂਗਰਸ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਆਪਣੀ ਵਿਚਾਰਧਾਰਕ ਵਚਨਬੱਧਤਾ ਨੂੰ ਖੁੱਲ੍ਹੇਆਮ ਤਿਲਾਂਜਲੀ ਦੇ ਕੇ ਆਰ.ਐੱਸ.ਐੱਸ. ਦੇ ਰਾਜਨੀਤਕ ਵਿੰਗ (ਜਨ ਸੰਘ/ਭਾਜਪਾ) ਨਾਲ ਗੱਠਜੋੜ ਕਰ ਕੇ ਜਾਂ ਇਸ ਦੀ ਹਮਾਇਤ ਨਾਲ ਸਰਕਾਰਾਂ ਬਣਾਉਂਦੀਆਂ ਰਹੀਆਂ ਹਨ। ਸੱਤਾ 'ਚ ਆਉਣ ਲਈ ਕਿਸੇ ਵੀ ਹੱਦ ਤੱਕ ਜਾ ਕੇ ਰਾਜਨੀਤਕ ਗੱਠਜੋੜ ਬਣਾ ਲੈਣ ਦੀ ਮੌਕਾਪ੍ਰਸਤ ਸੋਚ ਐਨੀ ਭਾਰੂ ਹੈ ਕਿ ਇਨ੍ਹਾਂ ਤਾਕਤਾਂ ਲਈ ਇਨ੍ਹਾਂ ਦੀ ਆਪਣੀ 'ਖਾਸ' ਵਿਚਾਰਧਾਰਾ ਵੀ ਕੋਈ ਮਾਇਨੇ ਨਹੀਂ ਰੱਖਦੀ। ਪਾਰਲੀਮੈਂਟਰੀ ਕਮਿਊਨਿਸਟ ਜਨਸੰਘ ਅਤੇ 'ਸੋਸ਼ਲਿਸਟਾਂ' ਦੇ ਰਲੇਵੇਂ ਨਾਲ ਬਣੀ ਜਨਤਾ ਪਾਰਟੀ ਦੀ ਸਰਕਾਰ ਵਿਚ ਭਾਈਵਾਲ ਬਣੇ। ਬ੍ਰਾਹਮਣਵਾਦ ਦੀ ਕੱਟੜ ਦੁਸ਼ਮਣ ਬਹੁਜਨ ਸਮਾਜ ਪਾਰਟੀ ਨੇ ਭਾਜਪਾ ਨਾਲ ਸਾਂਝੀਆਂ ਸਰਕਾਰਾਂ ਬਣਾਈਆਂ। ਅਕਾਲੀ ਦਲ, ਜਨਤਾ ਦਲ ਦੀਆਂ ਵੱਖ-ਵੱਖ ਫਾਕੜਾਂ, ਅਸਾਮ ਗਣ ਪ੍ਰੀਸ਼ਦ, ਤ੍ਰਿਣਮੂਲ ਕਾਂਗਰਸ, ਡੀ.ਐੱਮ.ਕੇ., ਏ.ਆਈ.ਡੀ.ਐੱਮ.ਕੇ., ਝਾਰਖੰਡ ਮੁਕਤੀ ਮੋਰਚਾ, ਜੰਮੂ ਕਸ਼ਮੀਰ ਵਿਚ ਪੀ.ਡੀ.ਪੀ., ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਸਮਤਾ ਪਾਰਟੀ, ਰਿਪਬਲਿਕਨ ਪਾਰਟੀ (ਅਠਾਵਲੇ) ਆਦਿ ਵੱਖ-ਵੱਖ ਸਮੇਂ 'ਤੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ 'ਚ ਭਾਈਵਾਲ ਰਹੀਆਂ ਹਾਲਾਂਕਿ ਇਨ੍ਹਾਂ ਦੀ ਵਿਚਾਰਧਾਰਾ, ਇਨ੍ਹਾਂ ਦੇ ਖੇਤਰ-ਵਿਸ਼ੇਸ਼ ਪ੍ਰੋਗਰਾਮ ਅਤੇ ਖੇਤਰੀ ਜਾਂ ਹੋਰ ਵਿਸ਼ੇਸ਼ ਹਿਤ ਭਾਜਪਾ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਵਿਰੁੱਧ ਹਨ। ਖੇਤਰੀ ਪਾਰਟੀਆਂ ਸਿਧਾਂਤਕ ਤੌਰ 'ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਵਕਾਲਤ ਕਰਦੀਆਂ ਹਨ। ਇਹ ਦੇਸ਼ ਦੇ ਨਾਮਨਿਹਾਦ ਫੈਡਰਲ ਢਾਂਚੇ 'ਚ ਅਸੁਰੱਖਿਆ ਮਹਿਸੂਸ ਕਰਦੇ ਹਿੱਸਿਆਂ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਇਸ ਤਰ੍ਹਾਂ ਦੀਆਂ ਮੰਗਾਂ 'ਤੇ ਆਧਾਰਤ ਅੰਦੋਲਨਾਂ 'ਚੋਂ ਉੱਭਰੀਆਂ ਸਨ। ਇਨ੍ਹਾਂ ਦੇ ਬੁਨਿਆਦੀ ਪ੍ਰੋਗਰਾਮ ਆਰ.ਐੱਸ.ਐੱਸ-ਭਾਜਪਾ ਦੀ ਕੇਂਦਰੀਕ੍ਰਿਤ ਰਾਜ ਅਤੇ ਹਿੰਦੂ ਰਾਸ਼ਟਰ ਦੀ ਸੋਚ ਨਾਲ ਸਿੱਧੇ ਤੌਰ 'ਤੇ ਟਕਰਾਉਂਦੇ ਹਨ ਪਰ ਸੱਤਾ ਖ਼ਾਤਰ ਇਹ ਕੁਝ ਵੀ ਕਰਨ ਲਈ ਤਿਆਰ ਹਨ।

ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਗੱਠਜੋੜ ਸਰਕਾਰਾਂ ਬਣਾਉਣ ਦੀ ਮੌਕਾਪ੍ਰਸਤੀ ਇਨ੍ਹਾਂ ਪਾਰਟੀਆਂ ਦੇ ਹੱਡਾਂ 'ਚ ਐਨੀ ਜ਼ਿਆਦਾ ਰਚ ਗਈ ਹੈ ਕਿ ਚੋਣਾਂ ਸਮੇਂ ਟਿਕਟ ਨਾ ਮਿਲਣ 'ਤੇ ਅਤੇ ਸੱਤਾ 'ਚ ਹਿੱਸੇਦਾਰ ਹੋਣ ਦੀ ਸੂਰਤ 'ਚ ਵਜ਼ੀਰੀ ਜਾਂ ਚੇਅਰਮੈਨੀ ਆਦਿ ਨਾ ਮਿਲਣ 'ਤੇ ਦਲ-ਬਦਲੀ ਹੁਣ ਆਮ ਹੋ ਗਈ ਹੈ। ਬੇਸ਼ੱਕ ਪਾਰਲੀਮੈਂਟਰੀ ਕਮਿਊਨਿਸਟ ਪਾਰਟੀਆਂ ਵਿਚੋਂ ਵੀ ਕੁਝ ਆਗੂ ਦਲ-ਬਦਲੀ ਕਰ ਕੇ ਦੂਜੀਆਂ ਪਾਰਟੀਆਂ 'ਚ ਸ਼ਾਮਲ ਹੁੰਦੇ ਰਹੇ ਹਨ ਪਰ ਬਾਕੀ ਪਾਰਟੀਆਂ 'ਚ ਤਾਂ ਇਸ ਦੀ ਕੋਈ ਹੱਦ ਹੀ ਨਹੀਂ ਹੈ। ਬਦਲਾਓ ਦੀ ਦਾਅਵੇਦਾਰ ਆਮ ਆਦਮੀ ਪਾਰਟੀ ਵਿਚ ਆਉਣ-ਜਾਣ ਲਈ ਵਿਚਾਰਧਾਰਾ ਪੈਮਾਨਾ ਹੀ ਨਹੀਂ ਹੈ। ਇਸ ਨੇ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਰਾਤੋ-ਰਾਤ 'ਆਮ ਆਦਮੀ' ਬਣਾ ਕੇ ਚੋਣ ਮੈਦਾਨ 'ਚ ਉਤਾਰਿਆ। ਹੁਣ ਮੌਕਾ ਦੇਖ ਕੇ ਉਨ੍ਹਾਂ 'ਚੋਂ ਕਈ ਭਾਜਪਾ 'ਚ ਸ਼ਾਮਲ ਹੋ ਰਹੇ ਹਨ। ਇਹ ਦਿੱਲੀ ਨੂੰ ਪੂਰਾ ਰਾਜ ਬਣਾਉਣ ਦੀ ਮੰਗ ਕਰਦੀ ਹੈ ਪਰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਦੀ ਇਸ ਨੇ ਹਮਾਇਤ ਕੀਤੀ। ਪੰਜਾਬ ਦੇ ਅਧਿਕਾਰ ਖੇਤਰ ਜਾਂ ਰਾਜਾਂ ਦੇ ਅਧਿਕਾਰਾਂ ਉੱਪਰ ਭਗਵਾ ਹਕੂਮਤ ਦੇ ਹਮਲੇ ਇਸ ਲਈ ਕੋਈ ਮੁੱਦਾ ਹੀ ਨਹੀਂ।

'ਚੁਣੇ ਹੋਏ' ਵਿਧਾਇਕਾਂ-ਸੰਸਦ ਮੈਂਬਰਾਂ ਨੂੰ ਪੈਸੇ ਨਾਲ ਖ਼ਰੀਦਣਾ ਅਤੇ ਭ੍ਰਿਸ਼ਟ ਕਾਰਨਾਮੇ ਦੂਜੀਆਂ ਪਾਰਟੀਆਂ ਦੇ ਵਿਧਾਇਕਾਂ-ਸੰਸਦ ਮੈਂਬਰਾਂ ਨੂੰ ਤੋੜਨ ਦੇ ਵੱਡੇ ਹਥਿਆਰ ਹਨ। ਵਿਕਾਊ ਹਿੱਸੇ ਨੂੰ ਖ਼ਰੀਦਣ ਲਈ ਭਾਜਪਾ ਕੋਲ ਬੇਸ਼ੁਮਾਰ ਧਨ ਹੈ। ਭਗਵਾ ਹਕੂਮਤ ਵੱਲੋਂ ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀ ਦਾ ਡਰ ਦਿਖਾ ਕੇ ਅਤੇ ਇਸ ਖ਼ਾਤਰ ਸੀ.ਬੀ.ਆਈ., ਈ.ਡੀ., ਆਮਦਨ ਕਰ ਵਿਭਾਗ, ਪੁਲਿਸ ਤੇ ਜੁਡੀਸ਼ਰੀ ਨੂੰ ਸੰਦ ਬਣਾ ਕੇ ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਖ਼ੋਰਾ ਲਾਉਣ ਦਾ ਤਜਰਬਾ ਕਾਮਯਾਬ ਰਿਹਾ ਹੈ। ਇਨ੍ਹਾਂ ਏਜੰਸੀਆਂ ਦੇ ਛਾਪੇ ਅਤੇ ਹੇਮੰਤ ਸੋਰੇਨ, ਕੇਜਰੀਵਾਲ ਵਰਗੇ ਵੱਡੇ ਆਗੂਆਂ/ਮੁੱਖ ਮੰਤਰੀਆਂ ਦੀ ਗ੍ਰਿਫ਼ਤਾਰੀ ਦੀ 'ਕਾਂ ਮਾਰ ਕੇ ਟੰਗਣ' ਦੀ ਮਿਸਾਲ ਭਾਜਪਾ ਨੂੰ ਚੰਗੇ ਨਤੀਜੇ ਦੇ ਰਹੀ ਹੈ ਅਤੇ ਵੱਖ-ਵੱਖ ਪਾਰਟੀਆਂ ਦੇ ਆਗੂ ਭਾਜਪਾ ਦਾ ਪੱਲਾ ਫੜ ਰਹੇ ਹਨ।

ਜੇ ਆਜ਼ਾਦੀ ਲਈ ਲੜਾਈ ਦੀ ਗਾਂਧੀਵਾਦੀ ਧਾਰਾ ਦੀ ਨੁਮਾਇੰਦਾ ਕਾਂਗਰਸ ਨੂੰ ਰਾਜਨੀਤਕ ਧੋਬੀ ਪਟਕਾ ਮਾਰ ਕੇ ਅਤੇ ਇਸ ਦੇ ਵਿਸ਼ਾਲ ਵੋਟ ਆਧਾਰ ਨੂੰ ਖ਼ੋਰਾ ਲਾ ਕੇ ਆਜ਼ਾਦੀ ਧ੍ਰੋਹੀ ਹਿੰਦੂਤਵਵਾਦੀ ਧਾਰਾ ਪਾਰਲਮੈਂਟਰੀ ਰਾਜਨੀਤਕ ਮੰਚ ਉੱਪਰ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰੀ ਹੈ ਤਾਂ ਇਸ ਵਿਚ ਦਰਅਸਲ ਵਿਚਾਰਧਾਰਕ ਫੈਕਟਰ ਦਾ ਵੱਡਾ ਹੱਥ ਹੈ। ਗਾਂਧੀ ਦੇ ਕਤਲ ਤੋਂ ਬਾਅਦ ਦੇ ਸੀਮਤ ਸਮੇਂ ਨੂੰ ਛੱਡ ਕੇ ਕਾਂਗਰਸ ਨੇ ਆਰ.ਐੱਸ.ਐੱਸ.-ਹਿੰਦੂ ਮਹਾਂ ਸਭਾ ਦੇ ਫਿਰਕੂ ਵਧਾਰੇ-ਪਸਾਰੇ ਨੂੰ ਰੋਕਣ ਲਈ ਕਦੇ ਗੰਭੀਰਤਾ ਨਹੀਂ ਦਿਖਾਈ। ਇਸ ਦੀ ਬਜਾਇ 1947 ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਕਾਂਗਰਸੀ ਲੀਡਰਸ਼ਿਪ ਦੇ ਇਕ ਹਿੱਸੇ ਦੇ ਬਹੁਗਿਣਤੀਵਾਦੀ ਝੁਕਾਅ ਕਾਰਨ ਅਤੇ ਲੀਡਰਸ਼ਿਪ ਦੀਆਂ ਹਿੰਦੂ ਆਧਾਰ ਨੂੰ ਨਾਰਾਜ਼ ਨਾ ਕਰਨ ਦੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ 'ਚੋਂ ਹਿੰਦੂਤਵੀ ਅਨਸਰਾਂ ਦੀ ਪੁਸ਼ਤ-ਪਨਾਹੀ ਕੀਤੀ ਗਈ। ਸੱਤਾ 'ਚ ਆਉਣ ਤੋਂ ਬਾਅਦ ਹਿੰਦੂ ਵੋਟ ਆਧਾਰ ਨੂੰ ਖਿਸਕਣ ਤੋਂ ਬਚਾਉਣ ਲਈ ਹਿੰਦੂ ਪੱਤਾ ਖੇਡਣ ਨੂੰ ਕਾਂਗਰਸ ਦੀ ਰਾਜਨੀਤੀ ਦਾ ਬਾਕਾਇਦਾ ਹਿੱਸਾ ਬਣ ਲਿਆ।

ਕਾਂਗਰਸ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੀ ਕਮਜ਼ੋਰੀ ਹਿੰਦੂਤਵ ਲਈ ਵਰਦਾਨ ਸਾਬਤ ਹੋਈ। ਬਹੁਤ ਹੀ ਸਿਲਸਿਲੇਵਾਰ ਫਿਰਕੂ ਪਾਲਾਬੰਦੀ ਰਾਹੀਂ ਸਹਿਜੇ-ਸਹਿਜੇ ਆਰ.ਐੱਸ.ਐੱਸ.-ਭਾਜਪਾ ਨੇ ਆਪਣਾ ਰਾਜਨੀਤਕ ਆਧਾਰ ਵਧਾ ਲਿਆ ਅਤੇ ਇਹ ਕਾਂਗਰਸ ਨੂੰ ਪਾਸੇ ਕਰ ਕੇ ਕੇਂਦਰੀ ਸੱਤਾ ਉੱਪਰ ਸਪਸ਼ਟ ਬਹੁਮਤ ਨਾਲ ਕਾਬਜ਼ ਹੋਣ 'ਚ ਕਾਮਯਾਬ ਹੋ ਗਈ।

ਐਮਰਜੈਂਸੀ ਤੋਂ ਤੁਰੰਤ ਬਾਅਦ 1977 'ਚ ਹੋਈਆਂ ਚੋਣਾਂ 'ਚ ਕਾਂਗਰਸ ਨੂੰ 34.52 ਫ਼ੀਸਦੀ ਵੋਟ ਮਿਲੇ ਸਨ ਅਤੇ ਜਨਤਾ ਪਾਰਟੀ (ਜਿਸ ਦਾ ਜਨਸੰਘ ਹਿੱਸਾ ਸੀ) ਨੂੰ 41.32 ਫ਼ੀਸਦੀ। ਕਾਂਗਰਸ ਨੂੰ 154 ਅਤੇ ਜਨਤਾ ਪਾਰਟੀ ਨੂੰ 296 ਸੀਟਾਂ ਮਿਲੀਆਂ ਸਨ। 1980 'ਚ ਜਨਤਾ ਪਾਰਟੀ ਵਿਚੋਂ ਜਨਸੰਘੀਆਂ ਨੂੰ ਬਾਹਰ ਦਾ ਰਸਤਾ ਦਿਖਾਏ ਜਾਣ 'ਤੇ ਆਰ.ਐੱਸ.ਐੱਸ. ਨੇ ਆਪਣੇ ਰਾਜਨੀਤਕ ਵਿੰਗ ਨੂੰ ਭਾਜਪਾ ਦੇ ਨਾਂ ਹੇਠ ਮੁੜ ਜਥੇਬੰਦ ਕੀਤਾ ਅਤੇ ਰਾਮ ਮੰਦਰ ਅੰਦੋਲਨ ਰਾਹੀਂ ਹਿੰਦੂ ਫਿਰਕੇ ਦੀ ਰਾਜਨੀਤਕ ਲਾਮਬੰਦੀ ਕਰਨੀ ਸ਼ੁਰੂ ਕਰ ਦਿੱਤੀ। ਲੰਮੇ ਸਮੇਂ 'ਚ ਬਹੁਗਿਣਤੀਵਾਦੀ ਪਾਲਾਬੰਦੀ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ। ਆਪਣੀ ਸਥਾਪਨਾ ਤੋਂ ਬਾਅਦ ਭਾਜਪਾ ਨੇ ਪਹਿਲੀ ਲੋਕ ਸਭਾ ਚੋਣ 1984 'ਚ ਲੜੀ। ਇੰਦਰਾ ਗਾਂਧੀ ਦੇ ਕਤਲ ਅਤੇ ਫਿਰਕੂ ਜਨੂਨੀ ਮਾਹੌਲ 'ਚ ਕਾਂਗਰਸ ਨੂੰ 414 ਸੀਟਾਂ ਮਿਲੀਆਂ ਅਤੇ ਭਾਜਪਾ ਨੂੰ ਮਹਿਜ਼ ਦੋ ਸੀਟਾਂ ਮਿਲੀਆਂ। ਵੋਟ ਫ਼ੀਸਦੀ ਪੱਖੋਂ ਦੇਖੀਏ ਤਾਂ ਕਾਂਗਰਸ ਨੂੰ 49.10 ਫ਼ੀਸਦੀ ਵੋਟ ਮਿਲੇ ਸਨ ਅਤੇ ਭਾਜਪਾ ਨੂੰ ਸਿਰਫ਼ 7.74 ਫ਼ੀਸਦੀ।

ਭਾਜਪਾ ਵੱਲੋਂ ਰਾਮ ਜਨਮ ਭੂਮੀ ਦਾ ਮੁੱਦਾ ਉਠਾ ਕੇ ਫਿਰਕੂ ਪਾਲਾਬੰਦੀ ਸ਼ੁਰੂ ਕੀਤੇ ਜਾਣ ਨਾਲ ਵੋਟ ਆਧਾਰ ਤੇਜ਼ੀ ਨਾਲ ਖਿਸਕਣਾ ਸ਼ੁਰੂ ਹੋ ਗਿਆ। 1991 'ਚ ਭਾਜਪਾ ਦਾ ਵੋਟ ਆਧਾਰ 20 ਫ਼ੀਸਦੀ ਤੋਂ ਵਧ ਗਿਆ ਜੋ ਅਗਲੇ ਪੰਜ ਸਾਲ 'ਚ ਵਧ ਕੇ 25 ਫ਼ੀਸਦੀ ਹੋ ਗਿਆ। ਇਸ ਦੇ ਆਧਾਰ 'ਤੇ ਉਹ ਕੇਂਦਰ 'ਚ ਹੋਰ ਪਾਰਟੀਆਂ ਨਾਲ ਗੱਠਜੋੜ ਕਰ ਕੇ ਸਰਕਾਰ ਬਣਾਉਣ 'ਚ ਕਾਮਯਾਬ ਹੋਈ ਅਤੇ ਛੇ ਸਾਲ ਸੱਤਾ 'ਚ ਰਹੀ। 2004 ਅਤੇ 2009 'ਚ ਕਾਂਗਰਸ ਮੁੜ ਕੇਂਦਰੀ ਸੱਤਾ 'ਚ ਆ ਗਈ। 2004 'ਚ ਭਾਜਪਾ ਨੂੰ 138 ਸੀਟਾਂ ਮਿਲੀਆਂ ਜੋ 2009 'ਚ ਘਟ ਕੇ 116 ਰਹਿ ਗਈਆਂ (18.80 ਫ਼ੀਸਦੀ)। 2014 'ਚ ਭਾਜਪਾ ਕਾਂਗਰਸ ਦੇ ਭ੍ਰਿਸ਼ਟਾਚਾਰ ਅਤੇ ਹੋਰ ਕਮਜ਼ੋਰੀਆਂ ਦਾ ਲਾਹਾ ਲੈ ਕੇ 282 ਸੀਟਾਂ ਲੈਣ 'ਚ ਕਾਮਯਾਬ ਹੋ ਗਈ ਅਤੇ ਕਾਂਗਰਸ 44 ਸੀਟਾਂ ਤੱਕ ਸੁੰਗੜ ਗਈ। ਇਸ ਦਾ ਵੋਟ ਫ਼ੀਸਦੀ 19.81 ਰਹਿ ਗਿਆ। ਦਿਲਚਸਪ ਗੱਲ ਇਹ ਹੈ ਕਿ 1996 'ਚ ਭਾਜਪਾ ਦਾ ਵੋਟ ਫ਼ੀਸਦੀ 20.29 ਸੀ ਪਰ ਉਸ ਨੇ 161 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। 2014 'ਚ ਕਾਂਗਰਸ ਦਾ ਵੋਟ ਫ਼ੀਸਦੀ 19.31 ਸੀ ਜੋ 1996 'ਚ ਭਾਜਪਾ ਨੂੰ ਪ੍ਰਾਪਤ ਵੋਟ ਫ਼ੀਸਦੀ ਤੋਂ ਸਿਰਫ਼ ਇੱਕ ਫ਼ੀਸਦੀ ਘੱਟ ਸੀ ਪਰ ਕਾਂਗਰਸ ਸਿਰਫ਼ 44 ਸੀਟਾਂ ਹੀ ਜਿੱਤ ਸਕੀ ਜੋ 1996 'ਚ ਭਾਜਪਾ ਵੱਲੋਂ ਜਿੱਤੀਆਂ ਸੀਟਾਂ ਦੇ ਚੌਥੇ ਹਿੱਸੇ ਤੋਂ ਥੋੜ੍ਹਾ ਜਿਹਾ ਵੱਧ ਸਨ। 2014 'ਚ ਭਾਜਪਾ ਨੂੰ 31.34 ਫ਼ੀਸਦੀ ਵੋਟ ਮਿਲੇ ਸਨ ਜੋ 2019 'ਚ ਵਧ ਕੇ 37.7 ਫ਼ੀਸਦੀ ਹੋ ਗਏ। ਕਾਂਗਰਸ ਦਾ ਭਾਵੇਂ ਪੂਰੇ ਭਾਰਤ ਵਿਚ ਪੱਕਾ ਵੋਟ ਆਧਾਰ ਬਰਕਰਾਰ ਹੈ ਪਰ ਆਰ.ਐੱਸ.ਐੱਸ.-ਭਾਜਪਾ ਉੱਤਰ-ਪੱਛਮੀ ਭਾਰਤ ਦੇ ਰਾਜਨੀਤਕ ਸਮੀਕਰਨ ਨੂੰ ਫਿਰਕੂ ਪਾਲਾਬੰਦੀ ਅਤੇ ਅੰਨ੍ਹੇ ਰਾਸ਼ਟਰਵਾਦ ਰਾਹੀਂ ਬਦਲ ਕੇ ਸਪਸ਼ਟ ਬਹੁਮਤ ਲੈਣ 'ਚ ਸਫ਼ਲ ਹੋਈ ਹੈ।

ਉਪਰੋਕਤ ਸੰਖੇਪ ਝਲਕ ਇਹ ਸਮਝਣ ਲਈ ਕਾਫ਼ੀ ਹੈ ਕਿ ਨੰਗੀ-ਚਿੱਟੀ ਫਾਸ਼ੀਵਾਦੀ ਤਾਕਤ ਲਈ ਸੱਤਾ ਉੱਪਰ ਕਾਬਜ਼ ਹੋਣ ਲਈ ਚੋਣਾਂ ਨੂੰ ਪੌੜੀ ਬਣਾ ਕੇ ਵਰਤਣ ਦੀ ਕਿੰਨੀ ਵੱਡੀ ਗੁੰਜਾਇਸ਼ ਹੈ। ਜਦੋਂ ਇਨ੍ਹਾਂ ਪਾਰਟੀਆਂ ਲਈ ਮੁੱਖ ਮਨੋਰਥ ਸੱਤਾ ਉੱਪਰ ਕਾਬਜ਼ ਹੋਣਾ ਹੀ ਬਣ ਗਿਆ ਹੈ ਤਾਂ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਲਈ ਅਜਿਹੀਆਂ ਪਾਰਲੀਮੈਂਟਰੀ ਤਾਕਤਾਂ ਨੂੰ ਭਾਈਵਾਲ ਬਣਾ ਕੇ ਸੱਤਾ ਉੱਪਰ ਕਾਬਜ਼ ਹੋਣਾ ਕਿੰਨਾ ਸੌਖਾ ਹੈ।

ਮੁਲਕ ਦੀਆਂ ਉਦਾਰਵਾਦੀ, ਧਰਮ ਨਿਰਪੱਖ ਅਤੇ ਫਿਰਕੂ ਸਦਭਾਵਨਾ ਦੀਆਂ ਮੁਦਈ ਸਥਾਪਤੀ ਪੱਖੀ ਤਾਕਤਾਂ ਕਾਂਗਰਸ ਤੋਂ ਬਦਲ ਦੀ ਉਮੀਦ ਕਰਦੀਆਂ ਹਨ। ਹੁਣ ਸਵਾਲ ਇਹ ਹੈ ਕਿ ਪਿਛਲੇ ਦਹਾਕਿਆਂ ਵਿਚ ਆਪਣੀ ਢੌਂਗੀ ਧਰਮ ਨਿਰਪੱਖਤਾ ਅਤੇ ਖੋਖਲੇ ਸਮਾਜਵਾਦ ਦੀ ਮਦਦ ਨਾਲ ਸੰਘ ਬ੍ਰਿਗੇਡ ਦਾ ਰਾਹ ਪੱਧਰਾ ਕਰਨ ਤੋਂ ਬਾਅਦ ਕੀ ਕਾਂਗਰਸ ਵੱਲੋਂ ਪਿਛਲੇ ਦਿਨੀਂ ਜੋ 'ਨਿਆਂ ਪੱਤਰ' ਨਾਂ ਦਾ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਹੈ, ਕੀ ਉਹ ਕਿਸੇ ਸੰਜੀਦਾ ਮੋੜੇ ਦਾ ਸੰਕੇਤ ਹੈ ਜਾਂ ਕਾਂਗਰਸ ਦੀ ਲੀਡਰਸ਼ਿਪ, ਖ਼ਾਸ ਕਰ ਕੇ ਨਹਿਰੂ ਖ਼ਾਨਦਾਨ ਆਪਣੀ ਰਾਜਨੀਤਕ ਹੋਂਦ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਹੈ?

ਭਾਰਤੀ ਸਰਮਾਏਦਾਰੀ ਦੀ ਸਿੱਕੇਬੰਦ ਰਾਜਨੀਤਕ ਨੁਮਾਇੰਦਾ ਤਾਕਤ ਦੇ ਰੂਪ 'ਚ ਕਾਂਗਰਸ ਨੇ ਨਹਿਰੂਵਾਦੀ ਸਮਾਜਵਾਦ ਅਤੇ ਧਰਮ ਨਿਰਪੱਖਤਾ ਦਾ ਮਖੌਟਾ ਪਾ ਕੇ 1947 ਤੋਂ ਬਾਅਦ ਜਿਸ ਤਰ੍ਹਾਂ ਦੇ ਭਾਰਤ ਦੀ ਸਿਰਜਣਾ ਕੀਤੀ, ਉਹ ਸਭ ਦੇ ਸਾਹਮਣੇ ਹੈ। ਕਾਂਗਰਸ ਦੀ ਆਰਥਿਕ ਨੀਤੀ ਵਿਦੇਸ਼ੀ-ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਪੇਂਡੂ ਧਨਾਢਾਂ ਦੀ ਹਿਤ ਪੂਰਤੀ ਦੀ ਰਹੀ ਹੈ। ਭਾਰਤ ਦੀ 'ਏਕਤਾ ਤੇ ਅਖੰਡਤਾ' ਦੀ ਰਾਖੀ ਦੇ ਨਾਂ ਹੇਠ ਇਸ ਨੇ ਕੌਮੀਅਤਾਂ ਵੱਲੋਂ ਉਠਾਏ ਮਸਲਿਆਂ ਦਾ ਰਾਜਨੀਤਕ ਹੱਲ ਕਰਨ ਦੀ ਬਜਾਇ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਨੂੰ ਫ਼ੌਜੀ ਤਾਕਤ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਬੇਕਿਰਕੀ ਨਾਲ ਕੁਚਲਿਆ। ਸੱਤਾ 'ਚ ਰਹਿਣ ਲਈ ਇਸ ਨੇ ਐਮਰਜੈਂਸੀ ਥੋਪੀ ਅਤੇ ਨਰਮ ਹਿੰਦੂਤਵ ਦਾ ਪੱਤਾ ਵੀ ਖੇਡਿਆ। ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਥੋਪ ਕੇ ਇਸ ਨੇ ਪਬਲਿਕ ਸੈਕਟਰ ਨੂੰ ਤੋੜਨ ਅਤੇ ਕਾਰਪੋਰੇਟ ਗ਼ਲਬੇ ਦਾ ਮੁੱਢ ਬੰਨ੍ਹਿਆ। ਆਦਿਵਾਸੀਆਂ ਨੂੰ ਕਰੂਰ ਹਕੂਮਤੀ ਜਬਰ, ਝੂਠੇ ਮੁਕਾਬਲਿਆਂ ਅਤੇ ਜਿਨਸੀ ਹਿੰਸਾ ਰਾਹੀਂ ਉਜਾੜ ਕੇ ਜੰਗਲਾਂ-ਪਹਾੜਾਂ ਹੇਠਲੇ ਅਮੀਰ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਲਈ ਅਪਰੇਸ਼ਨ ਗਰੀਨ ਹੰਟ ਵਰਗੇ ਹਮਲੇ ਕੀਤੇ। ਟਾਡਾ, ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਬਣਾ ਕੇ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕੀਤਾ ਅਤੇ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਉੱਪਰ ਦੇਸ਼ਧ੍ਰੋਹੀ ਦੇ ਠੱਪੇ ਲਾ ਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ।


ਇਹ ਸਭ ਹਕੀਕਤ ਹੈ। ਕਾਂਗਰਸ ਦਾ 'ਨਿਆਂ ਪੱਤਰ' 'ਸੰਵਿਧਾਨ ਦੀ ਰਾਖੀ ਕਰਨ' ਅਤੇ 'ਨੁਕਸਾਨ ਨੂੰ ਪੁੱਠਾ ਗੇੜਾ ਦੇਣ' ਦੇ ਜੋ ਵਾਅਦੇ ਕਰਦਾ ਹੈ, ਕੀ ਉਨ੍ਹਾਂ ਉੱਪਰ ਪੂਰਾ ਉਤਰੇਗਾ? ਮੈਨੀਫੈਸਟੋ ਭਾਜਪਾ ਵੱਲੋਂ ਸੈਂਸਰਸ਼ਿੱਪ ਦੀਆਂ ਬੇਲਗਾਮ ਤਾਕਤਾਂ ਹਥਿਆਉਣ ਲਈ ਪਾਸ ਕੀਤੇ ਕਾਨੂੰਨਾਂ ਦੀ ਸਮੀਖਿਆ ਕਰਨ, ਨਿੱਜੀ ਸੁਤੰਤਰਤਾ 'ਚ ਦਖ਼ਲਅੰਦਾਜ਼ੀ ਕਰਨ ਵਾਲੇ ਸਾਰੇ ਕਾਨੂੰਨ ਰੱਦ ਕਰਨ ਦੀ ਗੱਲ ਕਰਦਾ ਹੈ ਜੋ ਸੁਤੰਤਰ ਪ੍ਰੈੱਸ ਅਤੇ ਨਿੱਜਤਾ ਨੂੰ ਨਿਸ਼ਾਨਾ ਬਣਾਉਂਦੇ ਹਨ। ਇਹ ਸੱਚ ਹੈ ਕਿ ਮੈਨੀਫੈਸਟੋ ਵਿਚ ਲਿਖ ਦੇਣ ਜਾਂ ਵਾਅਦੇ ਕਰ ਦੇਣ ਨਾਲ ਕਾਂਗਰਸ ਦਾ ਮੂਲ ਸੁਭਾਅ ਨਹੀਂ ਬਦਲਣ ਲੱਗਾ। ਉਂਝ, ਅੱਜ ਜਦੋਂ ਹਿੰਦੂਤਵ ਫਾਸ਼ੀਵਾਦ ਵਿਰੁੱਧ ਕਿਸੇ ਸੱਚੇ ਲੋਕ ਪੱਖੀ ਬਦਲ ਦੀ ਲੱਗਭੱਗ ਅਣਹੋਂਦ ਹੈ, ਜਦੋਂ ਖੱਬੀਆਂ ਧਿਰਾਂ, ਪਾਰਲੀਮੈਂਟਰੀ ਅਤੇ ਇਨਕਲਾਬੀ ਦੋਹਾਂ, ਦੀ ਤਾਕਤ ਐਨੀ ਨਿਗੂਣੀ ਹੈ ਕਿ ਸੱਚੇ ਬਦਲ ਦਾ ਧੁਰਾ ਬਣਨ ਦੀ ਸਥਿਤੀ 'ਚ ਨਹੀਂ ਹਨ, ਸੰਯੁਕਤ ਕਿਸਾਨ ਮੋਰਚਾ ਅਤੇ ਉਦਾਰ ਜਮਹੂਰੀ ਤਾਕਤਾਂ ਹੀ ਆਪੋ-ਆਪਣੇ ਪੱਧਰ 'ਤੇ ਫਾਸ਼ੀਵਾਦੀ ਹਕੂਮਤ ਨੂੰ ਪਿੱਛੇ ਧੱਕਣ ਲਈ ਕੁਝ ਨਾ ਕੁਝ ਠੋਸ ਕਰਨ ਲਈ ਯਤਨ ਕਰ ਰਹੀਆਂ ਹਨ, ਜਦੋਂ ਦਨਦਨਾ ਰਿਹਾ ਹਿੰਦੂਤਵ ਬ੍ਰਿਗੇਡ ਤੀਜੀ ਵਾਰ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਸੁਪਨੇ ਦੇਖ ਰਿਹਾ ਹੈ ਤਾਂ ਇਸ ਦੇ ਬੇਰੋਕ ਵਾਧੇ 'ਚ ਅੜਿੱਕਾ ਡਾਹੁਣ ਵਾਲਾ ਛੋਟੇ ਤੋਂ ਛੋਟਾ ਕਦਮ ਵੀ ਮਹੱਤਵ ਅਖ਼ਤਿਆਰ ਕਰ ਲੈਂਦਾ ਹੈ। ਜੇ ਕਾਂਗਰਸ ਦੀ ਅਗਵਾਈ ਵਾਲਾ 'ਇੰਡੀਆ' ਗੱਠਜੋੜ ਮੌਜੂਦਾ ਲੋਕ ਸਭਾ ਚੋਣਾਂ ਵਿਚ 2019 ਨਾਲੋਂ ਕੁਝ ਬਿਹਤਰ ਕਾਰਗੁਜ਼ਾਰੀ ਦਿਖਾਉਣ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਨਾਲ ਹਿੰਦੂਤਵ ਬ੍ਰਿਗੇਡ ਸੰਵਿਧਾਨਕ ਤੌਰ 'ਤੇ ਉਸ ਤਰ੍ਹਾਂ ਦੇ ਧੱਕੜ ਫ਼ੈਸਲੇ ਲੈਣ ਦੀ ਸਥਿਤੀ 'ਚ ਨਹੀਂ ਹੋਵੇਗਾ ਜੋ ਇਸ ਨੇ 2019 ਦੀ ਜਿੱਤ ਤੋਂ ਬਾਅਦ ਲਏ।

ਇਹ ਨਿਗੂਣੀ ਤਬਦੀਲੀ ਵੀ ਭਾਰਤ ਦੇ ਨਪੀੜੇ ਜਾ ਰਹੀ ਅਵਾਮ ਲਈ ਚੋਖੀ ਰਾਹਤ ਬਣੇਗੀ।

# 'ਦਰੀਆਂ ਵਾਲੀ ਪੇਟੀ' ਦਾ ਤਾਣਾ-ਪੇਟਾ

***ਦਰੀ ਪੰਜਾਬੀ ਸੱਭਿਆਚਾਰ ਦਾ ਅਹਿਮ ਅੰਗ ਹੈ। ਸਭ ਤੋਂ ਵੱਡੀ ਗੱਲ, ਇਸ ਦਾ ਪਹਿਲਾ ਅਤੇ ਅਹਿਮ ਸਬੰਧ ਔਰਤ ਤੇ ਉਸ ਅੰਦਰਲੀ ਕਲਾ ਪ੍ਰਤਿਭਾ ਨਾਲ ਹੈ। 'ਦਰੀਆਂ ਵਾਲੀ ਪੇਟੀ' ਵਿਚ ਡਾ. ਜਗਦੀਸ਼ ਕੌਰ ਨੇ ਦਰੀ ਨੂੰ ਕਿਰਤ ਅਤੇ ਕਲਾ ਦੇ ਰੂਪ ਵਿਚ ਸੰਭਾਲਣ ਦਾ ਯਤਨ ਕੀਤਾ ਹੈ। ਜ਼ਮਾਨੇ ਦੀ ਤੋਰ ਨਾਲ ਅੱਜ ਭਾਵੇਂ ਦਰੀਆਂ ਦਾ ਉਹ ਮੁਕਾਮ ਨਹੀਂ ਰਿਹਾ ਪਰ ਕੋਈ ਵੇਲਾ ਸੀ ਜਦੋਂ ਪੰਜਾਬੀ ਪ੍ਰਾਹੁਣਚਾਰੀ ਵਿਚ ਦਰੀ ਦਾ ਖਾਸ ਮਹੱਤਵ ਰਿਹਾ ਹੈ। ਇਸ ਅਹਿਮ ਕਿਤਾਬ 'ਦੀਆਂ ਵਾਲੀ ਪੇਟੀ' ਬਾਰੇ ਬਹੁਤ ਖੂਬਸੂਰਤ ਗੱਲਾਂ ਕੈਨੇਡਾ ਵੱਸਦੇ ਸ਼ਾਇਰ ਨਵਤੇਜ ਭਾਰਤੀ ਨੇ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

'ਦਰੀਆਂ ਵਾਲੀ ਪੇਟੀ' ਪੁਸਤਕ ਨੂੰ 'ਜੀ ਆਇਆਂ' ਆਖਦਾ ਹਾਂ ਅਤੇ ਜਗਦੀਸ਼ ਕੌਰ ਨੂੰ ਵਧਾਈ ਦਿੰਦਾ ਹਾਂ। ਨਿੱਕਾ ਹੁੰਦਾ ਦਰੀ ਬੁਣਦੀ ਭੈਣ ਨਾਲ ਮੈਂ ਵੀ ਇਕ-ਅੱਧੀ ਬੂਟੀ ਪਾ ਦਿੰਦਾ ਸੀ। ਇਹ ਬੂਟੀ ਮੈਂ ਜਗਦੀਸ਼ ਦੇ ਨਾਂ ਕਰਦਾ ਹਾਂ। ਮੇਰੇ ਹੱਥਾਂ ਵਿਚ ਇਹੀ ਫੁੱਲ ਹੈ। ਇਹਨੂੰ ਅਰਪਣ ਕਰਦਿਆਂ ਮੇਰੇ ਹੱਥ ਖਾਲੀ ਨਹੀਂ ਹੋਏ, ਸੁਗੰਧ ਨਾਲ ਭਰ ਗਏ ਹਨ ਜਿਵੇਂ 'ਦਰੀਆਂ ਵਾਲੀ ਪੇਟੀ' ਦਰੀਆਂ ਦੀਆਂ ਤਸਵੀਰਾਂ ਨਾਲ ਭਰ ਗਈ ਹੈ। ਇਹ ਪੇਟੀ ਕੌਫੀ ਮੇਜ਼ ਉੱਤੇ ਰੱਖਣ ਲਈ ਬਣੀ



ਹੈ, ਇਉਂ ਹੀ ਭਰੀ ਜਾਣੀ ਸੀ। ਪਿੰਡਾਂ ਦੇ ਨਵੇਂ ਘਰਾਂ ਵਿਚ ਦਰੀਆਂ ਵਾਲੀ ਪੇਟੀ ਤੇ ਫੁਲਕਾਰੀਆਂ ਵਾਲੇ ਸੰਦੂਕ ਵਾਸਤੇ ਥਾਂ ਨਹੀਂ ਰਹੀ। ਘਰਾਂ ਵਿਚ ਸ਼ਹਿਰ ਦਾਖ਼ਲ ਹੋ ਗਿਆ ਹੈ,

**ਨਵਤੇਜ ਭਾਰਤੀ**

ਪਿੰਡ ਪੇਟੀ ਚੁਕ ਕੇ ਨਿੱਕਲ ਗਿਆ ਹੈ। ਕਿੱਥੇ ਗਿਆ ਹੈ? ਪਤਾ ਨਹੀਂ ਪਰ ਜਿੰਨਾ ਕੁ ਦਰੀਆਂ ਵਿਚ ਸੀ, ਉਹ ਕੂੜੇ ਦੇ ਢੋਲਾਂ ਵਿਚ ਤੇ ਗਿੱਲੇ ਪੈਰਾਂ ਹੇਠ ਆ ਗਿਆ ਹੈ। ਜਗਦੀਸ਼ ਕੌਰ ਆਪ ਸ਼ਹਿਰ ਆ ਗਈ ਹੈ, ਜਿੰਨੀ ਕੁ ਆ ਸਕਦੀ ਸੀ। ਇਹ ਪੋਥੀ ਉਹਦੇ ਆਪਣੇ ਉਜੜਨ ਦੀ ਵੀ ਕਥਾ ਹੈ। ਇਹਦੀਆਂ ਮੂਰਤਾਂ ਦੇਖਣ ਨਾਲੋਂ ਪੜ੍ਹਨ ਵਾਲੀਆਂ ਹਨ।

ਇਹ ਉਜਾੜਾ ਭਾਵੇਂ 47 ਜਿੰਨਾ ਹੌਲਨਾਕ ਨਹੀਂ ਪਰ ਗੰਭੀਰ ਉਸ ਤੋਂ ਵਧੇਰੇ ਹੈ। ਥਾਂ ਤੋਂ ਉਜੜੇ ਲਈ ਕਿਤੇ ਹੋਰ ਥਾਂ ਹੁੰਦੀ ਹੈ, ਸੰਸਕ੍ਰਿਤਕ ਵਿਸਿਮਰਤੀ ਲਈ ਨਹੀਂ। ਜੋ ਮੈਨੂੰ ਭੁੱਲ ਗਿਆ ਹੈ, ਕਿਸੇ ਹੋਰ ਨੂੰ ਯਾਦ ਆਉਣਾ ਸੰਭਵ ਨਹੀਂ। ਸਿਮਰਤੀ ਦੀ ਟ੍ਰਾਂਸਪਲਾਂਟੇਸ਼ਨ ਹੋਣੀ ਸੰਭਵ ਹੈ, ਵਿਸਮਿਰਤੀ ਦੀ ਨਹੀਂ। 47 ਤੋਂ ਪਿੱਛੋਂ ਖੇਤਾਂ ਵਿਚ ਮੋਰ ਫੇਰ ਕੂਕਣ ਲੱਗ ਪਏ ਸਨ ਤੇ ਚਰਖੇ ਘੂੰਮਣ। ਟੁੱਟੇ ਧਾਗਿਆਂ ਨੂੰ ਗੰਢ ਲੱਗ ਗਿਆ ਸੀ। ਉਹੋ ਜਿਹਾ ਗੰਢ ਹੁਣ ਸੰਭਵ ਨਹੀਂ ਲਗਦਾ। ਇਹ ਉਜਾੜਾ ਭੂਗੋਲਿਕ ਨਹੀਂ, ਸੰਸਕ੍ਰਿਤਕ ਵਿਸਿਮਰਤੀ ਦਾ ਹੈ। ਦਰੀਆਂ ਵਾਲੀ ਪੇਟੀ ਤੇ ਫੁਲਕਾਰੀ ਵਾਲੇ ਸੰਦੂਕ ਟੁੱਟ ਗਏ ਹਨ, ਚਰਖਾ ਘੁਕਣੋਂ ਹਟ ਗਿਆ ਹੈ ਅਤੇ ਮੋਰ ਤੇ ਹਿਰਨ ਲੋਪ ਹੋ ਗਏ ਹਨ। ਲੰਮੀਆਂ ਹੇਕਾਂ ਦੇ ਗੀਤ ਗਾਉਣ ਵਾਲੇ ਸੰਘ ਸੁੱਕ ਗਏ ਹਨ ਤੇ ਗੀਤ ਦਰੀਆਂ ਵਾਂਙੂ ਪੁਸਤਕਾਂ ਵਿਚ ਬੰਦ ਹੋ ਗਏ ਹਨ। ਮਨੁੱਖ ਆਪ ਅੱਧਾ ਕੁ ਮਸ਼ੀਨ ਬਣ ਗਿਆ ਹੈ, ਬਾਕੀ ਰੋਬਾਟ ਬਣ ਰਿਹਾ ਹੈ। ਚੂੰਢੀ ਵੱਢੇ ਤੋਂ ਉਹਨੂੰ ਪੀੜ ਨਹੀਂ ਹੁੰਦੀ। ਉਦਾਸ ਹੋਣ 'ਤੇ ਅੱਥਰੂ ਨਹੀਂ ਆਉਂਦੇ; ਤੇ ਉਹ ਉਵੇਂ ਬੋਲਣਾ ਭੁੱਲ ਗਿਆ ਹੈ ਜਿਵੇਂ ਉਹਦੀਆਂ ਨਾਨੀਆਂ ਦਾਦੀਆਂ ਬੋਲਦੀਆਂ ਹੁੰਦੀਆਂ ਸਨ। ਜਗਦੀਸ਼ ਕੌਰ ਨੇ ਵਿਸਿਮਰਤੀ ਦੀ ਇਸ ਅਨੇਰੀ ਵਿਚ ਉੱਡੇ ਜਾਂਦੇ ਕੁਝ ਪੱਤਿਆਂ ਨੂੰ ਦਰੀਆਂ ਵਾਲੀ ਪੇਟੀ ਵਿਚ ਸਾਂਭਿਆ ਹੈ ਤੇ ਪੰਜਾਬੀ ਇਸਤਰੀ ਦੀ ਦਰੀ ਬੁਣਨ ਦੀ ਕਲਾ ਨੂੰ ਸਲਾਮ ਆਖੀ ਹੈ, ਭਾਵੇਂ ਇਸ ਦੇ ਵਿਦਾ ਹੋਣ ਵੇਲੇ ਹੀ ਆਖੀ ਹੈ। ਆਪਣੇ ਆਪ ਨੂੰ ਵੀ ਆਖੀ ਹੈ ਜਿੰਨੀ ਕੁ ਉਹ ਦਰੀ ਵਿਚ ਸੀ। ਜਦੋਂ ਵੀ ਕੋਈ ਇਸ ਪੇਟੀ ਵਾਲੀ ਪੁਸਤਕ ਨੂੰ ਖੋਲ੍ਹੇਗਾ, ਹੈਰਾਨ ਹੋਵੇਗਾ ਕਿ ਪੰਜਾਬ ਦੀ ਔਰਤ ਦੁੱਖਾਂ ਵਿਚ ਪਿਸਦੀ ਹੋਈ ਵੀ ਜਿਊਣ ਨੂੰ ਰੰਗਾਂ ਵਿਚ ਦੇਖਦੀ ਰਹੀ ਹੈ।






*'ਦਰੀਆਂ ਵਾਲੀ ਪੇਟੀ' ਦੀ ਰਚਨਾਕਾਰ ਡਾ. ਜਗਦੀਸ਼ ਕੌਰ ਅਤੇ (ਸੱਜੇ) ਕਿਤਾਬ ਦਾ ਮੁਖੜਾ।*

'ਦਰੀਆਂ ਵਾਲੀ ਪੇਟੀ' ਵਿਚ ਜਗਦੀਸ਼ ਨੇ ਗਿੱਲੇ ਪੈਰਾਂ ਹੇਠ ਆਈਆਂ ਅਤੇ ਕੂੜੇ ਦੇ ਢੋਲਾਂ ਵਿਚ ਸੁੱਟੀਆਂ ਗਈਆਂ ਦਰੀਆਂ ਦੀਆਂ ਤਸਵੀਰਾਂ ਨਹੀਂ ਦਿੱਤੀਆਂ। ਦਰੀ ਦੀ ਰਾਜਨੀਤੀ ਕਰਨ ਤੋਂ ਸੰਕੋਚ ਕੀਤਾ ਹੈ। ਉਹੀ ਮੂਰਤਾਂ ਦਿੱਤੀਆਂ ਹਨ ਜਿਨ੍ਹਾਂ ਨੂੰ ਦੇਖਦਿਆਂ ਕਿਸੇ ਚਿਹਰੇ 'ਤੇ ਰੌਣਕ ਆ ਜਾਵੇ ਤੇ ਨਿੱਤ ਦੀ ਭੱਜ-ਦੌੜ ਤੋਂ ਸਾਹ ਆ ਜਾਵੇ। ਹੱਸਣ ਨੂੰ ਤੇ ਬੇਥਵੀਆਂ ਮਾਰਨ ਨੂੰ ਜੀਅ ਕਰੇ। ਕੌਫੀ ਦੀ ਘੁੱਟ ਭਰਦਾ ਇਸ ਪੁਸਤਕ ਦੇ ਪੰਨੇ ਫਰੋਲਦਾ ਉਹ ਉਥੇ ਪਹੁੰਚ ਜਾਵੇ ਜਿੱਥੇ ਖਰਗੋਸ਼ ਕੰਨ ਚੁੱਕੀ ਦੌੜਦਾ ਹੈ, ਮੋਰ ਪੈਲ ਪਾਉਂਦਾ ਹੈ ਤੇ ਪਾਲੀ ਕੁੜੀ ਖੂਹ ਤੋਂ ਘੜਾ ਭਰਦੀ ਹੈ। ਜੇ ਇਹ ਹੋ ਜਾਵੇ, ਦਰੀਆਂ ਵਾਲੀ ਪੇਟੀ ਦਾ ਕੰਮ ਹੋ ਗਿਆ। ਇਹ ਪੁਸਤਕ ਏਸ ਪਾਠਕ ਲਈ ਬਣਾਈ ਗਈ ਸੀ; ਤੇ ਸ਼ਾਇਦ ਉਸ ਲਈ ਵੀ ਜਿਹੜਾ ਇਸ ਦੇ ਪੰਨੇ ਊਈਂ ਪਰਤਦਾ ਹੈ, ਬਿਨਾਂ ਕਿਸੇ ਉਦੇਸ਼ ਜਾਂ ਅਰਥ ਤੋਂ; ਬਿਨਾਂ ਕਿਸੇ ਗਉਂ ਜਾਂ ਭਾਲ ਤੋਂ। ਪੰਨੇ ਪਰਤਦਿਆਂ ਊਈਂ ਖੜਕਾ ਸੁਣਨ ਜਾਂ ਕੋਈ ਮੂਰਤ ਦੇਖਣ ਲਈ। ਮੰਡੀ ਵਿਚ ਊਈਂ ਹੋਣਾ ਉਸ ਮੰਡੀ ਨੂੰ ਵੰਗਾਰਨਾ ਹੈ ਜੀਹਨੇ ਦਰੀਆਂ ਕੂੜੇ ਦੇ ਢੋਲਾਂ ਵਿਚ ਸੁੱਟੀਆਂ ਹਨ।

ਤੇ ਦਰੀਆਂ ਵਾਲੀ ਪੇਟੀ ਮੇਰੇ ਆਪਣੇ ਲਈ ਵੀ ਹੈ। ਇਹ ਮੇਰੀ ਸਿਮਰਤੀ ਦਾ ਬੂਹਾ ਖੋਲ੍ਹਦੀ ਹੈ। ਕੈਨੇਡਾ ਤੋਂ ਆਪਣੇ ਪਿੰਡ ਰੋਡੇ ਪਹੁੰਚ ਜਾਂਦਾ ਹਾਂ। ਉਮਰ ਦਾ ਬੋਦਾ ਹੋਇਆ ਚੋਲਾ ਲਹਿ ਜਾਂਦਾ ਹੈ। ਦਰੀ 'ਤੇ ਬੂਟੀਆਂ ਪਾਉਂਦੀ ਭੈਣ ਨੂੰ ਦੇਖ ਰਿਹਾ ਹਾਂ। ਖਰਗੋਸ਼ ਦੌੜ ਰਿਹਾ ਹੈ, ਮੋਰ ਪੈਲ ਪਾਉਂਦਾ ਤੇ ਬੂਟੇ ਉੱਗ ਰਹੇ ਹਨ। ਮੇਰੀਆਂ ਅੱਖਾਂ ਚੌੜੀਆਂ, ਮੂੰਹ ਖੁੱਲ੍ਹਾ ਰਹਿ ਜਾਂਦਾ ਹੈ। ਨਿੱਕੇ ਹੱਥਾਂ ਵਿਚ ਪੰਜਾ ਫੜ ਕੇ ਮੈਂ ਵੀ ਮੋਰ ਤੋਤੇ ਪਾਉਣ ਲੱਗ ਜਾਂਦਾ ਹਾਂ। ਸਭ ਕੁਝ ਜਿਵੇਂ ਕਿਸੇ ਜਾਦੂ ਵਿਚ ਹੁੰਦਾ ਹੈ। ਕਦੇ-ਕਦੇ ਕਵਿਤਾ ਬਣਾਉਣ ਵੇਲੇ ਵੀ ਇਹੀ ਕੁਝ ਹੁੰਦਾ ਹੈ। ਦਰੀ ਬੁਣਨ ਵਿਚ ਔਰਤ ਸ਼ਾਇਦ ਕਵਿਤਾ ਹੀ ਲਿਖਦੀ ਹੈ। ਸਦੀਆਂ ਤੋਂ ਲਿਖ ਰਹੀ ਹੈ। ਇਹਦੇ ਤਾਣੇ-ਪੇਟੇ ਵਿਚ ਉਹ ਆਪਣੇ ਆਪ ਨੂੰ ਹੀ ਨਹੀਂ, ਮਨੁੱਖ ਪਰਜਾਤੀ ਨੂੰ ਉਣ ਰਹੀ ਹੈ। ਦਰੀ ਮੈਨੂੰ ਪਰਦੇਸੀ ਨਹੀਂ ਹੋਣ ਦਿੰਦੀ। ਕਿਸੇ ਥਾਂ ਵੀ ਹੋਵਾਂ, ਮੇਰੇ ਪੈਰਾਂ ਹੇਠ ਵਿਛੀ ਰਹਿੰਦੀ ਹੈ। ਮੇਰੀ ਸੁਰਤ ਵਿਚ ਲਟਕਦੀ ਰਹਿੰਦੀ ਹੈ।

ਦਰੀ ਇਸ ਸ੍ਰਿਸ਼ਟੀ ਦਾ ਵਿਰਾਟ ਰੂਪਕ (ਮੈਟਾਫਰ) ਹੈ। ਸਾਡੀ ਮਿੱਥ ਵਿਚ ਪ੍ਰਕਿਰਤੀ ਮੰਜਾ ਹੈ ਜਿਸ ਵਿਚ ਪੁਰਸ਼ ਲੇਟਿਆ ਹੋਇਆ ਹੈ। ਇਸਤਰੀ ਦਰੀ ਨਾਲ ਇਸ ਮੰਜੇ (ਪ੍ਰਕਿਰਤੀ) ਨੂੰ ਸਜਾਉਂਦੀ ਤੇ ਰਹਿਣ ਜੋਗ ਕਰਦੀ ਹੈ। ਨਾਨਕ ਜੀ ਇਸ ਮੈਟਾਫਰ ਨੂੰ ਵੱਡਾ ਕਰਦੇ ਹਨ: ਇਸਤਰੀ ਬ੍ਰਹਮਾ, ਵਿਸ਼ਣੂ ਤੇ ਸ਼ਿਵ ਨੂੰ ਜਨਮ ਦੇਣ ਵਾਲੀ 'ਏਕਾ ਮਾਈ' ਹੈ। 'ਦਰੀ' ਬੁਣਨ ਵਿਚ ਉਹ ਮਨੁੱਖੀ ਸੰਸਾਰ ਨੂੰ ਜਨਮਦੀ, ਪਾਲਦੀ, ਸ਼ਿੰਗਾਰਦੀ ਤੇ ਸਜਾਉਂਦੀ ਰਹਿੰਦੀ ਹੈ। ਕੰਧੋਲੀ 'ਤੇ ਪੋਚਾ ਫੇਰਦੀ ਉਹ ਮੋਰ ਘੁੱਗੀਆਂ ਬਣਾ ਦਿੰਦੀ ਹੈ, ਕੰਧ ਲਿੱਪਦੀ ਪੰਜੇ ਦਾ ਨਿਸ਼ਾਨ ਛਾਪ ਦਿੰਦੀ ਹੈ ਤੇ ਬੱਚੇ ਦਾ ਜੂੜਾ ਕਰਦੀ ਵਿਚ ਲੋਗੜੀ ਦਾ ਫੁੱਲ ਟੰਗ ਦਿੰਦੀ ਹੈ। ਉਹਦਾ ਚਰਖਾ ਘੂੰਮਦਾ ਤੇ ਹੱਥਾ ਚਲਦਾ ਰਹਿੰਦਾ ਹੈ। ਇਸ ਸਿਰਜਣਾ ਵਿਚ ਦਰੀ ਦਾਜ ਦੀ ਵਸਤ ਹੀ ਨਹੀਂ ਰਹਿੰਦੀ; ਉਸ ਦੀ ਹਾਣਣ ਬਣ ਜਾਂਦੀ ਹੈ। ਆਪਣੇ ਹੱਥਾਂ ਨਾਲ ਸਿਰਜੀ ਸਹੇਲੀ। ਦੁਖ-ਸੁਖ ਸੁਣਨ ਵਾਲੀ। ਮਾਰਾਂ ਦੀ ਝੰਬੀ ਨੂੰ ਜਿਊਣ ਜੋਗੀ ਰੱਖਣ ਵਾਲੀ। ਪੁਸਤਕ ਵਿਚ ਬਲਬੀਰ ਕੌਰ ਆਖਦੀ ਹੈ, "ਦਰੀ ਬੁਣਦੀ, ਮਨ ਦੀ ਖ਼ਾਲੀ ਥਾਂ ਭਰਦੀ, ਮਨ ਖਿੜਦਾ, ਦਰੀ ਲਹਿੰਦੀ ਮੈਂ ਉੱਡੀ ਫਿਰਦੀ।" ਦਰੀ ਬੁਣਨ ਵਾਲੀ ਇਕ ਹੋਰ ਆਖਦੀ ਹੈ, "ਦਰੀ ਬੁਣਦਿਆਂ ਮੈਂ ਗਾਉਂਦੀ, ਦਰੀ ਸੁਣਦੀ।"



*'ਦਰੀਆਂ ਵਾਲੀ ਪੇਟੀ' ਦੀ ਅੰਦਰਲੀ ਝਲਕ।*

ਦਰੀ ਪਿੰਡ ਦਾ ਹੀ ਨਹੀਂ, ਸਾਡੇ ਪਰਿਆਵਰਣ (ਵਾਤਾਵਰਣ, ਇਕਾਲੋਜੀ) ਦਾ ਵੀ ਤਾਣਾ-ਪੇਟਾ ਸੀ। ਪਿੰਡ ਦੇ ਬਿਰਖ ਬੂਟੇ, ਝਿੜੀਆਂ ਜੰਗਲ ਸਾਡੇ ਫੇਫੜੇ, ਪਵਨ ਗੁਰੂ, ਪਾਣੀ ਪਿਤਾ ਤੇ ਧਰਤੀ ਮਾਂ ਸੀ। ਇਨ੍ਹਾਂ ਦੀ ਪੂਜਾ ਅੰਧ-ਵਿਸ਼ਵਾਸ ਨਹੀਂ ਸੀ, ਸਾਨੂੰ ਜਿਊਂਦਾ ਰੱਖਣ ਲਈ ਇਨ੍ਹਾਂ ਦਾ ਧੰਨਵਾਦ ਸੀ। ਦਰੀ ਵੀ ਇਸ ਧੰਨਵਾਦ ਦੀ ਭਾਸ਼ਾ ਸੀ। ਪਿੰਡ ਇਸ ਭਾਸ਼ਾ ਵਿਚ ਸਾਹ ਲੈਂਦਾ ਸੀ ਤੇ ਭਾਸ਼ਾ ਪਿੰਡ ਵਿਚ। ਹੁਣ ਉਸ ਪਿੰਡ ਪਰਤਣ ਦਾ ਰਾਹ ਨਹੀਂ ਰਿਹਾ। ਮਸ਼ੀਨ ਨੇ ਸਾਡੀਆਂ ਬਾਹਾਂ ਤੋਂ ਦਰੀਆਂ ਬੁਣਨ ਵਾਲੇ ਹੱਥ ਲਾਹ ਲਏ ਹਨ। ਦਰੀ ਬੁਣਨ ਵੇਲੇ ਮਸ਼ੀਨ ਗਾਉਂਦੀ ਨਹੀਂ, ਨਾ ਦਰੀ ਉਸ ਦਾ ਗੀਤ ਸੁਣਦੀ ਹੈ। ਮਸ਼ੀਨ ਮਨੁੱਖ ਦੇ ਹਰ ਕਰਮ ਵਿਚੋਂ ਮਨੁੱਖ ਨੂੰ ਕੱਢ ਰਹੀ ਹੈ। ਕੂੜੇ ਦੇ ਢੋਲ ਵਿਚ ਇਕੱਲੀ ਦਰੀ ਹੀ ਨਹੀਂ, ਇਸ ਨੂੰ ਬੁਣਨ ਵਾਲੀ ਵੀ ਨਕਾਰੀ ਜਾ ਰਹੀ ਹੈ। ਕੌਫੀ ਪੀਂਦਾ ਇਸ ਪੁਸਤਕ ਦੀਆਂ ਤਸਵੀਰਾਂ ਦੇਖਣ ਵਾਲਾ ਵੀ। ਦਰੀਆਂ ਵਾਲੀ ਪੇਟੀ ਵਿਚ ਜਗਦੀਸ਼ ਕੌਰ ਇਹ ਗੱਲ ਬਿਨਾਂ ਕਹਿਣ ਤੋਂ ਕਹਿ ਰਹੀ ਹੈ, ਇਕਾਲੋਜੀ ਦੇ ਆ ਰਹੇ ਘੱਲੂਘਾਰੇ ਦੀ ਖ਼ਬਰ ਦਰੀ ਦੀ ਚੁੱਪ ਭਾਸ਼ਾ ਵਿਚ।

ਦਰੀ ਦੀ ਸਾਂਝੀ ਸਿਮਰਤੀ ਨੂੰ ਸਾਂਭਣਾ ਇਕੱਲੇ ਦੁਕੱਲੇ ਦਾ ਕੰਮ ਨਹੀਂ, ਕਿਸੇ ਸੰਸਥਾ ਦਾ ਹੈ। ਅਸੀਂ ਆਪਣੇ ਪਿੱਛੇ ਵੱਲ ਦੂਰ ਤੱਕ ਨਹੀਂ ਝਾਕਦੇ। 47 ਦਾ ਸਦਮਾ ਵੀ ਉਨ੍ਹਾਂ ਨੂੰ ਹੀ ਯਾਦ ਹੈ ਜੋ ਵੱਢੇ-ਟੁੱਕੇ ਗਏ ਸਨ। ਅਸੀਂ ਵੀ ਭੁੱਲ ਜਾਵਾਂਗੇ- ਸਾਡੀਆਂ ਪੜਦਾਦੀਆਂ, ਪੜਨਾਨੀਆਂ ਕਿਵੇਂ ਬੋਲਦੀਆਂ ਤੇ ਸੁਫਨੇ ਲੈਂਦੀਆਂ ਸਨ। ਸਾਂਝੀ ਸਿਮਰਤੀ ਬਿਨਾਂ ਅਸੀਂ ਇਕੱਲੇ ਹੋ ਜਾਵਾਂਗੇ। ਇਕੱਲ ਦੇ ਵਿਰੁੱਧ ਇਹੀ ਸਾਡਾ ਆਖ਼ਰੀ ਦਾਅ ਹੈ। ਸਿਮਰਤੀ ਨੂੰ ਸਾਂਭਣਾ ਇਹਨੂੰ ਜਿਊਂਦੀ ਰੱਖਣਾ ਹੈ। ਕਈ ਦੇਸ ਇਹ ਕੁਝ ਕਰ ਰਹੇ ਹਨ, ਅਮਰੀਕਾ ਵਰਗਾ ਦੇਸ ਵੀ ਜਿਸ ਦੇ ਮਹਾਂ ਨਗਰਾਂ ਵਿਚ ਅਨੇਕਾਂ ਲੋਕ ਆਪਣੇ ਗੁਆਂਢੀ ਨੂੰ ਬਿਨਾਂ ਜਾਣਿਆਂ ਬੀਤ ਜਾਂਦੇ ਹਨ। ਇਕ ਉਦਾਹਰਨ ਕੈਂਟਕੀ ਪ੍ਰਾਂਤ ਦੇ ਪਜੂਕਾ (Paducah, Kentucky) ਨਗਰ ਦੀ ਹੈ। ਇਸ ਦੇ ਰਜ਼ਾਈ ਕਲਾ ਘਰ (Quilt Museum) ਵਿਚ ਹਰ ਵਰ੍ਹੇ 40 ਹਜ਼ਾਰ ਦਰਸ਼ਕ ਰਜ਼ਾਈ ਕਲਾ ਦੇ ਨਮੂਨੇ ਦੇਖਣ ਆਉਂਦੇ ਹਨ। ਅਜੇ ਲੋਕ ਇਕ ਦੂਜੇ ਨੂੰ ਦੇਖ ਕੇ ਮੁਸਕਰਾਉਣਾ ਨਹੀਂ ਭੁੱਲੇ। ਕਲਾ ਦੀ ਕਿਰਤ ਉਨ੍ਹਾਂ ਨੂੰ ਹੋਰ ਨੇੜੇ ਕਰ ਦਿੰਦੀ ਹੈ।

ਇਹ ਕਲਾ ਪੰਜਾਬ ਵਿਚ ਵੀ ਵਰਤ ਸਕਦੀ ਹੈ। ਕੂੜੇ ਦੇ ਢੋਲ ਵਿਚ ਪਈ ਦਰੀ ਨੂੰ ਵੀ ਸੁਫਨਾ ਆ ਸਕਦਾ ਹੈ ਕਿ ਉਹ ਕੇਵਲ ਵਿਛਾਉਣਾ ਨਹੀਂ, ਕਲਾ ਕ੍ਰਿਤੀ ਵੀ ਹੈ, ਕਲਾ ਭਵਨ ਵਿਚ ਸਾਂਭਣ ਤੇ ਦੇਖਣ ਵਾਲੀ। ਇਹ ਪੁਸਤਕ ਦਰੀ ਦਾ ਕਲਾ ਭਵਨ ਉਸਾਰਨ ਦੀ ਵਕਾਲਤ ਨਹੀਂ ਕਰਦੀ ਪਰ ਸੰਕੇਤ ਕਰਦੀ ਹੈ ਕਿ ਜੇ ਦਰੀਆਂ ਲਈ ਕਲਾ ਭਵਨ ਨਹੀਂ ਤਾਂ ਕੂੜੇ ਦਾ ਢੋਲ ਹੈ। ਕੂੜੇ ਦੇ ਢੋਲ ਵਿਚ ਦਰੀ ਨਾਲ ਹੋਰ ਕੀ ਜਾਵੇਗਾ, ਇਹਦਾ ਅਨੁਮਾਨ ਲਾਉਣਾ ਸੌਖਾ ਨਹੀਂ। ਸੰਭਵ ਹੈ, ਇਹ ਪੁਸਤਕ ਦੇਖਦਿਆਂ-ਦੇਖਦਿਆਂ ਪੰਨੇ ਤੋਂ ਮੂਰਤ ਲੋਪ ਹੋ ਜਾਵੇ ਤੇ ਪਿੱਛੇ ਉਕਤ ਪ੍ਰਸ਼ਨ ਰਹਿ ਜਾਵੇ। ਪਿਆਲੇ ਵਿਚਲੀ ਕੌਫੀ ਠੰਢੀ ਹੋ ਜਾਵੇ।

# ਜੇ ਪਾਣੀ ਮੁੱਕ ਗਿਆ...

ਸਵੇਰੇ ਸਕੂਲ ਆਉਂਦਿਆਂ ਅਚਾਨਕ ਫੋਨ ਖੋਲ੍ਹਿਆ ਤਾਂ ਅੱਗਿਓਂ ਜਲ ਦਿਵਸ ਬਾਰੇ ਪੋਸਟ ਦਿਸੀ। ਚੇਤੇ ਆਇਆ ਕਿ ਅੱਜ ਤਾਂ ਸੰਸਾਰ ਜਲ ਦਿਵਸ ਹੈ। ਸੋਚਿਆ, ਪਾਣੀ ਬਚਾਉਣ ਬਾਰੇ ਵਿਦਿਆਰਥੀਆਂ ਨੂੰ ਕਾਫ਼ੀ ਕੁਝ ਦੱਸਣ ਵਾਲਾ ਹੈ। ਨਾਲ ਹੀ ਸੋਚਣ ਲੱਗੀ ਕਿ ਅਜੇ ਕੁਝ ਦਿਨ ਪਹਿਲਾਂ ਹੀ ਹਵਾ ਪ੍ਰਦੂਸ਼ਣ ਬਾਰੇ ਆਈ ਰਿਪੋਰਟ ਨੇ ਵੀ ਕਈ

**ਡਾ. ਪ੍ਰਵੀਨ ਬੇਗਮ**

ਪਹਿਲੂ ਸਾਡੇ ਸਾਹਮਣੇ ਲਿਆਂਦੇ ਹਨ। ਭਾਰਤ ਸੰਸਾਰ ਦਾ ਤੀਜਾ ਪ੍ਰਦੂਸ਼ਤ ਦੇਸ਼ ਅਤੇ ਦਿੱਲੀ ਪ੍ਰਦੂਸ਼ਤ ਰਾਜਧਾਨੀ ਹੈ। ਮੁਰਝਾਏ ਪ੍ਰਦੂਸ਼ਤ ਮਹਾਂ ਨਗਰ ਅਤੇ ਪੰਜਾਬ ਦਾ ਮੁੱਲਾਂਪੁਰ ਦਾਖਾ ਪ੍ਰਦੂਸ਼ਤ ਸ਼ਹਿਰ।

ਇੱਕ ਵਾਰ ਤਾਂ ਸੋਚ ਕੇ ਘਬਰਾਹਟ ਹੋਣ ਲੱਗਦੀ ਏ ਕਿ ਸੱਚੀਂ ਅਸੀਂ ਇੰਨੀ ਪ੍ਰਦੂਸ਼ਤ ਹਵਾ ਵਿਚ ਸਾਹ ਲੈ-ਲੈ ਨਿੱਤ ਦਿਨ ਨਵੀਆਂ ਬਿਮਾਰੀਆਂ ਸਹੇੜ ਰਹੇ ਹਾਂ। ਸੋਚਿਆ, ਅੱਜ ਹਵਾ ਪਾਣੀ ਬਾਰੇ ਹੀ ਵਿਦਿਆਰਥੀਆਂ ਨੂੰ ਜਾਗਰੂਕ ਕਰ ਕੇ ਉਹਨਾਂ ਦੇ ਅਨਭੋਲ ਮਨਾਂ ਨੂੰ ਇਸ ਪਾਸੇ ਪ੍ਰੇਰਨਾ ਹੈ। ਵਿਦਿਆਰਥੀ ਹੀ ਆਉਣ ਵਾਲੇ ਸਮੇਂ ਦਾ ਸਰਮਾਇਆ ਹਨ।

ਖ਼ੈਰ! ਸਕੂਲ ਪਹੁੰਚਦੇ ਹੀ ਸਵੇਰ ਦੀ ਸਭਾ ਦੀ ਘੰਟੀ ਵੱਜੀ। ਸਭਾ ਵੱਲ ਜਾਂਦੇ ਹੋਏ ਮੇਰੀ ਨਜ਼ਰ ਪਾਣੀ ਪੀਣ ਵਾਲੇ ਸਥਾਨ 'ਤੇ ਲਿਖੇ 'ਜਲ ਹੈ ਤਾਂ ਕੱਲ੍ਹ ਹੈ' ਨਾਅਰੇ 'ਤੇ ਪਈ। ਿਚਿਆ, ਕਿੰਨੀ ਸਹੀ ਗੱਲ ਏ। ਅਸੈਂਬਲੀ ਵਿਚ ਸ਼ਬਦ ਗਾਇਨ ਅਤੇ ਪੀ.ਟੀ. ਤੋਂ ਬਾਅਦ ਵਿਦਿਆਰਥੀਆਂ ਨੂੰ ਬਿਠਾ ਮੈਂ ਸਟੇਜ 'ਤੇ ਆਣ ਕੇ ਰਸਮੀ ਤੌਰ 'ਤੇ ਗੱਲ ਕਰਨੀ ਸ਼ੁਰੂ ਕੀਤੀ: ਵਿਦਿਆਰਥੀਓ, ਅੱਜ ਅਸੀਂ ਬਹੁਤ ਸਾਰੇ ਸੰਕਟਾਂ ਨਾਲ ਜੂਝ ਰਹੇ ਹਾਂ।... ਹਵਾ ਪ੍ਰਦੂਸ਼ਣ ਬਾਰੇ ਗੱਲ ਕਰਨ ਤੋਂ ਬਾਅਦ ਮੈਂ ਪਾਣੀ ਬਾਰੇ ਗੱਲ ਸ਼ੁਰੂ ਕੀਤੀ। ਦੱਸਿਆ ਕਿ ਸੰਸਾਰ ਨੂੰ ਆਉਣ ਵਾਲੇ ਸੰਕਟ ਤੋਂ ਬਚਾਉਣ ਲਈ ਲੋਕਾਂ ਵਿਚ ਜਾਗਰੂਕਤਾ ਫੈਲਾਉਣ ਲਈ ਅੱਜ ਦਾ ਦਿਨ ਸੰਸਾਰ ਜਲ ਦਿਵਸ ਵੱਜੋਂ ਮਨਾਇਆ ਜਾਂਦਾ ਹੈ। ਨਾਲ ਹੀ ਪਿਛਲੇ ਦਿਨੀਂ ਬੰਗਲੂਰੂ ਵਰਗੇ ਵਿਕਸਿਤ ਸ਼ਹਿਰ ਦਾ ਹਾਲ ਸੁਣਾਇਆ ਕਿ ਕਿਵੇਂ ਉੱਥੇ ਲੋਕ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ; ਕਿਵੇਂ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪਈ ਏ। ਹੋਰ ਭਾਰਤੀ ਸ਼ਹਿਰਾਂ ਦਾ ਹਾਲ ਦੱਸਦੀ ਮੈਂ ਪੰਜਾਬ ਦੇ ਹਾਲਾਤ ਦੀ ਤਸਵੀਰ ਦਿਖਾਉਣੀ ਸ਼ੁਰੂ ਕੀਤੀ। ਬਹੁਤੇ ਵਿਦਿਆਰਥੀ ਪੇਂਡੂ ਪਿਛੋਕੜ ਤੋਂ ਹੋਣ ਕਰ ਕੇ ਪਾਣੀ ਦੀ ਕਿੱਲਤ ਨਾਲ ਜੂਝ ਰਹੀ ਕਿਸਾਨੀ ਨੂੰ ਵੀ ਸਮਝ ਰਹੇ ਸਨ। ਪੰਜਾਬ ਵਿਚ 250 ਫੁੱਟ ਤੱਕ ਦੇ ਬਹੁਤੇ ਬੋਰ ਪਾਣੀ ਦੇਣ ਤੋਂ ਅਸਮਰੱਥ ਹੋ ਗਏ।

ਵਿਦਿਆਰਥੀਆਂ ਨੂੰ ਸਮਝਾਇਆ ਕਿ ਉਹ ਕਿਵੇਂ ਪਾਣੀ ਬਚਾਉਣ ਲਈ ਸਹਿਯੋਗ ਕਰ ਸਕਦੇ ਹਨ। ਉਹ ਆਪਣੇ ਪਰਿਵਾਰਾਂ ਅਤੇ ਸਮਾਜ ਨੂੰ ਸਮਝਾ ਕੇ ਪਾਣੀ ਦੀ ਦੁਰਵਰਤੋਂ ਬਾਰੇ ਸੁਚੇਤ ਕਰਨ; ਉਹ ਆਉਣ ਵਾਲੇ ਕੱਲ੍ਹ ਦੇ ਸੂਝਵਾਨ ਨਾਗਰਿਕ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ। ਪਹਿਲਾਂ ਹੀ ਵਿਕਾਸ ਦੇ ਨਾਂ 'ਤੇ ਸਾਡੇ ਹਵਾ ਪਾਣੀ ਨਾਲ ਉਹ ਠੱਗੀ ਲੱਗ ਚੁੱਕੀ ਏ ਕਿ ਇਸ ਦਾ ਖਮਿਆਜ਼ਾ ਅਸੀਂ ਜ਼ਹਿਰੀਲੀ ਆਬੋ-ਹਵਾ ਅਤੇ ਪਾਣੀ ਦੀ ਘਾਟ ਵਰਗੇ ਨਤੀਜਿਆਂ ਦੇ ਰੂਪ ਵਿਚ ਭੁਗਤ ਰਹੇ ਹਾਂ। ਇਸ ਦੇ ਬਹੁਤੇ ਦੋਸ਼ੀ ਅਸੀਂ ਆਪ ਹਾਂ। ਜੇ ਅੱਜ ਨਾ ਸੰਭਲੇ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ।

ਅਜੇ ਆਪਣੀ ਗੱਲ ਪੂਰੀ ਹੀ ਕੀਤੀ ਸੀ ਕਿ ਸੱਤਵੀਂ ਜਮਾਤ ਦੇ ਇੱਕ ਵਿਦਿਆਰਥੀ ਨੇ ਅੱਖਾਂ ਵਿਚ ਉਦਾਸੀ ਭਰ ਕੇ ਪੁੱਛਿਆ, "ਜੀ, ਜੇਕਰ ਪਾਣੀ ਮੁੱਕ ਗਿਆ, ਫੇਰ ਧਰਤੀ ਦਾ ਕੀ ਬਣੇਗਾ?" ਸਾਰੇ ਵਿਦਿਆਰਥੀ ਉਸ ਦੀ ਗੱਲ 'ਤੇ ਉੱਤੇ ਹੱਸ ਪਏ ਪਰ ਮੈਂ ਅਤੇ ਮੇਰੇ ਅਧਿਆਪਕ ਸਾਥੀ ਉਸ ਦਾ ਪ੍ਰਸ਼ਨ ਸੁਣ ਕੇ ਚਿੰਤਾ ਵਿਚ ਸਾਂ।... ਮੈਨੂੰ ਲੱਗਿਆ, ਅਸੀਂ ਕਿੰਨੇ ਦੋਖੀ ਹਾਂ ਜੋ ਆਉਣ ਵਾਲੀਆਂ ਨਸਲਾਂ ਲਈ ਜ਼ਹਿਰੀਲੀ ਹਵਾ ਇਸ ਧਰਤ 'ਤੇ ਛੱਡਾਂਗੇ, ਅਸੀਂ ਪਾਣੀ ਮੁਕਾ ਰਹੇ ਹਾਂ। ਉਹ ਦਿਨ ਦੂਰ ਨਹੀਂ ਜਦੋਂ ਪਾਣੀ ਆਕਸੀਜਨ ਦੇ ਸਿਲੰਡਰਾਂ ਵਾਂਗ ਮਿਲਿਆ ਕਰੇਗਾ। ਇਹੋ ਸਵਾਲ ਸਮਾਜ ਨਾਲ ਹੈ, ਉਸ ਵਿਕਾਸ ਨਾਲ ਹੈ ਜਿਸ ਦੀ ਇਹ ਕੀਮਤ ਅੱਜ ਹੈ। ਇਹੀ ਸਵਾਲ ਸਰਕਾਰਾਂ ਨਾਲ ਹੈ ਤੇ ਉਸ ਲੋਕਾਈ ਨਾਲ ਵੀ ਕਿ ਸੱਚੀਂ ਜੇ ਪਾਣੀ ਮੁੱਕ ਗਿਆ ਫੇਰ ਕੀ ਹੋਵੇਗਾ!

# ਸਤਨਾਮ ਸਿੰਘ ਔਲਖ ਦੀ ਕਿਤਾਬ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਦਾ ਦੂਸਰਾ ਐਡੀਸ਼ਨ ਰਿਲੀਜ਼



ਮੇਰੀ ਕਿਤਾਬ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਦਾ ਦੂਸਰਾ ਐਡੀਸ਼ਨ ਸੰਸਾਰ ਦੀਆਂ ਜੰਗਾਂ ਵਿਚ ਸਿੱਖਾਂ ਦੀਆਂ ਬਹਾਦਰੀਆਂ ਅਤੇ ਕੁਰਬਾਨੀਆਂ ਨੂੰ ਸਮਰਪਿਤ ਹੈ। ਇਹ ਕਿਤਾਬ ਵਿਸਾਖੀ ਮੌਕੇ 14 ਅਪ੍ਰੈਲ ਨੂੰ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਦੇ ਦਰਬਾਰ ਹਾਲ ਵਿਚ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਅਤੇ ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਵਲੋਂ ਰਿਲੀਜ਼ ਕੀਤੀ ਗਈ। 2004 ਵਿਚ ਚਾਚਾ ਜੀ ਕਰਨਲ ਸ. ਕਿਰਪਾਲ ਸਿੰਘ ਔਲਖ ਨੇ ਉਨ੍ਹਾਂ ਤਿੰਨ ਭਰਾਵਾਂ ਵਲੋਂ ਪਹਿਲੀ ਸੰਸਾਰ ਜੰਗ (1914-18) ਮੌਕੇ ਮੈਸੋਪੋਟਾਮੀਆ ਫਰੰਟ ਵਿਚ ਬਹਾਦਰੀਆਂ ਤੇ ਕੁਰਬਾਨੀਆਂ ਦੀ ਸੱਚੀ ਦਾਸਤਾਨ ਸੁਣਾ ਕੇ ਕਿਤਾਬ ਲਿਖਣ ਲਈ ਪ੍ਰੇਰਿਤ ਕੀਤਾ। ਮੇਰੀ ਧਰਮ ਪਤਨੀ ਬਲਵਿੰਦਰ ਕੌਰ ਨੇ ਅੱਗੇ ਖੋਜ ਕਰਨ ਅਤੇ ਲਿਖਣ ਵਾਸਤੇ ਉਤਸ਼ਾਹਿਤ ਕੀਤਾ। ਯੂਰਪ ਅਤੇ ਭਾਰਤ ਦੇ ਪ੍ਰਧਾਨਾਂ ਨੂੰ ਖਤ ਭੇਜਣ ਤੋਂ ਬਾਅਦ ਯੂ ਕੇ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਵਲੋਂ ਮੇਰੇ ਦਾਦਾ ਜੀ ਦਾ ਜੰਗੀ ਬਹਾਦਰੀਆਂ ਤੇ ਕੁਰਬਾਨੀਆਂ ਦਾ ਇਤਿਹਾਸ ਭੇਜਣ 'ਤੇ ਮੈਨੂੰ ਐਨੀ ਮੋਰਲ ਸਪੋਰਟ ਮਿਲੀ ਜਿਸ ਨੇ ਮੈਨੂੰ ਅੱਗੇ ਵਧਣ ਲਈ ਪ੍ਰੇਰਿਆ। ਕਿਤਾਬ ਸ਼ੁਰੂ ਕਰਨ ਵਿਚ ਜੈਰਾਮ ਸਿੰਘ ਕਾਹਲੋਂ ਅਤੇ ਪ੍ਰਿੰਸੀਪਲ ਸ. ਸੋਹਣ ਸਿੰਘ ਦਾ ਅਣਮੁੱਲਾ ਯੋਗਦਾਨ ਸੀ। ਪ੍ਰਿੰਸੀਪਲ ਸਾਹਿਬ ਨੇ ਆਪਣੇ ਘਰ ਦੀ ਨਿੱਜੀ ਲਾਇਬਰੇਰੀ ਵਿਚੋਂ ਮੈਨੂੰ ਕੁਝ ਸਬੰਧਤ ਪੁਸਤਕਾਂ ਵੀ ਦਿੱਤੀਆਂ।

ਪਹਿਲੇ ਤੇ ਦੂਸਰੇ ਐਡੀਸ਼ਨ ਵਿਚ 480 BC ਤੋਂ ਅੱਜ ਦੀ ਤਰੀਖ ਤੱਕ ਦਾ ਇਤਿਹਾਸ ਦਰਜ ਕੀਤਾ ਗਿਆ ਹੈ ਜਿਵੇਂ ਪਰਸ਼ੀਆ ਦੇ ਰਾਜੇ ਸਿਕੰਦਰ ਦੇ ਹਮਲੇ ਅਤੇ ਹਿੰਦੁਸਤਾਨ ਵਿਚ ਦਾਖਲਾ, ਦਰਾ ਖ਼ੈਬਰ ਪੁਰਾਣਾ ਤੇ ਨਵਾਂ, ਸੂਬਾ ਸਰਹਿੰਦ ਦਾ ਇਤਿਹਾਸ, ਇਸਲਾਮਿਕ ਇਤਿਹਾਸ, ਸੁਧੀਅਰਬੀਆ ਤੋਂ ਭੇਜਿਆ ਜਨਰਲ ਮੁਹੰਮਦਬਿਨ ਕਾਸਿਮ ਦਾ 712 ਵਿਚ ਪੰਜਾਬ 'ਤੇ ਪਹਿਲਾ ਹਮਲਾ, ਗਵਾਂਢੀ ਅਫ਼ਗਾਨਿਸਤਾਨ ਗਜ਼ਨਵੀ ਦੇ ਹਮਲੇ, ਗੋਰੀ, ਤੁਗ਼ਲਕ, ਗੁਲਾਮਾਂ, ਤੈਮੂਰ ਦੇ ਹਮਲੇ, ਦੁੱਲਾ ਭੱਟੀ ਦੇ ਵਾਲਦ, ਦਾਦਾ ਅਤੇ ਖੁਦ ਹਮਲਾਵਰਾਂ ਨਾਲ ਜੰਗ ਤੇ ਕੁਰਬਾਨੀਆਂ, ਲੋਧੀ ਮੁਗ਼ਲਾਂ ਦੀ ਆਮਦ, ਬਾਬਾ ਨਾਨਕ ਦੀ ਆਮਦ ਤੇ ਹੱਕ ਸੱਚ ਤੇ ਇਨਸਾਫ਼ ਵਾਸਤੇ ਲਲਕਾਰ, ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਮੀਰੀ ਪੀਰੀ ਦੀਆਂ ਤਲਵਾਰਾਂ, ਧਰਮ ਤੇ ਹਿੰਦ ਦੀ ਚਾਦਰ ਦੀਆਂ ਕੁਰਬਾਨੀਆਂ, ਗੜ੍ਹੀ ਦੀਆਂ ਤਿੰਨ ਜੰਗਾਂ, ਪਹਿਲਾ (1710-16) ਤੇ ਦੂਸਰਾ ਖਾਲਸਾ ਰਾਜ (1799-1849), ਐਂਗਲੋ ਸਿੱਖ ਵਾਰਜ਼, ਤਿੰਨ ਐਂਗਲੋ ਅਫ਼ਗ਼ਾਨ ਵਾਰਜ਼, ਤਿੰਨ ਘੱਲੂਘਾਰੇ, ਆਜ਼ਾਦੀ ਦੇ ਪ੍ਰਵਾਨਿਆਂ ਦਾ ਇਤਿਹਾਸ, ਫਰੰਗੀਆਂ ਦਾ ਰਾਜ, ਸਾਕਿਆਂ ਤੇ ਮੋਰਚਿਆਂ ਦੇ ਇਤਿਹਾਸ ਦਾ ਕਿਤਾਬ ਵਿਚ ਜ਼ਿਕਰ ਕੀਤਾ ਗਿਆ ਹੈ।

ਮੈਂ ਵਾਹਿਗੁਰੂ ਅਕਾਲ ਪੁਰਖ, ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਿਕਾਗੋਲੈਂਡ ਦੀ ਸਾਧ ਸੰਗਤ ਅਤੇ ਸਮੂਹ ਔਲਖ ਪਰਿਵਾਰ ਦਾ ਤਹਿ ਦਿਲੋਂ ਰਿਣੀ ਅਤੇ ਧੰਨਵਾਦੀ ਹਾਂ ਜਿਨ੍ਹਾਂ ਕਿਤਾਬ ਵਿਚ ਦਿਲਚਸਪੀ ਦਿਖਾਈ ਅਤੇ ਪੂਰਨ ਸਹਿਯੋਗ ਦਿੱਤਾ ਹੈ। ਦਾਸ ਨੂੰ ਨੈਗੇਟਿਵ ਤੇ ਪੋਜ਼ੀਟਿਵ feedback ਦੀ ਉਡੀਕ ਹੈ ਤਾਂ ਜੋ ਅਗਲੇ ਐਡੀਸ਼ਨ ਵਿਚ ਸੋਧ ਕੀਤੀ ਜਾ ਸਕੇ। -ਸਤਨਾਮ ਸਿੰਘ ਔਲਖ

## ਪੁਸਤਕ ਰਿਲੀਜ਼ ਸਮਾਗਮ ਦੀਆਂ ਯਾਦਗਾਰੀ ਤਸਵੀਰਾਂ















## ਕੁਝ ਜ਼ਰੂਰੀ ਗੱਲਾਂ

*1. 1947-48, 1965, 1971, 1999 ਕਾਰਗਿਲ, ਭਾਰਤ-ਪਾਕਿ ਯੁੱਧ ਦਾ ਇਤਿਹਾਸ ਕਿਤਾਬ ਵਿਚ ਦਰਜ ਹੈ।*

*2. 1962 ਦੀ ਭਾਰਤ-ਚੀਨ ਜੰਗ ਦਾ ਇਤਿਹਾਸ*


*4. ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਪਿਆਰ ਕਰਨ ਵਾਲਿਆਂ ਵਲੋਂ ਾਇਦਬਅਚਕ ਦੀ ਉਡੀਕ, ਕਿਤਾਬ ਦਾ ਪੰਜਾਬੀ ਵਿਚ ਉਲੱਥਾ ਕਰ ਕਿਤਾਬ ਬਣਾਉਣ ਦੇ ਸੁਝਾਓ 'ਤੇ ਵਿਚਾਰ ਕੀਤੀ ਜਾ ਰਹੀ ਹੈ।*

*5. ਗੁਰਦੀਪ ਸਿੰਘ ਵਿਰਕ ਪਰਿਵਾਰ ਵਲੋਂ ਦਰਬਾਰ ਹਾਲ ਵਿਚ ਸਕਰੀਨ 'ਤੇ ਵੇਰਵਾ ਦਿਖਾਉਣ ਲਈ ਧੰਨਵਾਦ।*

*6. ਪੰਜਾਬ ਟਾਈਮਜ਼ ਦੀ ਟੀਮ ਵਲੋਂ ਕਵਰੇਜ ਦੇਣ ਲਈ ਧੰਨਵਾਦ।*

*7. ਕਿਤਾਬ ਦਾ ਉਦਘਾਟਨ ਦਰਬਾਰ ਹਾਲ ਵਿਚ ਹੈੱਡ ਗ੍ਰੰਥੀ ਲਖਵਿੰਦਰ ਸਿੰਘ ਵਲੋਂ ਮੂਲ ਮੰਤਰ, ਅਤੇ ਗੁਰ ਮੰਤਰ ਦਾ ਪਾਠ ਕਰ ਕੇ ਕੀਤਾ ਗਿਆ, ਜਿਸ ਲਈ ਉਨ੍ਹਾਂ ਦਾ ਧੰਨਵਾਦ।*

## ਸਤਨਾਮ ਸਿੰਘ ਔਲਖ ਬਾਰੇ ਸੰਖੇਪ ਜਾਣਕਾਰੀ



Brief Profile of

SATNAM SINGH AULAKH

(Main Focus at Border Belt)

Border Man, Satnam Singh Aulakh was grew up to obtain education and serve and protect Border for 20 years in Border Security Force (1963 to 1983), fought the 1965 and 1971 Indo-Pak Wars at Kashmir Border.

Founder President of Punjabi Heritage Organization Inc, raised in USA 1991. Established Azad Sports Club Tapiala and organized Drug Awareness Program in village Tapiala and did Seva to Build Gurdwara Sahib in Border Village Tapiala. Adopted Border Elementary and Govt Girls Sen Sec Schools of Tapiala. Helped to raise BABA DEEP SINGH JI SOCIETY TAPIALA, TEH AJNALA, AMRITSAR, PUNJAB to support the needy students coming from rural, remote and border villages and to arrange Medical/ Eye camps for the residents of border area, where medical facilities are limited.

Received Life Time Achievements Award by iCan Chicago. Appreciations from SRS Gurmat Camp to teach "Sikh Ways of Life"

- Father Sarmukh Singh, served in Frontier Force and Grandfather Daffadar Janmeja Singh, served in 7th Hariana Lancers, who fought WW I, at Mesopotamia Front. He sacrificed his life in action, on April 05, 1917.
- Passed High School exam at Lopoke.
- Graduate from Jungle Warfare Course at BSF Training Center & School Hazaribag (Bihar) in 1967.
- Graduate from Central School of Weapons & Tactics (CSWT) at Indore (MP) 1968.
- Got Commission as direct Sub-Inspector and Graduated from BSF Academy Tekanpur, Gwalior (MP) in 1970.
- Saved the life of a young boy, who was injured in a minefield area at BOP 5542, in Jhangar Sector in Kashmir.
- Got premature Retirement as Inspector in 1983 and migrated to USA.
- Got US citizenship in 1989. Called Brothers and Sisters there in 2003.
- Member of Disabled American Veteran Organization, since 1985.
- Founder Members & Founder President of Punjabi Heritage Organization of Chicago from 1991 to 1994.
- Board of Trustees Sikh Religious Society Palatine 1991-94. Served as Executive Secretary and Identified the 10 donated Real Estates to SRS, and obtained the possession through attorney.
- Chairman/Secretary of Internal Audit, Records and Legal Issues Committee of SRS, for 6 years.
- Collected records, since its inception (1972), organized and categorized year wise documents into binders in safe custody at SRS premises.
- Coordinating Community Service (Kar Seva) at Gurdwara Sahib Palatine since 2006 till to date.
- Served 25 years for Clorox Company in Food Division, as Process Technician, and retired in March, 2014.
- Participating in my Tapiala village development in sports, new Gurdwara Sahib, Cremation place, plantation of trees and drug awareness.
- Adopted village Govt Girls Sen Sec School Tapiala, created Kar Seva in summer vacation since 2013 to date, and provided funds for School building maintenance and new class rooms.
- Maintenance of School library, dispensary, computer lab and mid-day meals kitchen.
- Plantation of trees and maintenance of landscaping.
- Installed R O System for clean water supply to students and staff.
- School environment awareness program.
- Author of book "Sikh Warriors in World Wars", released on March 15, 2015. 2nd Edition being planned to be published in 2019-2020.
- Raised Charitable Society in November, 2018 to help the needy students of Govt. Girls Sen Sec School Tapiala. This school is situated in the rural area of border belt of district Amritsar and around 900 girl students come for education from 32 border villages.
- On March 18, 2017, received LIFETIME ACHIEVEMENT AWARD, recognized by Indian Community of Great Chicago (India Star Plus, Life OK and I Can). Award function was held at Meadow Club.

SATNAM SINGH AULAKH

## ਕਿਤਾਬ ਖਰੀਦਣ ਲਈ ਸ. ਸਤਨਾਮ ਸਿੰਘ ਔਲਖ ਨਾਲ ਸੰਪਰਕ ਕਰੋ: 847-526-1520

# ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਜਾਦੂਈ ਪੇਸ਼ਕਾਰੀ

## ਨਾਟਕ ਦੇ ਕਲਾਕਾਰਾਂ ਨੇ ਦਰਸ਼ਕ ਕੀਲੇ; ਦੇਸ਼ ਵੰਡ ਦੀ ਯਾਦ ਕਰਾਈ ਤਾਜ਼ਾ

**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਪੈਲਾਟਾਈਨ ਵਿਚ ਲੰਘੇ 6 ਅਪਰੈਲ ਨੂੰ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ, ਜਿਸ ਵਿਚ ਮੁੱਖ ਤੌਰ 'ਤੇ ਉਘੇ ਨਾਟਕਕਾਰ ਡਾ. ਆਤਮਜੀਤ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਉਨ੍ਹਾਂ ਦਾ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਪ੍ਰੋਗਰਾਮ ਦਾ ਸਿਖਰ ਹੋ ਨਿੱਬੜਿਆ। ਸ਼ਿਕਾਗੋਲੈਂਡ ਦੇ ਪੈਲਾਟਾਈਨ ਸ਼ਹਿਰ ਦੇ ਕਟਿੰਗ ਹਾਲ ਪ੍ਰਫ਼ਾਰਮਿੰਗ ਸੈਂਟਰ ਦੇ ਖਚਾਖਚ ਭਰੇ ਆਡੀਟੋਰੀਅਮ ਵਿਚ ਦਰਸ਼ਕਾਂ ਨੇ ਸਾਹ ਸੂਤ ਕੇ ਨਾਟਕ ਦੇਖਿਆ, ਮਾਣਿਆ ਅਤੇ ਸਲਾਹਿਆ। ਇਸ ਕੌਂਸਲ ਰਹੇ ਰਣਜੀਤ ਸਿੰਘ ਦੀ ਸ਼ਿਕਾਗੋ ਵਿਚ ਕੌਮਾਂਤਰੀ ਮਾਂ ਬੋਲੀ ਦਿਵਸ ਮਨਾਉਣ ਦਾ ਮੁੱਢ ਬੰਨ੍ਹਣ 'ਤੇ ਸ਼ਲਾਘਾ ਕੀਤੀ ਅਤੇ ਸ. ਦਰਸ਼ਨ ਸਿੰਘ ਧਾਲੀਵਾਲ ਦਾ ਉਨ੍ਹਾਂ ਨੂੰ ਨਾਟਕ ਲਈ ਵਿੱਤੀ ਮਦਦ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਈ ਅਵਾਰਡ ਮਿਲ ਚੁੱਕੇ ਹਨ ਪਰ ਸਭ ਤੋਂ ਵੱਡਾ ਅਵਾਰਡ ਉਨ੍ਹਾਂ ਨੂੰ ਦਰਸ਼ਨ ਸਿੰਘ ਧਾਲੀਵਾਲ ਨੇ ਇਹ ਕਹਿ ਕੇ ਦਿੱਤਾ ਸੀ ਕਿ 'ਪੰਜਾਬੀ ਮਾਂ ਬੋਲੀ ਲਈ ਜੋ ਵੀ ਕਰੀਂ ਤੈਨੂੰ ਪੈਸੇ ਦੀ ਕਮੀ ਨਹੀਂ ਆਉਣ ਦੇਆਂਗੇ।' ਉਨ੍ਹਾਂ ਸੰਤ ਨਿਰੰਕਾਰੀ ਭਵਨ ਦੇ ਮੁੱਖ ਪ੍ਰਬੰਧਕ ਡਾ. ਕਾਲੜਾ ਦਾ ਰਿਹਰਸਲ ਲਈ ਸਮਾਜ ਵਿਚ ਲੋਕ ਇੱਕ-ਦੋ ਬੋਲੀਆਂ ਹੀ ਬੋਲਦੇ ਹਨ, ਪਰ ਭਾਰਤ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਸਿੱਖਣ ਦੇ ਮੌਕੇ ਹਨ। ਜੇ ਪੜ੍ਹਾਈ ਮਾਂ ਬੋਲੀ ਜਾਂ ਖੇਤਰੀ ਭਾਸ਼ਾ ਵਿਚ ਕਰਵਾਈ ਜਾਵੇ ਤਾਂ ਉਹ ਹੋਰ ਵਧੇ-ਫੁੱਲੇਗੀ। ਜਿਗਰਦੀਪ ਸਿੰਘ ਢਿੱਲੋਂ ਨੇ ਪੰਜਾਬੀ ਮਾਂ ਬੋਲੀ ਦਿਹਾੜੇ ਬਾਰੇ ਜਾਣਕਾਰੀ ਸਾਂਝੀ ਕੀਤੀ। ਰਾਜ ਲਾਲੀ ਬਟਾਲਾ ਨੇ ਵੀ ਮਾਂ ਬੋਲੀ ਦਿਵਸ ਲਈ ਲਿਖਿਆ ਆਪਣਾ ਸ਼ੇਅਰ, 'ਮਾਂ ਬੋਲੀ ਸ਼ੁਕਰਾਨਾ ਤੇਰਾ, ਮਾਂ ਬੋਲੀ ਸ਼ੁਕਰਾਨਾ' ਸੁਣਾਇਆ।

ਪ੍ਰੋਗਰਾਮ ਦਾ ਦੂਜਾ ਸੈਸ਼ਨ 'ਪੰਜਾਬੀ ਸਾਹਿਤ ਦਾ ਸਤਿਕਾਰ' ਸੀ, ਜਿਸ ਵਿਚ ਖਾਸ ਤੌਰ 'ਤੇ ਕੈਨੇਡਾ



ਮੌਕੇ ਸ਼ਿਕਾਗੋਲੈਂਡ ਦੇ ਪੰਜਾਬੀ ਰੰਗਮੰਚ ਦਾ ਇਤਿਹਾਸ ਸਿਰਜਣ ਵਾਲੇ 10 ਨਵੇਂ-ਪੁਰਾਣੇ ਰੰਗਕਰਮੀਆਂ ਨੂੰ ਵੀ ਦਰਸ਼ਕਾਂ ਨਾਲ ਮਿਲਾਇਆ ਗਿਆ।

ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' 'ਤੇ ਆਧਾਰਤ ਹੈ, ਜੋ 1947 ਦੀ ਦੇਸ਼ ਵੰਡ ਦਾ ਦੁਖਾਂਤ ਪੇਸ਼ ਕਰਦਾ ਹੈ। ਨਾਟਕ ਰਾਹੀਂ ਡਾ. ਆਤਮਜੀਤ ਨੇ ਕਈ ਵਿਸ਼ੇ ਛੋਹੇ ਹਨ। ਉਨ੍ਹਾਂ ਜਿੱਥੇ ਸੱਤਾ ਦੇ ਲਾਲਚੀ ਸਿਆਸਤਦਾਨਾਂ ਵਲੋਂ ਆਪਣੇ ਨਿੱਜੀ ਮੁਫਾਦ ਲਈ ਦੇਸ਼ ਨੂੰ ਵੰਡਣ, ਵੰਡ ਦੌਰਾਨ ਹੋਏ ਕਤਲੋਗਾਰਤ, ਆਪਣਿਆਂ ਤੋਂ ਵਿੱਛੜਨ ਦੀ ਪੀੜ, ਆਪਣੀ ਜੰਮਣ ਭੋਇੰ ਨਾਲ ਮੋਹ, ਜਾਤ-ਪਾਤ ਤੋਂ ਉਪਰ ਉਠ ਕੇ ਭਾਈਚਾਰਕ ਸਾਂਝ, ਆਪਸੀ ਮੁਹੱਬਤ ਦੀ ਗੱਲ ਕੀਤੀ ਹੈ, ਉਥੇ ਹੀ ਪਾਗਲਖਾਨਿਆਂ ਵਿਚ ਬੰਦ ਪਾਗਲਾਂ ਨਾਲੋਂ ਦੇਸ਼ ਨੂੰ ਚਲਾਉਣ ਵਾਲੇ ਲੋਕਾਂ ਦੇ ਪਾਗਲਪੁਣੇ ਨੂੰ ਵਧੇਰੇ ਖਤਰਨਾਕ ਗਰਦਾਨਿਆ ਹੈ। ਨਾਟਕ ਵਿਚਲਾ ਗੀਤ

'ਕੁਰਸੀ ਮੱਲਣ ਖਾਤਿਰ ਲਿਖਦੇ ਨਿੱਤ ਇੱਕ ਨਵੀਂ ਕਹਾਣੀ;

ਕਿਸੇ ਦੀ ਦੋ ਟੁੱਕ ਰੋਟੀ ਰੁਲ਼ ਗਈ, ਕਿਸੇ ਦਾ ਦੋ ਘੁੱਟ ਪਾਣੀ।' ਇਸੇ ਦੀ ਤਰਜ਼ਮਾਨੀ ਕਰਦਾ ਹੈ।

ਪਾਗਲਖਾਨੇ ਵਿਚ ਬੰਦ ਫੌਜੀ, ਪ੍ਰੋਫੈਸਰ, ਮੁਹੱਬਤ ਦਾ ਮਾਰਿਆ ਵਕੀਲ, ਬਚਨ ਸਿੰਘ ਤੇ ਬਾਕੀ ਸਾਰੇ ਪਾਤਰ ਦਰਸ਼ਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡ ਗਏ। ਜਿੱਥੇ 'ਛੋਲੇ ਗਰਮ ਕਰਾਰੇ, ਮਲਾਈ ਵਾਲੀ ਕੁਲਫੀ', 'ਅਸ਼ਾਂ ਤਾਂ ਫਾਂਸੀ ਚੜ੍ਹਨਾ ਨਈਂ', 'ਹੋ ਗਈ ਨਾ ਵਿਬਰੀ ਟੈਟ' ਵਰਗੇ ਡਾਇਲੌਗਜ਼ 'ਤੇ ਦਰਸ਼ਕ ਖਿੜਖਿੜਾ ਕੇ ਹੱਸ ਰਹੇ ਸਨ, ਉਥੇ ਹੀ ਬਚਨ ਸਿੰਘ ਦੇ ਡਾਇਲੌਗ 'ਦਰਖਤ ਕੱਟਿਆ/ਵੱਢਿਆ ਜਾ ਸਕਦਾ ਹੈ, ਪਰ ਜੜ੍ਹਾਂ ਨਹੀਂ ਵੰਡੀਆਂ ਜਾ ਸਕਦੀਆਂ', ਵਕੀਲ ਰੂਪ ਲਾਲ ਦੇ 'ਜੇ ਪੁੱਲ ਟੁੱਟ ਗਿਆ ਤਾਂ ਬਾਬਾ ਨਾਨਕ ਮੁਆਫ ਨਹੀਂ ਕਰੇਗਾ' ਨੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਬਚਨ ਸਿੰਘ ਜਦੋਂ ਆਪਣੇ ਪਿੰਡ ਟੋਬਾ ਟੇਕ ਸਿੰਘ ਨੂੰ ਯਾਦ ਕਰ ਕੇ ਰੋਂਦਾ ਹੈ ਤਾਂ ਦਰਸ਼ਕਾਂ ਦੇ ਹੰਝੂ ਵੀ ਆਪ-ਮੁਹਾਰੇ ਵਹਿ ਤੁਰਦੇ ਨੇ।

ਡਾ. ਆਤਮਜੀਤ ਨੇ ਨਾਟਕ ਦੇ ਕਲਾਕਾਰਾਂ ਨੂੰ ਦਰਸ਼ਕਾਂ ਦੇ ਰੂਬਰੂ ਕਰਦਿਆਂ ਦੱਸਿਆ ਕਿ ਇਨ੍ਹਾਂ ਨੇ ਨਾਟਕ ਲਈ ਸਾਢੇ ਪੰਜ ਮਹੀਨੇ ਮਿਹਨਤ ਕੀਤੀ ਹੈ। ਉਨ੍ਹਾਂ ਜਦੋਂ ਦੱਸਿਆ ਕਿ ਨਾਟਕ ਵਿਚਲੇ ਕੁਝ ਕਲਾਕਾਰਾਂ ਨੇ ਪਹਿਲੀ ਵਾਰ ਨਾਟਕ ਖੇਡਿਆ ਹੈ ਤਾਂ ਸਭ ਹੈਰਾਨ ਹੋ ਗਏ ਪਰ ਇਹ ਸਭ ਡਾ. ਆਤਮਜੀਤ ਦਾ ਹੀ ਕਮਾਲ ਸੀ ਕਿ ਉਨ੍ਹਾਂ ਨੇ ਇਨ੍ਹਾਂ ਕਲਾਕਾਰਾਂ ਨੂੰ ਤਰਾਸ਼ ਕੇ ਸੋਨਾ ਬਣਾ ਦਿੱਤਾ। ਹੈਰਾਨੀ ਉਦੋਂ ਵੀ ਹੋਈ ਜਦੋਂ ਇਹ ਪਤਾ ਲੱਗਾ ਕਿ ਕਈ ਕਲਾਕਾਰਾਂ ਨੇ ਤਾਂ ਅਦਾਕਾਰੀ ਕੀਤੀ ਹੀ ਪਹਿਲੀ ਵਾਰ ਹੈ। ਇਸ ਲਈ ਮਹਾਰਾਸ਼ਟਰ ਤੇ ਹੋਰਨਾਂ ਖਿਤਿਆਂ ਦੇ ਕਲਾਕਾਰਾਂ ਦੀ ਤਾਰੀਫ ਕਰਨੀ ਬਣਦੀ ਹੈ, ਜਿਨ੍ਹਾਂ ਨੇ ਇਸ ਲਈ ਦਿਨ-ਰਾਤ ਮਿਹਨਤ ਕੀਤੀ। ਨਾਟਕ ਵਿਚ ਕਿੰਨਰਾਂ ਵਾਲਾ ਸੀਨ ਵੀ ਬਾਕਮਾਲ ਸੀ। ਉਹ ਜਦੋਂ ਕਹਿੰਦੇ ਹਨ ਕਿ 'ਜੇ ਅਸੀਂ ਜੰਮ ਨਹੀਂ ਸਕਦੇ ਤਾਂ ਅਸੀਂ ਮਾਰਦੇ ਵੀ ਨਹੀਂ' ਤਾਂ ਸਾਡੇ ਸਮਾਜ 'ਤੇ ਡੂੰਘੀ ਚੋਟ ਕਰਦੇ ਹਨ।

ਡਾ. ਆਤਮਜੀਤ ਨੇ ਇਸ ਪ੍ਰੋਗਰਾਮ ਦੇ ਰੂਹ-ਏ-ਰਵਾਂ ਅਤੇ ਸ਼ਿਕਾਗੋ ਦੇ ਭਾਰਤੀ ਕੌਂਸਲਖਾਨੇ ਵਿਚ ਜਗ੍ਹਾ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਧੰਨਵਾਦ ਕੀਤਾ, ਜਿਸ ਤੋਂ ਬਿਨਾਂ ਇਹ ਨਾਟਕ ਕਰਨਾ ਸੰਭਵ ਨਹੀਂ ਸੀ।

ਡਾ. ਆਤਮਜੀਤ ਨੇ ਸ਼ਿਕਾਗੋ ਵਿਚ ਰੰਗਮੰਚ ਦੇ ਇਤਿਹਾਸ ਬਾਰੇ ਦੱਸਦਿਆਂ ਕਿਹਾ, 'ਮੈਨੂੰ ਲੱਗਦਾ ਸੀ ਕਿ ਸ਼ਿਕਾਗੋਲੈਂਡ ਵਿਚ ਨਾਟਕਾਂ ਦੀ ਸ਼ੁਰੂਆਤ ਮੈਂ ਕੀਤੀ ਹੈ ਪਰ ਮੈਨੂੰ ਉਦੋਂ ਬੜੀ ਖੁਸ਼ੀ ਹੋਈ, ਜਦੋਂ ਪਤਾ ਲੱਗਾ ਕਿ ਅੱਜ ਤੋਂ 12-13 ਸਾਲ ਪਹਿਲਾਂ ਇੱਥੇ ਪਹਿਲਾ ਪੰਜਾਬੀ ਨਾਟਕ 'ਬੁੱਲਾ' ਖੇਡਿਆ ਗਿਆ ਸੀ।' ਉਨ੍ਹਾਂ ਨੇ ਇਸ ਨਾਟਕ ਦੇ ਲੇਖਕ ਤੇ ਨਿਰਦੇਸ਼ਕ ਡਾ. ਰਿਆਜ਼ ਬਾਬਰ ਅਤੇ ਇਸ ਦੇ ਕਲਾਕਾਰਾਂ ਫਰੀਦਾ ਬਾਬਰ, ਡਾ. ਆਰਿਫ ਆਗਾ, ਫਰੀਹਾ ਆਗਾ, ਡਾ. ਤਾਹਿਰ ਰੋਹੇਲ, ਡਾ. ਜਾਵੇਦ ਇਕਬਾਲ, ਡਾ. ਜਾਫਰ ਹਸਨੈਨ, ਕਮਲੇਸ਼ ਗੁਪਤਾ, ਮਧੂ ਆਰੀਆ ਨੂੰ ਉਚੇਚਾ ਸਟੇਜ 'ਤੇ ਸੱਦਿਆ ਅਤੇ ਦਰਸ਼ਕਾਂ ਦੇ ਰੂਬਰੂ ਕੀਤਾ, ਜਿਨ੍ਹਾਂ ਦਾ ਦਰਸ਼ਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਸ਼ਿਕਾਗੋਲੈਂਡ ਵਿਚ ਹੁਣ ਤੱਕ ਚਾਰ ਨਾਟਕ- 'ਬੁੱਲਾ', 'ਜੁਗਨੀ', 'ਸਾਹਨੀ ਸੱਚ ਕਹਿੰਦਾ ਸੀ' ਅਤੇ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਖੇਡੇ ਗਏ ਹਨ। ਇਨ੍ਹਾਂ ਵਿਚੋਂ ਦੋ ਨਾਟਕ ਉਨ੍ਹਾਂ ਦੇ ਹਨ। ਕਮਾਲ ਵਾਲੀ ਗੱਲ ਇਹ ਹੈ ਕਿ ਸ਼ਿਕਾਗੋ ਦੇ ਉਘੇ ਕਲਾਕਾਰ ਗੁਰਮੁੱਖ ਸਿੰਘ ਭੁੱਲਰ ਨੇ ਇਨ੍ਹਾਂ ਚਾਰਾਂ ਨਾਟਕਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਉਨ੍ਹਾਂ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੇ ਕਲਾਕਾਰ ਕੁਮਾਰ ਪਵਨਦੀਪ ਦੀ ਵੀ ਸ਼ਲਾਘਾ ਕੀਤੀ ਜੋ ਉਚੇਚੇ ਤੌਰ 'ਤੇ ਰਿਹਰਸਲ ਕਰਨ ਲਈ ਸਿਨਸਿਨੈਟੀ ਤੋਂ ਆਉਂਦੇ ਸਨ। ਉਨ੍ਹਾਂ ਦੱਸਿਆ ਕਿ ਕੁਮਾਰ ਪਵਨਦੀਪ 20 ਅਪਰੈਲ ਨੂੰ ਡੇਅਟਨ ਵਿਖੇ ਇਹੋ ਨਾਟਕ ਕਰਵਾ ਰਹੇ ਹਨ।

'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੇ ਹੋਰ ਕਲਾਕਾਰਾਂ ਵਿਚ ਰਾਜੇਸ਼ ਪਵਾਰ, ਚਰਨਦੀਪ, ਮਨਦੀਪ ਕੁਮਾਰ, ਪ੍ਰੀਤੀ ਰਾਜ, ਵਿਨੀਤ ਅਨੰਦ, ਨਿਤੀਸ਼ ਕੁਮਾਰ, ਜਸਰਾਜ, ਮਧੁਰਾ, ਜਸਬੀਰ ਕੌਰ ਮਾਨ, ਰਿਚਾ ਚਾਂਦ, ਰਿਚਾ ਕੌਂਡਲ, ਲੁਮਾਨ ਕੈਸਰ (ਇਜਾਜ਼ ਕੈਸਰ ਦਾ ਪੁੱਤਰ) ਤੇ ਹੈਰੀ ਸਿੱਧੂ ਸ਼ਾਮਲ ਸਨ। ਸਾਊਂਡ ਦਾ ਪ੍ਰਬੰਧ ਡਾ. ਆਤਮਜੀਤ ਦੇ ਬੇਟੇ ਦਾ ਸੀ। ਡਾ. ਆਤਮਜੀਤ ਨੇ ਦੱਸਿਆ ਕਿ ਨਾਟਕ ਲਈ ਵਰਤੇ ਗਏ ਬਣਾਉਟੀ ਦਰਖਤ ਨੂੰ ਲਿਆਉਣ ਵਿਚ ਉਨ੍ਹਾਂ ਨੂੰ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਪਰ ਅਖੀਰ ਹਰਪਾਲ ਹੰਜਰਾ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ। ਉਨ੍ਹਾਂ ਸ. ਜੋਗਿੰਦਰ ਸਿੰਘ ਰਮਦੇਵ ਨੂੰ ਵੀ ਯਾਦ ਕੀਤਾ। ਨਾਟਕ ਦੇ ਕਲਾਕਾਰਾਂ ਨੂੰ ਉਨ੍ਹਾਂ ਕਿਹਾ ਕਿ ਸ਼ਿਕਾਗੋਲੈਂਡ ਵਰਗੇ ਦਰਸ਼ਕ ਹੋਰ ਕਿਤੇ ਨਹੀਂ ਮਿਲ ਸਕਦੇ।

ਜ਼ਿਕਰਯੋਗ ਹੈ ਕਿ ਨਾਟਕ ਦੇਖਣ ਲਈ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਇਲਾਵਾ ਹੋਰਨਾਂ ਸਟੇਟਾਂ ਅਤੇ ਭਾਈਚਾਰਿਆਂ ਦੇ ਦਰਸ਼ਕ ਵੀ ਭਾਰੀ ਗਿਣਤੀ ਵਿਚ ਪਹੁੰਚੇ ਹੋਏ ਸਨ। ਸਮਾਗਮ ਦੇ ਮੁੱਖ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਕਨਵੀਨਰ ਰਾਜ ਲਾਲੀ ਬਟਾਲਾ ਨੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸੋਮ ਨਾਥ ਘੋਸ਼ ਦਾ ਸਵਾਗਤ ਕੀਤਾ। ਕੌਂਸਲ ਜਨਰਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬੰਗਾਲੀ ਲੋਕਾਂ ਲਈ ਉਨ੍ਹਾਂ ਦੀ ਮਾਂ ਬੋਲੀ ਦਿਲ ਦੇ ਬਹੁਤ ਨੇੜੇ ਹੈ। ਅੰਗਰੇਜ਼ੀ ਤੋਂ ਆਏ ਸ਼ਾਇਰ ਭੁਪਿੰਦਰ ਦੁਲੇ ਨੇ ਆਪਣੀ ਰਚਨਾ 'ਜਲ ਤੇ 'ਵਾ ਨੂੰ ਕਿੰਨਾ ਦੂਸ਼ਿਤ ਕਰ ਦਿੱਤਾ, ਅਗਲੀ ਪੀੜ੍ਹੀ ਨੂੰ ਆਪਾਂ ਇਹ ਵਰ ਦਿੱਤਾ', ਕੁਲਵਿੰਦਰ ਖਹਿਰਾ ਨੇ 'ਕੀਤਾ ਜਵਾਨ ਪੁੱਤਾਂ ਕੀ ਹਾਲ ਬਸਤੀਆਂ ਦਾ, ਹੈ ਰੁੱਤ ਸਿਹਰਿਆਂ ਦੀ ਪਰ ਦੌਰ ਅਰਥੀਆਂ ਦਾ' ਅਤੇ ਰਵਿੰਦਰ ਸਿੰਘ ਸਹਿਰਾਅ ਨੇ 'ਧੀਆਂ ਘਰ ਆਵਣ ਤਾਂ ਬਰੂਹਾਂ ਫੁੱਲ ਪੱਤੀਆਂ ਬਣ ਜਾਵਣ' ਸੁਣਾਈਆਂ।

ਕਸ਼ਿਸ਼ ਹੁਸ਼ਿਆਰਪੁਰੀ ਨੇ ਨਜ਼ਮ 'ਇਹ ਟਿਕਦਾ ਨਹੀਂ ਸੀ, ਟਿਕਾਉਣਾ ਪਿਆ, ਕਿਸੇ ਨਾਲ ਦਿਲ ਮੈਨੂੰ ਲਾਉਣਾ ਪਿਆ', ਆਬਿਦ ਰਸ਼ੀਦ ਨੇ 'ਮੇਰੇ ਅੱਬਾ ਜੀ ਇਹ ਕਹਿੰਦੇ ਸੀ, ਅਸੀਂ ਚੜ੍ਹਦੇ ਪਾਸੇ ਰਹਿੰਦੇ ਸੀ' ਅਤੇ 'ਸਾਰੇ ਮਸਲੇ ਹੱਲ ਕਰ ਲਈਏ ਗੱਲ ਮੁੱਕੇ ਜੇ ਗੱਲ ਕਰ ਲਈਏ', ਪੰਜਾਬੀ ਫਾਰਸੀ ਤੇ ਉਰਦੂ ਦੇ ਸ਼ਾਇਰ ਗੁਲਾਮ ਮੁਸਤਫਾ ਅੰਜੁਮ ਨੇ 'ਕੰਧਾਂ 'ਤੇ ਆ ਚੜ੍ਹੀਆਂ ਧੁੱਪਾਂ ਤੇ ਬੰਦਿਆਂ ਵਾਂਗੂ ਸੜੀਆਂ ਧੁੱਪਾਂ', ਰਾਕਿੰਦ ਕੌਰ ਨੇ 'ਇਹ ਮੌਸਮ ਦੀ ਜੋ ਫਿਤਰਤ ਬਦਲਦੀ ਜਾ ਰਹੀ ਹੈ', ਗੁਰਲੀਨ ਕੌਰ ਨੇ 'ਸ਼ੇਰ ਦਾ ਅਸੂਲ ਐ ਕਿ ਮਰਿਆ ਮਾਸ ਉਹ ਖਾਵੇ ਨਾ', ਰਾਜ ਲਾਲੀ ਬਟਾਲਾ ਨੇ 'ਫੁੱਲਾਂ ਨੂੰ ਕੁਝ ਹੋਇਆ ਲੱਗਦੈ' ਅਤੇ ਡਾ. ਆਤਮਜੀਤ ਨੇ ਨਜ਼ਮ 'ਮਾਂ ਤੂੰ ਮਮਤਾ ਹੈਂ' ਸੁਣਾਈ।

ਸਮਾਗਮ ਦੇ ਮੁੱਖ ਸਪਾਂਸਰ ਤੇ ਚੀਫ ਪੈਟਰਨ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਸਨ। ਹੋਰ ਸਪਾਂਸਰਾਂ ਵਿਚ ਭੁਪਿੰਦਰ ਸਿੰਘ ਧਾਲੀਵਾਲ, ਜਪਨੀਤ ਖਹਿਰਾ, ਮੁਖਤਿਆਰ ਸਿੰਘ (ਹੈਪੀ) ਹੀਰ, ਗੁਲਜ਼ਾਰ ਸਿੰਘ ਮੁਲਤਾਨੀ, ਲੱਕੀ ਸਹੋਤਾ, ਡਾ. ਵਿਕਰਮ ਗਿੱਲ, ਜਗਜੀਤ ਸਿੰਘ ਢੀਂਡਸਾ, ਪਰਮਿੰਦਰ ਸਿੰਘ ਗੋਲਡੀ, ਅਮਰੀਕ ਸਿੰਘ (ਅਮਰ ਕਾਰਪੈਟਸ), ਪਰਸ਼ਨ ਸਿੰਘ ਮਾਨ, ਦਰਸ਼ਨ ਸਿੰਘ ਗਰੇਵਾਲ, ਦਵਿੰਦਰ ਸਿੰਘ ਰੰਗੀ, ਬ੍ਰਿਜ ਸ਼ਰਮਾ, ਰਾਜਿੰਦਰ ਬੀਰ ਸਿੰਘ ਮਾਗੋ, ਸਰਵਣ ਸਿੰਘ ਮਿਸ਼ਵਾਕਾ, ਪਾਲ ਖਲੀਲ, ਅਜੈਬ ਸਿੰਘ ਲੱਖਣ, ਬਿਕਰਮ ਸੋਹੀ, ਏ ਜੇ ਸੰਧੂ, ਜਸਕਰਨ ਧਾਲੀਵਾਲ ਤੇ ਕਮਲੇਸ਼ ਕਪੂਰ ਸ਼ਾਮਲ ਸਨ। ਪ੍ਰੋਗਰਾਮ ਦੇ ਪ੍ਰਬੰਧਕਾਂ ਵਲੋਂ ਸਪਾਂਸਰਾਂ ਨੂੰ ਸਨਮਾਨ ਵਜੋਂ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਨਾਟਕ ਦੇ ਕਲਾਕਾਰਾਂ ਦਾ ਵੀ ਸਨਮਾਨ ਕੀਤਾ ਗਿਆ।

ਇਸ ਸਮਾਗਮ ਵਿਚ ਪੰਜਾਬੀ ਕਲਚਰਲ ਸੁਸਾਇਟੀ (ਸ਼ਿਕਾਗੋ), ਕਲਮਾਂ ਦੇ ਅੰਗ-ਸੰਗ, ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪੀ.ਏ.ਓ.), ਗੁਰੂ ਲਾਧੋ ਰੇ ਸੇਵਾ ਸੁਸਾਇਟੀ (ਵਿਸਕਾਨਸਿਨ), ਸਵੇਰਾ, ਸੁਖਨਵਰ ਸ਼ਿਕਾਗੋ ਪੰਜਾਬੀ ਕਲਚਰਲ ਫੋਰਮ, ਪੰਜਾਬੀ ਕਲਚਰਲ ਸੁਸਾਇਟੀ (ਮਿਸ਼ੀਗਨ) ਤੇ ਗਲੋਬਲ ਪੰਜਾਬੀ ਮਿਲਾਪ ਅਤੇ ਖੇਡ ਅਤੇ ਸੱਭਿਆਚਾਰਕ ਸੰਸਥਾਵਾਂ- ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ ਮਿਡਵੈਸਟ (ਸ਼ਿਕਾਗੋ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਸ਼ਿਕਾਗੋ), ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ (ਸਾਊਥਬੈਂਡ, ਇੰਡੀਆਨਾ) ਅਤੇ ਯੂਥ ਕਲੱਬ ਆਫ ਇੰਡੀਆਨਾ ਨੇ ਸਹਿਯੋਗ ਦਿੱਤਾ।

ਪ੍ਰਬੰਧਕਾਂ ਵਲੋਂ ਕੇ ਕੇ ਪੰਮਾ ਦੇ ਐਟਲਾਂਟਿਸ ਬੈਂਕੁਇਟ ਵਿਚ ਹਾਜ਼ਰੀਨ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

### ਨਾਟਕ ਬਾਰੇ ਕੁਝ ਮਹੱਤਵਪੂਰਨ ਟਿੱਪਣੀਆਂ:

**ਇਸ ਨਾਟਕ ਨੂੰ ਦੇਖ ਕੇ ਮੇਰੇ ਮੂੰਹੋਂ ਪਹਿਲਾ ਲਫ਼ਜ਼ ਨਿਕਲਿਆ ਸੀ 'ਵਾਹ'। ਬੇਹਤਰੀਨ ਸਕ੍ਰਿਪਟ, ਸਾਦਾ ਜ਼ੁਬਾਨ, ਖ਼ੂਬਸੂਰਤ ਡਾਇਲਾਗ ਡਿਲਿਵਰੀ, ਬੇਜੋੜ ਅਦਾਕਾਰੀ, ਸੈਟ ਡੀਜ਼ਾਈਨਿੰਗ, ਸਾਊਂਡ ਈਫ਼ੈਕਟ, ਰੋਸ਼ਨੀਆਂ ਦਾ ਨਿਜ਼ਾਮ, ਬੇਹਤਰੀਨ ਟਾਈਮ-ਲਾਈਨ: ਇਸ ਸਭ ਕੁਝ ਨਾਲ ਇਹ ਇਕ ਉਮਦਾ ਰੰਗਮੰਚ ਸਾਕਾਰ ਹੋਇਆ-ਸਭ ਤੋਂ ਉੱਪਰ, ਮੈਂ ਆਤਮਜੀਤ ਦੀ ਡਾਇਰੈਕਸ਼ਨ ਦਾ ਮੁਹਤਰਿਫ ਹੋ ਗਿਆ ਹਾਂ-ਆਮੀਨ ਹੈਦਰ, ਪ੍ਰਧਾਨ, ਉਰਦੂ ਇੰਸਟੀਚਿਊਟ ਸ਼ਿਕਾਗੋ।**

**ਆਤਮਜੀਤ ਦੇ ਸ਼ਾਨਦਾਰ ਲਿਖੇ ਅਤੇ ਡਾਇਰੈਕਟ ਕੀਤੇ ਇਸ ਨਾਟਕ ਨੇ ਭਾਵਨਾਵਾਂ ਨੂੰ ਹਿਲਾ ਕੇ ਰੱਖ ਦਿੱਤਾ। ਅਸੀਂ ਦੇਸ਼-ਵੰਡ ਵਾਸਤੇ ਇਨਸਾਨੀ ਜ਼ਿੰਦਗੀਆਂ ਦੀ ਜਿਹੜੀ ਕੀਮਤ ਤਾਰੀ ਹੈ, ਉਹ ਇਕ ਵੱਡਾ ਸਵਾਲ ਹੈ ਜੋ ਹਮੇਸ਼ਾ ਉਭਰਦਾ ਰਹੇਗਾ- ਗਿੰਨੀ ਜੌਲੀ, ਮੋਟੀਵੇਸ਼ਨਲ ਸਪੀਕਰ।**

**ਵਿੰਡੀ ਸਿਟੀ ਵਿਚ ਇਸ ਨਾਟਕ ਦੀ ਪੇਸ਼ਕਾਰੀ ਤਾਜ਼ਾ ਹਵਾ ਦੇ ਬੁੱਲੇ ਵਾਂਗ ਸੀ। ਇਸ ਸ਼ਹਿਰ ਵਿਚ ਬੜਾ ਕੁਝ ਹੁੰਦਾ ਹੈ ਪਰ ਇਸ ਨਾਟਕ ਵਰਗਾ ਕੁਝ ਵੀ ਨਹੀਂ ਹੁੰਦਾ; ਡਾਕਟਰ ਆਤਮਜੀਤ ਤਾਰੀਫ਼ਯੋਗ ਨਿਰਦੇਸ਼ਕ ਹੈ-ਇਮਰਾਨ ਖਾਨ, ਸੰਗੀਤਕਾਰ।**

**ਇਹ ਇਕ ਨਾ-ਭੁੱਲਣਯੋਗ ਅਨੁਭਵ ਹੈ। ਥੀਮ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ। ਮੇਰੇ ਵਾਂਗ ਸਾਰੇ ਵਾਰ-ਵਾਰ ਹੱਸੇ ਅਤੇ ਵਾਰ-ਵਾਰ ਰੋਏ। ਪੇਸ਼ਕਾਰੀ, ਐਕਟਿੰਗ ਅਤੇ ਨਿਰਦੇਸ਼ਨ ਸ਼ਾਨਦਾਰ ਤੋਂ ਵੀ ਵੱਧ ਪ੍ਰਭਾਵਸ਼ਾਲੀ ਸੀ- ਰਾਜਿੰਦਰਬੀਰ ਸਿੰਘ ਮਾਗੋ, ਪੰਜਾਬੀ ਕਲਚਰਲ ਐਸੋਸੀਏਸ਼ਨ।**

**ਇਸ ਨਾਟਕ ਦੇ ਬਾਅਦ ਆਤਮਜੀਤ ਸੋਚ ਰਿਹਾ ਹੈ ਕਿ ਉਹ ਵੱਡਾ ਤਖ਼ਲੀਕਕਾਰ ਹੈ ਜਾਂ ਖ਼ੁਦਾ-ਡਾਕਟਰ ਰਿਆਜ਼ ਬਾਬਰ, ਸਾਈਕਿਐਟਰਿਸਟ (ਦਰਅਸਲ ਇਹ ਟਿੱਪਣੀ ਮੰਟੋ ਨੇ ਆਪਣੇ ਆਪ ਬਾਰੇ ਲਿਖੀ ਸੀ ਅਤੇ ਉਸਦੀ ਕਬਰ 'ਤੇ ਲਿਖੀ ਇਬਾਰਤ ਵਿਚ ਅੱਜ ਵੀ ਪੜ੍ਹੀ ਜਾ ਸਕਦੀ ਹੈ। ਪਰ ਮੈਂ ਤਾਂ ਬਾਬੇ ਨਾਨਕ ਦੀ ਇਸ ਗੱਲ ਦਾ ਲੜ ਹੀ ਲਭ ਰਿਹਾ ਹਾਂ ਕਿ 'ਸਚਹੁ ਓਰੇ ਸਭ ਕੋ ਉਪਰ ਸੱਚ ਅਚਾਰ'। ਮੈਨੂੰ ਲਗਦਾ ਹੈ ਅਸਲ ਵਿਚ ਸਾਡੇ ਲਈ ਸੱਚਾ ਇਨਸਾਨ ਬਣਨਾ ਰੱਬ ਹੋਣ ਤੋਂ ਵੀ ਉੱਪਰ ਹੈ।)**

**ਪੰਜਾਬੀ ਹੋਣ ਦੇ ਬਾਵਜੂਦ ਇੰਨੀ ਰਵਾਨੀ ਅਤੇ ਪਕਿਆਈ ਵਾਲੀ ਪੰਜਾਬੀ ਸੁਣ ਕੇ ਮੇਰਾ ਦਿਲ ਖਿੜ ਗਿਆ। ਮੈਨੂੰ ਇਹ ਵੀ ਲੱਗਿਆ ਜਿਵੇਂ ਮੈਂ ਕੋਈ ਫ਼ਿਲਮ ਦੇਖ ਰਹੀ ਸੀ। ਸਾਰੇ ਇੰਨੇ ਕਮਾਲ ਦੇ ਕਲਾਕਾਰ ਸਨ ਕਿ ਕਿਸੇ ਇਕ ਨੂੰ ਚੁਣਨਾ ਅਸੰਭਵ ਹੈ। ਆਪਣੀ ਐਕਟਿੰਗ ਦੇ ਸਿਰ 'ਤੇ ਗੂੰਗੇ ਦਾ ਰੋਲ ਵੀ ਬੋਲ ਰਿਹਾ ਸੀ। ਮਰਾਠੀ ਬੋਲਣ ਵਾਲੀ ਨੇ ਹੈਰਾਨ ਕਰਨ ਵਾਲੀ ਪੰਜਾਬੀ ਬੋਲੀ। ਇਸ ਆਊਟਸਟੈਂਡਿੰਗ ਪੇਸ਼ਕਾਰੀ ਵਾਸਤੇ ਸਾਰੀ ਕਾਸਟ ਨੂੰ ਸਲਾਮ-ਮਨਮੀਤ ਕੌਰ, ਗਾਇਕ।**

**ਲੰਮੇ ਵਕਤ ਤੋਂ ਸ਼ਿਕਾਗੋਲੈਂਡ 'ਚ ਰਹਿੰਦਿਆਂ ਅਣਗਿਣਤ ਅੰਗ੍ਰੇਜ਼ੀ ਅਤੇ ਉਰਦੂ ਨਾਟਕ ਦੇਖੇ ਹਨ ਪਰ ਆਤਮਜੀਤ ਦੇ ਨਿਰਦੇਸ਼ਨ ਹੇਠ ਸਾਰੇ ਕਲਾਕਾਰਾਂ ਨੇ ਇਸ ਦਿਲ ਹਿਲਾ ਦੇਣ ਵਾਲੀ ਪ੍ਰੋਡਕਸ਼ਨ ਨਾਲ ਸਭ ਨੂੰ ਪਛਾੜ ਦਿੱਤਾ ਹੈ। ਰੁਆਉਣ ਤੇ ਹਸਾਉਣ ਵਾਲੀ ਇਹ ਪੇਸ਼ਕਾਰੀ ਕਈ ਵਰ੍ਹਿਆਂ ਵਾਸਤੇ ਮੇਰੇ ਦਿਲ 'ਤੇ ਉਕਰੀ ਰਹੇਗੀ। ਪੰਜਾਬੀ ਵਿਚ ਪੇਸ਼ ਹੋਈ ਇਸ ਚੁੰਬਕੀ ਕਹਾਣੀ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ ਅਤੇ ਅਜਿਹਾ ਹੋਰ ਕੰਮ ਦੇਖਣ ਲਈ ਪਿਆਸ ਵਧਾ ਦਿੱਤੀ ਹੈ। ਪੁਰਾਣੇ ਅਤੇ ਨਵੇਂ ਐਕਟਰਾਂ ਪਾਸੋਂ ਇੱਕੋ ਵੇਲੇ ਇਹੋ-ਜਿਹਾ ਅਨੁਭਵੀ ਅਤੇ ਪੁਖ਼ਤਾ ਕੰਮ ਲੈਣਾ ਨਿਰਦੇਸ਼ਕ ਦੀ ਅਥਾਹ ਤਾਕਤ ਦਰਸਾਉਂਦਾ ਹੈ, ਉਸਨੂੰ ਸਲਾਮ!- ਆਇਸ਼ਾ ਕੋਹਲੀ**

**ਦੋ ਸਤਰਾਂ ਵਿਚ ਇਸ ਨਾਟਕ ਬਾਰੇ ਕੁਝ ਵੀ ਕਹਿਣਾ ਨਾਮੁਮਕਿਨ ਹੈ; ਫਿਰ ਵੀ ਕਹਿ ਰਿਹਾ ਹਾਂ ਕਿ ਦਿਲ ਨੂੰ ਧੁਰ ਅੰਦਰੋਂ ਛੂਹ ਜਾਣ ਵਾਲੇ ਥੀਮ, ਪੇਸ਼ਕਾਰੀ ਅਤੇ ਵਿਲੱਖਣ ਡਾਇਰੈਕਸ਼ਨ ਕਾਰਨ ਇਹ ਬੇਮਿਸਾਲ ਅਨੁਭਵ ਸੀ- ਭੁਪਿੰਦਰ ਧਾਲੀਵਾਲ, ਪੰਜਾਬੀ ਕਲਚਰਲ ਐਸੋਸੀਏਸ਼ਨ।**

**ਸ਼ਿਕਾਗੋਲੈਂਡ ਵਿਚ ਪ੍ਰਮਾਣਿਕ ਭਾਰਤੀ ਰੰਗਮੰਚ ਦਾ ਇਹ ਮੇਰਾ ਪਹਿਲਾ ਅਨੁਭਵ ਸੀ! ਨਾਟਕ ਦਾ ਬਿਰਤਾਂਤ ਸਮਾਜੀ-ਰਾਜਸੀ ਅਤੇ ਸੰਪਰਦਾਇਕ ਵਿਸ਼ਿਆਂ ਦੇ ਨਾਲ-ਨਾਲ ਅਕਸਰ ਅੱਖੋਂ-ਪਰੋਖੇ ਹੋਏ ਕਿੰਨਰਾਂ ਦੀ ਗੱਲ ਵੀ ਕਰਦਾ ਹੈ-ਮੇਹਾ ਮਿਸ਼ਰਾ, ਫ਼ਿਲਮਸਾਜ਼।**

**ਹਿਲਾ ਕੇ ਰੱਖ ਦੇਣ ਵਾਲੀ ਪੇਸ਼ਕਾਰੀ ਸੀ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ ਦੀ'। ਇਨਾਮ-ਯਾਫ਼ਤਾ ਡਾਕਟਰ ਆਤਮਜੀਤ ਨੇ ਪੁਖ਼ਤਾ ਢੰਗ ਨਾਲ ਮੰਟੋ ਦੀ ਕਹਾਣੀ ਦਾ ਮਰਮ ਪੇਸ਼ ਕੀਤਾ ਅਤੇ ਇਸ ਨੂੰ ਨਾਟਕੀ ਪੇਸ਼ਕਾਰੀ ਤੋਂ ਵੀ ਅਗਾਂਹ ਇਤਿਹਾਸਾਂ, ਸਭਿਅਤਾਵਾਂ ਅਤੇ ਕਮਿਊਨਿਟੀਜ਼ ਨੂੰ ਜੋੜਨ ਵਾਲਾ ਪੁਲ ਬਣਾ ਦਿੱਤਾ-ਫ਼ੈਜ਼ਲ ਮਲਿਕ, ਰੰਗਮੰਚ ਨਿਰਦੇਸ਼ਕ।**

**ਪਾਗਲਪਨ ਅਤੇ ਵਹਿਸ਼ਤ ਇਕ ਦੂਜੇ ਨਾਲ ਕਿਵੇਂ ਭਿੜਦੇ ਨੇ, ਇਸਦਾ ਉੱਤਮ ਚਿਤਰਨ ਹੈ ਇਹ ਨਾਟਕ-ਡਾਕਟਰ ਵਿਕਰਮ ਗਿੱਲ, ਸਾਈਕੀਐਟਰਿਸਟ।**

**ਇਹ ਹਰ ਤਰ੍ਹਾਂ ਨਾਲ ਸ਼ਾਨਦਾਰ ਨਾਟਕ ਸੀ ਜਿਸਦੇ ਆਰੰਭ ਤੋਂ ਲੈ ਕੇ ਅਖ਼ੀਰ ਤਕ ਮੈਂ ਉਸ ਅੰਦਰਲੇ ਸੰਸਾਰ ਵਿਚ ਭਿੱਜਿਆ ਰਿਹਾ। ਸਾਰੇ ਕਲਕਾਰਾ ਨੇ ਕਮਾਲ ਕਰ ਦਿਖਾਇਆ, ਤੀਬਰਤਾ ਨਾਲ ਇੰਤਜ਼ਾਰ ਰਹੇਗੀ ਉਨ੍ਹਾਂ ਦੀ ਅਗਲੀ ਪੇਸ਼ਕਾਰੀ ਦੀ-ਆਰਿਫ਼ ਆਗਾ, ਯੂਰੋਲੋਜਿਸਟ ਅਤੇ ਅਦਾਕਾਰ।**

**ਪਹਿਲਾਂ ਮੰਟੋ ਅਤੇ ਹੁਣ ਆਤਮਜੀਤ ਨੇ ਸਪਸ਼ਟ ਤੌਰ 'ਤੇ ਸਾਬਤ ਕਰ ਦਿੱਤਾ ਹੈ ਕਿ ਵੰਡ ਵੇਲੇ ਦਾ ਪਾਗਲਪੁਣਾ ਅਸਲ ਵਿਚ ਪਾਗਲਖਾਨਿਆਂ ਦੇ ਬਾਹਰ ਸੀ- ਕੁਲਦੀਪ ਸਿੰਘ ਸਰਾਂ, ਮੁੱਖ ਸੇਵਕ, ਧੀਆਂ-ਧਿਆਣੀਆਂ।**




**ਇਹ ਨਾਟਕ ਮੂਲ-ਕਹਾਣੀ ਦਾ ਸ਼ਾਨਦਾਰ ਰੂਪਾਂਤਰ ਹੈ ਜੋ ਮੁਲਕ-ਵੰਡ ਦੀ ਵਹਿਸ਼ਤ ਨੂੰ ਹੀ ਨਹੀਂ ਬਲਕਿ ਉਸਦੀ ਮੂਰਖਤਾ ਨੂੰ ਵੀ ਉਘਾੜਦਾ ਹੈ। ਅਦਾਕਾਰੀ ਕਿਸੇ ਵੀ ਕਮਰਸ਼ੀਅਲ ਥੀਏਟਰ ਦੇ ਬਹੁਤ ਨੇੜੇ ਦੀ ਸੀ। ਇਹ ਰਚਨਾ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਇਕ ਪਲੈਟਫ਼ਾਰਮ 'ਤੇ ਲਿਆਉਣ ਦੀ ਬਹੁਤ ਵਧੀਆ ਕੋਸ਼ਿਸ਼ ਹੈ ਕਿਉਂਕਿ 77 ਸਾਲ ਪੁਰਾਣੀ ਦੇਸ਼-ਵੰਡ ਅਤੇ ਸਰਹੱਦ ਪੰਜਾਬੀਆਂ ਦੇ ਦਿਲਾਂ ਨੂੰ ਨਹੀਂ ਵੰਡ ਸਕੀ-ਫ਼ਰਹਾਦ ਕਯਾਨੀ, ਐਕਟਿਵਿਸਟ।**

**ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਕਮਾਲ ਦੀ ਪੇਸ਼ਕਾਰੀ ਨੂੰ ਦੇਖਦਿਆਂ ਮੈਂ ਆਪਣੇ ਵਿੱਚੋਂ ਆਪਣੇ-ਆਪ ਨੂੰ ਦੋਬਾਰਾ ਲੱਭਿਆ। ਇਹ ਪਤਾ ਲੱਗਾ ਕਿ ਕਲਾ ਕਿਵੇਂ ਜ਼ਿੰਦਗੀ ਦੇ ਨੈਣ-ਨਕਸ਼ ਚਿਤਰਦੀ ਹੈ। ਸਭ ਕੁਝ ਬਹੁਤ ਪ੍ਰਭਾਵਸ਼ਾਲੀ ਸੀ ਪਰ ਡਾਕਟਰ ਆਤਮਜੀਤ ਦੇ ਸਾਹ ਸੂਤ ਲੈਣ ਵਾਲੇ ਨਿਰਦੇਸ਼ਨ ਨੇ ਇਸ ਰੰਗਮੰਚੀ ਸ਼ਾਹਕਾਰ ਨੂੰ ਕਦੇ ਨਾ-ਭੁੱਲਣਯੋਗ ਅਨੁਭਵ ਬਣਾ ਦਿੱਤਾ ਅਤੇ ਸਾਰਿਆਂ ਦੀ ਅਜਿਹਾ-ਕੁਝ ਹੋਰ ਦੇਖਣ ਦੀ ਚਾਹ ਵਧਾ ਦਿੱਤੀ-ਮੈਲੋਡੀ ਮਹੇਸ਼ ਕੁਮਾਰ, ਕਲਾਕਾਰ।**




# ਪ੍ਰੋਗਰਾਮ ਦੀਆਂ ਕੁਝ ਯਾਦਗਾਰੀ ਤਸਵੀਰਾਂ






























# ਚਾਨਣ ਵਾਲੀ ਲਿਖਤ 'ਵਰ੍ਹਿਆਂ ਕੋਲ ਰੁਕੇ ਪਲ'

## ਕਲਾ ਪਰਿਕਰਮਾ


ਸ਼ਾਇਰ ਜਗਦੀਪ ਸਿੱਧੂ ਦੀ ਵਾਰਤਕ ਪੁਸਤਕ 'ਵਰ੍ਹਿਆਂ ਕੋਲ ਰੁਕੇ ਪਲ' ਪੜ੍ਹਨ ਲੱਗਦਾ ਹਾਂ। ਉਹ ਚਾਨਣ ਲਈ ਲਿਖਦਾ ਹੈ। ਇਹ ਕਵੀ ਦਾ ਅਹਿਦ ਹੈ। ਵਰ੍ਹਿਆਂ ਦੇ ਪਲ ਉਸ ਦੀ ਸਿਰਜਣਾ ਵਿਚੋਂ ਗੁਜ਼ਰ ਕੇ ਕਵਿਤਾ ਬਣਦੇ ਹਨ। ਇਹ ਪਲ ਉਸ ਦੀ ਕਾਵਿ-ਸੰਵੇਦਨਾ ਕੋਲ ਸਿਮ੍ਰਤੀਆਂ ਬਣ ਬੈਠਦੇ ਹਨ ਤਾਂ ਵਾਰਤਕ ਬਣ ਜਾਂਦੇ ਹਨ। ਉਸ ਦੀ ਕਵਿਤਾ ਅਤੇ ਵਾਰਤਕ ਇੱਕ-ਦੂਸਰੇ ਦੇ ਬਹੁਤ ਨਜ਼ਦੀਕ ਹੈ। ਪਲ ਅਤੇ ਵਰ੍ਹੇ ਸਮੇਂ ਦੀਆਂ ਦੋ ਇਕਾਈਆਂ ਹਨ। ਜ਼ਿੰਦਗੀ ਦੀ ਨੁਮੈਰਿਕਸ ਇਨ੍ਹਾਂ ਵਿਚ ਵੰਡੀ ਹੋਈ ਹੈ। ਕੁਝ ਜੀਵੰਤ ਪਲ ਸਮਿਆਂ ਦੇ ਆਰ-ਪਾਰ ਫ਼ੈਲ ਜਾਂਦੇ ਹਨ। ਇਹ ਪਲ ਵਰ੍ਹਿਆਂ ਦੀ ਗੋਦ ਵਿਚ ਖੇਡਦੇ ਹਨ। ਕੋਈ ਜਰਖ਼ੇਜ਼ ਮਨ ਬੀਅ ਧਾਰਨ ਕਰਦਾ ਹੈ ਜਿਨ੍ਹਾਂ ਦਾ ਫੈਲਾਅ ਇਤਿਹਾਸ ਵਿਚੋਂ ਵਰਤਮਾਨ ਤੀਕ ਜਾ ਪੁੱਜਦਾ ਹੈ। ਕਲਾਵੰਤ

**ਡਾ. ਹਰਪ੍ਰੀਤ ਸਿੰਘ**
**ਫੋਨ: +91-94643-15244**

ਆਪਣੀ ਕਲਾ ਨਾਲ ਇਨ੍ਹਾਂ ਪਲਾਂ-ਛਿਣਾਂ ਦੀ ਪੁਨਰ-ਸਿਰਜਣਾ ਕਰਦਾ ਹੈ। ਇਸ ਕਿਤਾਬ ਦੇ ਆਰ-ਪਾਰ ਕਾਲ ਦੇ ਪਦ-ਚਿੰਨ੍ਹ ਫੈਲੇ ਹੋਏ ਹਨ। ਜਗਦੀਪ ਸਿੱਧੂ ਦੀ ਹੱਥਲੀ ਵਾਰਤਕ ਪੁਸਤਕ ਵਰ੍ਹਿਆਂ ਕੋਲ ਠਹਿਰੇ ਪਲਾਂ-ਛਿਣਾਂ ਦੀ ਪੁਨਰ-ਸਿਰਜਣਾ ਕਰਦੀ ਹੈ।

ਜਗਦੀਪ ਦੀ ਵਾਰਤਕ ਵਿਚ ਸ਼ਾਲੀਨਤਾ ਸਹਿਜ ਨਾਲ ਵਿਚਰਦੀ ਹੈ। ਇਸ ਵਿਚ ਸੂਖ਼ਮ ਵਿਅੰਗ ਅਤੇ ਚੋਭ ਵੀ ਹੈ। ਭਾਸ਼ਾ 'ਚ ਅਨੁਸ਼ਾਸਨ ਤੇ ਸੰਜਮ ਦਿਖਾਈ ਦਿੰਦਾ ਹੈ। ਇਹ ਉਸ ਦੀ ਕਮਾਈ ਹੈ। ਸੁਹਜਾਤਮਕਤਾ ਅਤੇ ਕਲਾਤਮਕਤਾ ਉਸ ਦੀ ਕਲਮ 'ਚ ਰਮੇ ਹੋਏ ਹਨ। ਕਾਵਿ-ਧੁਨੀਆਂ ਦੇ ਵਿਭਿੰਨ ਆਕਾਰ ਗੂੰਜਦੇ ਹਨ। ਕਈ ਥਾਵੇਂ ਉਸ ਦੀ ਵਾਰਤਕ ਕਾਵਿਮਈ ਹੋ ਜਾਂਦੀ ਹੈ। ਉਸ ਦਾ ਸਰਲ ਤੇ ਸਹਿਜ ਸੁਭਾਅ ਹੋਣ ਕਰ ਕੇ ਕਵਿਤਾ ਉਸ ਦਾ ਮਾਰਗ ਬਣਦੀ ਹੈ। ਉਹ ਕਵਿਤਾ ਦੀ ਅਣਛੋਹੀ ਸਪੇਸ ਨੂੰ ਵਾਰਤਕ ਰਾਹੀਂ ਜੀਵਨ ਪੰਧ ਵਿਚ ਬਦਲਦਾ ਹੈ। ਉਸ ਦੀ ਵਾਰਤਕ ਕਵਿਤਾ ਦਾ ਪਰਤੌਂ ਜਾਪਦੀ ਹੈ ਜਾਂ ਉਸ ਦੀ ਸਿਰਜਣ ਪ੍ਰਕਿਰਿਆ ਦਾ ਅਹਿਮ ਪੜਾਅ। ਉਸ ਦੀ ਵਾਰਤਕ ਦੇ ਕੇਂਦਰ ਵਿਚ ਲਰਜ਼ਦਾ ਆਪਾ ਹੈ ਜੋ ਹਰ ਸੂਖ਼ਮ ਤਬਦੀਲੀ ਅਤੇ ਹਿਲਜੁਲ ਨੂੰ ਮਹਿਸੂਸ ਕਰਦਾ ਹੈ। ਚਾਹੇ ਉਹ ਨਿੱਜ ਦੇ ਧਰਾਤਲ 'ਤੇ ਵਾਪਰਦੀ ਹੋਵੇ ਜਾਂ ਸਮੂਹ ਦੇ। ਉਸ ਦੀ ਵਾਰਤਕ 'ਤੇ ਗਲਪ ਦੀ ਪੁੱਠ ਹੈ। ਨਿੱਕੇ-ਨਿੱਕੇ ਬਿਰਤਾਂਤ ਹਨ। ਇਹ ਸਵੈ-ਕਥਨ ਸਵੈ-ਜੀਵਨੀ ਵਾਂਗ ਹੋ ਵਿਚਰਦੇ ਹਨ।

ਪੁਸਤਕ ਵਿਚ ਸਮਕਾਲੀ ਭਾਰਤੀ ਰਾਜਨੀਤੀ ਅਤੇ ਆਰਥਿਕਤਾ ਨਾਲ ਜੁੜੀਆਂ ਬਹੁਤ ਸਾਰੀਆਂ ਤਸਵੀਰਾਂ ਸਾਹਮਣੇ ਆਉਂਦੀਆਂ ਹਨ। ਉਹ ਲੋਕਤੰਤਰ ਵਿਚ ਫ਼ਾਸੀਵਾਦੀ ਤੱਤਾਂ ਦਾ ਉਭਾਰ ਹੁੰਦਿਆਂ ਦੇਖਦਾ ਹੈ। ਆਰਥਿਕ ਤੇ ਸਮਾਜਿਕ ਜਮਾਤਾਂ ਦੇ ਵਧਦੇ ਪਾੜੇ ਨਸ਼ਰ ਹੁੰਦੇ ਹਨ। ਉਹ ਅਣਸੁਖਾਵੇਂ ਹਾਲਾਤ ਦਾ ਫ਼ਿਕਰ ਅਤੇ ਜ਼ਿਕਰ ਕਰਦਾ ਹੈ। ਨਸਲਾਂ ਤੇ ਫ਼ਸਲਾਂ ਦੀ ਗੱਲ ਕਰਦਾ ਹੈ। ਲੇਬਰ ਚੌਕ ਵਿਚ ਖੜ੍ਹੇ ਮਜ਼ਦੂਰਾਂ ਦੀ ਉਡੀਕ ਨਹੀਂ ਮੁੱਕਦੀ। ਸਰਕਾਰ ਦੇ ਅੰਕੜਿਆਂ ਵਿਚ ਜੀ.ਡੀ.ਪੀ. ਵਧ ਰਹੀ ਹੈ ਪਰ ਕਿਰਤੀ ਬੰਦੇ ਦੀ ਜ਼ਿੰਦਗੀ ਘਟ ਰਹੀ ਹੈ। ਪ੍ਰਤੀ ਜੀਅ ਆਮਦਨ ਦਾ ਗ੍ਰਾਫ਼ ਲੁਭਾਉਣੀ ਦਿੱਖ ਵਾਲਾ ਬਣ ਰਿਹਾ ਹੈ। ਪੰਜ ਟ੍ਰਿਲੀਅਨ ਦੀ ਅਰਥ-ਵਿਵਸਥਾ ਛੂਹਣ ਦਾ ਪ੍ਰਚਾਰ ਜ਼ੋਰਾਂ 'ਤੇ ਹੈ। ਹਾਈਪਰ-ਰਿਐਲਿਟੀ ਦਾ ਸੁਰੱਖਿਆ ਕਵਚ ਮੀਡੀਆ-ਮੰਡੀ ਰਾਹੀਂ ਫੈਲ ਜਾਂਦਾ ਹੈ। ਇਸ ਦ੍ਰਿਸ਼ਸਾਜ਼ੀ ਵਿਚ ਕਿਰਤੀ ਕਿੱਥੇ ਹੈ? ਉਸ ਦੀ 'ਮੀਲ-ਡਿਟੇਲ' ਵਿਚੋਂ ਰੋਟੀ ਗਾਇਬ ਹੋ ਰਹੀ ਹੈ। ਪੂੰਜੀ ਦੀ ਬਾਰਿਸ਼ ਤਲਾਬ ਵਿਚ ਜੁੜ ਰਹੀ ਹੈ। ਸੰਵੇਦਨਸ਼ੀਲ ਮਨ ਆਪਣੇ ਪੱਧਰ 'ਤੇ ਉਪਰਾਲਾ ਕਰਦਾ ਹੈ। ਮਹਾਂ ਬਿਰਤਾਂਤਾਂ ਦੀ ਉਡੀਕ ਵਿਚ ਬੈਠਣ ਨਾਲੋਂ ਕਵੀ ਲਘੂ ਬਿਰਤਾਂਤ ਘੜ ਲੈਂਦਾ ਹੈ। ਇਹੀ ਕਾਵਿ-ਧਰਮ ਹੈ। 'ਟੁਟਦੀ ਕੜੀ' ਅਹਿਮ ਲੇਖ ਹੈ। ਧੀ ਦੇ ਹਵਾਲੇ ਨਾਲ ਕਵਿਤਾ ਲਿਖਦਾ ਹੈ। ਉਹ ਅਜਿਹੀ ਸਪੇਸ ਦੀ ਤਲਾਸ਼ ਵਿਚ ਹੈ ਜਿੱਥੇ ਧੀਆਂ ਸੁਖੀ-ਸੁਰੱਖਿਅਤ ਵਸਣ। ਸਾਡਾ ਸਮਕਾਲ ਜ਼ਹਿਰ ਨੂੰ ਜਾਇਜ਼ ਠਹਿਰਾਉਣ




*ਕਿਤਾਬ 'ਵਰ੍ਹਿਆਂ ਕੋਲ ਰੁਕੇ ਪਲ' ਦਾ ਮੁਖੜਾ ਅਤੇ (ਹੇਠਾਂ) ਜਗਦੀਪ ਸਿੱਧੂ।*



ਦਾ ਕਾਲ ਬਣ ਰਿਹਾ ਹੈ। ਹਿੰਸਾ ਅਤੇ ਦਮਨ ਦਾ ਆਤੰਕ ਹੈ। ਆਸਿਫ਼ਾ ਅਤੇ ਦਾਮਿਨੀ ਸੱਭਿਅਤਾ ਦੇ ਮੱਥੇ 'ਤੇ ਸਵਾਲੀਆ ਨਿਸ਼ਾਨ ਹਨ। ਸੰਸਕ੍ਰਿਤੀ ਦੇ 'ਅਲੰਬਰਦਾਰਾਂ ਤੇ ਠੇਕੇਦਾਰਾਂ' ਦੀ ਫ਼ਿਰਕਾਪ੍ਰਸਤੀ ਪਾਣੀਆਂ 'ਚ ਕਾਲਖ਼ ਘੋਲ ਰਹੀ ਹੈ। ਲੇਖਕ ਧੀਆਂ ਲਈ ਉਦਾਸ ਹੈ। ਉਹ ਭਾਰਤ ਦੀ ਸਮਾਜਿਕ ਤੇ ਸੱਭਿਆਚਾਰਕ ਸਥਿਤੀ ਅੰਦਰ ਆਈ ਗਿਰਾਵਟ ਬਾਰੇ ਫ਼ਿਕਰਮੰਦ ਹੁੰਦਾ ਹੈ ਪਰ ਮੁਲਕ ਦੀ ਖੇਡ ਸਿਆਸਤ ਤੋਂ ਪਰਦਾ ਵੀ ਚੁੱਕਦਾ ਹੈ।

ਫੁਟਬਾਲ ਜਗਦੀਪ ਲਈ ਜੀਵਨ-ਚਾਲ ਦਾ ਕੇਂਦਰੀ ਬਿੰਬ ਹੈ। ਮੈਦਾਨ 'ਚ ਖੇਡੀ ਫੁਟਬਾਲ ਉਸ ਨੂੰ ਜ਼ਿੰਦਗੀ ਦਾ ਪ੍ਰਤੀਬਿੰਬ ਜਾਪਦੀ ਹੈ। ਫੁਟਬਾਲ, ਮੈਦਾਨ, ਗੋਲ ਗੋਲਕੀਪਰ, ਹੈਂਡਬਾਲ, ਉਸ ਦੀ ਤਕਨੀਕ, ਘੇਰਾ, ਡਿਫੈਂਸ ਆਦਿ ਸ਼ਬਦ ਖੇਡ ਨਾਲ ਜੁੜੇ ਹੁੰਦਿਆਂ ਵੀ ਜ਼ਿੰਦਗੀ ਦੇ ਅਰਥਾਂ ਵਿਚ ਬਦਲ ਜਾਂਦੇ ਹਨ। ਫੁਟਬਾਲ ਦੀ ਖੇਡ ਬਾਰੇ ਲਿਖਦਿਆਂ ਜਗਦੀਪ ਮੈਦਾਨ 'ਚ ਦਸ ਨੰਬਰ ਵਾਲੀ ਜਰਸੀ ਪਾ ਕੇ ਖੇਡਦਾ ਦਿਖਾਈ ਦਿੰਦਾ ਹੈ। ਫੁਟਬਾਲ ਤੋਂ ਕਲਮ ਤੱਕ ਦਾ ਸਫ਼ਰ ਉਸ ਦਾ ਜੀਵਨ ਸਫ਼ਰ ਹੈ। ਫੁਟਬਾਲ ਬਾਰੇ ਲਿਖਦਿਆਂ ਵੀ ਉਹ ਮਾਂ-ਬਾਪ ਦੇ ਜੀਵਨ ਸੰਘਰਸ਼ ਨੂੰ ਯਾਦ ਕਰਦਾ ਹੈ। ਖਿਡਾਰੀ ਖੇਡ ਵਿਚ ਹਾਰ-ਜਿੱਤ ਜਾਂਦੇ ਹਨ ਪਰ ਲਿਖਾਰੀ 'ਹਾਰਿਆਂ' ਨੂੰ ਕਲਮ ਨਾਲ ਖੜ੍ਹਾ ਕਰਦਾ ਹੈ। ਜਗਦੀਪ ਅੰਦਰਲਾ ਖਿਡਾਰੀ ਉਸ ਦੇ ਅੰਦਰਲੇ ਲੇਖਕ ਨੂੰ 'ਪਾਸ' ਦਿੰਦਾ ਹੈ। ਜਗਦੀਪ ਗੋਲ ਦਾਗ਼ ਦਿੰਦਾ ਹੈ। ਫੁਟਬਾਲ ਨਾਲ ਸਬੰਧਿਤ ਬਹੁਤ ਸਾਰੇ ਲਘੂ ਬਿਰਤਾਂਤ ਦਰਜ ਹਨ। ਇੱਕ ਖਿਡਾਰੀ ਅਤੇ ਵਿਦਿਆਰਥੀ ਵਜੋਂ ਉਸ ਦਾ ਸੰਘਰਸ਼ ਨਜ਼ਰ ਆਉਂਦਾ ਹੈ। ਕੁਝ ਥਾਵਾਂ 'ਤੇ ਉਸ ਦੀ ਸਵੈ-ਜੀਵਨੀ ਦਾ ਭੁਲੇਖਾ ਪੈਂਦਾ ਹੈ।

ਲੇਖਕ ਅੰਦਰ ਸਮਾਜਿਕ ਰਿਸ਼ਤਿਆਂ ਦੇ ਸੰਘਣੇਪਣ ਦਾ ਅਹਿਸਾਸ ਬਹੁਤ ਗਹਿਰਾ ਹੈ। ਉਹ ਸ਼ਿੱਦਤੀ ਜਜ਼ਬਿਆਂ ਨਾਲ ਭਰਪੂਰ ਜ਼ਰਖ਼ੇਜ਼ ਮਨੁੱਖ ਹੈ। ਉਸ ਦੀ ਇਸ ਵਾਰਤਕ ਪੁਸਤਕ ਵਿਚ ਇਤਿਹਾਸ ਅਤੇ ਵਰਤਮਾਨ ਦਾ ਸੰਵਾਦ ਚੱਲਦਾ ਰਹਿੰਦਾ ਹੈ। ਉਹ ਆਪਣੇ ਬਚਪਨ, ਜਵਾਨੀ ਅਤੇ ਹੁਣ ਤੱਕ ਦੇ ਸਮੇਂ ਨੂੰ ਬਾਰੀਕੀ ਨਾਲ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਉਹ ਆਪਣੇ ਤਤਕਾਲ ਅਤੇ ਸਮਕਾਲ ਬਾਰੇ ਮਾਨਵੀ ਪਹੁੰਚ ਰੱਖਦਿਆਂ ਅਤੀਤ ਦੀਆਂ ਕਈ ਘਟਨਾਵਾਂ ਨੂੰ ਪੇਸ਼ ਕਰਦਾ ਹੈ। ਉਹ ਆਧੁਨਿਕ ਭਾਰਤੀ ਇਤਿਹਾਸ ਦੀਆਂ ਕੁਝ ਅਹਿਮ ਘਟਨਾਵਾਂ ਬਾਰੇ ਲਿਖਦਾ ਹੈ। ਇਨ੍ਹਾਂ ਬੁਰੇ ਵਕਤਾਂ ਦੌਰਾਨ ਮਾਨਵੀ ਸਾਕ-ਸਕੀਰੀਆਂ ਵਿਚ ਆਈ ਬੇਵਿਸਾਹੀ ਨੂੰ ਵੀ ਸੰਕਟ ਵਜੋਂ ਹੀ ਦੇਖਦਾ ਹੈ। ਦੂਜੇ ਪਾਸੇ ਉਹ ਇਸ ਕਾਲ-ਖੰਡ ਦੇ ਜ਼ਿਕਰ ਨਾਲ 'ਜ਼ਿੰਦਗੀ ਦੀ ਵੇਲ ਹਰੀ ਰਹੇ' ਦਾ ਸੰਕਲਪ ਦ੍ਰਿੜ ਕਰਦਾ ਹੈ। ਜਗਦੀਪ ਦੀ ਵਾਰਤਕ ਅਣਕਹੇ ਹੀ ਬਹੁਤ ਕੁਝ ਕਹਿ ਜਾਂਦੀ ਹੈ। ਅਰਥ ਅਤੇ ਸੰਵਾਦ ਦਾ ਪ੍ਰਭਾਵ ਪਲਾਂ ਤੋਂ ਵਰ੍ਹਿਆਂ ਤੱਕ ਫੈਲ ਜਾਂਦਾ ਹੈ। ਮਾਨਵੀ ਸਰੋਕਾਰਾਂ ਅਤੇ ਕਰੋਨਾ ਕਾਲ ਦਾ ਜ਼ਿਕਰ ਕਰਦਿਆਂ ਵੀ ਉਹ ਕਵਿਤਾ ਦੇ ਅੰਗ-ਸੰਗ ਵਿਚਰਦਾ ਹੈ। ਜਗਦੀਪ ਇਸ ਸਮੇਂ ਦੌਰਾਨ ਘਰ ਅਤੇ ਆਲੇ-ਦੁਆਲੇ ਨੂੰ ਵਧੇਰੇ ਨੇੜੇ ਤੋਂ ਦੇਖਦਾ ਹੈ। ਧੀ ਨਾਲ ਬਚਪਨ ਦੀਆਂ ਖੇਡਾਂ ਖੇਡਦਾ ਉਹ ਕਵਿਤਾ ਦੇ ਦੁਆਰ ਜਾ ਬੈਠਦਾ ਹੈ। ਜੀਵਨ ਨੂੰ ਨਵੇਂ ਜ਼ਾਵੀਏ ਤੋਂ ਦੇਖਣ ਦੀ ਵਿਧੀ ਸਿਰਜਦਾ ਹੈ। ਜ਼ਿੰਦਗੀ ਪਹਾੜਿਆਂ ਦਾ ਰੱਟਾ ਨਹੀਂ ਹੁੰਦੀ।

ਲੇਖਕ ਦੇ ਸੰਵੇਦਨਸ਼ੀਲ ਮਨ ਦਾ ਪਾਸਾਰ ਗਹਿਰਾ ਹੈ। ਜੇ ਉਹ ਆਪਣੇ ਸਵੈ ਨੂੰ ਨਵੇਂ ਰੂਪ ਵਿਚ ਦੇਖਦਾ ਹੈ ਤਾਂ ਉਸੇ ਵੇ.ਲੇ ਉਹ ਸੰਸਾਰ ਨੂੰ ਵੀ ਮਾਨਵੀ ਸੁਹਿਰਦਤਾ ਨਾਲ ਦੇਖਦਾ ਹੈ। ਉਹ ਆਪਣੀ ਸੰਵੇਦਨਾ ਅੰਦਰ ਸਵੈ-ਮੋਹਿਤ ਜਸ਼ਨ ਦੇ ਇਕਹਿਰੇਪਣ 'ਚ ਤ੍ਰਿਪਤ ਨਹੀਂ ਹੁੰਦਾ। ਮਨੁੱਖੀ ਪੀੜ ਅਤੇ ਅਸਾਵੇਂਪਣ ਦਾ ਦਰਦ ਵੀ ਹੰਢਾਉਂਦਾ ਹੈ। ਕਰੋਨਾ ਕਾਲ ਵਿਚ ਭਾਰਤ ਦੀ ਬਹੁਤ ਵੱਡੀ ਲੋਕਾਈ ਬੇਅੰਤ ਤਸੀਹਿਆਂ ਵਿਚੋਂ ਗੁਜ਼ਰੀ ਹੈ। ਲੇਖਕ ਇਸ ਸੰਕਟ ਭਰੇ ਦੌਰ ਬਾਰੇ ਕੋਰੀ ਬਿਆਨਬਾਜ਼ੀ ਦੇ ਥਾਲੀ-ਚਮਚੇ ਨਹੀਂ ਖੜਕਾਉਂਦਾ ਸਗੋਂ ਸੂਖ਼ਮ ਤੇ ਮਾਰਮਿਕ ਛੋਹਾਂ ਨਾਲ ਕਿਰਤੀ ਮਨੁੱਖ ਦੀ ਅਗਨ-ਵਿਥਿਆ ਦਾ ਕਤਰਾ ਜੋੜਦਾ ਹੈ। ਉਹ ਉਨ੍ਹਾਂ ਦੀ ਪੀੜ ਨੂੰ ਮਾਨਵੀ ਸੰਵੇਦਨਾ ਦੀ ਨਿਰਮਲ ਤੇ ਪਾਵਨ ਛੋਹ ਨਾਲ ਗ.ਲ ਲਗਾਉਂਦਾ ਹੈ। ਇਸ ਪੁਸਤਕ ਦੀ ਖ਼ਾਸੀਅਤ ਇਹ ਵੀ ਹੈ ਕਿ ਇਸ ਵਿਚ ਲੇਖਕ ਦੀ ਕਾਵਿ-ਸਿਰਜਣਾ ਦੇ ਵੀ ਕਈ ਰਹੱਸ ਖੁੱਲ੍ਹਦੇ ਹਨ। ਉਹ ਆਪਣੀ ਸਿਰਜਣ-ਪ੍ਰਕਿਰਿਆ ਦੀਆਂ ਰਮਜ਼ਾਂ ਬਾਰੇ ਲਿਖਦਾ ਹੈ। ਕਵਿਤਾ ਸੰਵੇਦਨਾ ਨੂੰ ਕਿਸ ਤਰ੍ਹਾਂ ਟੁੰਬਦੀ ਹੈ! ਜੀਵਨ ਸੰਘਰਸ਼ ਅਤੇ ਜੀਵਨ ਫਲਸਫ਼ਾ ਉਸ ਲਈ ਨਾਲੋ-ਨਾਲ ਚੱਲਦੇ ਹਨ।

ਜਗਦੀਪ ਸਾਹਿਤ ਸਿਰਜਕ ਹੀ ਨਹੀਂ ਸਗੋਂ ਉਸ ਦਾ ਤਬਸਰਾ ਵੀ ਕਰਨਾ ਜਾਣਦਾ ਹੈ। ਉਸ ਦਾ ਅਧਿਐਨ ਕਵਿਤਾ ਦੀ ਭਾਸ਼ਾ, ਸੰਰਚਨਾ ਅਤੇ ਸੁਹਜ ਦੇ ਨਜ਼ਦੀਕ ਹੁੰਦਾ ਹੈ। ਕਵਿਤਾ ਦੀ ਸਾਰਥਕਤਾ, ਸੰਚਾਰ ਅਤੇ ਸੰਵੇਦਨਾ ਬਾਰੇ ਉਹ ਸਿਰਜਣਾਤਮਕ ਸ਼ਬਦਕਾਰੀ ਕਰਦਾ ਹੈ। ਕਵਿਤਾ ਦੀਆਂ ਕਈ ਤੰਦਾਂ ਵਾਰਤਕ ਵਿਚ ਖੁੱਲ੍ਹਦੀਆਂ ਹਨ। ਕੇਂਦਰ ਵਿਚ ਧੀ ਹੈ। ਪਾਕਿਸਤਾਨ ਦੀ ਯਾਤਰਾ ਵਾਲਾ ਲੇਖ ਬਹੁਤ ਮਾਰਮਿਕ ਹੈ।

ਲਾਹੌਰ ਦੇਖਣ ਦਾ ਚਾਅ ਹੈ। ਵੰਡ ਦਾ ਸੱਲ੍ਹ ਹੈ। ਇਤਿਹਾਸ ਅਤੇ ਅਵਚੇਤਨ ਸਾਂਝਾ ਹੈ ਪਰ ਸਿਆਸਤ ਦੀ ਤੌਬਾ! ਬਾਹਾਂ ਵੱਢੀਆਂ ਗਈਆਂ ਹਨ। ਰੁੱਖ ਝੂਰਦੇ ਹਨ। ਦੁੱਲਾ ਭੱਟੀ ਅਤੇ ਸ਼ਾਹ ਹੁਸੈਨ ਨਜ਼ਰ ਆਉਂਦੇ ਹਨ। ਵਜਦ ਵਿਚ ਸੁੰਨ ਹੋਣਾ ਸੰਤਾਪ ਹੈ। ਲੇਖਕ ਦਰਦ ਦਾ ਸੰਸਮਰਣ ਲਿਖਦਾ ਹੈ।

ਹਸਪਤਾਲ, ਸਾਡੇ ਸਿਹਤ ਪ੍ਰਬੰਧ, ਮਰੀਜ਼ਾਂ ਦੀ ਮੰਦੀ ਆਰਥਿਕ ਸਥਿਤੀ, ਮਹਿੰਗੇ ਹੋ ਰਹੇ ਇਲਾਜ ਅਤੇ ਸਿਹਤ ਪ੍ਰਬੰਧ ਦੇ ਨਿੱਜੀਕਰਨ ਬਾਰੇ ਵੀ ਲਿਖਦਾ ਹੈ। ਵੱਖ-ਵੱਖ ਜ਼ੁਬਾਨਾਂ, ਖਿੱਤਿਆਂ ਦੇ ਕਵੀ ਤੇ ਕਵਿਤਾ ਬਾਰੇ ਤੁਰਦੀ ਗੱਲ ਇਤਿਹਾਸ 'ਚੋਂ ਹੋ ਕੇ ਗੁਜ਼ਰਦੀ ਹੈ। ਚਿਹਰੇ, ਥਾਵਾਂ, ਨਾਮ ਵੱਖੋ-ਵੱਖਰੇ ਹਨ ਪਰ ਦੁੱਖ ਸਾਂਝੇ ਹਨ। ਸਾਰੀ ਧਰਤੀ 'ਤੇ ਮਨੁੱਖ ਦੀ ਹੋਂਦ ਦੀ ਵਿਆਕਰਨ ਹੈ ਤਾਂ ਸਾਂਝੀ! ਜਗਦੀਪ ਇਸ ਸਾਂਝ ਨੂੰ ਪਛਾਣਦਾ ਤੇ ਪੁਗਾਉਂਦਾ ਹੈ। ਉਸ ਦੇ ਸੰਸੇ ਜਾਇਜ਼ ਹਨ। ਉਹ ਪਾਠਕ ਨੂੰ ਕੁਰੇਦਦਾ ਹੈ। ਪਾਠਕ ਉਸ ਨਾਲ ਤੁਰ ਪੈਂਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਅਪਰੈਲ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-635



*ਵਿਚ ਬ.ਗੀਚੇ ਖੜ੍ਹੀ ਹੈ ਨੰਨ੍ਹੀ, ਫੁੱਲਾਂ ਵਾਂਗੂੰ ਖਿੜ੍ਹੀ ਹੈ ਨੰਨ੍ਹੀ,*
*ਨਿੱਕੀ ਹਾਸੀ ਮਨ ਨੂੰ ਮੋਂਹਦੀ, ਰੰਗ ਦੀ ਫੁੱਲਝੜੀ ਹੈ ਨੰਨ੍ਹੀ।*
*ਗੋਰੀ ਮਾਂ ਦੀ ਜਾਈ ਜਾਪਦੀ, ਲਾਲ-ਕਾ.ਲੀ ਲੜੀ ਹੈ ਨੰਨ੍ਹੀ,*
*ਛੋਟੇ ਛੋਟੇ ਕਦਮੀ ਟਹਿਲਦੀ, ਸ਼ਾਲਾ! ਹੀਰੇ ਜੜੀ ਹੈ ਨੰਨ੍ਹੀ।*

## ਕੈਪਸ਼ਨ ਮੁਕਾਬਲਾ-633



ਦੌੜਦਾ ਸੀ ਘੋੜਾ ਅੱਗੇ,
ਪਿੱਛੇ ਪਿੱਛੇ ਯੱਕਾ ਸੀ,
ਟੱਪ ਟੱਪ ਲਾ ਛਣ ਛਣ,
ਰਾਹ ਕੱਚਾ ਪੱਕਾ ਸੀ।
ਆਮ ਖ਼ਾਸ ਦੀ ਸਵਾਰੀ,
ਸੀ ਸਭਦੀ ਪਿਆਰੀ,
ਮੇਲਾ ਦੇਖਣ ਚੱਲੇ ਦੋਵੇਂ,
ਕਰ ਕੇ ਫੁੱਲ ਤਿਆਰੀ।
***-ਸੇਵਾ ਸਿੰਘ 'ਨੂਰਪੁਰੀ'***

---

ਤੁਰਲੇ ਸ਼ਮਲੇ ਛੱਡ ਪੱਗਾਂ ਦੇ
ਹੋਏ ਅਸਵਾਰ ਯੱਕੇ ਤੇ ਪਾਂਧੀ
ਘੁੰਗਰੂਆਂ ਵਾਲੀ ਘੋੜੀ ਵੇਖੋ
ਮੜ੍ਹਕ ਨਾਲ ਹੈ ਜਾਂਦੀ
ਕੱਚੇ ਰਾਹਾਂ 'ਤੇ ਪੱਕੀ ਸ਼ਕੀਰੀ
ਇਕੋ ਮਿੱਕੀ ਹੋਈ।
ਬੋਚ ਬੋਚ ਪੌਂੜ ਧਰੇ ਸ਼ਕੀਨਣ
ਧੂੜ ਨਾ ਦਿਸੇ ਕੋਈ।

---

ਘੋੜੀ ਯੱਕਾ ਕਦੇ ਹੁੰਦਾ ਸੀ
ਸ਼ੌਕੀਨ ਚੌਬਰ ਦਾ ਗਹਿਣਾ।
ਫੋਟੋਆਂ ਅੰਦਰ ਵਿਰਸਾ ਲੁਕਿਆ
ਇਹੋ ਬਜ਼ੁਰਗਾਂ ਦਾ ਕਹਿਣਾ।
***-ਹਰਜੋਤ ਕੌਰ ਮਹੇਸ਼ਪੁਰਾ***

---

ਸ਼ਿੰਗਾਰ ਕੇ ਤਾਂਗਾ, ਲਾ ਸ਼ੁਕੀਨੀ
ਨਿੱਤ ਵੱਲ ਸ਼ਹਿਰ ਦੇ ਜਾਂਦੇ ਸੀ।
'ਚੱਲ ਬਈ ਅੱਡੇ' 'ਚੱਲ ਬਈ ਟੇਸ਼ਣ'
ਅਵਾਜ਼ਾਂ ਮਿੱਠੀਆਂ ਲਾਂਦੇ ਸੀ।
ਰਸਤੇ ਦੇ ਵਿਚ ਦੁੱਖ ਸੁੱਖ ਕਰਦੇ
ਨਾਲੇ, ਛਿੱਲੜ ਚਾਰ ਕਮਾਂਦੇ ਸੀ।
ਮਸ਼ੀਨਾਂ ਖੋਹ ਲਿਆ ਵਿਰਸਾ ਸਾਡਾ
ਪਹਿਲਾਂ ਵਧੀਆ ਜੂਨ ਹੰਢਾਂਦੇ ਸੀ।
***-ਜਗਮੀਤ ਸਿੰਘ ਪੰਧੇਰ***
***ਕਲਾਹੜ, (ਲੁਧਿਆਣਾ)***

---

ਟਾਂਗਾ ਚੱਲਿਆ ਈ ਸ਼ਹਿਰ ਲਾਹੌਰ
ਟਾਂਗੇ ਵਾਲਾ ਖੈਰ ਮੰਗਦਾ
ਪੁਰਾਤਨ ਜ਼ਮਾਨਾ ਹੁੰਦੀ ਸੀ
ਰਾਜਿਆਂ ਮਹਾਰਾਜਿਆਂ ਦੀ ਸਵਾਰੀ
ਮਾਰਦਾ ਜਦ ਛੈਂਟਾ ਘੋੜੇ ਦੇ ਚਾਲਕ
ਟੱਪ ਟੱਪ ਦਾ ਸੰਗੀਤ
ਦਿਲ ਮੋਹ ਲੈਂਦਾ
ਕੰਧਾਰ ਹੈ ਰਾਤ 'ਚ
ਟੱਪ ਟੱਪ ਇੰਨੀ ਸੁਹਾਵਣੀ
ਰਹਿ ਨਹੀਂ ਸਕੇ
ਤੱਕਣੋਂ ਬਾਰੀ 'ਚੋਂ
ਜਿਵੇਂ ਸਜਾਇਆ ਘੋੜਾ ਉਵੇਂ ਚਾਲਕ
ਸਜਾ ਤੁਰਲਾ ਪੱਗ ਦਾ
ਬੈਠਾ ਹਿੱਕ ਤਾਣ।
***-ਦਰਸ਼ਨ ਪਾਲ ਦੋਸਾਂਝ***

# ਨਵੀਆਂ ਸਿੱਖਿਆ ਨੀਤੀਆਂ ਤੇ ਪੰਜਾਬ

### ਨਵੀਂ "ਰਾਸ਼ਟਰੀ ਸਿੱਖਿਆ ਨੀਤੀ - 2020" ਦਾ ਅਸਰ

ਮੂਲ ਸੰਵਿਧਾਨ ਮੁਤਾਬਕ ਸਿੱਖਿਆ ਦਾ ਅਖਤਿਆਰ ਹਰੇਕ ਸੂਬੇ ਦੇ ਦਾਇਰੇ ਵਿਚ ਹੁੰਦਾ ਸੀ। ਹਰ ਸੂਬਾ ਆਪਣੇ ਪ੍ਰਾਂਤਾਂ ਦੀਆਂ ਲੋੜਾਂ ਮੁਤਾਬਕ, ਆਪਣੇ ਸਮਾਜਿਕ ਤੇ ਧਾਰਮਿਕ ਰਿਵਾਜਾਂ ਤੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਮੁੱਖ ਰੱਖ ਕੇ ਕਾਨੂੰਨੀ ਵਿਵਸਥਾ ਕਰ ਸਕਦਾ ਸੀ ਅਤੇ ਨੇਮ ਵੀ ਬਣਾ ਸਕਦਾ ਸੀ। ਇਸ ਤਰ੍ਹਾਂ ਹਰ ਪ੍ਰਾਂਤ ਨੂੰ ਸਿੱਖਿਆ ਦੀ ਨੀਤੀ ਬਣਾਉਣ ਬਾਰੇ ਆਜ਼ਾਦੀ ਸੀ। ਇਹ ਪ੍ਰਾਂਤਕ ਆਜ਼ਾਦੀ ਕੇਂਦਰ ਸਰਕਾਰ ਨੂੰ ਰੜਕਦੀ ਸੀ, ਸੋ ਉਸ ਨੇ 1976 ਵਿਚ ਜਦੋਂ ਮੁਲਕ ਵਿਚ ਐਮਰਜੈਂਸੀ ਲੱਗੀ ਹੋਈ ਸੀ, ਉਸ ਵੇਲੇ ਬਿਨਾਂ ਸੰਸਦ ਵਿਚ ਕਿਸੇ ਬਹਿਸ ਤੋਂ ਸੰਵਿਧਾਨ ਦੀ 42ਵੀਂ ਤਬਦੀਲੀ ਕਰ ਕੇ ਵਿੱਦਿਆ ਨੂੰ ਪ੍ਰਾਂਤਾਂ ਦੇ ਅਧਿਕਾਰਾਂ ਵਾਲੀ ਸੂਚੀ ਵਿਚੋਂ ਕੱਢ ਕੇ ਸਹਿਵਰਤੀ ਸੂਚੀ ਵਿਚ ਲੈ ਆਂਦਾ ਤਾਂ ਜੋ ਕੇਂਦਰ, ਵਿੱਦਿਆ ਦੇ ਮਾਮਲੇ ਵਿਚ ਪੂਰਾ ਦਖ਼ਲ ਦੇ ਸਕੇ। ਇਹ ਤਬਦੀਲੀ 11 ਨਵੰਬਰ 1976 ਨੂੰ ਲੋਕ ਸਭਾ ਵਿਚ

ਪ੍ਰੋ. ਡਾ. ਜੈ ਰੂਪ ਸਿੰਘ
ਫੋਨ: +91-98769-55155

ਮਦ ਨੰਬਰ 57 ਹੇਠ ਹੋਈ-ਜਿਸ ਨਾਲ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੋਧ ਰਾਹੀਂ ਹਰ ਕਿਸਮ ਦੀ ਸਿੱਖਿਆ ਪ੍ਰਾਂਤਾਂ ਦੇ ਅਖਤਿਆਰ ਵਿਚੋਂ ਨਿਕਲ ਗਈ। ਐਮਰਜੈਂਸੀ ਦੌਰਾਨ ਹੋਈ ਇਸ ਸੰਵਿਧਾਨਕ ਤਬਦੀਲੀ ਦਾ ਹਰ ਕੇਂਦਰੀ ਸਰਕਾਰ, ਪ੍ਰਾਂਤਾਂ ਦੀਆਂ ਖਾਹਿਸ਼ਾਂ ਨੂੰ ਕੁਚਲਦਿਆਂ, ਪੂਰਾ ਫ਼ਾਇਦਾ ਉਠਾਉਂਦੀ ਰਹੀ ਹੈ। ਪਰ ਸੰਨ 2020 ਵਿਚ ਲਾਗੂ ਕੀਤੀ ਗਈ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੇ ਪ੍ਰਾਂਤਾਂ ਦੇ ਸਿੱਖਿਆ ਸਬੰਧਿਤ ਅਖਤਿਆਰ ਤਕਰੀਬਨ ਖ਼ਤਮ ਕਰ ਦਿੱਤੇ ਹਨ। ਕਈ ਸੂਬੇ ਹੁਣ ਕਚਹਿਰੀਆਂ ਵਿਚ ਜਾ ਪਹੁੰਚੇ ਹਨ ਅਤੇ ਇਸ ਨੀਤੀ ਨੂੰ ਲਾਗੂ ਨਾਂ ਕਰਨ ਲਈ ਆਪੋ-ਆਪਣੀਆਂ ਅਸੈਂਬਲੀਆਂ ਵਿਚ ਮਤੇ ਵੀ ਪਾਸ ਕਰ ਰਹੇ ਹਨ।

ਨਵੀਂ 'ਰਾਸ਼ਟਰੀ ਸਿੱਖਿਆ ਨੀਤੀ 2020' ਹੇਠਾਂ ਮੁਲਕ ਦੀ ਸਾਰੀ ਵਿੱਦਿਆ -ਬੱਚੇ ਦੀ ਆਰੰਭਕ ਵਿੱਦਿਆ, ਰਿੜਨ ਵੇਲੇ ਤੋਂ ਸ਼ੁਰੂ ਹੋ ਕੇ ਉੱਚ ਵਿੱਦਿਆ ਦੀ ਆਖ਼ਰੀ ਪੌੜੀ ਤਕ ਸਭ ਕੁਝ ਕਿਸੇ ਨਾ ਕਿਸੇ ਵਿਉਂਤ ਰਾਹੀਂ ਕੇਂਦਰ ਸਰਕਾਰ ਆਪਣੇ ਵੱਸ ਵਿਚ ਰੱਖੇਗੀ। ਇਸ ਨੀਤੀ ਵਾਲਾ ਦਸਤਾਵੇਜ਼ ਬਹੁਤ ਗੁੰਝਲਦਾਰ ਢੰਗ ਨਾਲ ਲਿਖਿਆ ਗਿਆ ਹੈ ਅਤੇ ਸਰਕਾਰ ਦੀ ਅਸਲ ਮਨਸ਼ਾ ਨੂੰ ਲੱਭਣ ਲਈ ਕਈ ਪਰਤਾਂ ਫਰੋਲਣੀਆਂ ਪੈਂਦੀਆਂ ਹਨ। ਕੁਝ ਚੀਜ਼ਾਂ ਚੰਗੀਆਂ ਵੀ ਹਨ ਜਿਵੇਂ ਕਿ ਬੱਚੇ ਦੇ ਪਹਿਲੇ ਪੰਜ ਸਾਲਾਂ ਦੀ ਮੁਢਲੀ ਸਿੱਖਿਆ ਮਾਂ-ਬੋਲੀ ਜਾਂ ਖੇਤਰੀ ਜ਼ੁਬਾਨ ਵਿਚ ਹੋਣੀ। ਇਸ ਨਵੀਂ ਸਿੱਖਿਆ ਨੀਤੀ ਰਾਹੀਂ ਉੱਚ ਸਿੱਖਿਆ ਵਿਚ ਕੇਂਦਰ ਸਰਕਾਰ ਦੀ ਕਿਵੇਂ ਸਿੱਧੀ ਦਖ਼ਲ-ਅੰਦਾਜ਼ੀ ਹੈ, ਇਹ ਲੇਖ ਇਸ ਬਾਰੇ ਦੱਸਦਾ ਹੈ।

'ਰਾਸ਼ਟਰੀ ਸਿੱਖਿਆ ਨੀਤੀ 2020' ਅਧੀਨ ਸਭ ਤੋਂ ਸਰਵੋਤਮ ਅਦਾਰਾ, ਜਿਸ ਦੇ ਪ੍ਰਧਾਨ ਖ਼ੁਦ ਪ੍ਰਧਾਨ-ਮੰਤਰੀ ਹੋਣਗੇ ਉਹ ਹੈ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' ਜੋ ਸਾਰੇ ਮੁਲਕ ਦੀ ਵਿੱਦਿਆ ਲਈ ਰੋਸ਼ਨ-ਮੁਨਾਰੇ ਦਾ ਕੰਮ ਕਰੇਗਾ। ਇਸ ਹੇਠ, ਉੱਚ ਸਿੱਖਿਆ ਨੂੰ ਸੇਧ ਦੇਣ ਲਈ ਤੇ ਨਿਗਰਾਨੀ ਕਰਨ ਲਈ,'ਭਾਰਤੀ ਉਚੇਰੀ ਸਿੱਖਿਆ ਕਮਿਸ਼ਨ' ਹੋਵੇਗਾ ਜਿਸ ਦੇ ਫ਼ੈਸਲਿਆਂ ਨੂੰ ਨੇਪਰੇ ਚਾੜ੍ਹਨ ਲਈ ਉਸ ਥੱਲੇ ਚਾਰ ਅਦਾਰੇ (ਥੰਮ੍ਹ) ਹੋਣਗੇ। ਇਹ ਚਾਰੇ ਭਾਰਤ ਦੀ ਉੱਚ ਸਿੱਖਿਆ ਦੇ ਸਾਰੇ ਅਦਾਰਿਆਂ ਬਾਰੇ ਨੀਤੀਆਂ ਤੈਅ ਕਰਨਗੇ, ਮਿਆਰ ਨਿਰਧਾਰਨ ਕਰਨਗੇ, ਅਮਲ ਵਿਚ ਲਿਆਉਣਗੇ, ਨੇਮਤ ਕਰਨਗੇ, ਮਾਨਤਾ ਪ੍ਰਦਾਨ ਕਰਨਗੇ ਤੇ ਵਿੱਤੀ ਮਾਮਲਿਆਂ ਦੀ ਨਿਗਰਾਨੀ ਵੀ ਕਰਨਗੇ। ਇਹ ਚਾਰ ਅਦਾਰੇ ਹਨ:

**1. ਰਾਸ਼ਟਰੀ ਉਚੇਰੀ ਸਿੱਖਿਆ ਰੈਗੂਲੇਸ਼ਨ ਪਰਿਸ਼ਦ:** ਇਸ ਦੇ ਅਖ਼ਤਿਆਰ ਅੰਦਰ ਵਿੱਤੀ ਮਾਮਲੇ, ਪ੍ਰਬੰਧਕੀ ਇੰਤਜ਼ਾਮ, ਲੇਖਾ-ਪੜਤਾਲ, ਬੁਨਿਆਦੀ ਢਾਂਚੇ ਦੀਆਂ ਸਹੂਲਤਾਂ, ਅਧਿਆਪਕ ਤੇ ਕਰਮਚਾਰੀ ਅਤੇ ਪਾਠਕ੍ਰਮ ਆਉਂਦੇ ਹਨ। ਇਸ ਪਰਿਸ਼ਦ ਨੂੰ ਦਿੱਤੇ ਗਏ ਅਧਿਕਾਰਾਂ ਵਿਚ ਇਹ ਹੈ ਕਿ ਇਸ ਨੇ ਦ੍ਰਿੜਤਾ ਪੂਰਵਕ ਤਰੀਕੇ ਨਾਲ ਉਚੇਰੀ ਸਿੱਖਿਆ ਦੇ ਸਾਰੇ ਪਹਿਲੂਆਂ ਨੂੰ ਨੇਮਤ ਤੇ ਕ੍ਰਮਬੱਧ ਕਰਨਾ ਹੈ। ਇਸ ਨੂੰ ਸੰਭਵ ਬਣਾਉਣ ਲਈ ਸਾਰੇ ਉੱਚ-ਸਿੱਖਿਆ ਅਦਾਰਿਆਂ ਦੀਆਂ ਉੱਚ-ਪ੍ਰਬੰਧਕੀ ਨਿਰਣੇ ਲੈਣ ਵਾਲੀਆਂ ਕਮੇਟੀਆਂ ਵਿਚ ਕੇਂਦਰੀ ਨੁਮਾਇੰਦਿਆਂ ਦੀ ਹੋਂਦ ਯਕੀਨੀ ਬਣਾਈ ਜਾਵੇਗੀ।

**2. ਵਿਆਪਕ ਸਿੱਖਿਆ ਪਰਿਸ਼ਦ:** ਇਸ ਦਾ ਮਕਸਦ ਹੈ ਵਿੱਦਿਅਕ ਮਿਆਰ ਨਿਰਧਾਰਨ ਕਰਨੇ। ਇਸ ਹੇਠ ਹੋਰ ਕਈ ਛੋਟੇ ਅਦਾਰੇ ਆਉਂਦੇ ਹਨ। ਇਹ ਰਾਸ਼ਟਰੀ ਪੱਧਰ ਉੱਪਰ ਉਚੇਰੀ ਸਿੱਖਿਆ ਤੇ ਕੁਸ਼ਲ-ਸਿੱਖਿਆ ਦੇ ਮਿਆਰ ਅਤੇ ਉਨ੍ਹਾਂ ਦੀਆਂ ਡਿਗਰੀਆਂ ਲੈਣ ਦੀਆਂ ਯੋਗਤਾਵਾਂ ਨਿਯਤ ਕਰੇਗਾ। ਇਸ ਅਦਾਰੇ ਨੂੰ ਵਿੱਦਿਆ ਦੇ ਹਰ ਖੇਤਰ ਵਿਚ ਯੋਜਨਾਵਾਂ ਤੇ ਕਾਰਜ-ਸੂਚੀਆਂ ਨਿਸ਼ਚਤ ਕਰਨ ਦਾ ਹੱਕ ਹੋਵੇਗਾ।

**3. ਰਾਸ਼ਟਰੀ ਮਾਨਤਾ ਪਰਿਸ਼ਦ:** ਇਹ ਅਦਾਰਾ ਉੱਚ-ਸਿੱਖਿਆ ਦੇ ਹਰ ਖੇਤਰ ਦੀਆਂ ਸੰਸਥਾਵਾਂ ਨੂੰ ਮਾਨਤਾ ਪ੍ਰਦਾਨ ਕਰੇਗਾ ਤੇ ਹੁਣ ਤਾਈਂ ਚੱਲ ਰਹੀਆਂ ਮਾਨਤਾ ਪ੍ਰਦਾਨ ਕਰਨ ਵਾਲੀਆਂ ਪਰਿਸ਼ਦਾਂ ਦੀ ਜਗ੍ਹਾ ਲਵੇਗਾ।

**4. ਉਚੇਰੀ ਸਿੱਖਿਆ ਗਰਾਂਟ ਪਰਿਸ਼ਦ:** ਇਹ ਅਦਾਰਾ ਉਚੇਰੀ ਸਿੱਖਿਆ ਨਾਲ ਸਬੰਧਤ ਵਿੱਤੀ ਪੋਸ਼ਣ ਤੇ ਆਰਥਿਕ ਸਹਾਇਤਾ ਦੀ ਨੀਤੀ ਤੇ ਨਿਯਮ ਬਣਾਏਗਾ ਤੇ ਇਸ ਬਾਰੇ ਨਿਗਰਾਨੀ ਕਰੇਗਾ।

ਇਨ੍ਹਾਂ ਚਾਰੇ ਅਦਾਰਿਆਂ ਦੇ ਮੈਂਬਰ ਬਹੁਤੇ ਸਰਕਾਰੀ ਬਾਬੂ ਜਾਂ ਸਰਕਾਰੀ ਅਦਾਰਿਆਂ ਦੇ ਮਨਮੁੱਖ ਚੌਧਰੀ ਹਨ ਅਤੇ ਅਕਾਦਮਿਕ ਖੇਤਰ ਵਾਲਿਆਂ ਦੀ ਨੁਮਾਇੰਦਗੀ ਬਹੁਤ ਘੱਟ ਜਾਂ ਨਾਂਮਾਤਰ ਹੀ ਹੋਵੇਗੀ। ਸੋ ਉੱਚ-ਸਿੱਖਿਆ ਬਾਰੇ ਫ਼ੈਸਲੇ ਉਹ ਕਰਨਗੇ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਯੂਨੀਵਰਸਿਟੀਆਂ ਅੰਦਰ ਉੱਚ-ਸਿੱਖਿਆ ਹਾਸਲ ਨਹੀਂ ਕੀਤੀ। ਭਾਰਤ ਵਿਚ ਵਿੱਦਿਆ ਦਾ ਸੁਧਾਰ ਕਰਨ ਦੇ ਨਾਹਰਿਆਂ ਹੇਠ ਸਾਰੀ ਵਿੱਦਿਆ ਦਾ ਨਵੀਂ ਸਿੱਖਿਆ ਨੀਤੀ ਹੇਠਾਂ ਇਕ ਤਰ੍ਹਾਂ ਨਾਲ ਪੂਰਾ ਕੇਂਦਰੀਕਰਨ ਕਰ ਲਿਆ ਗਿਆ ਹੈ। ਹੌਲੀ-ਹੌਲੀ ਵਿੱਦਿਆ ਲਈ ਹਰ ਤਰ੍ਹਾਂ ਦੀ ਕੇਂਦਰੀ ਵਿੱਤੀ ਸਹਾਇਤਾ 'ਰਾਸ਼ਟਰੀ ਸਿੱਖਿਆ ਨੀਤੀ 2020' ਦੀਆਂ ਮੱਦਾਂ ਨਾਲ ਜੋੜੀ ਜਾ ਰਹੀ ਹੈ। ਜੂਨ 2023 ਵਿਚ ਐਲਾਨ ਕੀਤੇ ਨਿਯਮਾਂ ਅਨੁਸਾਰ 'ਰਾਸ਼ਟਰੀ ਸਿੱਖਿਆ ਨੀਤੀ 2020' ਨੂੰ ਲਾਗੂ ਕਰਨ ਲਈ ਸੂਬਾਈ ਸਰਕਾਰਾਂ ਨੂੰ ਕੇਂਦਰ ਨਾਲ ਇਕ ਦਸਤਾਵੇਜ਼ ਦਸਤਖ਼ਤ ਕਰਨਾ ਲਾਜ਼ਮੀ ਕਰ ਦਿੱਤਾ ਹੈ ਤਾਂ ਜੋ ਸੂਬਾਈ ਸਰਕਾਰਾਂ ਪੂਰੀ ਤਰ੍ਹਾਂ ਜਕੜੀਆਂ ਜਾਣ।

ਰਾਸ਼ਟਰੀ ਖੋਜ ਫੰਡ ਦਾ ਯੋਗਦਾਨ: 2020 ਵਾਲੀ ਨਵੀਂ 'ਰਾਸ਼ਟਰੀ ਸਿੱਖਿਆ ਨੀਤੀ' ਹੇਠਾਂ ਇਕ 'ਰਾਸ਼ਟਰੀ ਖੋਜ ਫਾਊਂਡੇਸ਼ਨ' ਦੀ ਸਥਾਪਨਾ ਹੋਣੀ ਸੀ। ਕਿਉਂਕਿ ਇਸ ਅਦਾਰੇ ਨੂੰ ਮੁਲਕ ਦੀਆਂ ਸਾਰੀਆਂ ਉੱਚ-ਵਿੱਦਿਅਕ ਸੰਸਥਾਵਾਂ ਵਿਚ ਹਰ ਤਰ੍ਹਾਂ ਦੀ ਖੋਜ ਲਈ ਵਿੱਤੀ ਸਹਾਇਤਾ ਦੇਣ ਦੀ ਜ਼ਿੰਮੇਵਾਰੀ ਸੌਂਪੀ ਜਾਣੀ ਸੀ, ਇਸ ਲਈ ਜਿੰਨੀਆਂ ਬਾਕੀ ਕੇਂਦਰੀ ਪਰਿਸ਼ਦ ਜਾਂ ਅਦਾਰੇ ਖੋਜ ਲਈ ਵਿੱਤੀ ਸਹਾਇਤਾ ਦਿੰਦੇ ਸਨ, ਉਨ੍ਹਾਂ ਦੇ ਸਹਾਇਤਾ-ਖੋਜ ਫੰਡ ਘਟਾ ਦਿੱਤੇ ਗਏ।


ਅਗਸਤ 2023 ਨੂੰ ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿਚ ਐਲਾਨ ਕੀਤਾ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ-2020 ਅਧੀਨ ਜੋ 'ਰਾਸ਼ਟਰੀ ਖੋਜ ਫਾਊਂਡੇਸ਼ਨ' ਬਣਾਈ ਜਾਣੀ ਸੀ ਉਸ ਦੀ ਸ਼ੁਰੂਆਤ ਹੋ ਗਈ ਹੈ। ਇਸ ਮੰਤਵ ਲਈ 'ਅਨੁਸੰਧਾਨ ਨੈਸ਼ਨਲ ਰੀਸਰਚ ਫਾਊਂਡੇਸ਼ਨ ਬਿੱਲ, 2023' ਪੇਸ਼ ਕੀਤਾ ਗਿਆ ਜਿਸ ਥੱਲੇ 'ਅਨੁਸੰਧਾਨ ਰਾਸ਼ਟਰੀ ਖੋਜ ਫਾਊਂਡੇਸ਼ਨ' ਕਾਇਮ ਹੋਣੀ ਸੀ। ਇਸ ਬਿੱਲ ਦੀ ਪ੍ਰਵਾਨਗੀ ਤੋਂ ਬਾਅਦ 14 ਅਗਸਤ 2023 ਨੂੰ ਇਸ ਦਾ ਗਜ਼ਟ ਜਾਰੀ ਹੋ ਗਿਆ। ਇਸ ਫਾਊਂਡੇਸ਼ਨ ਦੀ ਸਰਵ-ਉੱਚਤਮ ਸੰਸਥਾ ਦੇ ਪ੍ਰਧਾਨ ਪ੍ਰਧਾਨ ਮੰਤਰੀ ਖ਼ੁਦ ਹੋਣਗੇ। ਬਾਕੀ ਦੇ ਮੈਂਬਰ ਦੂਸਰੀਆਂ ਸਰਕਾਰੀ ਕਮੇਟੀਆਂ ਵਾਂਗ ਹੀ, ਬਹੁਤੇ ਚਿੱਟ-ਕੱਪੜੀਏ ਉੱਚ-ਪਦਵੀਆਂ ਵਾਲੇ ਬਾਬੂ ਹੋਣਗੇ ਤੇ ਕਾਫ਼ੀ ਘੱਟ ਗਿਣਤੀ ਵਿਚ, ਨਾਂਮਾਤਰ ਹੀ ਕੁਝ ਵਿਦਵਾਨ। ਇਸ ਫਾਊਂਡੇਸ਼ਨ ਲਈ 50,000 ਕਰੋੜ ਰੁਪਏ ਦਾ ਐਲਾਨ ਕੀਤਾ ਗਿਆ-ਜੋ ਹਰ ਅਖ਼ਬਾਰ ਤੇ ਟੀ.ਵੀ. ਚੈਨਲ ਦੀ ਸੁਰਖ਼ੀ ਬਣਿਆ। ਜਦੋਂ ਇਸ ਨੂੰ ਵਿਸਥਾਰ ਨਾਲ ਵੇਖਿਆ ਗਿਆ ਤਾਂ ਪਤਾ ਲੱਗਿਆ ਕਿ ਇਸ ਫਾਊਂਡੇਸ਼ਨ ਲਈ ਇਹ ਵਿੱਤੀ ਵਿਵਸਥਾ ਪੰਜ ਸਾਲਾਂ ਲਈ ਹੈ ਅਤੇ ਉਸ ਵਿਚੋਂ ਵੀ ਸਰਕਾਰ ਨੇ ਸਿਰਫ਼ 14,000 ਕਰੋੜ (ਸਾਲ ਦੇ ਸਿਰਫ਼ 2800 ਕਰੋੜ) ਹੀ ਦੇਣੇ ਹਨ। ਬਾਕੀ ਦੇ 36,000 ਕਰੋੜ ਲਈ ਨਿੱਜੀ ਕਾਰੋਬਾਰੀ ਅਦਾਰਿਆਂ ਉੱਪਰ ਨਿਰਭਰ ਰਹਿਣਾ ਪਵੇਗਾ। ਸੋ ਕੇਂਦਰ ਸਰਕਾਰ ਵੱਲੋਂ, ਮੁਲਕ ਭਰ ਵਿਚ ਹਰ ਖੇਤਰ ਦੀ ਹਰ ਤਰ੍ਹਾਂ ਦੀ ਖੋਜ ਨੂੰ ਹੱਲਾਸ਼ੇਰੀ ਦੇਣ ਲਈ ਤੇ ਵਿਸ਼ਵ-ਪੱਧਰੀ ਬਣਾਉਣ ਲਈ, ਸਾਲਾਨਾ ਯੋਗਦਾਨ 2800 ਕਰੋੜ ਹੋਵੇਗਾ ਤੇ ਨਿੱਜੀ ਅਦਾਰਿਆਂ ਵੱਲੋਂ ਸਾਲਾਨਾ 7200 ਕਰੋੜ। ਇਨ੍ਹਾਂ 2800 ਕਰੋੜ ਰੁਪਿਆਂ ਵਿਚੋਂ ਕਿੰਨੇ ਪੈਸੇ ਹਰ ਸਾਲ ਅਸਲੀਅਤ ਵਿਚ ਸੌਂਪੇ ਜਾਂ ਦਿੱਤੇ ਜਾਣਗੇ ਇਹ ਵਕਤ ਹੀ ਦੱਸੇਗਾ। ਇਸ ਰਕਮ ਦੇ ਮੁਕਾਬਲੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਇਕੱਲੀ ਦਾ ਹੀ ਇਕ ਸਾਲ ਸੰਨ 2022 ਦਾ ਖੋਜ ਲਈ ਬਜਟ 11,322 ਕਰੋੜ ਸੀ। ਆਪਣੀ ਰਾਸ਼ਟਰੀ ਖੋਜ ਸੰਸਥਾਨ ਦੇ ਬਰਾਬਰ ਦੀ ਸੰਸਥਾ ਅਮਰੀਕਾ ਵਿਚ ਵੀ ਸਰਕਾਰ ਵੱਲੋਂ 1950 ਤੋਂ ਬਣਾਈ ਗਈ ਹੈ, ਜਿਸ ਦਾ ਨਾਂ 'ਨੈਸ਼ਨਲ ਸਾਇੰਸ ਫਾਊਂਡੇਸ਼ਨ' ਹੈ। ਇਹ ਸੰਸਥਾ ਅਮਰੀਕਾ ਵਿਚ ਡਾਕਟਰੀ ਖੇਤਰਾਂ ਤੋਂ ਬਿਨਾਂ ਬਾਕੀ ਸਾਰੇ ਖਿੱਤਿਆਂ ਲਈ ਵਿੱਤੀ ਸਹਾਇਤਾ ਦਿੰਦੀ ਹੈ। ਇਹ ਬਣਾਈ ਸਰਕਾਰ ਨੇ ਹੈ ਪਰ ਇਹ ਇਕ ਆਜ਼ਾਦ ਸੰਸਥਾ ਹੈ ਜਿਸ ਦੀ ਪ੍ਰਧਾਨਗੀ ਇਕ ਵਿਸ਼ਵ-ਪ੍ਰਸਿੱਧ ਸਾਇੰਸਦਾਨ ਕੋਲ ਹੁੰਦੀ ਹੈ ਤੇ ਮੈਂਬਰੀ ਵੀ ਸਿਆਸਤਦਾਨਾਂ ਤੇ ਬਾਬੂਆਂ ਦੀ ਥਾਂ ਸਿੱਖਿਆ ਅਦਾਰਿਆਂ ਦੇ ਚੋਟੀ ਦੇ ਮਾਹਿਰਾਂ ਕੋਲ ਹੀ ਹੁੰਦੀ ਹੈ।

ਭਾਰਤ ਵਿਚ ਸਿੱਖਿਆ ਦੇ ਸਰਵੋਤਮ ਅਦਾਰਾ, 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ', ਜਿਸ ਦੇ ਪ੍ਰਧਾਨ, ਪ੍ਰਧਾਨ ਮੰਤਰੀ ਆਪ ਹਨ ਅਤੇ ਜਿਸ ਨੇ ਸਾਰੇ ਮੁਲਕ ਦੀ ਸਿੱਖਿਆ ਪ੍ਰਣਾਲੀ ਨੂੰ ਸੇਧ ਦੇਣ ਲਈ ਰੋਸ਼ਨ-ਮੁਨਾਰੇ ਦਾ ਕੰਮ ਕਰਨਾ ਹੈ ਅਤੇ ਸਿੱਖਿਆ ਦੀ ਨਿਗਰਾਨੀ ਕਰਨ ਵਾਲੇ ਬਾਕੀ ਸਾਰੇ ਅਦਾਰਿਆਂ ਦੀ ਰਹਿਨੁਮਾਈ ਕਰਨੀ ਹੁੰਦੀ ਹੈ ਉਸ ਦੀ ਆਪਣੀ ਮੀਟਿੰਗ 2019 ਤੋਂ ਬਾਅਦ ਹੋਈ ਹੀ ਨਹੀਂ।

### ਕੋਈ ਰੋਸ਼ਨੀ ਦੀ ਕਿਰਨ

ਕਿਸੇ ਵੀ ਬਿਮਾਰੀ ਦਾ ਇਲਾਜ ਲੱਭਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਬਿਮਾਰੀ ਦੀ ਹੋਂਦ ਨੂੰ ਕਬੂਲੀਏ ਤੇ ਫੇਰ ਉਸ ਦੇ ਕਾਰਨ ਲੱਭੀਏ ਜੇ ਕਾਰਨ ਲੱਭ ਜਾਣ ਤਾਂ ਇਲਾਜ ਵੀ ਲੱਭ ਜਾਂਦੇ ਹਨ। ਪਿਛਲੀਆਂ ਦੋ ਵਾਰੀਆਂ ਵਾਲੇ ਤੇ ਹੁਣ ਵਾਲੇ ਲੇਖ ਦਾ ਮੰਤਵ ਇਹ ਹੈ ਕਿ ਅਸੀਂ ਆਪਣੀ ਘਟ ਰਹੀ ਸਤਰ ਵਾਲੀ ਉੱਚ-ਸਿੱਖਿਆ ਦੀ ਨਿਕੰਮੀ ਬਣ ਜਾਣ ਵਾਲੇ ਰਸਤੇ ਉੱਪਰ ਤੁਰਨ ਬਾਰੇ ਜਾਗਰੂਕ ਹੋਈਏ ਤੇ ਇਸ ਦੇ ਕਾਰਨਾਂ ਨੂੰ ਪਹਿਚਾਨੀਏ।

ਗੁਰੂ ਨਾਨਕ ਦੇਵ ਜੀ ਦੇ ਬਚਨ ਹਨ: 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ'। ਪਰ ਸਰਕਾਰਾਂ ਨੇ ਧਰਮ ਤੇ ਵੋਟਾਂ ਦੀ ਸਿਆਸਤ ਦੇ ਮੱਦੇਨਜ਼ਰ ਅਤੇ ਨਿੱਜੀ ਅਦਾਰਿਆਂ ਨੇ ਪੈਸਿਆਂ ਨੂੰ ਮੁੱਖ ਰੱਖਦਿਆਂ ਵਿੱਦਿਆ ਦੇ ਖੇਤਰ ਦੀ ਬਲੀ ਦੇ ਦਿੱਤੀ ਹੈ। ਜਿਸ ਕਰਕੇ ਲੋਕਾਂ ਦੀਆਂ ਅਸਲ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਯੋਜਨਾ-ਹੀਣ ਤਰੀਕਿਆਂ ਰਾਹੀਂ ਸਾਰਾ ਜ਼ੋਰ ਵਿਦਿਅਕ ਅਦਾਰਿਆਂ ਤੇ ਵਿਦਿਆਰਥੀਆਂ ਦੀ ਸਿਰਫ਼ ਨਫ਼ਰੀ ਵਧਾਉਣ 'ਤੇ ਲਾ ਦਿੱਤਾ। ਗੁਣਵੱਤਾ, ਮਿਆਰੀ, ਯੋਗਤਾ-ਭਰਪੂਰ, ਲਿਆਕਤ ਵਾਲੀ ਤੇ ਕਾਬਲੀਅਤ ਪ੍ਰਦਾਨ ਕਰਨ ਵਾਲੀ ਸਿੱਖਿਆ ਦਾ ਸਰਵਨਾਸ਼ ਕਰ ਦਿੱਤਾ।




ਸਿੱਖਿਆ ਖੇਤਰ ਦੀ ਇਸ ਦੁਰਗਤ ਲਈ ਕੇਵਲ ਸਿਆਸਤਦਾਨ, ਵੱਡੇ ਅਫ਼ਸਰਸ਼ਾਹ ਤੇ ਨਿੱਜੀ ਅਦਾਰਿਆਂ ਦੇ ਮਾਲਕ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਕਈ ਵਾਈਸ ਚਾਂਸਲਰ ਵੀ ਗੁਨਾਹਗਾਰ ਹਨ। ਅਜਿਹੇ ਵਾਈਸ ਚਾਂਸਲਰ ਜੋ ਘੱਟ ਅਕਾਦਮਿਕ ਮੁਹਾਰਤ ਰੱਖਦੇ ਸਨ, ਉਹ ਆਪਣੇ ਸਿਆਸੀ ਸਬੰਧਾਂ ਕਰਕੇ ਜਾਂ ਹੋਰ ਜ਼ਿਰਿਆਂ ਰਾਹੀਂ ਇਨ੍ਹਾਂ ਪਦਵੀਆਂ ਉੱਪਰ ਪਹੁੰਚੇ ਅਤੇ ਫੇਰ ਸਿਆਸਤਦਾਨਾਂ ਤੇ ਅਫ਼ਸਰਸ਼ਾਹੀਆਂ ਦੀ ਮਰਜ਼ੀ ਅਨੁਸਾਰ ਜਾਂ ਹੋਰ ਲਾਲਚਾਂ ਕਰਕੇ, ਉਨ੍ਹਾਂ ਕਾਲਜਾਂ ਨੂੰ ਵੀ ਮਨਜ਼ੂਰੀਆਂ ਦਿੱਤੀਆਂ ਜਿਨ੍ਹਾਂ ਕੋਲ ਕਾਨੂੰਨਾਂ ਅਨੁਸਾਰ ਚਾਹੀਦੀਆਂ ਸਹੂਲਤਾਂ ਦੀ ਘਾਟ ਜਾਂ ਅਣਹੋਂਦ ਸੀ। ਇਸ ਕੁਤਾਹੀ ਕਰਨ ਵਾਲੀ ਸ਼੍ਰੇਣੀ ਵਿਚ ਉਨ੍ਹਾਂ ਸੰਸਥਾਵਾਂ ਦੇ ਮੁਖੀ ਤੇ ਮੈਂਬਰ ਵੀ ਆਉਂਦੇ ਹਨ ਜਿਨ੍ਹਾਂ ਉੱਪਰ ਟੈਕਨੀਕਲ, ਐਜੂਕੇਸ਼ਨ, ਮੈਡੀਕਲ ਆਦਿ ਪੇਸ਼ਿਆਂ ਵਾਲੇ ਕਾਲਜਾਂ ਦੇ ਮਿਆਰਾਂ ਦਾ ਨਿਰੀਖਣ ਤੇ ਪੁਸ਼ਟੀ ਕਰਨ ਦੀ ਜ਼ਿੰਮੇਵਾਰੀ ਸੀ। ਨਤੀਜਾ ਇਹ ਹੋਇਆ ਹੈ ਕਿ ਅੱਜ ਲੱਖਾਂ ਬੱਚੇ ਗਿਆਨ ਤੋਂ ਹੀਣ ਡਿਗਰੀਆਂ ਲਈ ਫਿਰਦੇ ਹਨ ਜਿਨ੍ਹਾਂ ਡਿਗਰੀਆਂ ਦੀ ਕੋਈ ਵੁੱਕਤ ਨਹੀਂ।

ਹੁਣ ਪੰਜਾਬ ਵੱਲ ਨਿਗਾਹ ਮਾਰੀਏ। ਪੰਜਾਬ ਵਿਚ ਉੱਚ-ਸਿੱਖਿਆ ਦੇ ਭਵਿੱਖ ਨੂੰ ਵਿਚਾਰਨ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੀਆਂ ਸਹੀ ਜ਼ਰੂਰਤਾਂ ਤੇ ਅਸਲ ਲੋੜਾਂ ਬਾਰੇ ਜਾਣਨਾ ਜ਼ਰੂਰੀ ਹੈ। ਇਸ ਵਿਚ ਪਹਿਲਾ ਕਦਮ ਹੈ ਕਿ ਸਾਡੀ ਵਸੋਂ ਕਿੰਨੀ ਹੈ ਤੇ ਇਹ ਕਿਸ ਰਫ਼ਤਾਰ ਨਾਲ ਵਧ ਜਾਂ ਘਟ ਰਹੀ ਹੈ। ਪੰਜਾਬ ਵਿਚ ਭਾਵੇਂ ਪਰਵਾਸੀ ਮਜ਼ਦੂਰਾਂ ਦੀ ਆਮਦ ਵਧ ਰਹੀ ਹੈ ਪਰ ਪੰਜਾਬ ਦੀ ਆਪਣੀ ਆਬਾਦੀ ਦੇ ਵਧਣ ਦੀ ਰਫ਼ਤਾਰ ਦਿਨੋਂ-ਦਿਨ ਘਟ ਰਹੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ, ਪੰਜਾਬ ਦੀ ਆਬਾਦੀ ਦੇ ਵਧਣ ਦੀ ਰਫ਼ਤਾਰ ਸੰਨ 2011-15 ਵਿਚ 9.8 ਫ਼ੀਸਦੀ ਸੀ। 2021-25 ਵਿਚ ਇਹ ਔਸਤਨ 6.4 ਫ਼ੀਸਦੀ ਹੋਵੇਗੀ ਅਤੇ 2031-35 ਵਿਚ ਇਹ ਅਨੁਮਾਨਤ 3.5 ਫ਼ੀਸਦੀ ਰਹਿ ਜਾਵੇਗੀ। ਇਸ ਦੇ ਨਾਲ-ਨਾਲ 15 ਤੋਂ 29 ਸਾਲਾਂ ਵਾਲੇ ਨੌਜਵਾਨਾਂ ਦੀ ਅਨੁਪਾਤ ਵੀ ਘਟ ਜਾਵੇਗੀ। ਸੰਨ 2021 ਵਿਚ ਇਨ੍ਹਾਂ ਦੀ ਅਨੁਪਾਤ 26.2 ਫ਼ੀਸਦੀ ਸੀ ਅਤੇ ਅਨੁਮਾਨ ਹੈ ਕਿ 2031 ਵਿਚ ਇਸ ਉਮਰ ਵਾਲੇ ਨੌਜਵਾਨ ਆਬਾਦੀ ਦਾ 21.5 ਫ਼ੀਸਦੀ ਰਹਿ ਜਾਣਗੇ ਤੇ 2036 ਵਿਚ ਇਨ੍ਹਾਂ ਦੀ ਅਨੁਪਾਤ ਸਿਰਫ਼ 19.9 ਫ਼ੀਸਦੀ ਰਹਿ ਜਾਵੇਗੀ। 15 ਤੋਂ 29 ਸਾਲਾਂ ਵਾਲੇ ਨੌਜਵਾਨ ਹੀ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਜਾਂਦੇ ਹਨ। ਇਨ੍ਹਾਂ ਅੰਕੜਿਆਂ ਵਿਚ, ਜੋ ਨੌਜਵਾਨ ਧੜਾ-ਧੜ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ ਉਹ ਸ਼ਾਮਲ ਨਹੀਂ ਹਨ। ਜੇ ਇਨ੍ਹਾਂ ਨੂੰ ਵੀ ਵਿਚਾਰ ਲਿਆ ਜਾਵੇ ਤਾਂ ਏਥੇ ਰਹਿਣ ਵਾਲੇ ਨੌਜਵਾਨਾਂ ਦੀ ਅਨੁਪਾਤ ਹੋਰ ਵੀ ਘਟ ਜਾਵੇਗੀ। ਦੱਸਣਯੋਗ ਹੈ ਕਿ ਹਰ ਹਜ਼ਾਰ ਜਵਾਨ ਬੱਚਿਆਂ ਵਿਚੋਂ 50 ਬੱਚੇ ਬਾਹਰ ਜਾ ਚੁੱਕੇ ਹਨ ਤੇ ਇਨ੍ਹਾਂ ਜਾ ਰਹੇ ਬੱਚਿਆਂ ਦੀ ਨਫ਼ਰੀ ਹਰ ਸਾਲ ਵਧ ਰਹੀ ਹੈ। ਪੰਜਾਬ ਵਿਚ ਨਸ਼ਿਆਂ ਦੀ ਚਪੇਟ ਵਿਚ ਆ ਚੁੱਕੇ ਬੱਚਿਆਂ ਬਾਰੇ ਜੋ ਅੰਕੜੇ 3 ਅਗਸਤ 2023 ਨੂੰ ਲੋਕ ਸਭਾ ਵਿਚ ਪੇਸ਼ ਕੀਤੇ ਗਏ ਸਨ, ਉਨ੍ਹਾਂ ਅਨੁਸਾਰ 10-17 ਸਾਲਾਂ ਦੇ ਬੱਚਿਆਂ ਵਿਚੋਂ 6.97 ਲੱਖ ਬੱਚੇ ਨਸ਼ਿਆਂ ਦੀ ਵਰਤੋਂ ਕਰਦੇ ਹਨ। ਪੰਜਾਬ ਦੀ ਵਸੋਂ ਦੇ ਘਟਣ ਦੇ ਕਾਰਨਾਂ ਵਿਚ, ਪੰਜਾਬ ਦੇ ਨੌਜਵਾਨਾਂ ਦੇ ਨਸ਼ਿਆਂ ਤੇ ਹੋਰ ਕਾਰਨਾਂ ਕਰਕੇ ਘਟ ਰਹੇ ਸ਼ੁਕਰਾਣੂ, ਦੇਰ ਨਾਲ ਤੇ ਘੱਟ ਬੱਚੇ ਪੈਦਾ ਕਰਨਾ ਵੀ ਸ਼ਾਮਲ ਹੈ।

ਜਿੰਨੀਆਂ ਮੁਸੀਬਤਾਂ ਪੰਜਾਬ ਦੀ ਜਵਾਨੀ ਨੂੰ ਘੇਰ ਰਹੀਆਂ ਹਨ ਉਨ੍ਹਾਂ ਸਾਰੀਆਂ ਦਾ ਇਲਾਜ ਸਿਰਫ਼ ਮਿਆਰੀ ਸਿੱਖਿਆ ਵਿਚ ਹੀ ਹੈ। ਸਕੂਲ ਪੱਧਰ 'ਤੇ ਅਤੇ ਉੱਚ-ਸਿੱਖਿਆ ਦੇ ਅਦਾਰਿਆਂ ਨੂੰ ਏਨਾ ਦਿਲ-ਖਿਚਵਾਂ ਬਣਾਉਣ ਦੀ ਲੋੜ ਹੈ ਕਿ ਬੱਚੇ ਆਪੇ ਖਿੱਚੇ ਤੁਰੇ ਆਉਣ। ਜੇ ਪੜ੍ਹਾਈ ਤੇ ਖੋਜ ਦਾ ਮਿਆਰ ਉੱਚਾ ਹੋਵੇਗਾ ਤਾਂ ਨੌਕਰੀਆਂ ਆਪ ਇਨ੍ਹਾਂ ਨੂੰ ਆਵਾਜ਼ਾਂ ਮਾਰਨਗੀਆਂ। ਬਾਹਰ ਜਾਣ ਦੀ ਹੋੜ ਵੀ ਆਪੇ ਘਟ ਜਾਵੇਗੀ। ਸਭ ਤੋਂ ਪਹਿਲਾਂ ਨਵੇਂ ਕਾਲਜ ਤੇ ਨਵੀਆਂ ਯੂਨੀਵਰਸਿਟੀਆਂ ਖੋਲ੍ਹਣ ਉੱਪਰ ਪੂਰੀ ਪਾਬੰਦੀ ਹੋਣੀ ਚਾਹੀਦੀ ਹੈ। ਨਿੱਜੀ ਅਦਾਰਿਆਂ ਵਾਲੇ ਵਿਦਿਅਕ ਅਦਾਰੇ, ਖ਼ਾਸ ਕਰਕੇ ਯੂਨੀਵਰਸਿਟੀਆਂ ਦੇ ਮਿਆਰ ਨੂੰ ਮਿਆਰੀ ਰੱਖਣ ਲਈ ਸਖ਼ਤੀ ਨਾਲ ਕਾਨੂੰਨ, ਜੋ ਹੁਣ ਵੀ ਮੌਜੂਦ ਹਨ, ਉਨ੍ਹਾਂ ਨੂੰ ਲਾਗੂ ਕਰਵਾਉਣਾ ਪਵੇਗਾ ਤੇ ਵਰਤੋਂ ਵਿਚ ਲਿਆਉਣਾ ਪਵੇਗਾ। ਵਿੱਦਿਆ ਲਈ ਨਵੀਆਂ ਬਿਲਡਿੰਗਾਂ ਦੀਆਂ ਉਸਾਰੀਆਂ ਉੱਪਰ ਜ਼ੋਰ ਲਾਉਣ ਦੀ ਥਾਂ ਉਨ੍ਹਾਂ ਦੇ ਅੰਦਰ ਦੀ ਅਵਸਥਾ, ਜਿਸ ਵਿਚ ਅਧਿਆਪਕਾਂ ਸਣੇ ਬਾਕੀ ਸਾਰਾ ਸਾਜ਼ੋ ਸਾਮਾਨ, ਕਿਤਾਬਾਂ, ਖੋਜ ਤੇ ਪੜ੍ਹਾਈ ਲਈ ਪ੍ਰਯੋਗਸ਼ਾਲਾ ਤੇ ਹੋਰ ਸਹੂਲਤਾਂ, ਕੰਪਿਊਟਰਾਂ ਨਾਲ ਲੈਸ ਕਲਾਸਾਂ ਦੇ ਕਮਰੇ, ਖੇਡਾਂ ਲਈ ਬੰਦੋਬਸਤ, ਆਦਿ ਸਭ ਕੁਝ ਆਉਂਦੇ ਹਨ, ਵੱਲ ਜ਼ਿਆਦਾ ਧਿਆਨ ਦੇਣਾ ਪਵੇਗਾ। ਇਸ ਸਭ ਲਈ ਪਹਿਲਾਂ ਧਰਮਾਂ ਤੇ ਵੋਟਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਪੰਜਾਬ ਦੇ ਲੋਕਾਂ ਦੀ ਵਿੱਦਿਅਕ ਬਿਹਤਰੀ ਲਈ ਇਮਾਨਦਾਰ ਤੇ ਵਚਨਬੱਧ ਹੋਣਾ ਪਵੇਗਾ। ਅਸੀਂ ਅੱਜ ਦੇ ਯੁੱਗ ਵਿਚ ਸਿਰਫ਼ ਇਹ ਜਾਣ ਕੇ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਸਾਡੀ ਪੜ੍ਹਾਈ ਬਹੁਤ ਵਧੀਆ ਸੀ, ਮਾਣ ਕਰ ਜਾਂ ਸੰਤੁਸ਼ਟ ਨਹੀਂ ਹੋ ਸਕਦੇ। ਅਫ਼ਸੋਸ ਕਿ ਸਾਡੀ ਆਪਣੀ ਸਰਕਾਰ ਹੀ ਦੁਸ਼ਮਣ ਬਣ ਚੁੱਕੀ ਹੈ-ਸੋ ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਉਸ ਨੂੰ ਕੌਣ ਬਚਾਏਗਾ? ਪੰਜਾਬ ਉੱਪਰ ਰਾਜ ਕਰ ਰਹੇ ਆਈ.ਏ.ਐਸ. ਅਤੇ ਪੀ.ਸੀ.ਐਸ.ਅਫ਼ਸਰਾਂ ਵਿਚੋਂ ਕਿੰਨਿਆਂ ਨੂੰ ਪੰਜਾਬੀ ਲਿਖਣੀ ਜਾਂ ਪੜ੍ਹਨੀ ਆਉਂਦੀ ਹੈ? ਕਈਆਂ ਨੂੰ ਤਾਂ ਬੋਲਣੀ ਵੀ ਨਹੀਂ ਆਉਂਦੀ। ਅਜਿਹੀ ਅਫ਼ਸਰਸ਼ਾਹੀ ਤੁਹਾਡੀ ਬੋਲੀ ਦੀ ਕਿਵੇਂ ਰਖਵਾਲੀ ਕਰ ਸਕਦੀ ਹੈ? ਪੰਜਾਬ ਸਰਕਾਰ ਵੀ, ਇਨ੍ਹਾਂ ਗ਼ੈਰ ਪੰਜਾਬੀ ਜਾਂ ਪੰਜਾਬੀ ਤੋਂ ਅਨਪੜ੍ਹ ਅਫ਼ਸਰਾਂ ਦੇ ਮਗਰ ਲੱਗ ਕੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਦੇ ਗਲ ਲਾ ਰਹੀ ਹੈ।

ਪੰਜਾਬੀ ਬੋਲੀ ਸਾਡੀ ਪਹਿਚਾਣ ਹੈ, ਉਸਦੀ ਤੇ ਪੰਜਾਬ ਦੀ ਮਦਦ ਲਈ ਕਿਸੇ ਹੋਰ ਨੇ ਨਹੀਂ ਆਉਣਾ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ:'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ'। ਸੋ ਪੰਜਾਬੀਆਂ ਨੂੰ ਆਪ ਹੀ ਆਪਣਾ ਭਵਿੱਖ ਸੰਭਾਲਣਾ ਪਵੇਗਾ; ਆਪੇ ਹੀ ਆਪਣੇ ਬੱਚਿਆਂ ਨੂੰ ਕੁਰਾਹੇ ਪੈਣ ਤੋਂ ਬਚਾਉਣਾ ਪਵੇਗਾ; ਆਪਣੇ ਆਪ ਨੂੰ ਹਰ ਉਮਰ ਵਾਲੇ ਨੂੰ-ਵਿੱਦਿਆ ਦਾ ਦਾਨ ਲੈਣ ਲਈ ਦਿਮਾਗ਼ ਖੁੱਲ੍ਹੇ ਰੱਖਣੇ ਪੈਣਗੇ; ਆਪਣੇ ਆਪ ਨੂੰ ਦੁਨੀਆ ਵਿਚ ਹੋ ਰਹੀਆਂ ਹਰ ਖੇਤਰ ਦੀਆਂ ਖੋਜਾਂ ਦੀ ਮੂਲ ਜਾਣਕਾਰੀ ਨਾਲ ਜੋੜਨਾ ਪਵੇਗਾ; ਸਸਤੀ ਤੇ ਮਿਆਰੀ ਸਿੱਖਿਆ-ਜੋ ਸਾਡਾ ਬੁਨਿਆਦੀ ਹੱਕ ਹੈ- ਉਸ ਨੂੰ ਦੇਣ ਲਈ ਸਰਕਾਰਾਂ ਨੂੰ ਵਚਨਬੱਧ ਕਰਵਾਉਣਾ ਪਵੇਗਾ; ਆਪਣੀਆਂ ਧਾਰਮਿਕ ਸੰਸਥਾਵਾਂ ਨੂੰ ਪ੍ਰੇਰਿਤ ਕਰਨਾ ਪਵੇਗਾ ਕਿ ਉਹ ਪੜ੍ਹਾਈ ਨੂੰ ਧਰਮ ਦਾ ਹਿੱਸਾ ਸਮਝਣ ਨਾ ਕਿ ਆਪਣੇ ਸਕੂਲਾਂ-ਕਾਲਜਾਂ ਨੂੰ ਪੈਸੇ ਕਮਾਉਣ ਦਾ ਜ਼ਰੀਆ। ਅਨਪੜ੍ਹਾਂ, ਅੱਧ-ਪੜ੍ਹਿਆਂ ਤੇ ਅਪਰਾਧੀਆਂ ਨੂੰ ਆਪਣੇ ਰਹਿਨੁਮਾ ਆਗੂ ਨਾ ਬਣਾਈਏ। ਸਾਨੂੰ ਆਪ ਹੀ ਆਪਣੀ ਪੜ੍ਹਾਈ ਤੇ ਜ਼ੁਬਾਨ ਨੂੰ ਵਿਸ਼ਵ-ਪੱਧਰ 'ਤੇ ਲਿਆਉਣ ਲਈ ਅਤੇ ਪੰਜਾਬ ਨੂੰ ਵੀ ਬਚਾਉਣ ਲਈ ਹੰਭਲੇ ਮਾਰਨੇ ਪੈਣਗੇ।

***ਸਾਬਕਾ ਵਾਈਸ ਚਾਂਸਲਰ**
***ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ***

# 'ਕਰਾਮਾਤੀ' ਗੁਰੂ ਨਾਨਕ

ਗੁਰੂ ਪਾਤਸ਼ਾਹ ਨਾਲ ਜੁੜੀਆਂ ਅਨੇਕਾਂ ਕਰਾਮਾਤੀ ਸਾਖੀਆਂ ਅਸੀਂ-ਤੁਸੀਂ ਪੜ੍ਹਦੇ-ਸੁਣਦੇ ਆ ਰਹੇ ਹਾਂ। ਅਜਿਹੀਆਂ ਕਰਾਮਾਤਾਂ ਗੁਰੂ ਸਾਹਿਬ ਦੇ ਜੀਵਨ-ਦਰਸ਼ਨ ਦੇ ਉਲਟ ਹਨ। ਕਰਾਮਾਤ ਨੂੰ ਤਾਂ ਗੁਰੂ ਸਾਹਿਬ 'ਕਹਿਰ' ਸਮਝਦੇ ਸਨ। ਪਰ ਸਾਖੀਕਾਰਾਂ ਨੇ ਸਾਡੇ ਮਹਾਨ ਗੁਰੂ ਨੂੰ 'ਜਾਦੂਗਰ' ਬਣਾ ਧਰਿਆ ਹੈ। ਹੋਰ ਤਾਂ ਹੋਰ ਭਾਈ ਵੀਰ ਸਿੰਘ ਵਰਗੇ ਵਿਦਵਾਨਾਂ ਨੇ ਵੀ ਗੁਰੂ ਸਾਹਿਬਾਨ ਬਾਰੇ ਲਿਖੇ 'ਚਮਤਕਾਰਾਂ' ਵਿਚ ਉਨ੍ਹਾਂ ਨੂੰ ਕਰਾਮਾਤੀ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਸੌ ਵਾਰ ਬੋਲਿਆ ਝੂਠ ਆਖਰਕਾਰ ਲੋਕ ਸੱਚ ਹੀ ਮੰਨਣ ਲੱਗ ਪੈਂਦੇ ਹਨ। ਗੁਰੂ ਸਾਹਿਬ ਨਾਲ ਜੁੜੀਆਂ ਕਰਾਮਾਤੀ ਸਾਖੀਆਂ ਏਨੀ ਵਾਰ ਦੁਹਰਾਈਆਂ ਅਤੇ ਸੁਣਾਈਆਂ ਜਾ ਚੁੱਕੀਆਂ ਨੇ ਕਿ ਇਹ ਪੰਜਾਬੀ ਜਨ-ਮਾਨਸ ਦੀ ਸੋਚ ਦਾ ਹਿੱਸਾ ਬਣ ਗਈਆਂ ਹਨ। ਹੁਣ ਇਸ ਗੱਲ ਦੀ ਜ਼ਰੂਰਤ ਹੈ ਕਿ ਇਨ੍ਹਾਂ ਸਾਖੀਆਂ ਦੀ ਨਵੀਂ ਵਿਆਖਿਆ ਕੀਤੀ ਜਾਵੇ, ਜੋ ਅੰਧ-ਵਿਸ਼ਵਾਸ ਨੂੰ ਵਧਾਉਣ ਦੀ ਥਾਂ ਮਨਾਂ ਵਿਚ ਤਰਕ ਦਾ ਬੀਜ ਬੀਜੇ। ਜੋ ਵਿਆਖਿਆ ਪੜ੍ਹਨ-ਸੁਣਨ ਵਾਲੇ ਨੂੰ ਗੁਰੂ ਦੇ ਨੇੜੇ ਲੈ ਕੇ ਜਾਣ ਵਾਲੀ ਹੋਵੇ। ਉਸ ਦੀ ਸਿੱਖਿਆ ਤੋਂ ਦੂਰ ਕਰਨ ਵਾਲੀ ਨਾ ਹੋਵੇ!

ਆਪਾਂ ਇਨ੍ਹਾਂ ਕਰਾਮਾਤੀ ਸਾਖੀਆਂ ਨੂੰ ਤਰਕ ਦੀ ਕਸਵੱਟੀ 'ਤੇ ਪਰਖਣ ਦੀ ਕੋਸ਼ਿਸ਼ ਕਰਨੀ ਹੈ, ਪਰ, ਇਸਤੋਂ ਪਹਿਲਾਂ 'ਕਰਾਮਾਤ' ਦੀ ਪਰਿਭਾਸ਼ਾ ਸਮਝ ਲੈਣੀ ਚਾਹੀਦੀ ਹੈ।



ਕਰਮ ਅਰਬੀ ਬੋਲੀ ਦਾ ਸ਼ਬਦ ਹੈ। ਇਸ ਦੇ ਅਰਥ ਹਨ: ਬਖਸ਼ਿਸ਼, ਰਹਿਮ, ਕ੍ਰਿਪਾ, ਦਯਾ ਆਦਿ ਦੀ ਕ੍ਰਿਆ। ਇਸੇ ਧਾਤੂ ਤੋਂ ਕਈ ਲਫ਼ਜ਼ ਬਣੇ ਹਨ, ਜਿਵੇਂ: ਕਰਮਾਤ/ਕਿਰਮਾਤ (ਬਖਸ਼ਿਸ਼), ਕਰਾਮਾਤ (ਕਰਮਾਤ ਦਾ ਬਹੁਵਚਨ), ਕਰੀਮ (ਬਖ਼ਸ਼ਣਹਾਰ, ਦਯਾਲੂ, ਮਿਹਰਾਂ ਦਾ ਮਾਲਿਕ ਖ਼ੁਦਾ, ਅੱਲਾਹ, ਪਰਮਾਤਮਾ ਆਦਿ)।

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਇੰਝ ਕਰਮਾਤ ਦੇ ਅਰਥ ਬਣਦੇ ਹਨ: ਉਹ ਬਖ਼ਸ਼ਿਸ਼ ਜੋ ਕਰੀਮ (ਬਖ਼ਸ਼ਣਹਾਰ) ਦੇ ਕਰਮ (ਕਰਾਮਾਤ/ਬਖਸ਼ਿਸ਼) ਸਦਕਾ ਸਾਨੂੰ ਨਸੀਬ ਹੁੰਦੀ ਹੈ। ਕਰਾਮਾਤ, ਕਾਦਰ ਦੀ ਕੁਦਰਤ (ਗ਼ੈਬੀ ਤਾਕਤ) ਦਾ ਹੀ ਕਮਾਲ ਹੈ; ਹੋਰ ਕਿਸੇ ਦੇ ਵੀ ਵੱਸ ਦੀ ਖੇਡ ਨਹੀਂ। ਅਰਬੀ ਭਾਸ਼ਾ ਵਿਚ ਕਰਾਮਾਤ ਬਹੁਵਚਨ ਹੈ-ਕਰਾਮਾਤਾਂ। ਸੰਸਕ੍ਰਿਤ ਵਿਚ ਚਮਤਕਾਰ, ਅਰਬੀ ਵਿਚ ਕਰਾਮਤ ਜਾਂ ਮੋਅਜਿਜ਼ਾ ਤੇ ਅੰਗਰੇਜ਼ੀ ਵਿਚ ਮਿਰੇਕਲ ਦਾ ਸਾਂਝਾ ਅਰਥ ਅਚੰਭਾ ਜਾਂ ਕੌਤਕ ਹੈ। ਕਿਸੇ ਅਦਿੱਖ ਸ਼ਕਤੀ ਦਾ ਵਰਤਾਇਆ ਕੌਤਕ, ਜਿਹਦਾ ਕੋਈ ਪ੍ਰਾਕ੍ਰਿਤਕ ਜਾਂ ਵਿਗਿਆਨਕ ਤਰਕ ਨਹੀਂ।

'ਗੁਰਸ਼ਬਦ ਰਤਨਾਕਰ ਮਹਾਨਕੋਸ਼' ਵਿਚ ਕਰਾਮਾਤ ਦੀ ਵਿਆਖਿਆ ਇੰਝ ਵੀ ਕੀਤੀ ਗਈ ਹੈ: ਸਿੱਧੀ, ਅਚਰਜ ਪ੍ਰਕਾਸ਼, ਕਾਵਯ ਦਾ ਉਹ ਗੁਣ ਜੋ ਸ੍ਰੋਤੇ ਤੇ ਵਕਤੇ ਦਾ ਚਿਤ ਰੌਸ਼ਨ ਕਰੇ।

ਕਰਾਮਾਤ ਦੇ ਤੁੱਲ ਕਈ ਸ਼ਬਦ ਮਿਲ ਜਾਂਦੇ ਹਨ ਜਿਵੇਂ ਸਿੱਧੀ, ਅਲੌਕਿਕ ਘਟਨਾ, ਚੋਜ, ਚਮਤਕਾਰ, ਕ੍ਰਿਸ਼ਮਾ, ਕਮਾਲ, ਮੁਅਜਜ਼ਾ ਆਦਿ। ਭਾਰਤੀ ਸੰਸਕ੍ਰਿਤੀ ਵਿਚ ਸਿੱਧੀ ਅਤੇ ਚਮਤਕਾਰ ਸ਼ਬਦ ਵਧੇਰੇ ਪ੍ਰਚੱਲਿਤ ਹਨ। ਪ੍ਰਾਚੀਨ ਗ੍ਰੰਥਾਂ ਅਨੁਸਾਰ ਸਿੱਧੀਆਂ ਅਠਾਰਾਂ ਹਨ। ਕਿਹਾ ਜਾਂਦਾ ਹੈ ਕਿ ਇਹ ਸਿੱਧੀਆਂ ਕਈ ਪ੍ਰਕਾਰ ਦੀ ਕਰੜੀ ਸਾਧਨਾ ਸਦਕਾ ਪ੍ਰਾਪਤ ਹੁੰਦੀਆਂ ਹਨ। ਸਿੱਧੀਆਂ ਦੇ ਸੁਆਮੀ ਨੂੰ ਸਿੱਧ ਕਹਿੰਦੇ ਹਨ। ਸਿੱਧਾਂ ਦੀਆਂ ਸਿੱਧੀਆਂ ਨੂੰ ਹੀ ਕਰਾਮਾਤ ਦਾ ਨਾਂ ਦਿੱਤਾ ਜਾਂਦਾ ਹੈ।

ਸਾਰੇ ਧਰਮਾਂ ਦੇ ਮਹਾਂਪੁਰਖਾਂ ਦੇ ਜੀਵਨ ਨਾਲ ਹੀ ਅਜਿਹੀਆਂ ਚਮਤਕਾਰੀ ਮਿਥਿਹਾਸਕ ਕਹਾਣੀਆਂ ਜੁੜੀਆਂ ਮਿਲਦੀਆਂ ਹਨ। ਇਨ੍ਹਾਂ ਦਾ ਮਕਸਦ 'ਆਪਣੇ ਮਹਾਂਪੁਰਖਾਂ' ਨੂੰ ਵਡਿਆਉਣਾ ਹੈ। ਜੇ 'ਹੋਰਨਾਂ ਦਾ' ਮਹਾਂਪੁਰਖ ਇਹ ਚਮਤਕਾਰ ਕਰ ਸਕਦਾ ਹੈ ਤਾਂ 'ਸਾਡਾ' ਕਿਉਂ ਨਹੀਂ ਕਰ ਸਕਦਾ! ਮੈਂ ਇੱਕ ਵਾਰ ਕਿਸੇ ਢਾਡੀ ਨੂੰ ਪੰਜਾਂ ਪਿਆਰਿਆਂ ਦੇ ਸੀਸ-ਭੇਟ ਕਰਨ ਦੀ ਸਾਖੀ ਵਿਚ ਗੁਰੂ ਸਾਹਿਬ ਵੱਲੋਂ ਪਹਿਲਾਂ ਸਿਰ ਕੱਟ ਕੇ ਮੁੜ ਜੋੜ ਦੇਣ ਨੂੰ ਠੀਕ ਸਾਬਤ ਕਰਨ ਲਈ ਉਦਾਹਰਣ ਦਿੰਦਿਆਂ ਸੁਣਿਆਂ, "ਜੇ ਭਗਵਾਨ ਸ਼ਿਵ ਆਪਣੇ ਪੁੱਤਰ ਗਣੇਸ਼ ਦਾ ਸਿਰ ਕੱਟ ਕੇ ਉਸ ਦੇ ਧੜ 'ਤੇ ਹਾਥੀ ਦਾ ਸਿਰ ਮੁੜ ਤੋਂ ਜੋੜ ਸਕਦਾ ਹੈ ਤਾਂ ਸਾਡਾ ਗੁਰੂ ਸਿੱਖਾਂ ਦੇ ਕੱਟੇ ਹੋਏ ਸੀਸ ਧੜਾਂ 'ਤੇ ਮੁੜ ਤੋਂ ਕਿਉਂ ਨਹੀਂ ਜੋੜ ਸਕਦਾ?"

ਹਜ਼ਰਤ ਈਸਾ, ਹਜ਼ਰਤ ਮੁਹੰਮਦ, ਜੋਗੀ/ਸਿੱਧ/ਨਾਥ, ਤੇ ਫਿਰ ਭਗਤੀ ਕਾਲ ਦੇ ਮਹਾਂਪੁਰਖਾਂ, ਵਿਸ਼ੇਸ਼ ਕਰਕੇ ਗੁਰੂ ਨਾਨਕ ਦੇਵ ਜੀ ਨਾਲ ਇਹ ਕਰਾਮਾਤਾਂ ਜੋੜੀਆਂ ਮਿਲਦੀਆਂ ਹਨ। ਇਨ੍ਹਾਂ ਕਰਾਮਾਤਾਂ ਦੀ ਸ਼ੁਰੂਆਤ ਮਿਥਿਹਾਸਕ ਦੇਵੀ-ਦੇਵਤਿਆਂ ਦੀਆਂ ਮਿਥਿਹਾਸਕ ਕਹਾਣੀਆਂ ਤੋਂ ਹੁੰਦੀ ਹੈ। ਇਸਦੀ ਇੱਕ ਉਦਾਹਰਣ ਵਿਸ਼ਨੂੰ ਦਾ ਸ਼ੇਸ਼ ਨਾਗ ਹੈ ਜੋ ਆਪਣੇ ਵੱਡੇ ਫ਼ੰਨ ਨਾਲ ਉਸ ਦੇ ਸਿਰ ਉੱਤੇ ਛਾਂ ਕਰਿਆ ਕਰਦਾ ਸੀ। ਸੱਪ ਵੱਲੋਂ ਮਹਾਂਪੁਰਖ ਦੇ ਸਿਰ 'ਤੇ ਛਾਂ ਕਰਨ ਦੀ ਕਰਾਮਾਤ ਨੂੰ ਮਹਾਤਮਾ ਬੁੱਧ, ਹਜ਼ਰਤ ਮੁਹੰਮਦ ਤੋਂ ਲੈ ਕੇ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਵੀ ਜੋੜਿਆ ਜਾਂਦਾ ਹੈ।

ਜਨਮ ਸਾਖੀਆਂ ਤੇ ਸਿੱਖ-ਇਤਿਹਾਸ ਨਾਲ ਜੁੜੇ 'ਸੂਰਜ ਪ੍ਰਕਾਸ਼' ਵਰਗੇ ਗ੍ਰੰਥਾਂ ਵਿਚ ਅਜਿਹੀਆਂ ਬਹੁਤ ਸਾਰੀਆਂ ਕਰਾਮਾਤਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਵੀ ਜੋੜ ਦਿੱਤੀਆਂ ਗਈਆਂ। ਸੱਪ ਗੁਰੂ ਜੀ ਦੇ ਸਿਰ 'ਤੇ ਛਾਂ ਕਰਦਾ ਹੈ, ਗੁਰੂ ਜੀ ਦੀ ਨਜ਼ਰ ਨਾਲ ਕੌਡੇ ਰਾਖਸ਼ ਦਾ ਤੇਲ ਨਾਲ ਤਪਦਾ ਕੜਾਹਿਆ ਠੰਢਾ ਹੋ ਜਾਂਦਾ ਹੈ, ਕੌੜੇ ਰੀਠੇ ਮਿੱਠੇ ਹੋ ਜਾਂਦੇ ਨੇ, ਮਲਿਕ ਭਾਗੋ ਦੀਆਂ ਪੂਰੀਆਂ ਵਿਚੋਂ ਦੁੱਧ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਚੋਣ ਲੱਗਦਾ ਹੈ, ਵਲੀ ਕੰਧਾਰੀ ਦਾ ਰੇੜ੍ਹਿਆ ਪਹਾੜ ਪੰਜੇ ਨਾਲ ਰੋਕਦਿਆਂ ਪਹਾੜ ਵਿਚ ਪੰਜਾ ਛਪ ਜਾਂਦਾ ਹੈ, ਜੇਲ੍ਹ ਵਿਚ ਬਾਬੇ ਨਾਨਕ ਦੀ ਚੱਕੀ ਆਪੇ ਚੱਲੀ ਜਾਂਦੀ ਹੈ। ਤੇ ਇੰਝ ਹੀ ਹੋਰ ਕਿੰਨਾ ਕੁੱਝ।

ਪਰ ਗੁਰਬਾਣੀ ਮੁਤਾਬਕ ਕਰਾਮਾਤ ਕੀ ਹੈ?

ਗੁਰੂ ਨਾਨਕ ਸਾਹਿਬ ਆਪ ਫ਼ੁਰਮਾਉਂਦੇ ਹਨ.

"ਸਿਧਿ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥"
ਸਿਰੀਰਾਗੁ ਮ: ੧

ਭਾਵ: ਗੁਰੂ ਨਾਨਕ ਦੇਵ ਜੀ ਪ੍ਰਭੂ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ ਕਿ ਮੈਂ ਨਹੀਂ ਚਾਹੁੰਦਾ ਕਿ ਮੈਂ ਕਰਾਮਾਤੀ ਬਣਾਂ ਤੇ ਕਰਾਮਾਤੀ ਸ਼ਕਤੀਆਂ ਦੇ ਬਲ ਰਿੱਧੀਆਂ ਨੂੰ ਵੱਸ ਵਿਚ ਕਰਕੇ ਇਨ੍ਹਾਂ ਤੋਂ ਮਿਲੇ ਪਦਾਰਥਕ ਸੁੱਖਾਂ ਤੇ ਸੁਆਦਾਂ ਵਿਚ ਗ਼ਲਤਾਨ ਹੋ ਜਾਵਾਂ। (ਅਣਿਮਾ ਸਿੱਧੀ ਸਦਕਾ) ਮੈਂ ਕਦੇ ਲੁਪਤ ਹੋਵਾਂ ਅਤੇ ਕਦੇ ਪਰਤੱਖ। (ਮੇਰੇ ਇਸ ਕੌਤਕ ਨੂੰ ਦੇਖ ਕੇ) ਲੋਕ ਮੈਥੋਂ ਭੈ-ਭੀਤ ਹੋਣ ਤੇ ਮੇਰਾ ਸਤਿਕਾਰ ਕਰਨ। ਮੈਨੂੰ ਡਰ ਹੈ ਕਿ (ਕਰਾਮਾਤੀ ਸ਼ਕਤੀਆਂ ਦੁਆਰਾ ਮਿਲੇ ਮਾਇਕ ਸੁੱਖ ਅਤੇ ਹਉਮੈ ਕਾਰਣ) ਮੈਂ ਕਿਤੇ ਤੇਰਾ ਨਾਮ ਨਾ ਵਿਸਾਰ ਦਿਆਂ! ਅਤੇ ਤੇਰੇ ਨਾਮ-ਸਿਮਰਨ ਤੋਂ ਵਾਂਝਿਆਂ ਰਹਿ ਜਾਵਾਂ!

ਤੀਜੇ ਗੁਰੂ ਨਾਨਕ ਕਰਾਮਾਤ ਬਾਰੇ ਕੁੱਝ ਇੰਝ ਫੁਰਮਾਉਂਦੇ ਹਨ:

"ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧਿ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥" ਸਲੋਕ ਮ: ੩

ਭਾਵ: ਨਾਮ-ਸਿਮਰਨ ਵਿਸਾਰ ਕੇ ਖਾਣ-ਹੰਢਾਣ ਦੀਆਂ ਸੰਸਾਰਕ ਖ਼ੁਸ਼ੀਆਂ ਨਿਰਾਰਥਕ ਹਨ; ਧਿੱਕਾਰ/ਫਿਟਕਾਰ ਹੈ ਸਿੱਧੀਆਂ ਤੇ ਕਰਾਮਾਤਾਂ ਨੂੰ (ਜਿਨ੍ਹਾਂ ਤੋਂ ਵਿਕਾਰੀ ਖ਼ੁਸ਼ੀਆਂ ਮਿਲਦੀਆਂ ਹਨ)। ਉਹੀ ਸੱਚੀ ਸਿੱਧੀ ਹੈ, ਉਹੀ ਕਮਾਲ ਕਰਾਮਾਤ ਹੈ ਜਿਹੜੀ ਬੇਪ੍ਰਵਾਹ ਕਾਦਿਰ ਵੱਲੋਂ ਕੁਦਰਤਨ ਬਖ਼ਸ਼ੀ ਜਾਂਦੀ ਹੈ। ਹੇ ਨਾਨਕ! ਗੁਰੂ ਦੀ ਸਿਖਿਆ ਸਦਕਾ ਹਰਿ-ਨਾਮ-ਸਿਮਰਨ ਮਨ ਵਿਚ ਵੱਸ ਜਾਂਦਾ ਹੈ; ਇਹੋ ਸੱਚੀ ਸਿੱਧੀ ਅਤੇ ਇਹੋ ਕਰਾਮਾਤ ਹੈ।

ਇਹ ਦੋ ਉਦਾਹਰਣਾਂ ਚੱਲਦੇ-ਚੱਲਦੇ ਆਪਣੀ ਗੱਲ ਨੂੰ ਪੁਸ਼ਟ ਕਰਨ ਲਈ ਦਿੱਤੀਆਂ ਹਨ, ਉਂਝ ਗੁਰਬਾਣੀ ਵਿਚ ਦਰਜਨਾਂ ਅਜਿਹੀਆਂ ਉਦਾਹਰਣਾਂ ਹਨ, ਜਿਹੜੀਆਂ ਕਰਾਮਾਤਾਂ ਦਾ ਖੰਡਨ ਕਰਦੀਆਂ ਹਨ। ਸੋਚਣ ਵਾਲੀ ਗੱਲ ਹੈ ਜਿਹੜਾ ਗੁਰੂ ਆਪ ਕਰਾਮਾਤਾਂ ਦੇ ਵਿਰੁੱਧ ਹੋਵੇ, ਉਨ੍ਹਾਂ ਨੂੰ ਫਿਟਕਾਰਦਾ ਹੋਵੇ, ਉਹ ਕਰਾਮਾਤਾਂ ਕਿਉਂ ਕਰੇਗਾ? ਮਨ, ਵਚਨ ਤੇ ਕਰਮ ਦਾ ਸੁਮੇਲ ਹੀ ਮਹਾਂਪੁਰਖਾਂ ਦਾ ਗੁਣ ਤੇ ਪਛਾਣ ਹੁੰਦਾ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਸਾਹਿਬ ਕਹਿਣ ਤਾਂ ਕੁੱਝ ਹੋਰ ਪਰ ਕਰਨ ਕੁੱਝ ਹੋਰ?

ਗੁਰੂ ਸਾਹਿਬ ਨਾਲ ਜੁੜੀਆਂ ਕਰਾਮਾਤਾਂ ਦੇ ਸੰਬੰਧ ਵਿਚ ਇੱਕ ਹੋਰ ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ ਤਾਂ ਗੁਰੂ ਪਾਤਸ਼ਾਹ ਦੇ ਸਮਕਾਲੀ ਸਨ, ਉਨ੍ਹਾਂ ਨੇ ਗੁਰੂ ਜੀ ਵੱਲੋਂ ਵਰਤਾਈ ਕਿਸੇ ਕਰਾਮਾਤ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਇੰਝ ਹੀ ਗੁਰੂ ਰਾਮਦਾਸ, ਗੁਰੂ ਅਰਜਨ ਸਾਹਿਬ ਤੇ ਭਾਈ ਗੁਰਦਾਸ ਦੀ ਬਾਣੀ ਵਿਚ ਗੁਰੂ ਸਾਹਿਬ ਦੇ ਹਵਾਲੇ ਨਾਲ ਕਿਸੇ ਵੀ ਕਰਮਾਤ ਦਾ ਜ਼ਿਕਰ ਕੀਤਾ ਨਹੀਂ ਮਿਲਦਾ, ਜਦ ਕਿ, ਉਨ੍ਹਾਂ ਸਭਨਾਂ ਮਹਾਂਪੁਰਖਾਂ ਨੇ ਆਪਣੀ ਬਾਣੀ ਵਿਚ ਹਜ਼ਾਰਾਂ ਸਾਲ ਪੁਰਾਣੀਆਂ ਮਿੱਥ ਕਥਾਵਾਂ ਵਿਚ ਵਰਤੀਆਂ ਕਰਾਮਾਤਾਂ ਦਾ ਹਵਾਲਾ ਦਿੱਤਾ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਜਿਹੜੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਨੂੰ ਏਨਾ ਨੇੜੇ ਤੋਂ ਜਾਣਦੇ ਸਨ, ਉਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ ਕੀਤੀਆਂ ਕਰਾਮਾਤਾਂ ਦਾ ਗਿਆਨ ਨਾ ਹੋਵੇ? ਸੱਚੀ ਗੱਲ ਤਾਂ ਇਹ ਹੈ ਕਿ "ਰਿਧਿ ਸਿਧਿ ਅਵਰਾ ਸਾਦਿ॥" ਦਾ ਸੰਦੇਸ਼ ਦੇਣ ਵਾਲੇ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਦਾ ਸੰਬੰਧ ਕਰਾਮਾਤਾਂ ਨਾਲ ਹੋ ਹੀ ਨਹੀਂ ਸਕਦਾ। ਅਸਲ ਵਿਚ ਕਰਾਮਾਤਾਂ ਕਿਸੇ ਮਹਾਂਪੁਰਖ ਦੇ ਜੀਵਨ-ਕਾਲ ਤੋਂ ਬਾਅਦ ਹੀ ਉਸ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਰਹੀਆਂ ਨੇ। ਗੁਰੂ ਨਾਨਕ ਸਾਹਿਬ ਨਾਲ ਜੁੜੀਆਂ ਕਰਾਮਾਤਾਂ ਵੀ ਉਨ੍ਹਾਂ ਦੇ ਜੀਵਨ-ਕਾਲ ਤੋਂ ਬਹੁਤ ਸਾਲ ਬਾਅਦ, ਖ਼ਾਸ ਮਕਸਦ ਨੂੰ ਮੁੱਖ ਰੱਖ ਕੇ, ਸਿੱਖ-ਗ੍ਰੰਥਾਂ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਚਾਹੀਦਾ ਤਾਂ ਇਹ ਸੀ ਕਿ ਬਾਅਦ ਵਿਚ ਗੁਰ-ਇਤਿਹਾਸ ਲਿਖਣ ਵਾਲੇ ਲਿਖਾਰੀ ਇਸ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਲਿਖਦੇ। ਗੁਰਮਤਿ ਅਤੇ ਇਤਿਹਾਸਕ ਬਿਰਤਾਂਤ ਵਿਚ ਵਿਚਾਰਾਂ ਦਾ ਦੋ-ਫਾੜ ਨਾ ਹੁੰਦਾ। ਇੰਝ ਇਤਿਹਾਸ ਵਿਚ ਵੀ ਗੁਰੂਆਂ ਦਾ ਬਿਰਤਾਂਤ ਜਿਉਂਦਾ ਤੇ ਉੱਜਲ ਰਹਿੰਦਾ। ਪਰ ਇਨ੍ਹਾਂ ਤਥਾ-ਕਥਿਤ ਇਤਿਹਾਸਕਾਰਾਂ ਜਾਂ ਸਾਖੀਕਾਰਾਂ ਨੇ ਆਪਣੀ ਮਰਜ਼ੀ ਨਾਲ ਗੁਰਮਤਿ ਤੋਂ ਦੂਰ ਜਾ ਕੇ ਅਜਿਹਾ ਬਿਰਤਾਂਤ ਸਿਰਜਿਆ, ਜਿਸ ਦਾ ਗੁਰੂ ਸਾਹਿਬ ਵੱਲੋਂ ਪਰਚਾਰੀ ਸਿੱਖਿਆ ਨਾਲ ਦੂਰ ਦਾ ਵੀ ਵਾਸਤਾ ਨਹੀਂ। ਵਾਸਤਾ ਤਾਂ ਕੀ ਹੋਣਾ ਹੈ, ਸਗੋਂ, ਇਹ ਬਿਰਤਾਂਤ ਤਾਂ ਗੁਰ-ਸਿੱਖਿਆ ਦੇ ਮੂਲੋਂ ਹੀ ਪ੍ਰਤੀਕੂਲ ਹੈ ਅਤੇ ਉਸ ਸਿੱਖਿਆ ਨੂੰ ਦੂਸ਼ਿਤ ਕਰਨ ਵਾਲਾ ਹੈ।

ਅੱਜ ਇਨ੍ਹਾਂ ਕਰਾਮਾਤੀ ਸਾਖੀਆਂ ਦੀ ਮੰਨਣ-ਯੋਗ ਨਵੀਂ ਵਿਆਖਿਆ ਕਰਨ ਦੀ ਜ਼ਰੂਰਤ ਹੈ। 'ਨਵੀਂ ਵਿਆਖਿਆ' ਦੇ ਹਵਾਲੇ ਨਾਲ ਇੱਕ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ:



ਇੱਕ ਵਾਰ ਪੰਜਾਬੀ ਦੇ ਨਾਮਵਰ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਹੁਰਾਂ ਨਾਲ ਅਜਿਹੀਆਂ ਮਨ-ਘੜਤ ਸਾਖੀਆਂ ਬਾਰੇ ਗੱਲ ਚੱਲ ਰਹੀ ਸੀ ਤਾਂ ਉਨ੍ਹਾਂ ਨੇ ਬੜੀ ਖ਼ੂਬਸੂਰਤ ਦਲੀਲ ਦਿੱਤੀ। ਅਸੀਂ ਸਾਰੇ ਇੱਕ ਸਾਖੀ ਬਾਰੇ ਭਲੀ-ਭਾਂਤ ਜਾਣਦੇ ਹਾਂ। ਜਦ ਗੁਰੂ ਨਾਨਕ ਸਾਹਿਬ ਨੇ ਹਿੰਦੁਸਤਾਨ ਉੱਤੇ ਬਾਬਰ ਦੇ ਹਮਲੇ ਨੂੰ ਲੈ ਕੇ ਬਾਬਰਵਾਣੀ ਲਿਖੀ ਤੇ ਉਚਾਰੀ ਸੀ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਬਾਕੀ ਕੈਦੀਆਂ ਨਾਲ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ। ਜੇਲ੍ਹ ਵਿਚ ਸਜ਼ਾ ਵਜੋਂ ਕੈਦੀਆਂ ਨੂੰ ਚੱਕੀਆਂ ਉੱਤੇ ਨਿਸ਼ਚਿਤ ਮਾਤਰਾ ਵਿਚ ਆਟਾ ਪੀਹਣਾ ਪੈਂਦਾ ਸੀ। ਸਾਖੀਕਾਰ ਆਖਦਾ ਹੈ ਕਿ ਜਦ ਜੇਲ੍ਹ ਵਿਚ ਬਾਕੀ ਕੈਦੀ ਆਪਣੀ ਚੱਕੀ 'ਤੇ ਆਟਾ ਪੀਹ ਰਹੇ ਹੁੰਦੇ ਸਨ ਤਾਂ ਉਸ ਵਕਤ ਗੁਰੂ ਸਾਹਿਬ ਦੀ ਚੱਕੀ, ਬਿਨਾਂ ਉਹਦੀ ਹੱਥੀ ਨੂੰ ਛੂਹਿਆਂ, ਆਪਣੇ ਆਪ ਚੱਲੀ ਜਾਂਦੀ ਤੇ ਆਟਾ ਪੀਸੀ ਜਾਂਦੀ ਸੀ। ਸਾਡੇ ਸਾਖੀਕਾਰ ਬੜਾ ਹੁੱਬ ਕੇ ਪ੍ਰਚਾਰਦੇ ਹਨ ਕਿ ਗੁਰੂ ਦੀਆਂ ਚੱਕੀਆਂ ਆਪੇ ਚੱਲਦੀਆਂ ਸਨ। ਪ੍ਰਿੰਸੀਪਲ ਸੁਜਾਨ ਸਿੰਘ ਨੇ ਕਿਹਾ ਕਿ ਇਸ ਸਾਖੀ ਦੀ ਇਹ ਮੰਨਣ-ਯੋਗ ਵਿਆਖਿਆ ਵੀ ਤਾਂ ਕੀਤੀ ਜਾ ਸਕਦੀ ਹੈ। ਉਨ੍ਹਾਂ ਦੀ ਵਿਆਖਿਆ ਕੁੱਝ ਇਸ ਪ੍ਰਕਾਰ ਸੀ:

ਗੁਰੂ ਨਾਨਕ ਸਾਹਿਬ ਨੇ ਜਿਵੇਂ ਬਾਬਰ ਦੇ ਜ਼ੁਲਮਾਂ ਦਾ ਬਿਆਨ ਕੀਤਾ ਅਤੇ ਗਾਇਆ, ਉਹ ਬਿਰਤਾਂਤ ਸ਼ਹਿਰ ਦੇ ਬੱਚੇ-ਬੱਚੇ ਦੀ ਜ਼ਬਾਨ 'ਤੇ ਆਣ ਪਹੁੰਚਾ ਸੀ। ਲੋਕਾਈ ਬਾਬਰ ਦੇ ਜ਼ੁਲਮਾਂ ਦੀ ਸਤਾਈ ਹੋਈ ਸੀ, ਪਰ ਕਿਸੇ ਵਿਚ ਜੁਰਅਤ ਨਹੀਂ ਸੀ ਕਿ ਇਨ੍ਹਾਂ ਜ਼ੁਲਮਾਂ ਦੇ ਖ਼ਿਲਾਫ਼ ਬੋਲਣਾ ਤਾਂ ਕੀ ਉੱਚੀ ਸਾਹ ਵੀ ਲੈ ਜਾਵੇ। ਉਨ੍ਹਾਂ ਦਾ ਅੰਦਰਲਾ ਤਾਂ ਰੰਜ, ਰੋਹ ਅਤੇ ਵਿਦਰੋਹ ਵਿਚ ਉੱਬਲ ਰਿਹਾ ਸੀ, ਪਰ ਉਨ੍ਹਾਂ ਦੇ ਬੁੱਲ੍ਹ ਸੀਤੇ ਹੋਏ ਸਨ। ਜਦ ਗੁਰੂ ਸਾਹਿਬ ਨੇ ਉੱਚੀ ਆਵਾਜ਼ ਵਿਚ ਬਾਬਰਵਾਣੀ ਦਾ ਗਾਇਨ ਕਰ ਕੇ ਬਾਬਰ ਦੇ ਜ਼ੁਲਮਾਂ ਦਾ, ਬੇਖ਼ੌਫ਼ ਹੋ ਕੇ, ਪਾਜ ਉਘਾੜਿਆ ਤਾਂ ਲੋਕਾਂ ਨੂੰ ਲੱਗਾ ਕਿ ਗੁਰੂ ਦੇ ਸ਼ਬਦਾਂ ਵਿਚ ਇਹ ਤਾਂ ਉਨ੍ਹਾਂ ਦੇ ਆਪਣੇ ਦਿਲ ਦੀ ਉਹ ਅੱਗ ਹੀ ਬਾਹਰ ਨਿਕਲੀ ਹੈ, ਜੋ ਉਹ ਦਿਲਾਂ ਵਿਚ ਦੱਬ ਕੇ ਬੈਠੇ ਹੋਏ ਸਨ ਤੇ ਅੰਦਰੇ-ਅੰਦਰ ਮੱਚੀ ਜਾਂਦੇ ਸਨ। ਜਿਉਂ-ਜਿਉਂ ਉਹ ਬਾਬੇ ਦੇ ਬੋਲ ਸੁਣਦੇ ਜਾਂਦੇ, ਉਨ੍ਹਾਂ ਅੰਦਰ ਮੱਚਦੀ ਅੱਗ ਉੱਤੇ ਪਾਣੀ ਦੇ ਛਿੱਟੇ ਵੱਜਦੇ ਜਾਂਦੇ। ਉਨ੍ਹਾਂ ਦੇ ਮਨਾਂ ਵਿਚ ਬਾਬਰ ਦੇ ਵਿਰੁੱਧ ਰੋਹ ਹੋਰ ਵੀ ਭੜਕਣ ਲੱਗਾ, ਉਨ੍ਹਾਂ ਵਿਚ ਜ਼ੁਲਮ ਵਿਰੁੱਧ ਚੇਤਨਾ ਵੀ ਜਾਗੀ, ਪਰ, ਨਾਲ ਦੇ ਨਾਲ ਉਨ੍ਹਾਂ ਦੇ ਮਨ ਨੂੰ ਠੰਢ ਵੀ ਪੈਂਦੀ ਜਾਂਦੀ। ਰੂਹ ਸ਼ਾਂਤ ਹੁੰਦੀ ਜਾਂਦੀ। ਕੋਈ ਤਾਂ ਹੈ ਸੀ ਅਜਿਹਾ ਮਰਦ ਅਗੰਮੜਾ, ਜੋ, ਉਨ੍ਹਾਂ ਦੇ ਦਿਲ ਦੀ ਦਾਸਤਾਨ ਜਾਣਦਾ ਸੀ ਤੇ ਜਾਬਰ ਨੂੰ ਸਿੱਧਾ ਮੁਖ਼ਾਤਬ ਹੋਣ ਦੀ ਹਿੰਮਤ ਰੱਖਦਾ ਸੀ। ਗੁਰੂ ਸਾਹਿਬ ਬੇਜ਼ੁਬਾਨਿਆਂ ਦੀ ਜ਼ਬਾਨ ਬਣ ਕੇ ਬਹੁੜੇ ਸਨ। ਉਨ੍ਹਾਂ ਨੂੰ ਲੱਗਣ ਲੱਗਾ, "ਇਹੋ ਹੀ ਤਾਂ ਹੈ ਬਾਬਾ, ਵੈਦ ਰੋਗੀਆਂ ਦਾ!" ਸਾਡੇ ਦੁੱਖਾਂ ਦਾ ਦਰਦੀ। ਸਾਡੀ ਦੇਹ-ਜਾਨ। ਜਦ ਗੁਰੂ ਸਾਹਿਬ ਨੂੰ ਵੀ ਉਨ੍ਹਾਂ ਨਾਲ ਫੜ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਤਾਂ ਉਹ ਗੁਰੂ ਸਾਹਿਬ ਨੂੰ ਆਪਣੇ ਨਜ਼ਦੀਕ ਵੇਖ ਕੇ ਧੰਨ ਹੋ ਗਏ। ਉਨ੍ਹਾਂ ਨੂੰ ਹੌਂਸਲਾ ਹੋਇਆ ਕਿ ਉਨ੍ਹਾਂ ਦੇ ਦਿਲਾਂ ਦੀਆਂ ਜਾਣਨ ਵਾਲਾ, ਉਨ੍ਹਾਂ ਲਈ ਬੋਲਣ ਅਤੇ ਲੜਨ ਵਾਲਾ ਉਨ੍ਹਾਂ ਨਾਲ ਕੈਦ ਹੋ ਕੇ ਉਨ੍ਹਾਂ ਵਾਂਗ ਹੀ ਚੱਕੀਆਂ ਚਲਾਉਣ ਦੀ ਸਜ਼ਾ ਭੁਗਤ ਰਿਹਾ ਹੈ ਤਾਂ ਗੁਰੂ ਸਾਹਿਬ ਨੂੰ ਚੱਕੀ ਚਲਾਉਂਦਿਆਂ ਵੇਖ ਕੇ ਉਹ ਹੱਥ ਬੰਨ੍ਹ ਕੇ ਉਨ੍ਹਾਂ ਅੱਗੇ ਖਲੋ ਗਏ ਹੋਣਗੇ, "ਸੱਚੇ ਪਾਤਸ਼ਾਹ! ਜਦ ਅਸੀਂ, ਤੁਹਾਡੇ ਸੇਵਕ, ਤੁਹਾਡੀ ਚੱਕੀ ਪੀਹਣ ਲਈ ਤਿਆਰ ਹਾਂ, ਤਾਂ ਤੁਸੀਂ ਚੱਕੀ ਕਿਉਂ ਪੀਸੋਗੇ? ਤੁਸੀਂ ਆਸਣ 'ਤੇ ਬੈਠੋ ਤੇ ਸਾਨੂੰ ਆਪਣੀ ਬਾਣੀ ਨਾਲ ਨਵਾਜ਼ੋ। ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰੋ। ਅਸੀਂ ਤੁਹਾਨੂੰ ਚੱਕੀ ਤਾਂ ਕਤਈ ਨਹੀਂ ਚਲਾਉਣ ਦੇਣੀ।" ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪਿਆਰ ਨਾਲ ਵਰਜਿਆ ਵੀ ਹੋਵੇਗਾ। ਚੱਕੀ ਆਪੇ ਹੀ ਪੀਹਣ ਲਈ ਕਿਹਾ ਵੀ ਹੋਵੇਗਾ। ਪਰ ਉਹ ਕਦ ਮੰਨਣ ਵਾਲੇ ਸਨ! ਉਨ੍ਹਾਂ ਦਾ ਗੁਰੂ, ਉਨ੍ਹਾਂ ਦਾ ਰਹਿਬਰ, ਉਨ੍ਹਾਂ ਦੇ ਹਾਜ਼ਰ ਹੁੰਦੇ-ਸੁੰਦੇ ਆਪ ਚੱਕੀ ਪੀਸੇ? ਹਰਗਿਜ਼ ਨਹੀਂ! ਤੇ ਇੰਝ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਪ੍ਰੇਮ ਅੱਗੇ ਝੁਕਣਾ ਪਿਆ ਹੋਵੇਗਾ। ਉਹ ਉਨ੍ਹਾਂ ਨੂੰ ਸ਼ਬਦ ਸੁਣਾਉਂਦੇ ਹੋਣਗੇ, ਬਾਣੀ ਗਾਉਂਦੇ ਹੋਣਗੇ ਤੇ ਉਨ੍ਹਾਂ ਦੀ ਚੱਕੀ ਉਨ੍ਹਾਂ ਦਾ ਕੋਈ ਹੋਰ ਸੰਗੀ-ਸਾਥੀ ਕੈਦੀ ਚਲਾ ਰਿਹਾ ਹੋਵੇਗਾ। ਇੰਝ ਗੁਰੂ ਸਾਹਿਬ ਦੀ ਚੱਕੀ 'ਆਪਣੇ ਆਪ' ਚੱਲਦੀ ਜਾਂਦੀ ਸੀ।

ਸੋ ਕਰਾਮਾਤੀ ਸਾਖੀਆਂ ਦੀ ਅਜਿਹੀ ਹੀ ਤਰਕ-ਸੰਗਤ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। ਗੁਰੂ ਸਾਹਿਬ ਦੇ ਆਪਣੇ ਜੀਵਨ ਵਿਚੋਂ ਦੋ ਬੜੀਆਂ ਮਹੱਤਵਪੂਰਨ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਨੇ। ਜਦੋਂ ਗੁਰੂ ਜੀ ਹਰਿਦਵਾਰ ਗਏ ਤਾਂ ਵੇਖਿਆ ਕਿ ਲੋਕ ਗੰਗਾ ਵਿਚ ਇਸ਼ਨਾਨ ਕਰਨ ਤੋਂ ਬਾਅਦ ਸੂਰਜ ਨੂੰ ਪਾਣੀ ਦੇ ਰਹੇ ਹਨ। ਸਤਿਗੁਰੂ ਜੀ ਵੀ ਗੰਗਾ ਵਿਚ ਖਲੋ ਗਏ ਅਤੇ ਚੜ੍ਹਦੇ ਦੀ ਥਾਂ ਲਹਿੰਦੇ ਵਲ ਪਾਣੀ ਝਲੱਟਣ ਲੱਗ ਪਏ। ਇਹ ਵੇਖ ਕੇ ਲੋਕੀਂ ਇਕੱਠੇ ਹੋ ਗਏ ਅਤੇ ਪੁੱਛਣ ਲੱਗੇ, "ਤੁਸੀਂ ਇਹ ਕੀ ਉਲਟੀ ਰੀਤ ਕਰ ਰਹੇ ਹੋ?" ਗੁਰੂ ਸਾਹਿਬ ਜੀ ਨੇ ਉੱਤਰ ਦੇਣ ਦੀ ਥਾਂ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਦੱਸਣ ਦੀ ਖੇਚਲ ਕਰੋ ਕਿ ਤੁਸੀਂ ਕੀ ਕਰ ਰਹੇ ਹੋ?" ਲੋਕਾਂ ਜਵਾਬ ਦਿੱਤਾ, "ਅਸੀਂ ਸੂਰਜ ਦੇਵਤੇ ਦੇ ਰਾਹੀਂ ਆਪਣੇ ਪਿਤਰਾਂ ਨੂੰ ਜਲ ਪਹੁੰਚਾ ਰਹੇ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਪਹਿਲਾਂ ਵਾਂਗ ਮੁੜ ਲਹਿੰਦੇ ਵੱਲ ਪਾਣੀ ਝਲੱਟਣ ਲੱਗ ਪਏ ਅਤੇ ਆਖਿਆ, "ਮੈਂ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।" ਅਗਲੇ ਹੱਸ ਕੇ ਕਹਿੰਦੇ ਹਨ, "ਏਨੀ ਦੂਰ ਤੇਰੇ ਖੇਤਾਂ ਵਿਚ ਪਾਣੀ ਕਿਵੇਂ ਪਹੁੰਚ ਸਕਦਾ ਏ!" ਤਾਂ ਉਹ ਜਵਾਬ ਦਿੰਦੇ ਹਨ, "ਜੇ ਤੁਹਾਡਾ ਪਾਣੀ ਹਜ਼ਾਰਾਂ ਮੀਲ ਦੂਰ ਸੂਰਜ ਤੱਕ ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਕੁੱਝ ਸੈਂਕੜੇ ਮੀਲ ਮੇਰੇ ਖੇਤਾਂ ਤੱਕ ਕਿਉਂ ਨਹੀਂ ਪਹੁੰਚ ਸਕਦਾ?" ਇਹ ਤਰਕ-ਸੰਗਤ ਜਵਾਬ ਸੁਣ ਕੇ ਅਗਲੇ ਲਾਜਵਾਬ ਹੋ ਜਾਂਦੇ ਹਨ।

ਉਨ੍ਹਾਂ ਕੋਈ ਕਰਾਮਾਤ ਨਹੀਂ ਕੀਤੀ। ਕੇਵਲ ਦ੍ਰਿਸ਼ਟਾਂਤ ਦੇ ਕੇ ਅਗਲਿਆਂ ਦੇ ਮਨਾਂ ਵਿਚ ਵਿਚਾਰ ਰੌਸ਼ਨ ਕਰ ਦਿੱਤਾ। ਵਹਿਮ-ਭਰਮ ਵੀ ਦੂਰ ਕਰ ਦਿੱਤਾ, ਗੱਲ ਵੀ ਸਮਝਾ ਦਿੱਤੀ।

ਇੰਝ ਹੀ ਮੱਕਾ ਫੇਰਨ ਵਾਲੀ ਸਾਖੀ ਬਾਰੇ ਕਿਹਾ ਜਾ ਸਕਦਾ ਹੈ।

ਸਾਖੀਕਾਰ ਕਹਿੰਦੇ ਨੇ ਕਿ ਜਦ ਗੁਰੂ ਸਾਹਿਬ ਨੂੰ ਪੁੱਛਿਆ ਗਿਆ ਕਿ ਉਹ ਮੱਕੇ ਵੱਲ ਲੱਤਾਂ ਪਸਾਰ ਨੇ ਕਿਉਂ ਸੁੱਤੇ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਜਿਧਰ ਮੱਕਾ ਨਹੀਂ, ਤੁਸੀਂ ਮੇਰੀਆਂ ਲੱਤਾਂ ਉੱਧਰ ਕਰ ਦਿਉ। ਜਦ ਉਨ੍ਹਾਂ ਦੀਆਂ ਲੱਤਾਂ ਨੂੰ ਦੂਜੀ ਦਿਸ਼ਾ ਵੱਲ ਘੁਮਾਇਆ ਗਿਆ ਤਾਂ ਨਾਲ ਦੇ ਨਾਲ ਮੱਕਾ ਵੀ ਉਸ ਪਾਸੇ ਵੱਲ ਫਿਰਨ ਲੱਗਾ। ਪਰ ਇਹਦੀ ਅਸਲ ਤੇ ਠੋਕੀ ਵਿਆਖਿਆ ਇਹ ਬਣਦੀ ਹੈ ਕਿ ਜਦ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਰੱਬ ਦੇ ਘਰ ਵੱਲ ਲੱਤਾਂ ਕਰ ਕੇ ਕਿਉਂ ਸੁੱਤੇ ਹਨ ਤਾਂ ਉਨ੍ਹਾਂ ਕਿਹਾ ਹੋਵੇਗਾ, "ਭਾਈ! ਜਿਧਰ ਰੱਬ ਦਾ ਘਰ ਨਹੀਂ, ਤੂੰ ਮੇਰੀਆਂ ਲੱਤਾਂ ਉੱਧਰ ਕਰ ਦੇ।" ਤਾਂ ਅਗਲਾ ਸੋਚੀਂ ਪੈ ਗਿਆ ਹੋਵੇਗਾ। ਉਹਨੂੰ ਖ਼ਿਆਲ ਆਇਆ ਹੋਵੇਗਾ ਕਿ ਕੀ ਰੱਬ ਕੇਵਲ ਇੱਕ ਪਾਸੇ ਹੀ ਹੈ। ਕੀ ਦੂਜਾ ਪਾਸਾ ਰੱਬ ਤੋਂ ਖ਼ਾਲੀ ਹੈ? ਨਹੀਂ, ਰੱਬ ਤਾਂ ਹਰ ਪਾਸੇ ਹੈ, ਹਰ ਦਿਸ਼ਾ ਵਿਚ ਹੈ। ਸਰਬ-ਵਿਆਪਕ ਹੈ। ਹੁਣ ਮੈਂ ਇਹਦੀਆਂ ਲੱਤਾਂ ਕਿਧਰ ਮੋੜਾਂ? ਗੱਲ ਉਹਦੇ ਖ਼ਾਨੇ ਵਿਚ ਪੈ ਗਈ ਹੋਵੇਗੀ। ਉਹਦਾ ਅੰਦਰ ਰੌਸ਼ਨ ਹੋ ਗਿਆ ਹੋਵੇਗਾ। ਉਹ ਢਹਿ ਕੇ ਚਰਨੀਂ ਪੈ ਗਿਆ ਹੋਵੇਗਾ। ਮੱਕਾ ਫੇਰਨ ਵਾਲੀ ਕਰਾਮਾਤੀ ਸਾਖੀ ਨਾਲੋਂ ਗੁਰੂ ਸਾਹਿਬ ਦਾ ਇਹ ਤਰਕ-ਸੰਗਤ ਰਵੱਈਆ ਉਨ੍ਹਾਂ ਦੀ ਵਿਚਾਰਧਾਰਾ ਦੇ ਨਜ਼ਦੀਕ ਹੈ।

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਉਂਝ ਏਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਡਾ ਭਾਈ ਵੀਰ ਸਿੰਘ ਵਰਗਾ ਵਿਦਵਾਨ ਆਪਣੀ ਲਿਖਤ 'ਕਾਅਬੇ ਦੇ ਚਰਨਾਂ ਮਗਰ ਫਿਰਨ ਬਾਬਤ' ਵਿਚ ਗੁਰੂ ਨਾਨਕ ਸਾਹਿਬ ਵੱਲੋਂ ਕਾਅਬੇ ਦੇ ਫੇਰਨ ਵਾਲੀ ਕਥਾ ਨੂੰ ਸੱਚ ਨਾ ਮੰਨਣ ਵਾਲੇ ਮੁਸਲਮਾਨਾਂ ਅਤੇ ਸਾਡੇ ਵਰਗੇ ਹੋਰਨਾਂ ਨੂੰ ਇਸਲਾਮੀ ਮਿਥ ਦੇ ਹਵਾਲੇ ਦੇ ਕੇ 'ਕਾਅਬੇ ਦੇ ਅਨੇਕਾਂ ਵਾਰ ਫਿਰਨ' ਨੂੰ 'ਸੱਚ ਸਾਬਤ' ਕਰਦਾ ਨਜ਼ਰ ਆਉਂਦਾ ਹੈ।

ਇੰਝ ਹੀ ਮੋਦੀਖ਼ਾਨੇ ਵਾਲੀ 'ਤੇਰਾ! ਤੇਰਾ!' ਦੀ ਸਾਖੀ ਨੂੰ ਵੇਖਿਆ ਜਾ ਸਕਦਾ ਹੈ। ਸਾਖੀ ਮੁਤਾਬਕ ਗੁਰੂ ਜੀ ਜਦ ਗਾਹਕ ਨੂੰ ਅਨਾਜ ਦੇਣ ਲੱਗਦੇ ਤਾਂ 'ਬਰਕਤ, ਦੋਆ, ਤੀਆ' ਕਰਦਿਆਂ-ਕਰਦਿਆਂ ਜਦੋਂ ਗਿਣਤੀ ਤੇਰਵੀਂ ਧਾਰਨ ਤੱਕ ਪਹੁੰਚਦੀ ਤਾਂ ਉਹ 'ਤੇਰਾ! ਤੇਰਾ!' ਕਰਦੇ ਅਨਾਜ ਅਗਲੇ ਦੀ ਝੋਲੀ ਵਿਚ ਉਲੱਦੀ ਜਾਂਦੇ। ਅੱਗੋਂ ਗਿਣਤੀ ਹੀ ਨਾ ਕਰਦੇ। ਇਹ ਵੇਖ ਕੇ ਦੁਸ਼ਮਣਾਂ ਨੇ ਨਵਾਬ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਨੇ ਤਾਂ 'ਤੇਰਾ!ਤੇਰਾ!' ਕਰ ਕੇ ਸਾਰਾ ਮੋਦੀਖ਼ਾਨਾ ਹੀ ਲੁਟਾ ਛੱਡਿਆ ਏ। ਪਰ ਜਦ ਸ਼ਿਕਾਇਤ ਦੀ ਜਾਂਚ-ਪਰਖ਼ ਕੀਤੀ ਗਈ ਤਾਂ ਪਾਇਆ ਗਿਆ ਕਿ ਮੋਦੀਖ਼ਾਨੇ ਵਿਚੋਂ ਅਨਾਜ ਘਟਣ ਦੀ ਥਾਂ, ਸਗੋਂ, ਬਣਦੀ ਨਾਲੋਂ ਵਧੀਕ ਮਾਤਰਾ ਵਿਚ ਮਿਲਿਆ ਹੈ। ਇਸ ਬਿਰਤਾਂਤ ਨੂੰ ਸਾਖੀਕਾਰਾਂ ਨੇ ਗੁਰੂ ਜੀ ਦੇ ਕਰਾਮਾਤੀ ਆਪੇ ਨਾਲ ਜੋੜ ਧਰਿਆ।

ਹੁਣ ਆਉ! ਇਸ ਘਟਨਾ ਦੀ ਤਰਕ-ਸੰਗਤ ਵਿਆਖਿਆ ਕਰਦੇ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰ ਵੱਲੋਂ ਆਮ ਜਨਤਾ ਨੂੰ ਦਿੱਤੀ ਜਾਣ ਵਾਲੀ ਸਹੂਲਤ ਜਾਂ ਰਾਸ਼ੀ ਉਪਰੋਂ ਹੇਠਾਂ ਨੂੰ ਜਾਂਦਿਆਂ ਦਰਜੇਬੰਦੀ ਦੇ ਹਿਸਾਬ ਨਾਲ ਅਧਿਕਾਰਿਆਂ ਤੇ ਮੁਲਾਜ਼ਮਾਂ ਵਿਚ 'ਹਿੱਸਾ-ਪੱਤੀ' ਬਣ ਕੇ ਵੰਡਦਿਆਂ-ਵੰਡਦਿਆਂ ਘਟਦੀ ਜਾਂਦੀ ਹੈ। ਇਸ ਪ੍ਰਸੰਗ ਵਿਚ ਇੱਕ ਲੋਕ ਕਥਾ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਕਿਹਾ ਜਾਦਾ ਹੈ ਕਿ ਕਿਸੇ ਸ਼ਹਿਰ ਵਿਚ ਕਾਲ਼ ਪੈਣ ਕਾਰਨ ਰਾਜੇ ਨੇ ਪ੍ਰਤੀ ਵਿਅਕਤੀ ਸੌ ਰੁਪਏ ਦੀ ਸਹਾਇਤਾ ਰਾਸ਼ੀ ਪਹੁੰਚਾਏ ਜਾਣ ਦਾ ਨਿਰਣਾ ਲਿਆ। ਪਰ ਹੋਇਆ ਇੰਝ ਕਿ ਵੱਡੇ ਵਜ਼ੀਰ ਨੇ ਇਸ ਵਿਚੋਂ ਅੱਧੀ ਰਾਸ਼ੀ ਆਪ ਵੱਢ ਲਈ ਤੇ ਬਾਕੀ ਹੇਠਲੇ ਅਧਿਕਾਰੀ ਵੱਲ ਤੋਰ ਦਿੱਤੀ। ਉਸਨੇ ਅੱਧੀ ਵਿਚੋਂ ਅੱਧੀ ਰਾਸ਼ੀ ਆਪਣੇ ਵਾਸਤੇ ਕੱਟ ਲਈ। ਇੰਝ ਰਾਸ਼ੀ ਕੋਤਵਾਲ, ਤਹਿਸੀਲਦਾਰ, ਪਟਵਾਰੀ ਵਿਚ ਵੰਡੀਦੀ, ਵੰਡੀਦੀ ਜਦ ਹੱਕਦਾਰ ਬੰਦੇ ਕੋਲ ਪਹੁੰਚੀ ਤਾਂ ਉਹ ਸੌ ਰੁਪਏ ਦੀ ਜਗ੍ਹਾ ਸਿਰਫ਼ ਇੱਕ ਅਠਿਆਨੀ ਰਹਿ ਗਈ। ਬੰਦਾ ਇਹ ਜਾਣ ਕੇ ਏਨਾ ਨਿਰਾਸ਼ ਤੇ ਦੁਖੀ ਹੋਇਆ ਕਿ ਜੇ ਮੇਰੇ ਬਣਦੇ ਹੱਕ ਸੌ ਰੁਪਏ ਵਿਚੋਂ ਮੈਨੂੰ ਕੇਵਲ ਅੱਠ ਆਨੇ ਹੀ ਮਿਲਣੇ ਹਨ ਤਾਂ ਅਜਿਹੇ ਅਨਆਇ ਨੂੰ ਬਰਦਾਸ਼ਤ ਕਰਨ ਨਾਲੋਂ ਤਾਂ ਮਰ ਜਾਣਾ ਹੀ ਬਿਹਤਰ ਹੈ। ਉਹਨੇ ਅੱਠਾਂ ਆਨਿਆਂ ਦਾ ਜ਼ਹਿਰ ਲੈ ਕੇ ਖਾ ਲਿਆ ਤੇ ਆਪਣੀ ਜਾਨ ਦੇ ਦਿੱਤੀ।

ਹੁਣ ਮੋਦੀ ਖ਼ਾਨੇ ਵਾਲੀ ਸਾਖੀ ਵੱਲ ਆਉਂਦੇ ਹਾਂ। ਜ਼ਾਹਿਰ ਹੈ, ਉਦੋਂ ਵੀ ਤਾਂ ਇਹੋ ਹੀ ਵਰਤਾਰਾ ਰਿਹਾ ਹੋਵੇਗਾ। ਜਨਤਾ ਨੂੰ ਮਿਲਣ ਵਾਲੇ ਅਨਾਜ ਨੂੰ ਅਧਿਕਾਰੀ ਦਰਜੇਬੰਦੀ ਦੇ ਹਿਸਾਬ ਨਾਲ ਵੰਡ ਕੇ ਖਾ ਲੈਂਦੇ ਹੋਣਗੇ ਤੇ ਆਮ ਜਨਤਾ ਤੱਕ ਪਹੁੰਚਦੇ-ਪਹੁੰਚਦੇ 'ਠੁਣ ਠੁਣ ਗੁਪਾਲ' ਵਾਲੀ ਹਾਲਤ ਹੀ ਬਣ ਜਾਦੀ ਹੋਵੇਗੀ। ਪਰ ਜਦ ਗੁਰੂ ਸਾਹਿਬ ਨੂੰ ਮੋਦੀਖ਼ਾਨੇ ਦਾ ਇੰਚਾਰਜ ਬਣਾਇਆ ਗਿਆ ਹੋਵੇਗਾ ਤਾਂ ਉਨ੍ਹਾਂ ਨੇ ਸਭ ਚੋਰ-ਮੋਰੀਆਂ ਬੰਦ ਕਰ ਦਿੱਤੀਆਂ ਹੋਣਗੀਆਂ। ਹੱਕਦਾਰਾਂ ਨੂੰ ਬਣਦੇ ਭਾਅ 'ਤੇ ਬਣਦੀ ਸਹਾਇਤਾ ਪੂਰੋ-ਪੂਰ ਮਿਲਣ ਲੱਗੀ ਤਾਂ ਆਮ ਲੋਕ ਹੈਰਾਨ ਤੇ ਖ਼ੁਸ਼ ਹੋਣ ਲੱਗੇ। ਜਦ ਛਟਾਂਕੀ ਦੀ ਥਾਂ ਕਿਸੇ ਨੂੰ ਸੇਰ ਪੱਕਾ ਅਨਾਜ ਮਿਲਣ ਲੱਗਾ ਤਾਂ ਉਨ੍ਹਾਂ ਨੇ ਹੈਰਾਨ ਹੋ ਕੇ ਗੁਰੂ ਜੀ ਨੂੰ ਇਸ ਬਖ਼ਸ਼ਿਸ਼ ਦਾ ਕਾਰਨ ਪੁੱਛਿਆ ਹੀ ਹੋਵੇਗਾ। ਗੁਰੂ ਸਾਹਿਬ ਨੇ ਸ਼ਾਂਤ-ਚਿੱਤ ਹੋ ਕੇ ਮੁਸਕਰਾ ਕੇ ਕਿਹਾ ਹੋਵੇਗਾ, "ਭਾਈ! ਇਸ ਵਿਚ ਮੇਰਾ ਕੋਈ ਕੌਤਕ ਨਹੀਂ। ਇਹ ਤਾਂ ਤੇਰਾ ਆਪਣਾ ਬਣਦਾ ਹਿੱਸਾ ਹੀ ਤੈਨੂੰ ਦਿੱਤਾ ਗਿਆ ਹੈ। ਹੈਰਾਨ ਨਾ ਹੋ! ਇਹ ਤੇਰਾ ਹੀ ਹਿੱਸਾ ਹੈ, ਤੇਰਾ ਹੀ ਹਿੱਸਾ ਹੈ।"

ਇੰਜ ਆਮ ਜਨਤਾ ਕਹਿਣ ਲੱਗ ਪਈ ਹੋਵੇਗੀ ਕਿ ਗੁਰੂ ਸਾਹਿਬ 'ਤੇਰਾ ਹਿੱਸਾ' ਕਹਿ ਕੇ ਬਖ਼ਸ਼ਿਸ਼ ਕਰੀ ਜਾਂਦੇ ਨੇ ਤਾਂ 'ਤੇਰਾ! ਤੇਰਾ!' ਵਾਲੀ ਸਾਖੀ ਪ੍ਰਚੱਲਿਤ ਹੋ ਗਈ ਹੋਵੇਗੀ। ਦੂਜੇ ਪਾਸੇ ਜਦ ਮੋਦੀਖ਼ਾਨੇ ਦੀ ਪੜਤਾਲ ਹੋਈ ਤਾਂ ਮੋਦੀਖ਼ਾਨੇ ਵਿਚ ਨਿਸਚਿਤ ਮਾਤਰਾ ਨਾਲੋਂ ਅਨਾਜ ਵੱਧ ਮਿਲਣਾ ਸੁਭਾਵਕ ਸੀ, ਕਿਉਂਕਿ, ਗੁਰੂ ਸਾਹਿਬ ਨੇ ਕਿਧਰੇ ਵੀ ਲੁੱਟ ਨਹੀਂ ਸੀ ਹੋਣ ਦਿੱਤੀ। ਚੋਰੀ ਕਰਨ ਦੀਆਂ ਸਭ ਝੀਤਾਂ ਬੰਦ ਕਰ ਦਿੱਤੀਆਂ ਸਨ। ਇੰਝ ਹਰਾਮ ਦੀਆਂ ਖਾਣ ਵਾਲੇ ਦੁਖੀ ਹੋਣੇ ਹੀ ਸਨ। ਉਨ੍ਹਾਂ ਨੇ ਸ਼ਿਕਾਇਤ ਕਰਨੀ ਹੀ ਸੀ। ਪਰ ਅਨਾਜ ਤਾਂ ਪੂਰਾ ਹੀ ਸੀ, ਸਗੋਂ ਉਸਤੋਂ ਵੀ ਵੱਧ।

ਇੰਝ ਹੀ ਵੇਈਂ ਵਿਚ ਚੁੱਭੀ ਮਾਰਨ ਤੇ ਤਿੰਨ ਦਿਨ ਅਲੋਪ ਰਹਿਣ ਦੀ ਥਾਂ ਅਸਲ ਵਿਚ ਗੱਲ ਇਹ ਹੋਵੇਗੀ ਕਿ ਉਹ ਵੇਈਂ ਪਾਰ ਕਰ ਕੇ ਜੰਗਲ ਦੇ ਇਲਾਕੇ ਵਿਚ ਜਾ ਕੇ ਅੰਤਰ-ਧਿਆਨ ਹੋਏ ਹੋਣਗੇ। ਉਹ ਕਈ ਚਿਰ ਤੋਂ ਮਨ-ਮੰਥਨ ਕਰ ਰਹੇ ਸਨ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਹੋਰ ਵੀ ਇਕਾਗਰ ਚਿੱਤ ਹੋ ਕੇ ਸੋਚਿਆ ਹੋਵੇਗਾ ਕਿ ਸੰਸਾਰਕ ਦੁੱਖ-ਕਲੇਸ਼ ਨੂੰ ਦੂਰ ਕਰਨ ਦਾ ਕੀ ਦਾਰੂ ਹੋ ਸਕਦਾ ਹੈ! ਆਪਣੇ ਵਿਚਾਰਾਂ ਨੂੰ ਰਿੜਕ ਕੇ ਉਹ ਕਿਸੇ ਅੰਤਮ ਨਿਰਣੈ 'ਤੇ ਪਹੁੰਚਣਾ ਚਾਹੁੰਦੇ ਸਨ। ਏਸੇ ਕਰ ਕੇ ਅਸੀਂ ਕਿਤੇ ਪਹਿਲਾਂ ਲਿਖ ਆਏ ਹਾਂ ਕਿ ਉਨ੍ਹਾਂ ਨੇ ਇਹ ਤਿੰਨ ਦਿਨ ਆਪਣੇ ਅੰਤਰ-ਮਨ ਵਿਚ ਚੁੱਭੀ ਲਾਈ ਰੱਖੀ। ਆਖ਼ਰਕਾਰ ਉਹ ਕਿਸੇ ਨਿਰਣੈ 'ਤੇ ਪਹੁੰਚ ਹੀ ਗਏ। ਉਨ੍ਹਾਂ ਅੰਦਰ ਇੱਕ ਬੌਧਿਕ ਤੇ ਆਤਮਿਕ ਲਿਸ਼ਕੋਰ ਵੱਜੀ। ਉਨ੍ਹਾਂ ਦੀ ਦੁਬਿਧਾ ਦੂਰ ਹੋ ਗਈ। ਉਨ੍ਹਾਂ ਅੱਗੇ ਦੁਨੀਆਂ ਨੂੰ ਤਾਰਨ ਦਾ ਰਾਹ ਰੌਸ਼ਨ ਹੋ ਗਿਆ। ਜਿਵੇਂ ਕਿਹਾ ਜਾਂਦਾ ਹੈ ਕਿ ਗੌਤਮ ਬੁੱਧ ਨੂੰ ਗਯਾ ਦੇ ਦਰਖ਼ਤ ਹੇਠਾਂ ਗਿਆਨ ਹੋਇਆ ਸੀ ਤਾਂ ਇਸਦਾ ਮਤਲਬ ਇਹੋ ਹੀ ਹੈ ਕਿ ਗਯਾ ਦੇ ਬੋਧ-ਬਿਰਖ਼ ਹੇਠਾਂ ਅੰਤਰ-ਧਿਆਨ ਹੋ ਕੇ ਬੈਠੇ ਬੁੱਧ ਨੂੰ ਆਪਣੇ ਮਨ ਦਾ ਮੰਥਨ ਕਰਨ ਤੋਂ ਬਾਅਦ ਬੌਧਿਕ ਲਿਸ਼ਕੋਰ ਵੱਜੀ ਤੇ ਉਨ੍ਹਾਂ ਨੂੰ ਆਪਣਾ ਅਗਲਾ ਰਸਤਾ ਦਿਖਾਈ ਦੇਣ ਲੱਗਾ; ਜਿਸ ਰਸਤੇ 'ਤੇ ਉਹ ਲੋਕਾਈ ਨੂੰ ਤੋਰਨਾ ਚਾਹੁੰਦੇ ਸਨ।


ਇਹੋ ਹੀ ਸੀ 'ਗਿਆਨ ਹੋਣ' ਦੀ ਪ੍ਰਕਿਰਿਆ ਦਾ ਰਹੱਸ। ਗੁਰੂ ਸਾਹਿਬ ਨੇ ਵੀ ਤਿੰਨ ਦਿਨ ਦੇ ਚਿੰਤਨ-ਮਨਨ ਬਾਅਦ ਆਪਣਾ ਅਗਲਾ ਰਾਹ ਲੱਭ ਲਿਆ, ਜਿਸ ਉੱਤੇ ਉਨ੍ਹਾਂ ਨੇ ਲੋਕਾਈ ਨੂੰ ਤੋਰਨ ਦਾ ਅਜ਼ਮ ਕਰਨਾ ਸੀ। ਵਾਪਸ ਪਰਤ ਕੇ ਉਨ੍ਹਾਂ ਨੇ 'ਨਾ ਹਮ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਲਾਇਆ ਤੇ ਕੁੱਝ ਦਿਨਾਂ ਬਾਅਦ ਹੀ ਮਰਦਾਨੇ ਨੂੰ ਨਾਲ ਲੈ ਕੇ ਜਗ ਤਾਰਨ ਲਈ ਉਸ ਰਸਤੇ 'ਤੇ ਤੁਰ ਪਏ ਜਿਹੜਾ ਰਸਤਾ ਉਨ੍ਹਾਂ ਨੂੰ ਡੂੰਘੇ ਚਿੰਤਨ-ਮਨਨ ਤੋਂ ਬਾਅਦ ਪ੍ਰਾਪਤ ਹੋਇਆ ਸੀ। ਵੇਈਂ ਵਿਚ ਚੁੱਭੀ ਮਾਰਨ ਤੋਂ ਬਾਅਦ ਅਗਲੀ ਦਰਗਾਹ ਵਿਚੋਂ ਹੋ ਕੇ ਵਾਪਸ ਪਰਤਣ ਦੀ ਸਾਖੀ ਦਾ ਮਤਲਬ ਵੀ ਇਹੋ ਸੀ ਕਿ ਅਸਲ 'ਦਰਗਾਹੀ ਰਾਹ' ਇਨਸਾਨੀ ਬਰਾਬਰੀ ਵੱਲ ਤੁਰਨ ਦਾ ਰਾਹ ਹੈ।

ਮਨੁੱਖਤਾ ਨੂੰ ਇਹ ਰਾਹ ਵਿਖਾਉਣ ਲਈ ਤਲਵੰਡੀ ਜਾਂ ਸੁਲਤਾਨਪੁਰ ਤੱਕ ਹੀ ਸੀਮਤ ਨਹੀਂ ਸੀ ਰਿਹਾ ਜਾ ਸਕਦਾ। ਇਸ ਲਈ ਲੰਮੇ ਤੇ ਬਿਖੜੇ ਪੈਂਡਿਆਂ 'ਤੇ ਤੁਰਨਾ ਪੈਣਾ ਸੀ। ਤੇ ਉਹ ਤੁਰੇ। ਚਹੁੰ ਦਿਸ਼ਾਵਾ ਵਿਚ ਗਏ। ਸ਼ਾਇਦ ਇਨ੍ਹਾਂ ਦਿਨਾਂ ਵਿਚ ਹੀ ਗੁਰੂ ਜੀ ਨੂੰ ਭਾਈ ਗੁਰਦਾਸ ਦੇ ਕਹਿਣ ਮੁਤਾਬਕ, "ਬਾਬਾ ਦੇਖੈ ਧਿਆਨ ਧਰ, ਜਲਤੀ ਸਭ ਪ੍ਰਿਥਮੀ ਦਿਸ ਆਈ।" ਤੇ ਉਨ੍ਹਾਂ ਸੋਚਿਆ ਕਿ ਜੇ ਸਾਰੀ ਧਰਤੀ ਬਲ਼ਦੀ ਪਈ ਹੈ ਤਾਂ ਉਸ 'ਤੇ ਠੰਢ ਵਰਤਾਉਣ ਲਈ, ਉਨ੍ਹਾਂ ਥਾਵਾਂ 'ਤੇ ਜਾਣਾ ਵੀ ਲਾਜ਼ਮੀ ਹੈ। ਸੜਦੇ-ਬਲਦੇ ਲੋਕਾਂ ਨੂੰ ਹਿੱਕ ਨਾਲ ਲਾ ਕੇ ਉਨ੍ਹਾਂ ਦੇ ਸੜਦੇ ਮਨਾਂ ਨੂੰ ਸ਼ਾਂਤ ਕਰਨਾ ਪੈਣਾ ਹੈ।

ਉਨ੍ਹਾਂ ਜਾਣ ਲਿਆ ਸੀ ਕਿ ਇਸ ਰਾਹ 'ਤੇ ਤੁਰਨਾ ਸੌਖਾ ਨਹੀਂ। ਇਸ ਲਈ ਯਾਰ ਦੀ ਗਲੀ ਵਿਚ ਸੀਸ ਤਲ਼ੀ 'ਤੇ ਧਰ ਕੇ ਤੁਰਨਾ ਪੈਣਾ ਹੈ। ਕੇਵਲ ਮੋਦੀ-ਖ਼ਾਨੇ ਦੀ ਲੁੱਟ ਨੂੰ ਦੂਰ ਕਰਨ ਨਾਲ ਹੀ ਲੁੱਟ ਦੀ ਕਹਾਣੀ ਖ਼ਤਮ ਨਹੀਂ ਹੋਣ ਲੱਗੀ। ਲੁੱਟ ਤਾਂ ਸਾਰੇ ਸੰਸਾਰ ਵਿਚ ਹੋ ਰਹੀ ਹੈ। ਇਸ ਰਾਹ 'ਤੇ ਤੁਰਦਿਆਂ ਕਿੰਨੇ ਮਲਿਕ-ਭਾਗੋਆਂ, ਕੌਡੇ ਰਾਖ਼ਸ਼ਾਂ, ਵਲੀ ਕੰਧਾਰੀਆਂ, ਸੱਜਣ ਠੱਗਾਂ ਤੇ ਭੂਮੀਏ ਡਾਕੂ ਵਰਗਿਆਂ ਦਾ ਸਾਹਮਣਾ ਕਰਨਾ ਪੈਣਾ ਹੈ। ਇਨ੍ਹਾਂ ਦੇ ਸਿਰ 'ਤੇ ਬੈਠੇ ਬਾਬਰਾਂ ਦਾ ਵੀ ਪਾਜ ਖੋਲ੍ਹਣ ਦੀ ਲੋੜ ਹੈ। ਜਾਤ-ਪਾਤ, ਊਚ-ਨੀਚ ਦੀ ਖਾਈਆਂ ਖੱਡੀਆਂ ਵਿਚ ਮਨੁੱਖਤਾ ਰੁਲ਼ ਰਹੀ ਹੈ। ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਵਾਲੇ ਸਮਾਜ ਵਿਚ ਤਕੜਾ ਮਾੜੇ ਨੂੰ ਖਾਈ ਜਾ ਰਿਹਾ ਹੈ। ਰਾਜੇ ਸ਼ੀਂਹ ਤੇ ਅਹਿਲਕਾਰ ਲੋਕਾਈ ਨੂੰ ਪਾੜ ਖਾਣ ਵਾਲ ਕੁੱਤੇ ਬਣ ਗਏ ਹਨ। ਧਰਮ ਖੰਭ ਲਾ ਕੇ ਉੱਡ ਗਿਆ ਹੈ। ਇਹ ਇਕਹਿਰੀ ਨਹੀਂ, ਬਹੁੱਪੱਖੀ ਲੜਾਈ ਹੈ। ਉਨ੍ਹਾਂ ਨੂੰ ਇਹ ਲੜਾਈ ਲੜਨੀ ਹੀ ਪੈਣੀ ਸੀ।

ਸਾਡੀ ਨਵੀਂ ਪੀੜ੍ਹੀ ਨੂੰ ਜਦੋਂ ਇਸਤਰ੍ਹਾਂ ਦੀਆਂ ਕਰਾਮਾਤੀ ਸਾਖੀਆਂ ਸੁਣਾਈਆਂ ਜਾਂਦੀਆਂ ਹਨ ਤਾਂ ਉਹ ਤੁਰਤ ਆਖਦੇ ਹਨ, "ਇੰਝ ਕਿਵੇਂ ਹੋ ਸਕਦਾ ਏ?" ਸੋ ਸਾਨੂੰ ਕਰਾਮਾਤੀ ਸਾਖੀਆਂ ਦੀ ਅਜਿਹੀ ਹੀ ਤਰਕ-ਸੰਗਤ ਵਿਆਖਿਆ ਕਰਨੀ ਹੋਵੇਗੀ, ਜਿਹੜੀ ਮੰਨਣ-ਯੋਗ ਹੋਵੇ।

ਕੁੱਝ ਸਾਖ਼ੀਆਂ ਬਾਰੇ ਤਾਂ ਵਿਗਿਆਨਕ ਸ੍ਰੋਤ ਵੀ ਮਿਲ ਜਾਂਦੇ ਨੇ। ਮਸਲਨ: ਕੌੜੇ ਰੇਠੇ ਮਿੱਠੇ ਕਰਨ ਵਾਲੀ ਸਾਖੀ ਵਿਚ ਕਿਹਾ ਗਿਆ ਹੈ ਕਿ ਜਦ ਜੰਗਲ ਵਿਚ ਜਾਂਦਿਆਂ ਮਰਦਾਨੇ ਨੂੰ ਭੁੱਖ ਲੱਗੀ ਤਾਂ ਗੁਰੂ ਜੀ ਨੇ ਉਹਨੂੰ ਰੀਠੇ ਦੇ ਦਰਖ਼ਤ ਨਾਲੋਂ ਰੀਠੇ ਤੋੜ ਕੇ ਖਾਣ ਲਈ ਕਿਹਾ। ਇਹ ਤਾਂ ਸੱਚ ਹੈ ਕਿ ਜਦੋਂ ਦੋਵੇਂ ਸਾਥੀ ਬਸਤੀਆਂ ਤੋਂ ਦੂਰ ਜੰਗਲ-ਬੇਲਿਆਂ ਵਿਚੋਂ ਗੁਜ਼ਰਦੇ ਹੋਣਗੇ ਤਾਂ ਜੰਗਲ ਵਿਚੋਂ ਹੀ ਕੋਈ ਫ਼ਲ ਜਾਂ ਹੋਰ ਕੰਦ-ਮੂਲ ਖਾ ਕੇ ਭੁੱਖ ਨੂੰ ਤ੍ਰਿਪਤ ਕਰਦੇ ਹੋਣਗੇ। ਆਮ ਤੌਰ 'ਤੇ ਰੀਠੇ ਕੌੜੇ ਹੀ ਹੁੰਦੇ ਨੇ। ਸਾਖੀ ਮੁਤਾਬਕ ਜਦ ਮਰਦਾਨਾ ਰੀਠੇ ਤੋੜ ਕੇ ਖਾਣ ਲੱਗਾ ਤਾਂ ਉਨ੍ਹਾਂ ਦਾ ਸਵਾਦ ਮਿੱਠਾ ਸੀ। ਸਾਖੀਆਂ ਵਿਚ ਮੰਨਿਆਂ ਇਹ ਗਿਆ ਕਿ ਗੁਰੂ ਜੀ ਨੇ ਕਰਾਮਾਤ ਨਾਲ ਕੌੜੇ ਰੀਠੇ ਮਿੱਠੇ ਕਰ ਦਿੱਤੇ ਸਨ। ਪਰ ਹਕੀਕਤ ਇਹ ਹੈ ਕਿ ਉਸ ਇਲਾਕੇ ਵਿਚ ਅੱਜ ਵੀ ਕੁੱਝ ਦਰਖ਼ਤ ਅਜਿਹੇ ਹਨ ਜਿਨ੍ਹਾਂ ਨੂੰ ਮਿੱਠੇ ਰੇਠੇ ਲੱਗਦੇ ਨੇ। ਇਹ ਕਿਸੇ ਕਰਾਮਾਤ ਕਰ ਕੇ ਨਹੀਂ, ਜ਼ਮੀਨ ਦੀ ਤਾਸੀਰ ਕਰ ਕੇ ਸੀ। ਅੱਜ ਵੀ ਕੁੱਝ ਜ਼ਿਮੀਦਾਰ ਉਸ ਇਲਾਕੇ ਵਿਚ ਮਿੱਠੇ ਰੇਠੇ ਬੀਜਦੇ ਨੇ, ਜਿਨ੍ਹਾਂ ਕੋਲੋਂ ਗੁਰਦੁਆਰਾ ਕਮੇਟੀ ਰੇਠੇ ਖ਼ਰੀਦ ਲੈਂਦੀ ਹੈ। ਗੁਰਦਵਾਰੇ ਵਿਚ ਆਉਣ ਵਾਲੇ ਯਾਤਰੀਆਂ ਨੂੰ ਇਨ੍ਹਾਂ ਹੀ ਮਿੱਠੇ ਰੀਠਿਆਂ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ। ਡਾ ਹਰਜਿੰਦਰ ਸਿੰਘ ਦਿਲਗੀਰ ਮੁਤਾਬਕ ਹੁਣ ਤਾਂ ਗੁਰਦਵਾਰਾ ਕਮੇਟੀ ਨੇ ਖ਼ੁਦ ਰੀਠਿਆਂ ਦਾ ਬਾਗ਼ ਵੀ ਲਾਇਆ ਹੈ, ਜਿਸ ਵਿਚ ਮਿੱਠੇ ਰੀਠੇ ਉਗਾਉਣ ਤੇ ਪਾਲਣ ਦਾ ਯਤਨ ਕੀਤਾ ਜਾ ਰਿਹਾ ਹੈ।



ਇੰਝ ਹੀ ਦਿਲਗੀਰ ਹੁਰੀਂ ਪੰਜਾ ਸਾਹਿਬ ਦੀ ਸਾਖੀ ਬਾਰੇ ਲਿਖਦੇ ਹਨ:

'ਇਕ ਸਾਖੀ ਮੁਤਾਬਿਕ ਹਸਨ ਅਬਦਾਲ ਦੇ ਬਾਹਰ ਇੱਕ ਪਹਾੜ 'ਤੇ ਇੱਕ ਮੁਸਲਮਾਨ ਫ਼ਕੀਰ ਕੰਧਾਰੀ ਰਹਿੰਦਾ ਸੀ। ਅਜਿਹਾ ਜਾਪਦਾ ਹੈ ਕਿ ਉਹ ਕੱਟੜ ਮੁਸਲਮਾਨ ਸੀ। ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਉਸ ਨੂੰ ਵੀ ਮਿਲਣ ਗਏ। ਕੰਧਾਰੀ ਨੇ ਗੁਰੂ ਸਾਹਿਬ ਤੇ ਭਾਈ ਮਰਦਾਨਾ ਦਾ ਆਉਣਾ ਪਸੰਦ ਨਾ ਕੀਤਾ। ਹੋਰ ਤਾਂ ਹੋਰ ਉਸ ਨੇ ਭਾਈ ਮਰਦਾਨਾ ਨੂੰ ਪਾਣੀ ਵੀ ਪੀਣ ਨਾ ਦਿਤਾ। ਗੁਰੂ ਸਾਹਿਬ ਤੇ ਭਾਈ ਮਰਦਾਨਾ ਪਹਾੜ ਤੋਂ ਉਤਰ ਕੇ ਹੇਠਾਂ ਉਸ ਜਗ੍ਹਾ 'ਤੇ ਆ ਬੈਠੇ ਜਿੱਥੇ ਹੁਣ ਪਾਣੀ ਦਾ ਚਸ਼ਮਾ ਹੈ। ਇੱਕ ਰਿਵਾਇਤ ਮੁਤਾਬਿਕ ਇਹ ਚਸ਼ਮਾ ਗੁਰੂ ਨਾਨਕ ਸਾਹਿਬ ਨੇ ਪਰਗਟ ਕੀਤਾ ਸੀ। ਭਾਈ ਮਰਦਾਨਾ ਨੇ ਜਲ ਛਕਿਆ। ਗੁਰੂ ਸਾਹਿਬ ਨੇ ਉੱਥੇ ਬੈਠ ਕੇ ਕੀਰਤਨ ਸ਼ੁਰੂ ਕਰ ਦਿਤਾ। ਕੀਰਤਨ ਸੁਣਨ ਵਾਸਤੇ ਸਾਰੇ ਮੁਕਾਮੀ ਲੋਕ ਇਕਠੇ ਹੋ ਗਏ। ਸਾੜੇ ਵਿਚ ਆ ਕੇ ਕੰਧਾਰੀ ਨੇ ਪਹਾੜ ਤੋਂ ਇੱਕ ਵੱਡਾ ਸਾਰਾ ਪੱਥਰ ਗੁਰੂ ਸਾਹਿਬ ਵਲ ਰੇੜ੍ਹਿਆ। ਉਹ ਪੱਥਰ ਰਿੜ੍ਹਦਾ-ਰਿੜ੍ਹਦਾ ਉਸ ਜਗ੍ਹਾ ਦੇ ਨੇੜੇ ਪਹੁੰਚ ਗਿਆ ਜਿੱਥੇ ਗੁਰੂ ਸਾਹਿਬ ਬੈਠੇ ਸਨ। ਗੁਰੂ ਸਾਹਿਬ ਨੇ ਉਸ ਪੱਥਰ ਨੂੰ ਹੱਥ ਨਾਲ ਰੋਕ ਲਿਆ।'

'ਇਸ ਘਟਨਾ ਨੂੰ ਯਾਦਗਾਰੀ ਬਣਾਉਣ ਵਾਸਤੇ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਪੱਥਰ ਤੇ ਪੰਜਾ ਉਕਰਵਾ ਕੇ, ਉਸ ਨੂੰ ਚਸ਼ਮੇ ਦੇ ਨੇੜੇ ਰਖ ਦਿਤਾ ਤੇ ਉੱਥੇ ਇੱਕ ਗੁਰਦੁਆਰਾ ਬਣਾ ਦਿਤਾ। ਮਗਰੋਂ ਇਸ ਨੂੰ ਉੱਥੋਂ ਚੁਕ ਕੇ ਚਸ਼ਮੇ ਵਿਚ ਜੜ ਦਿਤਾ ਗਿਆ। ਸੰਨ 1835 ਵਿਚ ਜਰਮਨ ਦਾ ਇੱਕ ਯਾਤਰੀ ਬੈਰਨ ਚਾਰਲਸ ਹਿਊਗਲ ਇਸ ਜਗ੍ਹਾ ਤੋਂ ਲੰਘਿਆ ਸੀ। 27 ਦਸੰਬਰ 1835 ਤਕ ਇਹ ਪੱਥਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੀ ਜਗ੍ਹਾ ਦੇ ਨੇੜੇ ਪਿਆ ਸੀ (ਇਸ ਦਾ ਜ਼ਿਕਰ ਹਿਊਗਲ ਨੇ ਆਪਣੀ ਕਿਤਾਬ ਠਰਅਵਏਲਸ ਨਿ ਖਅਸਹਮਰਿ ਅਨਦ ਫੁਨਜਅਬ ਵਿਚ ਕੀਤਾ ਹੈ)। ਹਸਨ ਅਬਦਾਲ ਵਾਲਾ ਚਸ਼ਮਾ ਕਈ ਹਜ਼ਾਰ ਸਾਲ ਪੁਰਾਣਾ ਹੈ। ਇੱਥੇ ਬੋਧੀਆਂ ਦਾ ਇੱਕ ਮਸ਼ਹੂਰ ਸੈਂਟਰ ਸੀ। ਅਜਿਹਾ ਜਾਪਦਾ ਹੈ ਕਿ ਗੁਰੂ ਨਾਨਕ ਸਾਹਿਬ ਆਪਣੇ ਮਿਸ਼ਨਰੀ ਦੌਰੇ ਵੇਲੇ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਮੁਸਲਮਾਨਾਂ ਤੋਂ ਇਲਾਵਾ ਬੋਧੀਆਂ ਅਤੇ ਆਮ ਲੋਕਾਂ ਨਾਲ ਵੀ ਧਰਮ ਚਰਚਾ ਕੀਤੀ ਸੀ। ਸਾਰਿਆਂ ਨੇ ਗੁਰੂ ਸਾਹਿਬ ਦੀ ਅਜ਼ਮਤ ਅੱਗੇ ਸਿਰ ਝੁਕਾਇਆ ਸੀ। ਉਦੋਂ ਵਲੀ ਕੰਧਾਰੀ, ਜੋ ਇੱਕ ਕਟੜ ਸ਼ੀਆ ਮੁਸਲਮਾਨ ਸੀ, ਨੇੜੇ ਦੀ ਪਹਾੜੀ ਉੱਪਰ ਰਹਿੰਦਾ ਸੀ। ਉਸ ਨੂੰ ਲੋਕਾਂ ਵੱਲੋਂ ਗੁਰੂ ਨਾਨਕ ਸਾਹਿਬ ਦੀਆਂ ਸਿਫ਼ਤਾਂ ਪਸੰਦ ਨਾ ਆਈਆਂ ਤੇ ਉਸ ਨੇ ਉੱਪਰੋਂ ਇੱਕ ਵੱਡਾ ਸਾਰਾ ਪੱਥਰ ਗੁਰੂ ਸਾਹਿਬ ਦੇ ਬੈਠਣ ਦੀ ਜਗ੍ਹਾ ਵਲ ਰੇੜ੍ਹਿਆ। ਜਦੋਂ ਉਹ ਪੱਥਰ ਗੁਰੂ ਸਾਹਿਬ ਦੇ ਨੇੜੇ ਆਇਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਹੱਥ ਨਾਲ ਰੋਕ ਲਿਆ। ਮਗਰੋਂ ਰਿਵਾਇਤ ਦਾ ਰੂਪ ਬਦਲਦਾ ਗਿਆ ਤੇ ਗੁਰੂ ਨਾਨਕ ਸਾਹਿਬ ਦੀ ਹਸਨ ਅਬਦਾਲ ਦੀ ਫੇਰੀ ਨੂੰ ਯਾਦਗਾਰੀ ਬਣਾਉਣ ਵਾਸਤੇ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਗੁਰਦੁਆਰਾ ਬਣਾ ਦਿਤਾ ਅਤੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਇੱਕ ਪੱਥਰ 'ਤੇ ਪੰਜਾ ਵੀ ਉਕਰਵਾ ਦਿਤਾ। ਬਾਅਦ ਵਿਚ ਇਸ ਪੱਥਰ ਨੂੰ ਚਸ਼ਮੇ ਦੇ ਨਾਲ ਚਿਣਾਈ ਕਰ ਕੇ ਪੱਕਾ ਕਰ ਦਿਤਾ ਗਿਆ। ਅਜ ਉਹ ਪੱਥਰ ਗੁਰਦੁਆਰੇ ਦੀ ਹਦੂਦ 'ਚ ਵਗਣ ਵਾਲੇ ਚਸ਼ਮੇ ਦਾ ਇੱਕ ਹਿੱਸਾ ਹੀ ਨਜ਼ਰ ਆਉਂਦਾ ਹੈ।

ਸੱਚੇ ਸੌਦੇ ਜਾਂ ਖ਼ਰੇ ਸੌਦੇ ਦੀ ਸਾਖੀ ਵਿਚ ਗੁਰੂ ਨਾਨਕ ਸਾਹਿਬ ਦੇ ਪਿਤਾ ਜੀ ਵੀਹ ਰੁਪਏ ਦੇ ਕੇ ਉਨ੍ਹਾਂ ਨੂੰ ਨਵੀਂ ਦੁਕਾਨ ਖੋਲ੍ਹਣ ਵਾਸਤੇ ਰਸਦ ਲੈਣ ਲਈ ਨੇੜੇ ਪੈਂਦੀ ਮੰਡੀ ਚੂਹੜਕਾਣਾ ਭੇਜਦੇ ਹਨ। ਰਾਹ ਵਿਚ ਉਨ੍ਹਾਂ ਨੂੰ ਭੁੱਖੇ ਸਾਧੂ ਮਿਲ ਗਏ। ਗੁਰੂ ਸਾਹਿਬ 'ਤੇ ਬਾਲਾ ਚੂਹੜਕਾਣੇ ਗਏ ਅਤੇ ਉਥੋਂ ਰਸਦ ਖ਼ਰੀਦ ਕੇ ਲੈ ਆਏ। ਫੇਰ ਉਸ ਰਸਦ ਦਾ ਭੋਜਨ ਤਿਆਰ ਕਰਵਾ ਕੇ ਭੁੱਖੇ ਸਾਧੂਆਂ ਨੂੰ ਖਵਾ ਦਿੱਤਾ। ਸ਼ਾਮ ਨੂੰ ਘਰ ਪਰਤੇ ਤਾਂ ਪਿਤਾ ਜੀ ਸਾਰਾ ਘਟਨਾ-ਕ੍ਰਮ ਜਾਣ ਕੇ ਬਹੁਤ ਦੁਖੀ ਹੋਏ।

ਇਸ ਸਾਖੀ ਦਾ ਜ਼ਿਕਰ ਕੇਵਲ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਇਲਾਵਾ ਹੋਰ ਕਿਸੇ ਵੀ ਜਨਮ ਸਾਖੀ ਵਿਚ ਨਹੀਂ ਮਿਲਦਾ। ਇਹ ਜਨਮ ਸਾਖੀ ਗੁਰੂ ਅਰਜਨ ਸਾਹਿਬ ਤੋਂ ਪਿਛਲੇਰੇ ਸਮੇਂ ਵਿਚ ਬਿਧੀ ਚੰਦ ਹਿੰਦਾਲੀਏ ਨੇ ਲਿਖਾਈ ਸੀ। ਅਸਲ ਵਿਚ ਇਹ ਲੋਕ ਜ਼ਿੰਮੇਵਾਰੀਆਂ ਤੋਂ ਭਗੌੜੇ ਸਨ। ਇਨ੍ਹਾਂ ਦਾ ਗੁਰੂ ਸਾਹਿਬ ਦੀ ਵਿਚਾਰਧਾਰਾ ਨਾਲ ਕੋਈ ਸਜਿੰਦ ਰਿਸ਼ਤਾ ਨਹੀਂ ਸੀ। ਵਿਦਵਾਨ ਤਾਂ ਇਹ ਵੀ ਕਹਿੰਦੇ ਹਨ ਕਿ 'ਭਾਈ ਬਾਲਾ' ਨਾਂ ਦਾ ਕੋਈ ਵਿਅਕਤੀ ਹੋਇਆ ਹੀ ਨਹੀਂ। ਹਿੰਦਾਲੀਆਂ ਨੇ ਇਸ 'ਫ਼ਰਜ਼ੀ ਨਾਂ' ਹੇਠਾਂ 'ਜਨਮ-ਸਾਖੀ' ਲਿਖਵਾ ਕੇ ਗੁਰੂ ਦੀ ਵਿਚਾਰਧਾਰਾ ਵਿਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਜਦ ਇਹ ਜਨਮ-ਸਾਖੀ ਲਿਖੀ ਗਈ, ਉਸ ਵੇਲੇ ਤੱਕ ਪੰਜ ਗੁਰੂ ਸਾਹਿਬਾਨ ਦੀ ਜਥੇਬੰਦਕ ਕੋਸ਼ਿਸ਼ ਸਦਕਾ, ਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਪੰਜਾਬ ਵਿਚ ਪ੍ਰਚੱਲਿਤ ਤੇ ਮਾਨਨੀਯ ਹੋ ਚੁੱਕੀ ਸੀ। ਬਾਣੀ ਵਿਚ ਤਾਂ ਥਾਂ-ਥਾਂ 'ਤੇ ਜੀਵਨ ਤੋਂ ਭਗੌੜੇ ਅਜਿਹੇ ਵਿਹਲੜ ਲਾਣੇ ਦੀ ਜੀਵਨ-ਪੱਧਤੀ ਨੂੰ ਰੱਦ ਕੀਤਾ ਗਿਆ ਹੈ:

ਗਿਆਨ ਵਿਹੂਣਾ ਗਾਵੈ ਗੀਤ.. ਭੁਖੇ ਮੁਲਾਂ ਘਰੇ ਮਸੀਤਿ..
ਮਖਟੂ ਹੋਇ ਕੈ ਕੰਨ ਪੜਾਏ.. ਫਕਰੁ ਕਰੇ ਹੋਰੁ ਜਾਤਿ ਗਵਾਏ..
ਗੁਰੁ ਪੀਰੁ ਸਦਾਏ ਮੰਗਣ ਜਾਇ.. ਤਾ ਕੈ ਮੂਲਿ ਨ ਲਗੀਐ ਪਾਇ..
ਘਾਲਿ ਖਾਇ ਕਿਛੁ ਹਥਹੁ ਦੇਇ.. ਨਾਨਕ ਰਾਹੁ ਪਛਾਣਹਿ ਸੇਇ.. ੧..
ਸਲੋਕ ਮ: ੧ ਪੰਨਾ 1245

ਕਿਰਤ ਤੋਂ ਭਗੌੜੇ ਇਨ੍ਹਾਂ ਲੋਕਾਂ ਦਾ ਗੁਰੂ ਸਾਹਿਬ ਦੇ ਨਾਂ ਨਾਲ ਅਜਿਹੀਆਂ ਸਾਖੀਆਂ ਜੋੜਨ ਦਾ ਮਤਲਬ ਸਾਫ਼ ਸੀ ਕਿ ਜੇ ਗੁਰੂ ਨਾਨਕ ਸਾਹਿਬ ਭੁੱਖੇ ਸਾਧੂਆਂ ਨੂੰ ਭੋਜਨ ਖਵਾ ਸਕਦੇ ਹਨ, ਤਾਂ, ਹੁਣ ਵੀ ਉਹ ਵਿਹਲੜ ਲਾਣਾ ਬਿਨਾਂ ਕਿਰਤ ਕੀਤਿਆਂ ਭੋਲੇ ਲੋਕਾਂ ਦੀ ਕਿਰਤ ਕਮਾਈ ਦੇ ਸਿਰ 'ਤੇ ਐਸ਼ ਕਰ ਸਕਦਾ ਹੈ!

ਇਹ ਸਾਖੀ ਜਿੱਥੇ ਸਿਧਾਂਤਕ ਪੱਖੋਂ ਗੁਰਮਤਿ-ਸਿਧਾਂਤ ਨਾਲ ਮੇਲ ਨਹੀਂ ਖਾਂਦੀ, ਓਥੇ ਵਿਹਾਰਕ ਪੱਖੋਂ ਵੀ ਇਹ ਸੰਭਵ ਨਹੀਂ। ਵੀਹ ਰੁਪਏ ਉਸ ਵੇਲੇ ਬਹੁਤ ਵੱਡੀ ਧਨ-ਰਾਸ਼ੀ ਸੀ, ਘੱਟੋ-ਘੱਟ ਏਨੀ ਕੁ ਤਾਂ ਸੀ ਹੀ, ਕਿ, ਉਸ ਨਾਲ ਕਰਿਆਨੇ ਦੀ ਇੱਕ ਦੁਕਾਨ ਚਲਾਏ ਜਾ ਸਕਣ ਜੋਗੀ ਰਸਦ ਆ ਸਕੇ। ਉਸ ਵੇਲੇ ਬਹਿਲੋਲੀ ਸਿੱਕਾ ਚੱਲਦਾ ਸੀ ਤੇ ਇੱਕ ਸਿੱਕੇ ਵਿਚ ਚਾਲੀ ਪੈਸੇ ਹੁੰਦੇ ਸਨ। ਇੱਕ ਪੈਸੇ ਦਾ ਪੰਜ ਮਣ ਅਨਾਜ ਆਉਂਦਾ ਸੀ। ਹੁਣ ਤੁਸੀਂ ਆਪ ਹੀ ਅਨੁਮਾਨ ਲਾਉ ਕਿ ਵੀਹ ਰੁਪਏ ਵਿਚ ਕਿੰਨੇ ਮਣ ਅਨਾਜ ਆਵੇਗਾ! ਇਹ ਕਿਵੇਂ ਵੀ ਸੰਭਵ ਨਹੀਂ ਕਿ ਦੋ ਜਣੇ ਚੂਹੜਕਾਣੇ ਜਾ ਕੇ ਏਨੀ ਰਸਦ ਖ਼ਰੀਦ ਕੇ ਲੈ ਆਉਣ ਤੇ ਮਣਾਂ ਮੂੰਹੀ ਅਨਾਜ ਦਾ ਭੋਜਨ ਤਿਆਰ ਕਰ/ਕਰਵਾ ਕੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਸ਼ਾਮ ਤੱਕ ਘਰ ਪਰਤ ਕੇ ਪਿਤਾ ਦੀਆਂ ਝਿੜਕਾਂ ਵੀ ਖਾ ਲੈਣ।

ਜਿੱਥੋਂ ਤੱਕ ਲੰਗਰ ਪ੍ਰਥਾ ਦਾ ਸੰਬੰਧ ਹੈ, ਉਸ ਬਾਰੇ ਅਰਜ਼ ਹੈ ਕਿ ਗੁਰੂ ਸਾਹਿਬ ਹਮੇਸ਼ਾਂ ਹੋਰ ਮੱਤਾਂ-ਮਤਾਤਰਾਂ ਦੇ ਵਿਦਵਾਨਾਂ ਨਾਲ ਵਿਚਾਰ-ਚਰਚਾ ਕਰਦੇ ਰਹਿੰਦੇ ਸਨ। ਭਾਵੇਂ ਉਹ ਤਲਵੰਡੀ ਹੁੰਦੇ ਜਾਂ ਸੁਲਤਾਨਪੁਰ, ਉਨ੍ਹਾਂ ਕੋਲ ਵਿਦਵਾਨ ਵੀ ਆਉਂਦੇ ਤੇ ਉਨ੍ਹਾਂ ਵਿਚਕਾਰ ਹੁੰਦੀ ਚਰਚਾ ਨੂੰ ਸੁਣਨ ਆਮ ਲੋਕ ਵੀ ਆਉਂਦੇ। ਹੁਣ ਆਪਣੇ ਕੋਲ ਆਏ ਇਨ੍ਹਾਂ ਲੋਕਾਂ/ਮਹਿਮਾਨਾਂ ਨੂੰ ਗੁਰੂ ਸਾਹਿਬ ਆਪਣੇ ਦਵਾਰੇ ਤੋਂ ਭੁੱਖਾ ਤਾਂ ਜਾਣ ਨਹੀਂ ਦਿੰਦੇ ਹੋਣਗੇ। ਉਨ੍ਹਾਂ ਲਈ ਜ਼ਰੂਰ ਲੰਗਰ ਦੀ ਵਿਵਸਥਾ ਹੁੰਦੀ ਹੋਵੇਗੀ। ਤੇ ਜਦ ਉਹ ਕਰਤਾਰਪੁਰ ਵਿਚ ਖੇਤੀ ਕਰਨ ਜਾ ਲੱਗੇ ਸਨ ਤਾਂ ਨਿਸਚੈ ਹੀ ਉਨ੍ਹਾਂ ਕੋਲ ਸੰਗਤਾਂ ਦੀ ਆਮਦ-ਰਫ਼ਤ ਵਧ ਗਈ ਹੋਵੇਗੀ। ਦੂਰ-ਦੂਰ ਤੋਂ ਆਏ ਲੋਕ "ਥੇ ਰਾਤਾਂ ਨੂੰ ਵੀ ਠਹਿਰਦੇ ਹੋਣਗੇ। ਜ਼ਾਹਿਰ ਹੈ ਕਿ ਆਈਆਂ ਸੰਗਤਾਂ ਲਈ ਅਟੁੱਟ ਲੰਗਰ ਦਾ ਚੱਲਣਾ ਲਾਜ਼ਮੀ ਹੋ ਗਿਆ ਹੋਵੇਗਾ। ਅਗਲੇ ਗੁਰੂ ਸਾਹਿਬ ਨੇ ਏਸੇ ਪ੍ਰਥਾ ਨੂੰ ਜਾਰੀ ਰੱਖਿਆ ਤੇ ਅੱਜ 'ਗੁਰੂ ਕਾ ਲੰਗਰ' ਸੰਸਾਰ ਪੱਧਰ 'ਤੇ ਅਨੋਖੀ-ਇਕੱਲੀ ਤੇ ਅਨੂਠੀ ਪਛਾਣ ਬਣਾ ਚੁੱਕਿਆ ਹੈ।

1-ਘਾਲਿ ਖਾਇ ਕਿਛੁ ਹਥਹੁ ਦੇਇ.. ਨਾਨਕ ਰਾਹੁ ਪਛਾਣਹਿ ਸੇਇ..

2-ਆਪਣ ਹਥੀ ਆਪਣਾ ਆਪੇ ਕਾਜ ਸਵਾਰੀਐ

3- ਵਿਚਿ ਦੁਨੀਆ ਸੇਵ ਕਮਾਈਐ

ਇਨ੍ਹਾਂ ਤੁਕਾਂ ਦੇ ਅਰਥ ਏਸੇ ਪ੍ਰਸੰਗ ਵਿਚ ਹੀ ਸਮਝ ਆ ਸਕਦੇ ਹਨ। ਹਰ ਸਿੱਖ ਨੂੰ ਆਪਣੀ ਧਰਮ ਦੀ ਕਿਰਤ ਵਿਚੋਂ ਦਸਵੰਧ ਕੱਢਣ ਅਤੇ ਉਸ ਨੂੰ ਗੁਰੂ ਦੇ ਨਾਂ 'ਤੇ ਲੋਕ-ਭਲਾਈ ਲਈ ਵਰਤਣ ਦਾ ਸਿਧਾਂਤ ਗੁਰੂ ਪਾਤਸ਼ਾਹ ਦੀ ਹੀ ਬਖ਼ਸ਼ਿਸ਼ ਹੈ।


ਸਾਡਾ ਮਕਸਦ ਸਾਰੀਆਂ ਕਰਾਮਾਤੀ ਸਾਖੀਆਂ ਦਾ ਵਿਸ਼ਲੇਸ਼ਣ ਜਾਂ ਵਿਵੇਚਨ ਕਰਨਾ ਨਹੀਂ, ਤੇ, ਨਾ ਹੀ ਸਾਡੇ ਕੋਲ ਥਾਂ ਦੀ ਏਨੀ ਗੁੰਜਾਇਸ਼ ਹੈ ਕਿ ਅਸੀਂ ਇਸ ਬਾਰੇ ਪੂਰੇ ਵਿਸਥਾਰ ਵਿਚ ਜਾ ਸਕੀਏ। ਸਾਡਾ ਮਕਸਦ ਤਾਂ ਕੇਵਲ ਏਨਾ ਕੁ ਹੈ ਕਿ ਇਨ੍ਹਾਂ ਕਰਾਮਾਤੀ ਸਾਖੀਆਂ ਦੀ ਸੰਘਣੀ ਧੁੰਦ ਵਿਚ ਆਪਣੇ ਗੁਰੂ ਦੀ ਚਾਨਣੀ ਸਿੱਖਿਆ ਨੂੰ ਲੁਕਣ ਨਾ ਦਈਏ। ਅੱਜ ਜ਼ਰੂਰਤ ਹੈ ਕਿ ਕਰਾਮਾਤਾਂ ਵਿਚ ਪੇਸ਼ ਗੁਰੂ ਸਾਹਿਬ ਦੇ ਅਲੌਕਿਕ ਆਪੇ ਨੂੰ ਉਨ੍ਹਾਂ ਦੇ ਜੀਵਨ ਦੇ ਸੰਭਾਵੀ ਪੱਖਾਂ ਨਾਲ ਜੋੜ ਕੇ ਵੇਖਿਆ, ਜਾਣਿਆ ਤੇ ਸਮਝਿਆ ਜਾਵੇ। ਉਨ੍ਹਾਂ ਦਾ ਜੀਵਨ-ਅਨੁਭਵ ਕੋਈ ਘੱਟ 'ਕਰਾਮਾਤੀ' ਨਹੀਂ।

ਉਂਝ ਜੇ ਕਰਾਮਾਤ ਨੂੰ ਕਾਵਿ ਦਾ ਉਹ ਗੁਣ ਮੰਨ ਲਈਏ ਜੋ ਕਰਾਮਾਤ ਨੂੰ ਪਰਿਭਾਸ਼ਿਤ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਨੇ ਬਿਆਨ ਕੀਤਾ ਹੈ। ਉਨ੍ਹਾਂ ਮੁਤਾਬਕ ਕਰਾਮਾਤ ਸ੍ਰੋਤੇ ਤੇ ਵਕਤੇ ਦਾ ਚਿੱਤ ਰੋਸ਼ਨ ਕਰ ਦਿੰਦੀ ਹੈ। ਤਾਂ ਫਿਰ ਨਿਸਚੈ ਨਾਲ ਕਿਹਾ ਜਾ ਸਕਦਾ ਹੈ ਕਿ ਸਭ ਤੋਂ ਵੱਡੀ ਕਰਾਮਾਤ ਤਾਂ ਗੁਰੂ ਸਾਹਿਬ ਦੀ ਰਚੀ ਉਹ ਬਾਣੀ ਹੀ ਹੈ, ਜੋ ਵਕਤੇ ਤੇ ਸ੍ਰੋਤੇ ਦਾ ਚਿੱਤ ਰੋਸ਼ਨ ਕਰਨ ਦੀ ਤਾਕਤ ਰੱਖਦੀ ਹੈ। ਇਸੇ ਬਾਣੀ ਦਾ ਪਾਠ ਕਰਦਿਆਂ ਸੀਸ 'ਤੇ ਆਰਾ ਚੱਲਦਿਆਂ, ਉਬਲਦੀਆਂ ਦੇਗਾਂ ਵਿਚ ਉਬਾਲ਼ੇ ਖਾਂਦਿਆਂ, ਬੰਦ-ਬੰਦ ਕਟਵਾਉਂਦਿਆਂ, ਚਰਖੜੀਆਂ 'ਤੇ ਚੜ੍ਹਦਿਆਂ, ਖੋਪਰ ਲਹਾਉਂਦਿਆਂ, ਸ਼ੂਕਦੀਆਂ ਗੱਡੀਆਂ ਅੱਗੇ ਲੇਟ ਕੇ ਵੀ ਜੇ ਉਨ੍ਹਾਂ ਨੇ 'ਸੀ' ਤੱਕ ਨਾ ਕੀਤੀ, ਤਾਂ, ਇਹ ਉਨ੍ਹਾਂ ਗੁਰਸਿੱਖਾਂ ਦੇ ਮਨ ਵਿਚ ਵੱਸਦੇ ਗੁਰ-ਸ਼ਬਦ ਦੀ ਕਰਾਮਾਤ ਹੀ ਤਾਂ ਸੀ। ਇਸ ਤੋਂ ਵੱਧ ਹੋਰ ਕਿਹੜੀ ਕਰਾਮਾਤ ਹੋ ਸਕਦੀ ਹੈ!

ਸ਼ੁਰੂ ਵਿਚ ਜ਼ਿਕਰ ਕੀਤਾ ਸੀ ਕਿ 'ਜਾਦੂਗਰੀ ਕਰਾਮਾਤ' ਨੂੰ ਤਾਂ ਗੁਰਮਤਿ ਵਿਚ 'ਕਹਿਰ' ਮੰਨਿਆਂ ਗਿਆ ਹੈ। ਸਾਡੇ ਸਾਖ਼ੀਕਾਰਾਂ ਨੇ ਗੁਰੂ ਸਾਹਿਬ ਨਾਲ ਅਜਿਹੀਆਂ ਕਰਾਮਾਤਾਂ ਜੋੜ ਕੇ ਸਿੱਖ-ਮਾਨਸ ਨਾਲ ਕਹਿਰ ਹੀ ਤਾਂ ਕੀਤਾ ਹੈ!

# ਸਾਡੀ ਤੀਰਥ ਯਾਤਰਾ—ਪ੍ਰਛਾਂਵੇਂ ਹੇਠ ਸਵਰਗੀ ਨਜ਼ਾਰਾ

ਕੁਦਰਤ ਦੀ ਵਿਸ਼ਾਲਤਾ ਇੰਨੀ ਅਪਾਰ ਹੈ ਕਿ ਮਨੁੱਖਤਾ ਦੀ ਮਹੱਤਤਾ, ਸਮੁੰਦਰ ਦੇ ਕੰਢੇ 'ਤੇ ਪਏ ਰੇਤ ਦੇ ਕਿਣਕੇ ਦੇ ਮੁਕਾਬਲੇ ਵੀ ਕਿਤੇ ਛੋਟੀ ਹੈ – ਬਿਲਕੁਲ ਨਿਗੂਣੀ। ਅਜਿਹੀ ਵਿਸ਼ਾਲ ਕੁਦਰਤ ਵਿਚ, ਅਣਗਿਣਤ ਮਹੱਤਵਪੂਰਨ ਘਟਨਾਵਾਂ, ਨਿੱਤ ਘਟਦੀਆਂ ਹਨ, ਜਿਨ੍ਹਾਂ ਬਾਰੇ ਸਾਨੂੰ ਕਦੀ ਵੀ ਪਤਾ ਨਹੀਂ ਲਗਦਾ। ਪਰ ਜਦੋਂ ਕਦੀ ਵਿਰਲੇ ਮੌਕਿਆਂ 'ਤੇ ਸਾਨੂੰ ਅਜਿਹੇ ਬ੍ਰਹਿਮੰਡੀ ਚਮਤਕਾਰਾਂ ਨੂੰ ਵੇਖਣ ਜਾਂ ਅਨੁਭਵ ਕਰਨ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਕੁਦਰਤ ਦੀਆਂ ਅਲੋਕਾਰੀਆਂ 'ਤੇ ਅੱਖਾਂ ਝਪਕਦੇ ਰਹਿ ਜਾਂਦੇ ਹਾਂ। ਅਜਿਹਾ ਹੀ ਅਚੰਭਾ ਸਾਨੂੰ 8 ਅਪ੍ਰੈਲ, 2024 ਨੂੰ ਮੁਕੰਮਲ-ਸੂਰਜ-ਗ੍ਰਹਿਣ ਦੇ ਰੂਪ ਵਿਚ ਵੇਖਣ ਨੂੰ ਮਿਲਿਆ।




**ਡਾ. ਰਛਪਾਲ ਸਹੋਤਾ**

ਇੱਥੇ ਨਾ-ਮੁਕੰਮਲ ਅਤੇ ਮੁਕੰਮਲ ਸੂਰਜ ਗ੍ਰਹਿਣ ਵਿਚਲਾ ਫਰਕ ਸਮਝਣਾ ਜ਼ਰੂਰੀ ਹੈ। ਨਾ-ਮੁਕੰਮਲ ਸੂਰਜ ਗ੍ਰਹਿਣ ਭਾਵੇਂ ਕਾਫੀ ਵੱਡੇ ਖੇਤਰ ਤੋਂ ਵੇਖਿਆ ਜਾ ਸਕਦਾ ਹੈ, ਪਰ ਮੁਕੰਮਲ ਸੂਰਜ ਗ੍ਰਹਿਣ, ਕੁਦਰਤ ਦਾ ਅਨੋਖਾ ਅਚੰਭਾ ਸਿਰਫ ਉਨ੍ਹਾਂ ਖਾਸ ਥਾਵਾਂ ਤੋਂ ਹੀ ਦੇਖਿਆ ਜਾ ਸਕਦਾ ਹੈ, ਜਿੱਥੇ ਚੰਦਰਮਾ ਸੂਰਜ ਨੂੰ ਪੂਰੀ ਤਰ੍ਹਾਂ ਲੁਕੋ ਲੈਂਦਾ ਹੈ। ਬ੍ਰਹਿਮੰਡੀ ਪੈਮਾਨੇ ਉੱਤੇ ਅਜਿਹੇ ਗ੍ਰਹਿਣ ਬੇਸ਼ੱਕ ਆਮ ਜਿਹੀ ਗੱਲ ਹੈ, ਪਰ ਇਹਨੂੰ ਵੇਖਣ ਦਾ ਮੌਕਾ ਸਾਰਿਆਂ ਨੂੰ ਨਹੀਂ ਮਿਲਦਾ। ਉਸਦਾ ਕਾਰਨ ਹੈ ਕਿ ਧਰਤੀ ਦੇ ਕਿਸੇ ਵੀ ਵਿਸ਼ੇਸ਼ ਥਾਂ 'ਤੇ ਇਸਦੇ ਵਾਪਰਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਮਿਸਾਲ ਵਜੋਂ, ਇਸ ਤੋਂ ਪਹਿਲਾਂ ਓਹਾਇਓ ਵਿਚ ਮੁਕੰਮਲ ਸੂਰਜ ਗ੍ਰਹਿਣ 2018 ਵਿਚ ਆਇਆ ਸੀ ਅਤੇ ਇਹ ਅਚੰਭਾ 2099 ਤੀਕਰ ਐਥੇ ਦੁਬਾਰਾ ਵੇਖਣ ਨੂੰ ਨਹੀਂ ਮਿਲੇਗਾ।

ਸੂਰਜ ਗ੍ਰਹਿਣ ਵੇਖਣ ਨਾਲ ਸਾਨੂੰ ਅਹਿਸਾਸ ਹੋਇਆ ਕਿ ਕਿਵੇਂ ਇਹ ਸਵਰਗੀ ਮਾਜਰੇ, ਲੋਕਾਂ ਦੀਆਂ ਭਾਵਨਾਵਾਂ ਨੂੰ ਜੋੜ ਦਿੰਦੇ ਹਨ। ਆਪਣੇ ਓਹਾਇਓ ਦੇ ਨਿੱਕੇ ਨਗਰ ਤੋਂ ਗ੍ਰਹਿਣ ਵੇਖਣ ਲਈ ਅਸੀਂ ਇੱਕ ਹੋਰ ਨਿੱਕੇ ਸ਼ਹਿਰ ਆਕਸਫੋਰਡ ਜਾਣ ਵਾਲੀ ਸੜਕ 'ਤੇ ਚੜ੍ਹੇ, ਜਿਹੜੀ ਸਵੇਰ-ਸ਼ਾਮ ਦੇ ਟ੍ਰੈਫਿਕ ਟਾਈਮਾਂ ਨੂੰ ਛੱਡ, ਬਾਕੀ ਸਾਰਾ ਦਿਨ ਤਕਰੀਬਨ ਖਾਲੀ ਹੀ ਹੁੰਦੀ ਹੈ। ਪਰ ਜਦੋਂ ਦੋ ਕੁ ਵਜੇ ਅਸੀਂ ਆਪਣਾ ਸਫਰ ਸ਼ੁਰੂ ਕੀਤਾ, ਤਾਂ ਅੱਗੇ ਪਿੱਛੇ ਦੂਰ ਦੂਰ ਤੀਕ ਕਾਰਾਂ ਹੀ ਕਾਰਾਂ ਦਿਖਾਈ ਦਿੱਤੀਆਂ। ਜਿਹੜਾ ਸਫਰ ਅਸੀਂ 25-30 ਮਿੰਟ ਵਿਚ ਕਰ ਸਕਦੇ ਸਾਂ, ਸਾਡਾ ਜੀ ਪੀ ਐਸ, ਘੰਟੇ ਤੋਂ ਵੱਧ ਦਾ ਰਸਤਾ ਵਿਖਾ ਰਿਹਾ ਸੀ। ਕੀ ਨਜ਼ਾਰਾ ਸੀ ਵੇਖਣ ਵਾਲਾ—ਇਕੋ ਦਿਸ਼ਾ ਵਿਚ ਜਾ ਰਹੀਆਂ ਸਾਰੀਆਂ ਕਾਰਾਂ, ਜਿਵੇਂ ਸਾਰੀਆਂ ਸਵਾਰੀਆਂ ਦਾ ਬੱਸ ਇੱਕੋ ਮਕਸਦ ਹੋਵੇ—ਕੁਦਰਤ ਦੇ ਇਸ ਅਦਭੁੱਤ ਨਜ਼ਾਰੇ ਨੂੰ ਵੇਖਣ ਦਾ ਮੌਕਾ ਹੱਥੋਂ ਨਾਂ ਖੁੰਝਾਉਣਾ; ਜਿਵੇਂ ਅਸੀਂ ਸਾਰੇ ਕੁਦਰਤ ਦੀ ਵਿਸ਼ਾਲਤਾ ਨੂੰ ਇਕੱਠਿਆਂ ਮਹਿਸੂਸ ਕਰਨ ਜਾ ਰਹੇ ਹੋਈਏ।







ਚੰਦਰਮਾ ਧਰਤੀ ਦੁਆਲੇ ਘੁੰਮਦਾ ਹੈ ਅਤੇ ਧਰਤੀ ਸੂਰਜ ਦੁਆਲੇ। ਕਿਉਂਕਿ ਚੰਦਰਮਾ, ਸੂਰਜ ਦੇ ਮੁਕਾਬਲੇ ਧਰਤੀ ਦੇ ਬਹੁਤ ਨੇੜੇ ਹੈ, ਇਨ੍ਹਾਂ ਘੁੰਮਣ ਘੇਰੀਆਂ ਵਿਚ ਉਹ ਕਦੀ ਕਦਾਰ ਸੂਰਜ ਅਤੇ ਧਰਤੀ ਦੇ ਵਿਚਕਾਰ ਆ ਜਾਂਦਾ ਹੈ ਅਤੇ ਅਸੀਂ ਉਸਦੇ ਪ੍ਰਛਾਂਵੇਂ ਵਿਚ ਸੂਰਜ ਨੂੰ ਨਹੀਂ ਵੇਖ ਸਕਦੇ। ਕਿਉਂਕਿ ਚੰਦਰਮਾ ਦਾ ਕੱਦ ਸੂਰਜ ਅਤੇ ਧਰਤੀ ਦੇ ਮੁਕਾਬਲੇ ਬਹੁਤ ਛੋਟਾ ਹੈ, ਉਹਦਾ ਪੂਰਾ ਪ੍ਰਛਾਵਾਂ ਧਰਤੀ ਦੇ ਸਿਰਫ ਥੋੜੇ ਹਿੱਸੇ 'ਤੇ ਹੀ ਪੈਂਦਾ ਹੈ। ਚੰਦਰਮਾ ਨੂੰ ਸੂਰਜ ਦੇ ਅੱਗੋਂ ਲੰਘਦਿਆਂ ਢਾਈ ਘੰਟੇ ਤੋਂ ਵੀ ਵੱਧ ਸਮਾਂ ਲਗਦਾ ਹੈ, ਪਰ ਉਸਦਾ ਮੁਕੰਮਲ ਪ੍ਰਛਾਵਾਂ ਸਿਰਫ ਤਿੰਨ ਕੁ ਮਿੰਟ ਹੀ ਰਹਿੰਦਾ ਹੈ। ਪਰ ਉਨ੍ਹਾਂ ਦੋ ਤਿੰਨ ਮਿੰਟਾਂ ਲਈ ਉਹ ਦਿਨ ਨੂੰ ਰਾਤ ਵਿਚ ਬਦਲ ਦਿੰਦਾ ਹੈ। ਇਸ ਅਚਾਨਕ ਪਈ ਰਾਤ ਨਾਲ ਜਾਨਵਰਾਂ ਦਾ ਵਰਤਾਰਾ ਅਜੀਬੋ ਗਰੀਬ ਹੋ ਜਾਂਦਾ ਹੈ, ਪੰਛੀ ਆਲ੍ਹਣਿਆਂ ਵਿਚ ਜਾ ਵੜਦੇ ਨੇ। ਇਹ ਪ੍ਰਛਾਵਾਂ ਸਾਰੀਆਂ ਥਾਵਾਂ 'ਤੇ ਇੱਕੋ ਵੇਲੇ ਨਹੀਂ ਪੈਂਦਾ ਸਗੋਂ ਧਰਤੀ ਤੇ ਚੰਦਰਮਾ ਦੀ ਘੁੰਮਣ ਘੇਰੀ ਦੇ ਨਾਲ ਨਾਲ ਤੁਰਦਾ ਰਹਿੰਦਾ ਹੈ। ਇਹ ਵਾਲਾ ਸੂਰਜ ਗ੍ਰਹਿਣ ਦੱਖਣੀ ਪ੍ਰਸ਼ਾਂਤ ਸਾਗਰ ਤੋਂ ਸ਼ੁਰੂ ਹੋ ਕੇ ਮੈਕਸੀਕੋ ਵਿਚੋਂ ਹੁੰਦਾ ਹੋਇਆ ਅਮਰੀਕਾ ਦੇ ਸੂਬੇ ਟੈਕਸਸ ਵਿਚ 12 ਵੱਜ ਕੇ 23 ਮਿੰਟ 'ਤੇ ਵੜਿਆ ਅਤੇ ਅਮਰੀਕਾ ਦੇ ਕਈ ਸੂਬਿਆਂ ਵਿਚੋਂ ਲੰਘਦਾ, ਕੈਨੇਡਾ ਦੇ ਓਂਟਾਰੀਓ ਸੂਬੇ ਵਿਚ ਦਾਖਲ ਹੋ ਗਿਆ ਅਤੇ ਫਿਰ ਕਿਊਬਕ ਵਿਚੋਂ ਹੁੰਦਾ ਹੋਇਆ ਨਿਊ ਫਾਊਂਡਲੈਂਡ ਦੀ ਤਟ 'ਤੇ ਖਤਮ ਹੋ ਗਿਆ।

ਮੈਂ ਤੇ ਮੇਰੀ ਜੀਵਨ ਸਾਥਣ, ਮਨਜੀਤ, ਤਿੰਨ ਕੁ ਵਜੇ ਆਕਸਫੋਰਡ ਦੇ ਲਾਗੇ ਪਹੁੰਚ ਗਏ। ਉੱਥੇ ਇੱਕ ਚਰਚ ਵਾਲਿਆਂ ਨੇ, ਲੋਕਾਂ ਨੂੰ ਗ੍ਰਹਿਣ ਦਾ ਨਜ਼ਾਰਾ ਮਾਨਣ ਲਈ, ਆਪਣੇ ਪਾਰਕਿੰਗ ਲਾਟ ਵਿਚ ਰੁਕਣ ਦੀ ਇਜਾਜ਼ਤ ਦਿੱਤੀ ਹੋਈ ਸੀ ਅਤੇ ਸੌ ਕੁ ਔਰਤਾਂ, ਮਰਦ ਅਤੇ ਬੱਚੇ ਉੱਥੇ ਪਹਿਲਾਂ ਹੀ ਇਕੱਠੇ ਹੋਏ ਸਨ। ਸਾਰਿਆਂ ਨੇ ਗ੍ਰਹਿਣ ਵੇਖਣ ਲਈ ਚਸ਼ਮੇ ਫੜੇ ਹੋਏ ਸਨ। ਅਸੀਂ ਵੀ ਇੱਕ ਪਾਸੇ ਥਾਂ ਲੱਭ ਕੇ ਘਾਹ 'ਤੇ ਬੈਠ ਗਏ। ਚਰਚ ਦੇ ਪਾਰਕਿੰਗ ਗਰਾਊਂਡ ਵਿਚ ਬੈਠਿਆਂ ਲਗਦਾ ਸੀ ਜਿਵੇਂ ਉਹ ਧਾਰਮਿਕ ਅਸਥਾਨ ਤੋਂ ਵੱਧ, ਕੋਈ ਇਨਸਾਨੀ ਜਗਿਆਸਾ ਅਤੇ ਅਚੰਭਾ ਪੂਰਤੀ ਵਾਲੀ ਬੰਦਰਗਾਹ ਹੋਵੇ। ਉਸ ਵੇਲੇ ਪੂਰੀ ਧੁੱਪ ਸੀ, ਪਰ ਜਦੋਂ ਅਸੀਂ ਚਸ਼ਮਾ ਲਾ ਕੇ ਸੂਰਜ ਵੱਲ ਵੇਖਿਆ ਤਾਂ ਤਕਰੀਬਨ ਦੋ ਤਿਆਹੀ ਸੂਰਜ ਨੂੰ ਚੰਦਰਮਾ ਢੱਕ ਚੁੱਕਾ ਸੀ। ਹੌਲੀ-ਹੌਲੀ ਸੂਰਜ ਦਾ ਘਟ ਰਿਹਾ ਕੱਦ ਵੇਖਦਿਆਂ ਲਗਦਾ ਸੀ ਜਿਵੇਂ ਅਸੀਂ ਸੂਰਜ ਨੂੰ ਨਹੀਂ, ਸਗੋਂ ਚੰਦਰਮਾ ਵੱਲ ਵੇਖ ਰਹੇ ਹੋਈਏ, ਜਿਹੜਾ ਵਧਦਾ-ਵਧਦਾ ਪੂਰਨਮਾਸ਼ੀ ਵੱਲ ਜਾਣ ਦੀ ਥਾਂ, ਘਟਦਾ ਘਟਦਾ, ਮੱਸਿਆ ਵੱਲ ਜਾ ਰਿਹਾ ਸੀ। ਜਦੋਂ ਸੂਰਜ ਦੇ ਪੂਰੇ ਢਕੇ ਜਾਣ ਨੂੰ ਪੰਜ ਕੁ ਮਿੰਟ ਰਹਿ ਗਏ ਤਾਂ ਤੇਜ਼ੀ ਨਾਲ ਵਧ ਰਹੀ ਸ਼ਾਮ ਵਾਲਾ ਵਾਤਾਵਰਣ ਬਣ ਗਿਆ। ਦਿਨ ਦੀ ਰੌਸ਼ਨੀ ਖਤਮ ਹੋਣ ਲੱਗੀ ਤੇ ਅਜੀਬ ਜਿਹਾ, ਸੂਰਜ ਦੇ ਛਿਪਣ ਵਾਲਾ ਸਮਾਂ ਲੱਗਣ ਲੱਗਾ। ਚਰਚ ਦੀਆਂ ਸੈਂਸਰਾਂ 'ਤੇ ਲੱਗੀਆਂ ਲਾਈਟਾਂ ਵਿਚ ਜਾਨ ਪੈ ਗਈ। ਤਾਪਮਾਨ ਘਟ ਗਿਆ ਤੇ ਕਾਰ 'ਚੋਂ ਕੱਢ, ਸਾਨੂੰ ਆਪਣੇ ਸਵੈਟਰ ਪਾਉਣੇ ਪਏ।

ਜਦੋਂ ਚੰਦਰਮਾ ਨੇ ਸੂਰਜ ਨੂੰ ਪੂਰਾ ਢਕ ਲਿਆ, ਤਾਂ ਅਸਲੀਅਤ ਇੱਕਦਮ ਬਦਲ ਗਈ। ਦਿਨ ਦੀ ਥਾਂ, ਰਾਤ ਸੀ। ਦਿਸਹੱਦੇ ਵਿਚ ਹਲਕੀ ਜਿਹੀ ਲਾਲੀ ਸੀ। ਸੂਰਜ ਹੁਣ ਇੱਕ ਲਾਟ ਦਾ ਚੱਕਰ ਲੱਗ ਰਿਹਾ ਸੀ, ਉਹੋ ਜਿਹਾ ਜਿਸ ਵਿਚੋਂ ਪੁਰਾਣੇ ਸਮਿਆਂ ਵੇਲੇ ਦੇ ਬਾਜ਼ੀਗਰ, ਛਾਲਾਂ ਮਾਰਿਆ ਕਰਦੇ ਸਨ। ਲਗਦਾ ਸੀ ਕੋਈ ਬ੍ਰਹਿਮੰਡੀ ਸਵਰਗ ਵਿਚੋਂ ਸਾਡੀ ਦੁਨੀਆਂ 'ਤੇ ਝਾਤ ਮਾਰ ਰਿਹਾ ਹੋਵੇ, ਜਿਸ ਦੀ ਚਮਕ ਸਾਨੂੰ ਸਾਰਿਆਂ ਨੂੰ ਜੋੜ ਰਹੀ ਸੀ, ਇਕਾਗਰ ਕਰ ਰਹੀ ਸੀ, ਜਿਵੇਂ ਕੋਈ ਸੂਫੀ ਫਕੀਰ ਉਸ ਕਰਨਹਾਰੇ ਦੀ ਕਵਿਤਾ ਸੁਣਾ ਰਿਹਾ ਹੋਵੇ।

ਕੁੱਝ ਮਿੰਟਾਂ ਬਾਅਦ ਸੂਰਜ, ਚੰਦਰਮਾ ਦੀ ਪਕੜ ਵਿਚੋਂ ਨਿਕਲ, ਦੁਬਾਰਾ ਆਪਣਾ ਤਾਜ ਸੰਭਾਲਣ ਲੱਗਾ ਅਤੇ ਚੜ੍ਹ ਰਹੀ ਸਵੇਰ ਵਾਂਗ ਉਸ ਦੀ ਚਮਕ ਹੌਲੀ-ਹੌਲੀ ਵਧਣ ਲੱਗੀ। ਪਰ ਉਹ ਕੁੱਝ ਮਿੰਟਾਂ ਵਾਲਾ ਸਾਂਝਾ ਅਹਿਸਾਸ ਹੁਣ ਸਾਡੇ ਦਿਲਾਂ ਵਿਚ ਪੱਕਾ ਵਾਸ ਕਰ ਚੁੱਕਾ ਸੀ।

ਸੰਪੂਰਨ ਸੂਰਜ ਗ੍ਰਹਿਣ ਨੂੰ ਵੇਖਣਾ, ਵਾਕਿਆ ਹੀ ਵਿਲੱਖਣ ਅਨੁਭਵ ਸੀ। ਕੋਈ ਅਦਭੁੱਤ ਸ਼ਾਂਤੀ ਸੀ ਜਿਹੜੀ ਸਾਨੂੰ ਸਾਰੇ ਵੇਖਣ ਵਾਲਿਆਂ ਨੂੰ ਕੁਦਰਤ ਦੀ ਵਿਸ਼ਾਲਤਾ ਨਾਲ ਜੋੜ ਰਹੀ ਸੀ। ਘਰ ਮੁੜਦਿਆਂ ਨੂੰ ਲਗਦਾ ਸੀ ਜਿਵੇਂ ਕਿਸੇ ਤੀਰਥ ਯਾਤਰਾ ਜਾ ਕੇ ਆਏ ਹੋਈਏ। ਚੰਦਰਮਾ ਦੇ ਪ੍ਰਛਾਂਵੇਂ ਵਿਚੋਂ ਜਿਸ ਰੋਸ਼ਨੀ ਦਾ ਸਾਨੂੰ ਅਨੁਭਵ ਹੋਇਆ, ਉਹ ਸਾਡੇ ਦਿਲਾਂ 'ਤੇ ਪੱਕਾ ਚਿੱਤਰ ਉਕਰਦੀ, ਸਾਨੂੰ ਸਿਰਫ ਤਾਰਿਆਂ ਨਾਲ ਹੀ ਨਹੀਂ, ਇੱਕ ਦੂਜੇ ਨਾਲ ਵੀ ਜੋੜ ਰਹੀ ਸੀ।

---

# ਘਰ ਵਾਪਸੀ

**ਵਿਅੰਗ**

ਅੱਜ ਕੱਲ੍ਹ ਸਾਡੇ ਦੇਸ਼ ਵਿਚ ਚੋਣ-ਪ੍ਰਚਾਰ ਜ਼ੋਰਾਂ 'ਤੇ ਹੈ। ਪਰਾਤਾਂ ਭਰ ਭਰ 'ਗਰੰਟੀਆਂ' ਦੇ ਗੁਲਗੁਲੇ ਵੰਡੇ ਜਾ ਰਹੇ ਹਨ! ਸ਼ਕਰਪਾਰੇ ਤੇ ਰੇਵੜੀਆਂ ਵੀ! ਧੜਾਧੜ 'ਘਰ ਵਾਪਸੀਆਂ' ਹੋ ਰਹੀਆਂ ਹਨ! ਕਈ ਤਾਂ ਘਰ ਛੱਡਣ ਉਪਰੰਤ ਖੋਟੇ ਸਿੱਕੇ ਵਾਂਗ ਫੌਰਨ ਹੀ ਵਾਪਸ ਪਰਤ ਆਏ ਪਰ ਕਈਆਂ ਨੂੰ ਆਪਣਾ ਘਰ 4-4, 10-10 ਸਾਲ ਬਾਅਦ ਚੇਤੇ ਆਇਆ।

ਘਰ ਆਖਿਰ ਘਰ ਹੀ ਹੁੰਦੈ। ਕਹਿੰਦੇ ਹਨ ਕਿ 'ਆਪਣਾ ਘਰ, ਚਾਹੇ ਹੱਗ ਹੱਗ ਭਰ! ਜੋ ਸੁਖ ਛੱਜੂ ਦੇ ਚੁਬਾਰੇ, ਉਹ ਨਾ ਬਲਖ ਨਾ ਬੁਖਾਰੇ! ਅੰਗਰੇਜ਼ੀ ਵਾਲੇ ਵੀ ਬਚਨ ਕਰਦੇ ਹਨ 'ਈਸਟ ਆਰ ਵੈਸਟ ਹੋਮ ਇਜ਼ ਦ ਬੈਸਟ'(ਘਰ ਸਭ ਤੋਂ ਉੱਤਮ, ਭਾਵੇਂ ਪੂਰਬ ਭਾਵੇਂ ਪੱਛਮ), ਘਰ ਖੀਰ ਤੇ ਬਾਹਰ ਖੀਰ, ਘਰੋਂ ਜਾਈਏ ਖਾ ਕੇ, ਬਾਹਰੋਂ ਮਿਲਣ ਪਕਾ ਕੇ, 'ਘਰਿ ਮਹਿ ਸੂਖ ਬਾਹਿਰ ਫੁਨਿ ਸੂਖਾ'॥ (ਗੁਰਬਾਣੀ, ਅੰਗ-385)।

ਸਿਆਣੇ ਕਹਿੰਦੇ ਹਨ ਕਿ ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਵਾਪਸ ਪਰਤ ਆਏ ਤਾਂ ਉਹਨੂੰ ਭੁੱਲਿਆ ਨਹੀਂ ਕਹਿੰਦੇ। ਪਰ ਇਹ ਜੋ ਸਾਲਾਂ ਬਾਅਦ ਘਰ ਪਰਤ ਰਹੇ ਹਨ, ਇਨ੍ਹਾਂ ਨੂੰ ਭਲਾ ਕੀ ਕਹਾਂਗੇ? ਆਮ ਬੋਲੀ 'ਚ ਤਾਂ ਇਨ੍ਹਾਂ ਨੂੰ 'ਟਰਨ ਕੋਟ' (ਕੋਟ ਬਦਲੂ) ਕਹਿੰਦੇ ਹਨ ਪਰ ਖਾਸ ਭਾਸ਼ਾ ਵਿਚ ਇਨ੍ਹਾਂ ਨੂੰ ਦਲ ਬਦਲੂ ਜਾਂ 'ਆਇਆ ਰਾਮ ਗਇਆ ਰਾਮ' ਦੀ ਸੰਗਿਆ ਦਿਤੀ ਜਾਂਦੀ ਹੈ। ਇਨ੍ਹਾਂ 'ਚੋਂ ਕਈ ਤਾਂ ਪਾਰਟੀਆਂ ਏਦਾਂ ਬਦਲਣਗੇ ਜਿਦਾਂ ਕੋਈ ਕੱਛੇ-ਬੁਨੈਣ ਬਦਲਦੈ। ਹਰ ਚੋਣ 'ਚ ਇਕ ਵੱਖਰੀ ਪਾਰਟੀ! ਹੈ ਨਾ ਕਮਾਲ। ਜਾਣੀ 'ਜਿਥੇ ਦੇਖਾਂ ਤਵਾ ਪਰਾਤ ਓਥੇ ਗਾਂਵਾਂ ਸਾਰੀ ਰਾਤ'!



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਪਹਿਲਾਂ 'ਕਾਲੀ' (ਮਹਿੰ) ਦਾ ਸਾਰੇ ਸੂਇਆਂ ਦਾ ਦੁੱਧ ਪੀ ਲਿਆ, ਫਿਰ 'ਬੂਰੀ' ਚੋਣ ਲੱਗ ਪਏ ਤੇ ਬਾਅਦ'ਚ 'ਪੰਜ-ਕਲਿਆਣੀ'! ਇਹ ਸਭ ਤੋਕੜ ਹੋਈਆਂ ਤਾਂ 'ਦੈਵੀ-ਗਿਆਨ' ਹੋਇਆ ਕਿ ਮਹਿਰੂਆਂ ਨਾਲੋਂ ਗੋਕਿਆਂ ਦਾ ਦੁੱਧ ਵਧੇਰੇ ਗੁਣਕਾਰੀ ਹੁੰਦੈ ਤਾਂ ਫਿਰ ਗਊ ਮਾਤਾ ਨੂੰ ਧਿਆਉਣ ਲੱਗ ਪਏ!

ਪਹਿਲਾਂ ਪਹਿਲ ਜਦ ਪੰਜਾਬ ਵਿਚ ਮੁੱਖ ਪਾਰਟੀਆਂ ਪਗੜੀਆਂ ਦੇ ਰੰਗਾਂ ਤੋਂ ਪਛਾਣੀਆਂ ਜਾਂਦੀਆਂ ਸਨ (ਕਾਂਗਰਸੀ ਸਫੈਦ ਤੇ ਅਕਾਲੀ ਨੀਲੀ) ਤਾਂ ਕਈ ਮੌਕਾਪ੍ਰਸਤ ਨੇਤਾ ਟਰੰਕਾਂ ਵਿਚ ਦੋ-ਦੋ ਰੰਗ ਦੀਆਂ ਪੱਗਾਂ ਸਾਂਭ ਕੇ ਰੱਖਦੇ ਸਨ। ਲੋੜ ਪਈ ਤਾਂ ਚਿੱਟੀ ਬੰਨ੍ਹ ਲਈ, ਲੋੜ ਪਈ ਤਾਂ ਨੀਲੀ! ਓਨ੍ਹੀਂ ਦਿਨੀਂ ਕਾਮਰੇਡਾਂ ਨੇ ਇਕ ਨਾਹਰਾ ਬਣਾਇਆ ਸੀ-'ਚਿੱਟੇ ਬਗਲੇ ਨੀਲੇ ਮੋਰ/ਇਹ ਵੀ ਚੋਰ ਤੇ ਓਹ ਵੀ ਚੋਰ'!

ਪੰਜਾਬ ਦੇ ਬਹੁਤੇ ਕਾਂਗਰਸੀ ਤਾਂ ਹੁਣ ਭਾਜਪਾ ਵਿਚ ਚਲੇ ਗਏ ਹਨ। ਸਾਡੇ ਪ੍ਰਾਂਤ 'ਚ ਭਾਜਪਾ ਹੁਣ ਕਾਂਗਰਸੀਆਂ ਦੀ ਪਾਰਟੀ ਹੀ ਲਗਦੀ ਹੈ। ਅਕਾਲੀਆਂ 'ਚੋਂ ਵੀ ਆਵਾਜਾਈ ਜਾਰੀ ਹੈ। ਕੁਝ ਜਾ ਚੁੱਕੇ ਹਨ, ਕੁਝ ਜਾਣ ਦੀ ਤਾਕ 'ਚ ਹਨ, ਕਈ ਵਾਪਸ ਵੀ ਪਰਤ ਆਏ ਹਨ। ਮੁੱਖ ਘਰ ਵਾਪਸੀ ਵਿਚ ਬਜ਼ੁਰਗ ਆਗੂ ਰਾਜ ਸਭਾ ਮੈਂਬਰ ਤੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ, ਉਸ ਦੇ ਪੁੱਤਰ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਬੀਬੀ ਜਗੀਰ ਕੌਰ ਸ਼ਾਮਲ ਹਨ। ਘਰ-ਛੋੜ ਬ੍ਰਿਗੇਡ ਵਿਚ ਕਾਂਗਰਸ ਦੇ 3 ਵਾਰ ਸੰਸਦ ਮੈਂਬਰ ਰਹੇ ਰਵਨੀਤ ਸਿੰਘ ਬਿੱਟੂ ਦਾ ਪਾਰਟੀ ਛੱਡ ਕੇ ਭਾਜਪਾ ਵਿਚ ਚਲੇ ਜਾਣਾ ਬੜਾ ਹੈਰਾਨਕੁਨ ਹੈ।

ਕਈ ਸੀਨੀਅਰ ਨੌਕਰਸ਼ਾਹ ਸਮਿਉਂ ਪਹਿਲਾਂ ਸੇਵਾ-ਮੁਕਤ ਹੋ ਕੇ ਤੇ ਜਾਂ ਪਹਿਲਾਂ ਹੀ ਰਿਟਾਇਰ ਹੋਣ ਉਪਰੰਤ ਸਿਆਸਤ ਵਿਚ ਕੁੱਦ ਰਹੇ/ਚੁੱਕੇ ਹਨ। ਬਹੁਤੇ ਭਾਜਪਾ ਵੱਲ ਭੱਜ ਰਹੇ ਹਨ। ਪੁਰਾਣੇ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਆਈ.ਏ.ਐਸ. ਨੂੰਹ ਪਰਮਪਾਲ ਕੌਰ ਸਿੱਧੂ ਦੀ ਤਾਜ਼ਾ ਮਿਸਾਲ ਸਾਹਮਣੇ ਹੈ। ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਭਾਜਪਾ ਵਿਚ ਸ਼ਾਮਲ ਹੋ ਗਈ ਹੈ, ਆਪਣੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਸਮੇਤ! 'ਜਿਧਰ ਗਈਆਂ ਬੇੜੀਆਂ ਓਧਰ ਗਏ ਮਲਾਹ'! ਜਥੇਦਾਰ ਮਲੂਕਾ ਜੀ ਦਾ ਅਗਲਾ ਪੈਂਤੜਾ ਕੀ ਹੋਊ, ਉਹ ਜਾਨਣ ਜਾਂ 'ਉਪਰਵਾਲਾ' ਜਾਣੇ!

ਖੈਰ, ਆਗੇ ਆਗੇ ਦੇਖੀਏ ਹੋਤਾ ਹੈ ਕਯਾ?

ਹਰ ਵੱਡੀ-ਛੋਟੀ ਪਾਰਟੀ ਵਿਚ ਆਉਣ-ਜਾਣ ਹੋਇਆ/ਜਾਰੀ ਹੈ। ਭਾਵੇਂ ਭਾਜਪਾ ਵਿਚ ਦੂਸਰੀਆਂ ਪਾਰਟੀਆਂ ਦੇ ਸਭ ਤੋਂ ਵਧੇਰੇ ਨੇਤਾ ਸ਼ਾਮਲ ਹੋਏ ਹਨ, ਇਸ 'ਚੋਂ ਕੁਝ ਗਏ ਵੀ ਹਨ। ਨਵੇਂ ਤਜਰਬੇ ਵਜੋਂ ਹੋਂਦ ਵਿਚ ਆਈ 'ਆਪ' ਵੀ ਬਚ ਨਹੀਂ ਸਕੀ। ਇਸ ਦਾ ਇੱਕ ਸੰਸਦ ਮੈਂਬਰ ਵੀ ਭਗਵਾਂ ਹੋ ਚੁੱਕੈ। ਜਾਣੀ 'ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ'॥ (ਅੰਗ 384)

ਇਸ ਤੋਂ ਇਲਾਵਾ ਕਈ ਨੇਤਾ ਜੇਲ੍ਹ ਭੇਜੇ ਜਾ ਰਹੇ ਹਨ, ਕਈ ਬਾਹਰ ਆ ਰਹੇ ਹਨ। ਕਿਸੇ ਮੁੱਖ ਮੰਤਰੀ ਨੂੰ ਉਸ ਦੇ ਸੇਵਾ ਕਾਲ ਦੌਰਾਨ ਜੇਲ੍ਹ ਵਿਚ ਡੱਕਣ ਦਾ ਅਤੇ ਉਸ ਵਲੋਂ ਜੇਲ੍ਹ 'ਚੋਂ ਹੀ ਸਰਕਾਰ ਚਲਾਉਣ ਦਾ ਦੇਸ਼ ਵਿਚਲਾ ਪਹਿਲਾ ਵਰਤਾਰਾ ਵੀ ਵਾਪਰ ਚੁੱਕਾ ਹੈ।

ਕਈਆਂ ਨੂੰ ਲਾਲਚ ਦਿੱਤੇ ਜਾ ਰਹੇ ਸਨ, ਕਰੋੜਾਂ ਦਾ ਭਾਅ ਲੱਗ ਰਿਹਾ ਹੈ ਅਤੇ ਕਈਆਂ ਨੂੰ ਡਰਾਵੇ ਦਿੱਤੇ ਜਾ ਰਹੇ ਹਨ ਕਿ ਜਾਂ ਤਾਂ ਸਾਡੇ ਘਰ ਆ ਜਾਓ ਨਹੀਂ ਤਾਂ 'ਵੱਡੇ ਘਰ' ਜਾਣ ਲਈ ਤਿਆਰ ਰਹੋ।

ਅਜਿਹੇ ਨਾਜ਼ੁਕ ਹਾਲਾਤ ਵਿਚ ਅਸੀਂ ਵੀ ਮਨ ਬਣਾਇਆ ਕਿ ਦੇਸ਼ ਸੇਵਾ ਹਿੱਤ ਆਪਣੀ ਪਾਰਟੀ ਗਠਿਤ ਕੀਤੀ ਜਾਵੇ! ਇਸ ਦਾ ਇਹ ਵੀ ਮਕਸਦ ਸੀ ਕਿ ਘਰ-ਛੋੜ ਜਾਂ ਘਰ ਵਾਪਸੀ ਵਾਲੇ ਮਹਾਨ ਨੇਤਾਵਾਂ ਦੀ ਸੂਚੀ ਵਿਚ ਸਾਡਾ ਵੀ ਨਾਮ ਆ ਸਕੇ। ਅਸੀਂ ਆਪਣੀ ਸ਼ਰੀਕੇ ਹਯਾਤ ਨਾਲ ਆਪਣੇ ਮਨ ਦੀ ਗੱਲ ਸਾਂਝੀ ਕੀਤੀ। ਉਸ ਨੇ ਆਮ ਵਾਂਗ ਸਾਡੀ ਰੱਜ ਕੇ ਖੁੰਬ ਠੱਪੀ। ਖੁੰਬ ਤਾਂ ਸਾਡੀ ਪਹਿਲਾਂ ਵੀ ਹਰ ਚੜ੍ਹੀ ਸਵੇਰ ਠੱਪੀ ਜਾਂਦੀ ਸੀ ਪਰ ਅਸੀਂ ਮਹਿਸੂਸ ਨਹੀਂ ਸੀ ਕਰਦੇ। ਪਰ ਚੋਣਾਂ ਦੌਰਾਨ ਖੁੰਬ ਦਾ ਠੱਪੇ ਜਾਣਾ ਸਾਨੂੰ ਬਹੁਤ ਬੁਰਾ ਲੱਗਾ। ਵਈ ਆਖਿਰ ਅਸੀਂ ਇਕ ਸਥਾਨਕ ਪਾਰਟੀ ਦੇ ਰਾਸ਼ਟਰੀ, ਬਲਕਿ ਕੌਮਾਂਤਰੀ, ਪ੍ਰਧਾਨ ਸਾਂ, ਕੋਈ ਲੱਲੀ-ਛੱਲੀ ਥੋੜੋ ਸਾਂ! ਪਰ ਕਰੀਏ ਕੀ, ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ!

ਸਾਡੀ ਹਯਾਤੀ ਦੀ 'ਘਰੇਲੂ ਸ਼ਾਰਕ', 'ਸੌਰੀ' ਸ਼ਰੀਕ, ਨੇ ਇਕ ਲੰਮਾ-ਚੌੜਾ ਭਾਸ਼ਨ ਦੇ ਮਾਰਿਆ। ਉਹ ਖੂੰਖਾਰ ਸ਼ੇਰਨੀ ਵਾਂਗ ਸ਼ਿਕਾਰ ਉਪਰ ਝਪਟਵੇਂ ਲਹਿਜ਼ੇ ਵਿਚ ਬੋਲੀ, 'ਅੱਗੇ ਘੱਟ ਹਨ ਪਾਰਟੀਆਂ ਸਾਡੇ ਦੇਸ਼ ਵਿਚ, ਜੋ ਤੂੰ ਹੁਣ ਆਪਣੀ ਨਵੀਂ ਪਾਰਟੀ ਬਣਾਉਣ ਦੀ ਸੋਚ ਰਿਹਾਂ? ਜ਼ਰਾ ਅੰਕੜੇ ਤਾਂ ਦੇਖ-6 ਰਾਸ਼ਟਰੀ ਪਾਰਟੀਆਂ, 58 ਪ੍ਰਾਂਤਕ ਪਾਰਟੀਆਂ, 2, 597 ਹੋਰ ਪਾਰਟੀਆਂ (ਜਿਨ੍ਹਾਂ ਨੂੰ 'ਰੱਪਸ' ਭਾਵ 'ਰਜਿਸਟਰਡ ਅਨਰੈਕੋਗਨਾਈਜ਼ਡ ਪੁਲਿਟੀਕਲ ਪਾਰਟੀਜ਼' ਕਹਿੰਦੇ ਹਨ)।

ਇਨ੍ਹਾਂ ਤੋਂ ਇਲਾਵਾ ਅਨੇਕਾਂ ਆਜ਼ਾਦ ਉਮੀਦਵਾਰ ਮੈਦਾਨ ਵਿਚ ਨਿੱਤਰ ਆਉਂਦੇ ਹਨ ਬੇਸ਼ਕ ਇਨ੍ਹਾਂ 'ਚੋਂ ਕਈਆਂ ਨੂੰ ਉਨ੍ਹਾਂ ਦੇ ਘਰ ਦੇ ਵੀ ਵੋਟ ਨਾ ਪਾਉਣ! (ਸਾਨੂੰ ਇੱਥੇ ਇਕ ਪੁਰਾਣੀ ਪਰ ਸੋਲਾਂ ਆਨੇ ਸੱਚੀ ਘਟਨਾ ਯਾਦ ਆ ਗਈ। ਇਕ ਆਜ਼ਾਦ ਉਮੀਦਵਾਰ ਨੂੰ ਨਾ ਤਾਂ ਉਸ ਦਾ ਨਾਮ 'ਪਰੋਪੋਜ਼' ਕਰਨ ਵਾਲਾ ਲੱਭ ਰਿਹਾ ਸੀ ਤੇ ਨਾ ਹੀ 'ਸੈਕੰਡ' ਕਰਨ ਵਾਲਾ। ਉਹ ਚੋਣ ਫਾਰਮ ਫੜੀ ਸਬੰਧਤ ਅਧਿਕਾਰੀ ਕੋਲ ਖੜਾ ਸੀ ਅਤੇ ਸਾਨੂੰ ਓਥੇ ਦੇਖ ਕੇ ਬੇਨਤੀ ਕਰਨ ਲੱਗਾ ਕਿ ਅਸੀਂ ਉਸ ਦੇ ਨਾਮ ਦੇ 'ਪਰੋਪੋਜ਼ਰ' ਬਣ ਜਾਈਏ, ਪਰ ਅਸੀਂ ਨਿਮਰਤਾ ਪੂਰਵਕ ਨਾਂਹ ਕਰ ਦਿੱਤੀ)।

ਖੈਰ, ਅਸੀਂ ਆਪਣੀ ਪਾਰਟੀ ਬਣਾ ਹੀ ਲਈ। ਨਾਮ ਰੱਖਿਆ 'ਪੰਜ ਪੱਪੇ' ਭਾਵ 'ਪਤਨੀ ਪੀੜਤ ਪਤੀ-ਪ੍ਰਮੇਸ਼ਵਰ ਪਾਰਟੀ'! ਸਾਡੇ ਵਰਗੇ ਹੋਰ ਕਈਆਂ ਨੇ ਸਾਨੂੰ ਹਮਾਇਤ ਦੇਣ ਦਾ ਭਰੋਸਾ ਦਿੱਤਾ। ਕਈਆਂ ਨੇ ਤਾਂ 'ਫੰਡ' ਦੇਣ ਦਾ ਵਾਅਦਾ ਵੀ ਕਰ ਮਾਰਿਆ।

ਵਾਰਸ ਸ਼ਾਹ ਦੀ ਹੀਰ ਦੀਆਂ ਸਤਰਾਂ, 'ਉਠ ਦੇਸ ਦੇ ਜੱਟ ਤਿਆਰ ਹੋਇ,/ਘਰੋ ਘਰੀ ਜਾ ਨਵੀਂ ਸਰਕਾਰ ਹੋਈ' ਵਾਂਗ ਅਸੀਂ ਚਾਈਂ-ਚਾਈਂ ਇਕ ਚੁਰ-ਕੋਠੜੀ ਜਿਹੀ ਵਿਚ ਆਪਣਾ ਦਫਤਰ ਵੀ ਖੋਲ੍ਹ ਲਿਆ। ਆਪਣੇ ਪੈਸੇ ਖਰਚ ਕੇ ਝੰਡੇ ਤੇ ਬੈਨਰ ਵੀ ਬਣਾ ਲਏ। ਦਫਤਰ ਵਿਚ ਚਾਹ-ਪਕੌੜਿਆਂ ਵੇਲੇ ਵਾਹਵਾ ਰੌਣਕ ਵੀ ਲੱਗਣ ਲੱਗ ਪਈ।

ਪਰ ਫੰਡ ਕਿਸੇ ਪਾਸਿਉਂ ਨਹੀਂ ਸਨ ਆ ਰਹੇ। ਅਸੀਂ ਸੋਚਿਆ ਸ਼ਾਇਦ ਨਿਆਂਪਾਲਿਕਾ ਵਲੋਂ 'ਚੋਣ-ਬਾਂਡਾਂ' ਦਾ ਠੀਕਰਾ ਚੌਰਾਹੇ ਵਿਚ ਭੰਨੇ ਜਾਣ ਕਾਰਨ ਲੋਕ ਡਰਦੇ ਮਾਰੇ ਸਾਨੂੰ ਸਿਆਸੀ-ਫੰਡਿੰਗ ਨਹੀਂ ਸਨ ਕਰ ਰਹੇ। ਪਰ ਸਾਨੂੰ ਕੀ ਪਤਾ ਸੀ ਕਿ ਅਸੀਂ ਤਾਂ 'ਘਰੋਂ ਭੁੱਖੇ ਨੰਗੇ ਤੇ ਮੀਆਂ ਮਹੱਲ ਦਾਰ', 'ਘਰ ਖਾਣ ਨੂੰ ਨਹੀਂ ਅੰਮਾ ਪੀਹਣ ਗਈ ਏ' ਤੇ 'ਘਰ ਫੂਕ ਕੇ ਤਮਾਸ਼ਾ ਵੇਖ' ਰਹੇ ਸਾਂ!

ਨਤੀਜਾ ਤਾਂ ਫਿਰ 'ਘਰੋਂ ਘਰ ਗਵਾਇਆ, ਭੌਂਦੂ ਨਾਉਂ ਰਖਾਇਆ' ਤੇ 'ਘਰੋਂ ਘਰ ਗੁਆਈਏ, ਬਾਹਰੋਂ ਮਖੌਲ ਕਰਾਈਏ' ਵਾਲਾ ਹੀ ਨਿਕਲਣਾ ਸੀ! ਸੋ, ਨਿਕਲਿਆ।

ਜਦ ਹੋਰਨਾਂ ਪਤਨੀਆਂ ਨੂੰ ਪਤਾ ਲੱਗਾ ਤਾਂ ਮੇਰੇ ਸਭ ਪਕੌੜਾ-ਖਾਊ ਹਮਾਇਤੀਆਂ ਦੀ ਬੜੀ ਗੱਜ ਵੱਜ ਕੇ ਵੇਲਣਾ-ਪਰੇਡ ਹੋਈ, ਤੇ ਸਾਡੀ ਵੀ ਘੱਟ ਨਹੀਂ ਹੋਈ! ਸਭ ਦੁੰਮ ਦਬਾ ਕੇ ਭੱਜ ਗਏ। ਅਸੀਂ ਵੀ ਭੱਜੇ, ਦੁੰਮ ਦਬਾ ਕੇ! ਪਰ 'ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ' ਵਾਂਗ ਮੁੜ ਕੇ ਕਰਨੀ ਘਰ-ਵਾਪਸੀ ਹੀ ਪਈ। ਤੇ ਨਾਲ ਹੀ ਜਿੰਨੀਆਂ ਪਈਆਂ ਉਹ ਤਾਂ ਪਾਉਣ ਵਾਲੀ ਹੀ ਜਾਣੇ, ਸਾਡਾ ਤਾਂ ਬਸ ਉਹ ਹਾਲ ਸੀ ਕਿ 'ਦੋ ਪਈਆਂ ਵਿਸਰ ਗਈਆਂ, ਸਦਕਾ ਢੂਈ ਦਾ'!

ਦਫਤਰ, ਚਾਹ-ਪਾਣੀ ਅਤੇ ਝੰਡਿਆਂ-ਡੰਡਿਆਂ ਦਾ ਖਰਚਾ ਕਰਜ਼ਾ ਚੁੱਕ ਕੇ ਲਾਹੁਣ ਉਪਰੰਤ ਅਸੀਂ ਆਪਣੀ 'ਮਾਲਕ-ਮਕਾਨ' ਦਾ ਮਿੰਨਤ-ਤਰਲਾ ਕਰ ਕੇ ਬੜੀ ਸ਼ਾਨੋ-ਸ਼ੌਕਤ ਨਾਲ 'ਘਰ-ਵਾਪਸੀ' ਕਰ ਲਈ! ਜਾਣੀ 'ਲੌਟ ਕੇ ਬੁੱਧੂ ਘਰ ਕੋ ਆਏ'! ਪਰ 'ਘਰ ਦਾ ਘਾਣ ਤੇ ਮੁਲਖੇ ਦੀ ਸ਼ੋਹਰਤ' ਤੋਂ ਬਚ ਗਏ!

# ਕਮਲਜੀਤ ਸਿੰਘ ਵਿਰਕ: ਕ੍ਰਾਂਤੀਕਾਰੀ ਤੋਂ ਕਾਰੋਬਾਰੀ

1973 ਦੀ ਜੁਲਾਈ-ਅਗਸਤ ਦਾ ਮਹੀਨਾ। ਅਸੀਂ ਮੋਗੇ ਦੇ ਸ਼ਹੀਦਾਂ ਦੀ ਯਾਦ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਫਗਵਾੜੇ ਪ੍ਰੋਗਰਾਮ ਕਰਨਾ ਸੀ। ਸ਼ਹੀਦ ਹਰਜੀਤ ਦੇ ਪਿਤਾ ਸੂਬੇਦਾਰ ਜਗੀਰ ਸਿੰਘ ਨੂੰ ਪਹਿਲਾਂ ਹੀ ਆਉਣ ਲਈ ਆਖ ਆਏ ਸੀ। ਸੋਚਿਆ ਕਿਉਂ ਨਾ ਕੁਝ ਇਨਕਲਾਬੀ ਕਵੀਆਂ ਨੂੰ ਬੁਲਾ ਕੇ ਉਨ੍ਹਾਂ ਨੂੰ ਸੁਣਿਆ ਜਾਵੇ। ਪਾਸ਼, ਕੇਵਲ ਕੌਰ ਤੇ ਜੈਮਲ ਪਡਾ ਉਸ ਸਮੇਂ ਚਰਚਿਤ ਨਾਂਅ ਸਨ। ਪਾਸ਼ ਉਨ੍ਹੀਂ ਦਿਨੀਂ ਜ਼ਿਆਦਾ ਪਿੰਡ ਹੀ ਰਹਿੰਦਾ ਸੀ ਤੇ ਕੇਵਲ ਕੌਰ ਜਲੰਧਰ। ਦੋਵਾਂ ਨੂੰ ਅਸਾਨੀ ਨਾਲ਼ ਹੀ ਮਿਲ ਲਿਆ ਪਰ ਜੈਮਲ ਦਾ ਪਿੰਡ ਦੂਰ ਸੀ। ਪਿੰਡ ਗਿਆ ਤਾਂ ਪਤਾ ਲੱਗਾ ਕਿ ਬਾਹਰ ਖੇਤਾਂ ਵਿਚ ਝੋਨੇ ਨੂੰ ਪਾਣੀ ਲਾਉਣ ਗਿਆ ਹੋਇਆ। ਮੈਂ ਪੁਛਦਾ ਪੁਛਾਉਂਦਾ ਉਹਨੂੰ ਜਾ ਲਭਿਆ। ਉਸਨੇ ਖ਼ੁਸ਼ੀ-ਖ਼ੁਸ਼ੀ ਆਉਣ ਦੀ ਹਾਮੀ ਭਰਦਿਆਂ ਕਿਹਾ ਕਿ



ਰਵਿੰਦਰ ਸਹਿਰਾਅ

ਸਾਡੇ ਨਾਲ਼ ਦੇ ਪਿੰਡ ਜਗਾਂ ਵਿਚ ਇਕ ਬਹੁਤ ਹੀ ਜੋਸ਼ੀਲਾ ਨੌਜੁਆਨ ਵਿਦਿਆਰਥੀ ਹੈ ਕਮਲਜੀਤ ਵਿਰਕ। ਜਿਸਨੇ ਹੁਣੇ ਹੁਣੇ ਨਡਾਲੇ ਕਾਲਜ ਵਿਚ ਦਾਖ਼ਲਾ ਲਿਆ। ਪੀ.ਐਸ.ਯੂ. ਦੇ ਉਹ ਬਹੁਤ ਕੰਮ ਆ ਸਕਦੈ।

ਫਿਰ ਕਿਸੇ ਸਮਾਗਮ 'ਤੇ ਉਸਨੇ ਕਮਲਜੀਤ ਨੂੰ ਸਾਡੇ ਨਾਲ਼ ਮਿਲਾਇਆ। ਉਹ ਵਾਕਈ ਬੜਾ ਹੀ ਉਤਸ਼ਾਹੀ ਤੇ ਯੂਨੀਅਨ ਨੂੰ ਸਮਰਪਿਤ ਨਿਕਲਿਆ। ਬੜੇ ਥੋੜ੍ਹੇ ਅਰਸੇ ਵਿਚ ਉਸਨੇ ਨਡਾਲੇ, ਬੇਗੋਵਾਲ, ਸੁਲਤਾਨਪੁਰ ਲੋਧੀ ਤੇ ਰਣਧੀਰ ਕਾਲਜ ਕਪੂਰਥਲਾ ਵਿਚ ਯੂਨੀਅਨ ਦੀਆਂ ਇਕਾਈਆਂ ਬਣਾ ਦਿਤੀਆਂ। ਇਲਾਕੇ ਦੇ ਕਈ ਹਾਈ ਸਕੂਲਾਂ ਨੂੰ ਵੀ ਯੂਨੀਅਨ ਨਾਲ਼ ਜੋੜਿਆ।



ਕੰਵਲਜੀਤ ਵਿਰਕ ਆਪਣੀ ਸਾਥਣ ਡਾ. ਮਨਮੋਹਨ ਕੌਰ ਵਿਰਕ ਨਾ਼ਲ

ਜੋਸ਼ੀਲੇ ਵਿਦਿਆਰਥੀਆਂ ਦਾ ਇਕ ਵਡਾ ਗਰੁਪ ਉਸਦੇ ਇਕ ਇਸ਼ਾਰੇ 'ਤੇ ਕੁਝ ਵੀ ਕਰਨ ਨੂੰ ਤਿਆਰ-ਬਰ-ਤਿਆਰ ਰਹਿੰਦਾ। ਮਲਕੀਤ ਚੀਮਾ, ਮਨਜੀਤ ਘਗ, ਗੁਰਮੀਤ ਚੀਮਾ, ਮਹਿੰਦਰ ਪੱਡਾ ਆਦਿ ਅਜਿਹੇ ਨੌਜੁਆਨ ਸਨ, ਜਿਨ੍ਹਾਂ ਨੇ ਅਗੇ ਜਾ ਕੇ ਕਈ ਘੋਲਾਂ ਦੀ ਅਗਵਾਈ ਕੀਤੀ। ਪਾਸ਼ ਦੇ ਕਤਲ ਤੋਂ ਬਾਅਦ ਜਦੋਂ ਖ਼ਾਲਿਸਤਾਨੀਆਂ ਨੇ ਐਲਾਨ ਕਰ ਦਿਤਾ ਕਿ ਜਿਹੜਾ ਵੀ ਉਸਦੀ ਜ਼ਮੀਨ ਵਾਹੁਣ ਆਏਗਾ ਉਸ ਨੂੰ ਵੀ ਅਸੀਂ ਏ ਕੇ 47 ਨਾ਼ਲ ਟਕਰਾਂਗੇ ਤਾਂ ਇਹ ਮਰਹੂਮ ਮਲਕੀਤ ਚੀਮਾ ਤੇ ਉਸਦੇ ਸਾਥੀ ਹੀ ਸਨ, ਜਿਨ੍ਹਾਂ ਨੇ ਟਰੈਕਟਰ-ਟਰਾਲੀਆਂ ਲਿਆ ਕੇ ਉਸਦੀ ਜ਼ਮੀਨ ਵੀ ਵਾਹੀ ਤੇ ਉਨ੍ਹਾਂ ਨੂੰ ਲਲਕਾਰਿਆ ਵੀ। ਆਹ ਪਾਸ਼ ਟਰਸਟ ਵਾਲੇ ਤੇ ਹੁਣ ਪਾਸ਼ ਦੇ ਸਭ ਤੋਂ ਨੇੜਲੇ ਦਸਣ ਵਾਲੇ ਪਤਾ ਨਹੀਂ ਕਿਹੜੀਆਂ ਖੁਡਾਂ ਵਿਚ ਵੜੇ ਰਹੇ। ਜਦੋਂ ਮਾਹੌਲ ਆਮ ਹੋ ਗਿਆ ਤਾਂ ਇਹ ਡਡੂਆਂ ਦੀ ਪੰਸੇਰੀ ਵਾਂਗ ਬਾਹਰ ਨਿਕਲੇ ਤੇ ਗੜੈਂ-ਗੜੈਂ ਕਰਨ ਲਗ ਪਏ ਤੇ ਹੁਣ ਤਕ ਕਰ ਰਹੇ ਹਨ।

ਖ਼ੈਰ...ਗੱਲ ਤਾਂ ਆਪਾਂ ਕਮਲਜੀਤ ਦੀ ਕਰ ਰਹੇ ਸੀ। 18 ਅਪ੍ਰੈਲ 1956 ਨੂੰ ਉਹ ਮਾਤਾ ਦਲੀਪ ਕੌਰ ਦੀ ਕੁਖੋਂ ਜਨਮਿਆ। ਪਿਤਾ ਸ਼ਿਵਦੇਵ ਸਿੰਘ ਉਸਦੇ ਬਚਪਨ 'ਚ ਹੀ ਗੁਜ਼ਰ ਗਿਆ। ਪੰਜ ਭਰਾਵਾਂ ਤੇ ਦੋ ਭੈਣਾਂ 'ਚੋਂ ਉਹ ਪੰਜਵੇਂ ਨੰਬਰ 'ਤੇ ਸੀ। ਵਡਾ ਭਰਾ ਹਰਬੰਸ ਸਿੰਘ ਵਿਰਕ ਫਗਵਾੜੇ ਪ੍ਰੋਫ਼ੈਸਰ ਸੀ, ਕੁਝ ਸਾਲ ਉਹ ਉਸ ਕੋਲ ਰਹਿ ਕੇ ਪੜ੍ਹਦਾ ਰਿਹਾ। ਖੇਡਾਂ ਵਿਚ ਉਸ ਦੀ ਖ਼ਾਸ ਰੁਚੀ ਸੀ ਪਰ ਫਿਰ ਪਿੰਡ ਚਲਾ ਗਿਆ।

ਨਕਸਲੀ ਲਹਿਰ ਆਪਣੇ ਅੰਤਲੇ ਦਮਾਂ 'ਤੇ ਸੀ ਪਰ ਹੁਣ ਉਹ ਜਨਤਕ ਜਥੇਬੰਦੀਆਂ ਵਿਚ ਬਦਲ ਕੀ ਸੀ। ਬਹੁਤ ਸਾਰੇ ਸਾਥੀ ਅਜੇ ਵੀ ਅੰਡਰ ਗਰਾਊਂਡ (ਰੂਪੋਸ਼) ਸਨ। ਜਿਨ੍ਹਾਂ ਦੇ ਸਿਰਾਂ ਦੇ ਮੁਲ ਰਖੇ ਹੋਏ ਸਨ। ਕਮਲਜੀਤ ਦੇ ਯੂਨੀਅਨ ਵਿਚ ਸਰਗਰਮ ਹੋਣ ਨਾ਼ਲ ਬਹੁਤ ਸਾਰੇ ਗੁਪਤ ਆਗੂਆਂ ਦਾ ਵੀ ਘਰ ਆਉਣਾ ਜਾਣਾ ਸ਼ੁਰੂ ਹੋ ਗਿਆ। ਉਨ੍ਹਾਂ ਦੇ ਭੇਸ ਵੀ ਬਦਲੇ ਹੋਏ ਸਨ ਤੇ ਨਾਮ ਵੀ। ਅਸੀਂ ਸਿਰਫ਼ ਬਦਲੇ ਹੋਏ ਨਾਵਾਂ ਨਾ਼ਲ ਹੀ ਉਨ੍ਹਾਂ ਨੂੰ ਜਾਣਦੇ ਸੀ। ਉਂਜ ਉਹ ਬਹੁਤ ਹੀ ਸਿਆਣੇ, ਮਿਲਣਸਾਰ ਤੇ ਪਰਿਵਾਰਕ ਸਨ। ਗਾਹੇ-ਬਗਾਹੇ ਉਨ੍ਹਾਂ ਮਾਰਕਸਵਾਦ ਬਾਰੇ ਸਕੂਲਿੰਗ ਵੀ ਕਰਨੀ। ਪਰ ਕਮਲਜੀਤ ਨੇ ਕਦੇ ਜ਼ਿਆਦਾ ਧਿਆਨ ਨਾ ਦੇਣਾ, ਉਹ ਤਾਂ ਕਰਨ ਵਿਚ ਵਿਸ਼ਵਾਸ ਕਰਦਾ ਸੀ। ਕਿਸੇ ਵੀ ਮਸਲੇ ਨੂੰ ਉਹ ਲਟਕਾਉਣਾ ਨਹੀਂ ਸੀ ਚਾਹੁੰਦਾ ਸਗੋਂ ਝਟ ਪਟ ਉਹਦਾ ਹਲ ਕਰਨਾ ਚਾਹੁੰਦਾ ਸੀ।

ਉਹਦੀਆਂ ਸਰਗਰਮੀਆਂ ਨੂੰ ਦੇਖਦਿਆਂ ਉਸਨੂੰ ਕਪੂਰਥਲਾ ਜ਼ਿਲ੍ਹੇ ਦਾ ਇੰਚਾਰਜ ਬਣਾ ਦਿਤਾ ਗਿਆ। ਜ਼ਿਲ੍ਹੇ ਦੇ ਵਿਦਿਆਰਥੀਆਂ ਵਿਚ ਉਹਨੇ ਇਨਕਲਾਬੀ ਰੂਹ ਫੂਕ ਦਿਤੀ। ਕਾਲਜਾਂ ਦੇ ਪ੍ਰਿੰਸੀਪਲ ਤੇ ਪ੍ਰੋਫ਼ੈਸਰ ਉਸਨੂੰ ਮਾਣ-ਸਤਿਕਾਰ ਦੇਣ ਲਗੇ। ਮੈਨੇਜਮੈਂਟਾਂ ਨਾ ਚਾਹੁੰਦਿਆਂ ਵੀ ਉਹਦੀ ਹਾਂ ਵਿਚ ਹਾਂ ਮਿਲਾਉਂਦੀਆਂ। ਵਿਦਿਆਰਥੀ-ਵਿਦਿਆਰਥਣਾਂ ਉਹਦੇ ਇਕ ਸਦੇ 'ਤੇ ਕਲਾਸਾਂ 'ਚੋਂ ਬਾਹਰ ਆ ਕੇ ਉਹਦੀ ਗੱਲ ਸੁਣਦੇ। ਉਹਦੇ ਭਾਸ਼ਣ ਵਿਚ ਲੋਹੜੇ ਦਾ ਜੋਸ਼ ਹੁੰਦਾ। ਸੁਣ ਕੇ ਅਧਿਆਪਕ ਵੀ ਅਸ਼-ਅਸ਼ ਕਰ ਉੱਠਦੇ। ਕਾਲਜਾਂ ਵਿਚ ਕਵੀ ਦਰਬਾਰ ਕਰਵਾਉਂਦਾ। ਦਰਸ਼ਨ ਖਟਕੜ, ਸੰਤ ਰਾਮ ਉਦਾਸੀ, ਜਸਵੰਤ ਖਟਕੜ, ਜੈਮਲ ਪੱਡਾ, ਕੇਵਲ ਕੌਰ ਆਪਣੀਆਂ ਇਨਕਲਾਬੀ ਲਿਖਤਾਂ ਨਾ਼ਲ ਵਿਦਿਆਰਥੀਆਂ ਦੇ ਜੋਸ਼ ਨੂੰ ਦੂਣ ਸਵਾਇਆ ਕਰ ਦਿੰਦੇ। ਮੈਨੂੰ ਯਾਦ ਹੈ, ਇਕ ਵੇਰ ਸ਼ਾਇਰ ਅਮਿਤੋਜ (ਜੋ ਉਸੇ ਇਲਾਕੇ ਦਾ ਸੀ) ਉਚੇਚਾ ਦਰਸ਼ਨ ਖਟਕੜ ਨੂੰ ਕਵੀ ਦਰਬਾਰ 'ਚ ਮਿਲਣ ਆਇਆ। ਉਹ ਕਾਫ਼ੀ ਦੇਰ ਵਿਚਾਰ-ਵਿਟਾਂਦਰਾ ਕਰਦੇ ਰਹੇ। ਅਮਿਤੋਜ ਦੀ ਭੈਣ ਵੀ ਸ਼ਾਇਦ ਉਦੋਂ ਨਡਾਲੇ ਕਾਲਜ ਵਿਚ ਹੀ ਪੜ੍ਹਦੀ ਸੀ।

1974 ਵਿਚ ਪੀ.ਐਸ.ਯੂ. ਵਿਚਾਰਧਾਰਕ ਜਾਂ ਜਥੇਬੰਦਕ ਵਖਰੇਵਿਆਂ ਕਰਕੇ ਦੋਫਾੜ ਹੋ ਗਈ। ਨਵੇਂ ਗਰੁਪ ਦੀ ਅਗਵਾਈ ਬਿਕਰ ਕੰਮੇਆਣਾ (ਪਹਿਲਾਂ ਵੀ ਤੇ ਹੁਣ ਫਿਰ ਮੁੜ ਕੇ ਬਿਕਰ ਐਸ਼ੀ) ਨੇ ਕੀਤੀ। ਨਵੀਂ ਪੀ.ਐਸ.ਯੂ. ਦੀ ਸੂਬਾ ਕਮੇਟੀ ਵਿਚ ਕਮਲਜੀਤ ਨੂੰ ਵੀ ਲੈ ਲਿਆ ਗਿਆ ਤੇ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਦਿਤੀ ਗਈ। ਪਿੰਡ ਰੋਡੇ ਵਿਚ ਸੂਬਾਈ ਇਜਲਾਸ ਵੀ ਕੀਤਾ ਗਿਆ ਪਰ ਛੇਤੀ ਹੀ ਜੂਨ 1975 ਵਿਚ ਐਮਰਜੈਂਸੀ ਲਗ ਗਈ। ਬਹੁਤ ਸਾਰੀਆਂ ਯੂਨੀਅਨਾਂ 'ਤੇ ਪਾਬੰਦੀ ਲਾ ਦਿਤੀ ਗਈ। ਵਿਰੋਧੀਆਂ ਨੂੰ ਜੇਲ੍ਹਾਂ ਅੰਦਰ ਡਕ ਦਿਤਾ ਗਿਆ। ਪਾਰਟੀ ਵਾਲਿਆਂ ਯੂਨੀਅਨ ਦੇ ਆਗੂਆਂ ਨੂੰ ਵੀ ਗੁਪਤਵਾਸ ਚਲੇ ਜਾਣ ਲਈ ਹੁਕਮ ਕੀਤਾ। ਕਮਲਜੀਤ ਦੀ ਡਿਊਟੀ ਦੁਆਬੇ ਤੋਂ ਹਟਾ ਕੇ ਮਾਲਵੇ 'ਚ ਲਾ ਦਿਤੀ ਗਈ। ਉਸਨੇ ਕੇਸ ਵੀ ਕਟਵਾ ਲਏ ਤੇ ਨਾਮ ਵੀ ਬਦਲ ਲਿਆ। ਉਹ ਜਦ ਕਦੇ ਦੁਆਬੇ 'ਚ ਆਉਂਦਾ ਤਾਂ ਸਾਡੇ ਪਿੰਡ ਆ ਕੇ ਰਹਿੰਦਾ। ਕਿਉਂਕਿ ਸਾਡੇ ਪਿੰਡ ਕੋਈ ਟਾਊਟ ਨਹੀਂ ਸੀ ਤੇ ਸਾਰਾ ਪਿੰਡ ਸਾਡਾ ਸਾਥ ਦਿੰਦਾ ਸੀ। ਹੋਰ ਵੀ ਕਈ ਗੁਪਤ ਆਗੂ ਸਾਡੇ ਘਰ ਆ ਕੇ ਰਹਿੰਦੇ ਰਹੇ। ਗਲੀ-ਗੁਆਂਢ ਉਨ੍ਹਾਂ ਨੂੰ ਘਰ ਦੇ ਜੀਆਂ ਵਾਂਗ ਪਿਆਰ-ਸਤਿਕਾਰ ਦਿੰਦਾ।

ਉਧਰ ਪਿੰਡ ਜਗਾ ਵਿਚ ਪੁਲਿਸ ਦੇ ਛਾਪੇ ਪੈਣੇ ਆਮ ਹੋ ਗਏ। ਉਹ ਚਾਹੁੰਦੇ ਸੀ ਕਿ ਕਮਲਜੀਤ ਨੂੰ ਪੇਸ਼ ਕਰੋ। ਡੰਗਰਾਂ ਤਕ ਨੂੰ ਵੀ ਥਾਣੇ ਲੈ ਗਏ। ਜਾਂ ਡੰਗਰ ਖੋਲ੍ਹ ਕੇ ਲੋਕਾਂ ਦੀਆਂ ਪੈਲੀਆਂ ਵਿਚ ਛਡੇ ਜਾਣ ਲਗੇ। ਉਸਦੇ ਭਰਾਵਾਂ ਨੂੰ ਵੀ ਥਾਣੇ ਲਿਜਾ ਕੇ ਖਜਲ-ਖੁਆਰ ਕੀਤਾ ਜਾਣ ਲਗਿਆ। ਬਸ ਇਹ ਨਿਤ ਦਾ ਕਰਮ ਹੋ ਗਿਆ ਪਰ ਸਦਕੇ ਜਾਈਏ ਮਾਤਾ ਦੇ ਜਿਹਨੇ ਪੂਰੇ ਹੌਸਲੇ ਨਾ਼ਲ ਡਟ ਕੇ ਮੁਕਾਬਲਾ ਕੀਤਾ। ਛੋਟੇ ਭਰਾਵਾਂ 'ਚ ਦਹਿਸ਼ਤ ਤਾਂ ਸੀ ਪਰ ਪੂਰੇ ਸਿਦਕ ਨਾ਼ਲ ਆਪਣੇ ਭਰਾ ਨਾ਼ਲ ਖੜ੍ਹੇ ਸਨ। ਜਦੋਂ ਅਖ਼ੀਰ ਹੋ ਗਈ ਤਾਂ ਇਕ ਦਿਨ ਵਡੇ ਭਰਾ ਪ੍ਰੋ. ਹਰਬੰਸ ਸਿੰਘ ਵਿਰਕ ਹੋਰੀਂ ਸਾਡੇ ਪਿੰਡ (ਹਰਦੋ ਫਰਾਲੇ) ਆਏ। ਕਮਲਜੀਤ ਵੀ ਆਇਆ ਹੋਇਆ ਸੀ। ਉਨ੍ਹਾਂ ਸੁਝਾਅ ਦਿਤਾ ਕਿ ਕਮਲਜੀਤ ਨੂੰ ਪੇਸ਼ ਕਰਵਾ ਦਈਏ। ਪਰ ਉਸਨੇ ਸਾਫ਼ ਨਾਂਹ ਕਰ ਦਿਤੀ। ਆਖ਼ਰ ਉਹ ਵਾਪਸ ਚਲੇ ਗਏ। ਮਾੜੀ ਗੱਲ ਇਹ ਹੋਈ ਕਿ ਫਰਵਰੀ 1976 ਵਿਚ ਸਾਡੀ ਸਾਰੀ ਸੂਬਾ ਕਮੇਟੀ ਨੂੰ ਇਕ ਹੀ ਸਾਡੇ ਹੀ ਇਕ ਭੇਤੀ ਨੇ ਪੁਲਿਸ ਨੂੰ ਮੁਖ਼ਬਰੀ ਕਰਕੇ ਸਾਨੂੰ ਫੜਵਾ ਦਿਤਾ। ਸਿਟੇ ਵਜੋਂ ਅਸੀਂ ਸਮੇਤ ਕਮਲਜੀਤ ਐਮਰਜੈਂਸੀ ਦੇ ਟੁਟਣ ਤਕ ਵਖ-ਵਖ ਜੇਲ੍ਹਾਂ ਵਿਚ ਬੰਦ ਰਹੇ। ਸਗੋਂ ਐਮਰਜੈਂਸੀ ਖ਼ਤਮ ਹੋਣ ਤੋਂ ਬਾਅਦ ਵੀ ਜਨਤਾ ਪਾਰਟੀ ਦੀ ਸਰਕਾਰ ਬਣਨ ਸਮੇਂ ਹੀ ਰਿਹਾਅ ਕੀਤੇ ਗਏ।

ਇਸੇ ਤਰ੍ਹਾਂ ਇਕ ਦਿਨ ਉਹ ਜੇ.ਬੀ.ਟੀ. ਕਾਲਜ ਸ਼ੇਖ਼ੂਪੁਰਾ (ਕਪੂਰਥਲਾ) ਵਿਚ ਯੂਨੀਅਨ ਦੀ ਚੋਣ ਕਰਵਾਉਣ ਗਿਆ। ਪ੍ਰੋ. ਹਰਭਜਨ ਸਿੰਘ ਦਾ ਛੋਟਾ ਭਰਾ ਗੁਰਦੀਪ ਸਿੰਘ ਤੇ ਕਸ਼ਮੀਰ ਸਿੰਘ ਉਥੇ ਸਰਗਰਮ ਸਨ। ਪਾਸ਼ ਵੀ ਉਥੇ ਜੇ.ਬੀ.ਟੀ. ਵਿਚ ਦਾਖਲ ਸੀ। ਆਪਣੇ ਭਾਸ਼ਣ ਤੋਂ ਬਾਅਦ ਕਮਲਜੀਤ ਨੇ ਪਾਸ਼ ਨੂੰ ਕੋਈ ਕਵਿਤਾ ਸੁਣਾਉਣ ਲਈ ਕਿਹਾ ਤਾਂ ਅਗੋਂ ਪਾਸ਼ ਕਹਿੰਦਾ, 'ਕਮਲਜੀਤ ਤੇਰਾ ਭਾਸ਼ਣ ਭਲਾ ਕਵਿਤਾ ਤੋਂ ਘਟ ਸੀ, ਤੂੰ ਸਾਰੀਆਂ ਗੱਲਾਂ ਤਾਂ ਕਹਿ ਗਿਆਂ।'

ਸਾਰਿਆਂ ਵਾਂਗ ਕਮਲਜੀਤ ਨੇ ਵੀ ਜੇਲ੍ਹ ਤੋਂ ਬਾਹਰ ਆ ਕੇ ਫਿਰ ਕਾਲਜ ਵਿਚ ਦਾਖ਼ਲਾ ਲਿਆ ਤੇ ਮੁੜ ਯੂਨੀਅਨ ਦੀਆਂ ਸਰਗਰਮੀਆਂ ਸ਼ੁਰੂ ਕਰ ਦਿਤੀਆਂ। ਉਸਦੀ ਹਰਮਨ ਪਿਆਰਤਾ ਪਹਿਲਾਂ ਨਾ਼ਲੋਂ ਵੀ ਵਧ ਗਈ। ਹੁਣ ਉਹ ਲੋਕਾਂ ਵਿਚ ਇਕ ਨਾਇਕ ਬਣ ਕੇ ਉੱਭਰਿਆ। ਪਿੰਡ ਦੀ ਪੰਚਾਇਤ ਨੇ ਪੰਚ ਵੀ ਚੁਣ ਲਿਆ। ਫ਼ੈਸਲਾ ਕਰਵਾਉਣ ਲਈ ਲੋਕਾਂ ਦਾ ਇਕਠ ਘਰ ਵਿਚ ਤੇ ਵਿਦਿਆਰਥੀ ਮਸਲੇ ਹੱਲ ਕਰਾਉਣ ਲਈ ਕਾਲਜਾਂ ਵਿਚ ਭੀੜਾਂ ਜੁੜਨ ਲਗੀਆਂ। ਇਨ੍ਹੀਂ ਦਿਨੀਂ ਸੁਲਤਾਨਪੁਰ ਕਾਲਜ ਵਿਚ ਫ਼ੀਸਾਂ ਨੂੰ ਲੈ ਕੇ ਵਿਦਿਆਰਥੀਆਂ ਨੇ ਘੋਲ ਆਰੰਭਿਆ। ਕਾਲਜ ਦਾ ਪ੍ਰਿੰਸੀਪਲ ਮੰਤਰੀ ਆਤਮਾ ਸਿੰਘ ਦਾ ਜਵਾਈ ਹੋਣ ਕਰਕੇ ਢੀਠ ਬਣਿਆ ਬੈਠਾ ਸੀ। ਕਮਲਜੀਤ ਉਥੇ ਗਿਆ ਤੇ ਉਹਨੂੰ ਚੈਲਿੰਜ ਕੀਤਾ ਕਿ ਜਾਂ ਤਾਂ ਮੰਗਾਂ ਮੰਨ ਨਹੀਂ ਤਾਂ ਤੈਨੂੰ ਦਫ਼ਤਰੋਂ ਬਾਹਰ ਨਹੀਂ ਨਿਕਲਣ ਦੇਣਾ। ਪੁਲਿਸ ਦੀ ਧਾੜ ਆਈ ਤੇ ਕਮਲਜੀਤ ਨੂੰ ਗ੍ਰਿਫ਼ਤਾਰ ਕਰਕੇ ਕਪੂਰਥਲਾ ਜੇਲ੍ਹ ਵਿਚ ਡਕ ਦਿਤਾ। ਦੂਜੇ ਦਿਨ ਵਿਦਿਆਰਥੀਆਂ ਦੀਆਂ ਵਹੀਰਾਂ ਕਪੂਰਥਲੇ ਆਣ ਪਹੁੰਚੀਆਂ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵੇਰ ਹੋਇਆ ਕਿ ਵਿਦਿਆਰਥੀ ਜੇਲ੍ਹਾਂ ਦੀਆਂ ਕੰਧਾਂ ਉੱਪਰ ਚੜ੍ਹ ਗਏ ਤੇ ਅੰਦਰੋਂ ਕਮਲਜੀਤ ਨੇ ਬੜਾ ਹੀ ਜੋਸ਼ੀਲਾ ਭਾਸ਼ਣ ਦਿਤਾ। ਬਸ ਅਗਲੇ ਦਿਨ ਹੀ ਵਿਦਿਆਰਥੀਆਂ ਦੀਆਂ ਮੰਗਾਂ ਵੀ ਮੰਨ ਲਈਆਂ ਗਈਆਂ ਤੇ ਕਮਲਜੀਤ ਨੂੰ ਵੀ ਬਿਨਾਂ ਸ਼ਰਤ ਰਿਹਾਅ ਕਰ ਦਿਤਾ ਗਿਆ।

ਜਿਉਂ-ਜਿਉਂ ਉਸਦੀ ਲੋਕ-ਪ੍ਰਿਅਤਾ ਵਧ ਰਹੀ ਸੀ, ਉਹ ਪੁਲਿਸ ਦੀਆਂ ਅਖਾਂ ਵਿਚ ਰੜਕਣ ਲਗਾ। ਹੁਣ ਉਹ ਕੋਈ ਬਹਾਨਾ ਭਾਲਦੇ ਸਨ ਕਿ ਕਿਵੇਂ ਕੋਈ ਝੂਠਾ ਕੇਸ ਪਾ ਕੇ ਉਸਨੂੰ ਨਜ਼ਰਬੰਦ ਕੀਤਾ ਜਾਵੇ। ਇਲਾਕੇ ਦੇ ਟਾਊਟਾਂ ਦਾ ਸਹਾਰਾ ਵੀ ਲਭਦੇ ਰਹੇ ਪਰ ਕੋਈ ਵੀ ਉਹਦੇ ਖ਼ਿਲਾਫ਼ ਝੂਠਾ ਕੇਸ ਪਾਉਣ ਲਈ ਤਿਆਰ ਨਾ ਹੋਇਆ।



ਕਮਲਜੀਤ ਵਿਰਕ ਦੀ ਕਾਲਜ ਵੇਲੇ ਦੀ ਅਤੇ ਹੁਣ ਦੀ ਤਸਵੀਰ।

ਇਕ ਦਿਨ ਉਹ ਸਾਡੇ ਪਿੰਡ ਆਇਆ ਤਾਂ ਕਹਿੰਦਾ, 'ਯਾਰ ਹੁਣ ਏਥੇ ਤਾਂ ਇਨ੍ਹਾਂ ਪੁਲਿਸ ਵਾਲਿਆਂ ਟਿਕਣ ਨਹੀਂ ਦੇਣਾ। ਮੈਂ ਚਾਹੁੰਦਾਂ ਕਿਤੇ ਬਾਹਰ ਚਲਿਆ ਜਾਵਾਂ।' ਉਹ ਘਰਦਿਆਂ ਨਾ਼ਲ ਵੀ ਸਲਾਹ ਕਰਕੇ ਆਇਆ ਸੀ। ਮੈਂ ਵੀ ਸਹਿਮਤ ਸੀ। ਏਧਰੋਂ-ਉਧਰੋਂ ਪੈਸੇ ਇਕਠੇ ਕੀਤੇ। ਉਹਦਾ ਪਾਸਪੋਰਟ ਬਣਵਾਇਆ। 1981 ਵਿਚ ਉਹ ਵਿਜ਼ਿਟਰ ਵੀਜਾ ਲੈ ਕੇ ਸੈਨਫ਼ਰਾਂਸਿਸਕੋ ਦੇ ਏਅਰਪੋਰਟ 'ਤੇ ਆ ਉੱਤਰਿਆ। ਉੱਥੋਂ ਸ਼ਿਕਾਗੋ ਤੇ ਫਿਰ ਸਿਲਵੋਕੀ ਜਾ ਡੇਰੇ ਲਾਏ। ਕੁਝ ਹੋਰ ਹਮਖ਼ਿਆਲ ਮਿਲ ਗਏ। ਇਕ ਧਨਾਢ ਹਿੰਦੁਸਤਾਨੀ ਕੋਲ ਗ਼ੁਲਾਮਾਂ ਵਾਂਗ ਕਈ ਵਰ੍ਹੇ ਕੰਮ ਕੀਤਾ। ਕੰਮ ਹੀ ਕੰਮ। ਬਸ ਚਲ ਸੋ ਚਲ। ਬਾਰਾਂ-ਬਾਰਾਂ ਘੰਟੇ, ਕਦੇ ਅਠਾਰਾਂ-ਅਠਾਰਾਂ ਘੰਟੇ। ਕੰਮ ਦੇ ਬੋਝ ਕਾਰਨ ਦਾਰੂ ਪੀਣੀ ਵੀ ਸ਼ੁਰੂ ਕਰ ਦਿਤੀ। ਜੇਲ੍ਹ 'ਚ ਪਈ ਤਲੀਆਂ 'ਤੇ ਬੇ-ਤਹਾਸ਼ਾ ਕੁਟ ਤੇ ਉਪਰੋਂ ਦਾਰੂ ਨੇ ਕਿਡਨੀਆਂ ਉੱਪਰ ਅਸਰ ਕੀਤਾ। ਦੋਸਤਾਂ-ਮਿਤਰਾਂ ਤੇ ਘਰ ਦਿਆਂ ਨੂੰ ਚਿੰਤਾ ਹੋਈ। ਹੋਣੀ ਹੀ ਸੀ ਇਹ ਤਾਂ ਕੁਦਰਤੀ ਗੱਲ ' । ਲਾਲ ਸੂਹਾ ਰੰਗ, ਗਠਵਾਂ ਸਰੀਰ, ਕਦੇ ਵੀ ਨਾ ਥਕਣ ਵਾਲਾ ਇਹ ਸੁਨਖਾ ਗਭਰੂ ਹੁਣ ਨਾਮੁਰਾਦ ਬਿਮਾਰੀ ਦੇ ਸ਼ਿਕੰਜੇ ਵਿਚ ਫਸਦਾ ਜਾ ਰਿਹਾ ਸੀ।

1988 ਵਿਚ ਉਹ ਪੰਜਾਬ ਗਿਆ। ਦੂਰ ਦੇ ਰਿਸ਼ਤੇਦਾਰਾਂ 'ਚੋਂ ਇਕ ਕੁੜੀ ਮਨਮੋਹਨ ਕੌਰ ਪਟਿਆਲੇ ਪੀ.ਐਚ.ਡੀ. ਕਰ ਰਹੀ ਸੀ। ਵਡੀ ਭੈਣ ਨੇ ਵਿਚ ਪੈ ਕੇ ਉਨ੍ਹਾਂ ਦਾ ਵਿਆਹ ਕਰਵਾ ਦਿਤਾ। ਕਈਆਂ ਵਿਰੋਧ ਵੀ ਕੀਤਾ ਕਿ ਇਹ ਤਾਂ ਬਿਮਾਰ ਹੈ, ਪਰ ਸਦਕੇ ਜਾਈਏ ਮਨਮੋਹਨ ਦੇ ਜਿਹਨੇ ਪੂਰੇ ਸਿਦਕ ਨਾ਼ਲ ਸਾਥ ਨਿਭਾਇਆ। 1989 ਵਿਚ ਉਸਦਾ ਪਹਿਲੀ ਵੇਰ ਕਿਡਨੀ ਟਰਾਂਸਪਲਾਂਟ ਅਪਰੇਸ਼ਨ ਹੋਇਆ। ਵਡੀ ਭੈਣ ਨੇ ਆਪਣੀ ਕਿਡਨੀ ਦਾਨ ਕੀਤੀ ਪਰ ਛੇਤੀ ਹੀ ਨਾਕਾਮ ਹੋ ਗਈ।

ਉਨ੍ਹੀਂ ਦਿਨੀਂ ਮੈਂ ਬਾਲਟੀਮੋਰ (ਮੈਰੀਲੈਂਡ) ਰਹਿੰਦਾ ਸਾਂ। ਉਸਦੀ ਖ਼ਬਰ ਲੈਣ ਲਈ ਮੈਂ ਮਿਲਵਾਕੀ (ਵਿਸਕਾਨਸਿਨ) ਆਇਆ। ਫਲਾਈਟ ਸੇਂਟ ਲੁਈਸ (ਮਿਜ਼ੂਰੀ) ਕੁਝ ਸਮੇਂ ਲਈ ਰੁਕੀ, ਉਥੇ ਬੈਠਿਆਂ ਇਕ ਨਜ਼ਮ ਲਿਖੀ:

ਇਕ ਸਫ਼ਰ
ਸੇਂਟ ਲੁਈਸ ਦੇ ਹਵਾਈ ਅਡੇ 'ਤੇ ਬੈਠਿਆਂ
ਸ਼ੀਸ਼ੇ ਦੀਆਂ ਬਾਰੀਆਂ 'ਚੋਂ ਦਿਖ ਰਹੇ
ਨਿਕੇ ਨਿਕੇ ਬਦਲਾਂ ਦੇ ਟੋਟਿਆਂ ਦਾ ਉੱਡਣਾ
ਬਹੁਤ ਰੁਮਾਨੀ ਲਗ ਰਿਹਾ ਹੈ।

ਬੀਅਰ ਦੀਆਂ ਚੁਸਕੀਆਂ ਭਰਦੇ ਹੁਸੀਨ ਚਿਹਰੇ
ਮਾਹੌਲ ਨੂੰ ਦਿਲਕਸ਼ ਬਣਾ ਰਹੇ ਹਨ
ਪਰ ਮੈਂ ਭਟਕੇ ਰਾਹੀ ਵਾਂਗ ਬੇਚੈਨ ਬੈਠਾ ਹਾਂ।
ਹਰ ਲੰਘਦੇ ਆਦਮੀ 'ਚੋਂ
ਤੈਨੂੰ ਲਭਣ ਦੀ ਕੋਸ਼ਿਸ਼ ਕਰਦਾ ਹਾਂ
'ਲੌਰਲ' ਤੋਂ 'ਮਿਲਵਾਕੀ' ਤਕ ਦਾ ਇਹ ਸਫ਼ਰ
'ਜਗਾ' ਤੋਂ 'ਫਰੌਲੇ' ਵਿਚਕਾਰਲੇ ਪੈਂਡੇ ਦੀਆਂ
ਅਣਗਿਣਤ ਯਾਦਾਂ ਨੂੰ
ਮੁੜ ਜ਼ਿਹਨ 'ਚ ਲੈ ਆਉਂਦਾ ਹੈ।

ਜਦੋਂ ਨਾ ਕੋਈ ਅਕੇਵਾਂ ਹੁੰਦਾ ਸੀ, ਨਾ ਥਕੇਵਾਂ
ਮੱਕੀ ਦਿਆਂ ਖੇਤਾਂ 'ਚ ਗੋਡੀ ਕਰਨਾ
ਤੇ ਮਿਟੀ ਦੀ ਖ਼ੁਸ਼ਬੂ ਨੂੰ ਸਾਹਾਂ 'ਚ ਸਮੋ ਲੈਣਾ
ਉੱਚੀ ਉੱਚੀ ਹਸਦਿਆਂ ਫ਼ਸਲਾਂ ਨਾ਼ਲ ਗੱਲਾਂ ਕਰਨੀਆਂ
ਕਿੰਨੇ ਹੁਸੀਨ ਸਨ ਉਹ ਦਿਨ।


ਹੁਣ ਤਾਂ ਸੁਣਦੇ ਆਂ ਕਿ ਖੇਤਾਂ 'ਚੋਂ
ਲਾਵਾਰਸ ਲਾਸ਼ਾਂ ਦੀ ਬੋ ਆਉਂਦੀ ਹੈ।

ਪਤਾ ਨਹੀਂ ਕਦ ਪਰਤਣਗੇ ਉਹ ਦਿਨ
ਬਸ ਬੀਤੇ ਦੀਆਂ ਯਾਦਾਂ ਨੂੰ ਯਾਦ ਕਰਦਾ ਹੋਇਆ
ਤੇਰੀ ਸਿਹਤਯਾਬੀ ਲਈ ਦੁਆ ਕਰਦਾ ਹਾਂ।

ਇਕ ਪਿਛੋਂ ਇਕ ਤਿੰਨ ਵੇਰ ਕਿਡਨੀ ਟਰਾਂਸਪਲਾਂਟ ਅਪਰੇਸ਼ਨ ਹੋਏ। ਤੀਜਾ ਅਪਰੇਸ਼ਨ ਕਾਮਯਾਬ ਰਿਹਾ। ਜਿਸ ਸਹਾਰੇ ਹੁਣ ਤਕ ਜੀ ਰਿਹਾ ਹੈ, ਪਰ ਦਵਾਈਆਂ ਦੇ ਅਸਰ ਕਾਰਨ ਹੋਰ ਬਿਮਾਰੀਆਂ ਲਗਦੀਆਂ ਗਈਆਂ। ਉਹ ਦਸਦੈ ਕਿ ਹੁਣ ਤਕ ਪਿਛਲੇ ਤੀਹ ਸਾਲਾਂ ਵਿਚ ਕਣ-ਕਣ ਸਰਜਰੀਆਂ ਹੋ ਚੁਕੀਆਂ ਹਨ। ਇਕ ਵੇਰ ਤਾਂ 32 ਘੰਟੇ ਆਈ.ਸੀ.ਯੂ. ਵਿਚ ਰਿਹਾ। ਕੋਵਿਡ ਦਾ ਹਮਲਾ ਵੀ ਹੋਇਆ ਤੇ ਫਿਰ ਵੈਂਟੀਲੇਟਰ 'ਤੇ ਲਿਜਾਣਾ ਪਿਆ ਪਰ ਇਹ ਉਹਦਾ ਸਿਰੜ ਹੀ ਸੀ ਉਹ ਫਿਰ ਸਾਬਤ-ਸਬੂਤਾ ਹੋ ਕੇ ਨਿਕਲਿਆ।

ਖ਼ੈਰ ਗੱਲ ਅਗਾਂਹ ਨਿਕਲ ਗਈ...ਆਪਾਂ ਥੋੜ੍ਹਾ ਪਿਛਾਂਹ ਮੁੜੀਏ। ਵਿਆਹ ਤੋਂ ਬਾਅਦ ਛੇਤੀ ਹੀ ਮਨਮੋਹਣ ਵੀ ਅਮਰੀਕਾ ਆ ਗਈ। ਛੋਟਾ ਭਰਾ ਸੁਖਜਿੰਦਰ ਵਿਰਕ ਉਰਫ਼ ਰਾਣਾ ਵਿਰਕ ਵੀ ਪਹੁੰਚ ਗਿਆ। ਮਿਲਵਾਕੀ ਵਿਚ ਇਕ ਸਟੋਰ/ਗੈਸ ਸਟੇਸ਼ਨ ਖ਼ਰੀਦ ਲਿਆ। ਇਸੇ ਦੌਰਾਨ ਆਪਣੀਆਂ ਭੈਣਾਂ, ਭਾਣਜੇ, ਭਰਾ, ਭਤੀਜੇ/ਭਤੀਜੀਆਂ ਵੀ ਇਧਰ ਬੁਲਾ ਲਏ, ਪਰ ਕਾਰੋਬਾਰ ਵਿਚ ਸਾਂਝ ਸਭ ਤੋਂ ਛੋਟੇ ਭਰਾ ਰਾਣੇ ਨਾ਼ਲ ਹੀ ਰਖੀ। ਦੋਵੇਂ ਭਰਾਵਾਂ ਦੀਆਂ ਜੀਵਨ ਸਾਥਣਾਂ ਨੇ ਵੀ ਸਿਰਤੋੜ ਮਿਹਨਤ ਕੀਤੀ। ਕਾਰੋਬਾਰ ਵਿਚ ਬਰਕਤ ਪੈਂਦੀ ਗਈ। ਪੁਤਰ ਨੀਲ ਤੇ ਧੀ ਮਲਿਕਾ ਨੇ ਪਰਿਵਾਰ ਵਿਚ ਵਾਧਾ ਕੀਤਾ। ਨੀਲ ਤੇ ਰਾਣੇ ਵਿਰਕ ਦਾ ਪੁਤਰ ਨਿਕਨੀਤ ਹੁਣ ਕਾਰੋਬਾਰ ਸੰਭਾਲ ਰਹੇ ਹਨ। ਮਲਿਕਾ ਇਕ ਵਡੀ ਕੰਪਨੀ ਵਿਚ ਮੈਨੇਜਰ ਹੈ।

ਦੋਵੇਂ ਭਰਾਵਾਂ ਤੇ ਉਨ੍ਹਾਂ ਦੀਆਂ ਸਾਥਣਾਂ ਦੇ ਏਕੇ ਕਾਰਨ ਇਕ ਤੋਂ ਬਾਅਦ ਇਕ ਬਿਜ਼ਨਿਸ ਖ਼ਰੀਦਦੇ ਗਏ। ਹੁਣ ਉਨ੍ਹਾਂ ਕੋਲ ਦਸ ਦੇ ਕਰੀਬ ਲਿਕਰ ਸਟੋਰ (ਸ਼ਰਾਬ ਦੇ ਸਟੋਰ) ਅਤੇ



ਰਾਣਾ ਵਿਰਕ ਤੇ ਕਮਲਜੀਤ ਵਿਰਕ ਦੇ ਨਾ਼ਲ

ਏਨੇ ਹੀ ਗੈਸ ਸਟੇਸ਼ਨ ਹਨ। ਕਈ ਅਚਲ ਜਾਇਦਾਦਾਂ ਤੇ ਸਟਰਿਪ ਮੌਲ ਹਨ। ਉਹ ਅਜੇ ਵੀ ਪੁਰਾਣੇ ਦਿਨਾਂ ਨੂੰ ਨਹੀਂ ਭੁਲਦਾ, ਨਾ ਹੀ ਉਨ੍ਹਾਂ ਦੋਸਤਾਂ ਜਿਨ੍ਹਾਂ ਨਾ਼ਲ ਜਾਨ ਤੋੜ ਕੇ ਕੰਮ ਕਰਦਾ ਰਿਹਾ ਸੀ। ਉਸਨੂੰ ਧਨਾਂਢ ਹਿੰਦੁਸਤਾਨੀਆਂ ਵਲੋਂ ਨਵੇਂ ਮੁੰਡਿਆਂ (ਜਿਨ੍ਹਾਂ ਕੋਲ ਪੇਪਰ ਨਹੀਂ ਸਨ) ਦਾ ਕੀਤਾ ਜਾਂਦਾ ਸ਼ੋਸ਼ਣ ਵੀ ਅਜੇ ਤਕ ਯਾਦ ਹੈ। ਇਸੇ ਕਰਕੇ ਉਹ ਆਪਣੇ ਕੋਲ ਕੰਮ ਕਰਦੇ ਮੁੰਡਿਆਂ ਨਾ਼ਲ ਬੜੇ ਪਿਆਰ ਤੇ ਸਤਿਕਾਰ ਨਾ਼ਲ ਪੇਸ਼ ਆਉਂਦਾ ਹੈ। ਘਰ ਦੇ ਜੀਆਂ ਵਾਂਗ ਵਿਹਾਰ ਕਰਦਾ ਹੈ। ਹਰ ਰੋਜ਼ ਕੁਸ਼ ਘੰਟੇ (ਸਿਹਤ ਵਿਚ ਵਿਗਾੜ ਕਾਰਨ ਵੀ) ਅਜੇ ਕੰਮ 'ਤੇ ਜਾਂਦਾ ਹੈ। ਏਨੀਆਂ ਬਿਮਾਰੀਆਂ ਨਾ਼ਲ ਜੂਝਣ ਕਰਕੇ ਥੋੜ੍ਹਾ ਧਾਰਮਿਕ ਵੀ ਹੋ ਗਿਆ ਹੈ। ਰਬ ਦਾ ਸ਼ੁਕਰਾਨਾ ਹਰ ਵਕਤ ਕਰਦਾ ਹੈ ਪਰ ਪੂਰੇ ਹੌਸਲੇ ਵਿਚ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਹੈ ਕਮਲਜੀਤ ਵਿਰਕ। ਦੁਆ ਕਰਦਾ ਹਾਂ ਕਿ ਉਹ ਸਿਹਤਯਾਬ ਰਹੇ। ਦੋ ਕੁ ਸਾਲ ਪਹਿਲਾਂ ਇਹਨੇ ਸਾਨੂੰ ਵੀ ਪੈਨਸਿਲਵੇਨੀਆਂ ਤੋਂ ਏਥੇ ਇੰਡੀਆਨਾ ਬੁਲਾ ਲਿਆ। ਤਕਰੀਬਨ ਹਰ ਸ਼ਾਮ ਨੂੰ ਅਸੀਂ ਇਕਠੇ ਹੁੰਦੇ ਹਾਂ ਤੇ ਪੁਰਾਣੇ ਦੋਸਤਾਂ ਨੂੰ ਯਾਦ ਵੀ ਕਰਦੇ ਹਾਂ ਤੇ ਕਦੇ ਵੀ ਪੁਰਾਣੇ ਸਾਥੀਆਂ ਜਿਵੇਂ ਦਰਸ਼ਨ ਖਟਕੜ, ਜਸਵਿੰਦਰ ਗ਼ਜ਼ਲਗੋ ਆਦਿ ਨਾ਼ਲ ਗੱਲ ਵੀ ਕਰਦੇ ਹਾਂ। ਸ਼ਾਲਾ! ਇਹ ਸਿਲਸਿਲਾ ਇੰਝ ਹੀ ਜਾਰੀ ਰਹੇ।

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਮੇਜਰ ਗੁਰਚਰਨ ਸਿੰਘ ਝੱਜ



ਡਾ. ਵਿਕਰਮ ਸਿੰਘ ਗਿੱਲ


ਡਾ. ਦਲਬੀਰ ਸਿੰਘ ਪੰਨੂ




### ਗੈਸਟ ਆਫ ਆਨਰ


ਏ ਜੇ ਸੰਧੂ


ਹਰਮਨ ਬਿੰਦ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਰਾਜਿੰਦਰ ਸਿੰਘ ਬੈਂਸ



ਗੁਰਵੀਰ ਸਿੰਘ ਗਿੱਲ


ਗੁਰਦੇਵ ਸਿੰਘ ਜੌੜਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ


ਅੰਮ੍ਰਿਤਪਾਲ ਸਿੰਘ ਸੰਘਾ


ਭੁਪਿੰਦਰ ਸਿੰਘ ਧਾਲੀਵਾਲ


ਹਰਵਿੰਦਰ ਪਾਲ ਸਿੰਘ ਲੈਲ


ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# PUNJAB TIMES NIGHT 2024

## ਵਿਸ਼ੇਸ਼ ਮਹਿਮਾਨ


ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ)


ਵਰਿਆਮ ਸਿੰਘ ਸੰਧੂ (ਮੁੱਖ ਬੁਲਾਰਾ)


ਸੁਰਿੰਦਰ ਸਿੰਘ ਸੁੰਨੜ (ਚੀਫ਼ ਗੈਸਟ)


ਸੁੱਖੀ ਬਾਠ (ਚੀਫ਼ ਗੈਸਟ)

## ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ


ਡਾ. ਲਖਵਿੰਦਰ ਜੌਹਲ



ਡਾ. ਗੁਰਬਖਸ਼ ਸਿੰਘ ਭੰਡਾਲ


ਡਾ. ਆਤਮਜੀਤ ਸਿੰਘ


ਰਵਿੰਦਰ ਸਹਿਰਾਅ


ਭੁਪਿੰਦਰ ਦੁਲੇ


ਅਜੇ ਤਨਵੀਰ


ਸੁਰਿੰਦਰ ਸੋਹਲ


ਅਸ਼ੋਕ ਭੌਰਾ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਦਵਿੰਦਰ ਕੌਰ ਗੁਰਾਇਆ



ਤਾਹਿਰਾ ਰਿਧਾ



ਪੂਜਾ ਧਾਲੀਵਾਲ


ਗੁਰਬਖਸ਼ ਸਿੰਘ ਰਾਹੀ


ਹਰਜਿੰਦਰ ਕੰਗ


ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ


ਗੁਲਾਮ ਮੁਸਤਫਾ ਅੰਜੁਮ

## ਵਿਸ਼ੇਸ਼ ਸਹਿਯੋਗੀ


ਜੈਰਾਮ ਸਿੰਘ ਕਾਹਲੋਂ


ਡਾ. ਹਰਜਿੰਦਰ ਸਿੰਘ ਖਹਿਰਾ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ


ਜਿਗਰਦੀਪ ਸਿੰਘ ਢਿੱਲੋਂ

**ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।
ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਪ੍ਰਯੋਗਾਤਮਕ ਫਿਲਮਾਂ ਬਣਾਉਣ ਵਾਲਾ ਸੁਤੰਤਰ ਫਿਲਮ ਮੇਕਰ ਨਿਰਮਾਤਾ ਤੇ ਨਿਰਦੇਸ਼ਕ ਜੌਨ ਜੋਸਟ

ਪ੍ਰਯੋਗਾਤਮਕ ਬਿਰਤਾਂਤਕਾਰੀ ਫਿਲਮ ਨਿਰਮਾਤਾ ਜੋਨ ਜੋਸਟ ਅਮਰੀਕੀ ਸੁਤੰਤਰ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਹੈ। ਉਸਦਾ ਜਨਮ 1943 ਨੂੰ ਸ਼ਿਕਾਗੋ ਵਿਚ ਇਕ ਫੌਜੀ ਪਰਿਵਾਰ ਵਿਚ ਹੋਇਆ, ਉਹ ਜਾਰਜੀਆ, ਜਾਪਾਨ, ਇਟਲੀ, ਜਰਮਨੀ ਅਤੇ ਵਰਜੀਨੀਆ ਵਿਚ ਵੱਡਾ ਹੋਇਆ। ਉਸਨੇ ਪੜ੍ਹਾਈ ਦੌਰਾਨ ਹੀ 1963 ਵਿਚ ਫਿਲਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸ਼ੁਰੂ ਵਿਚ ਉਸ ਨੇ ਛੋਟੀਆਂ ਤੇ ਦਸਤਾਵੇਜ਼ੀ ਫਿਲਮਾਂ ਦਾ ਨਿਰਮਾਣ ਕੀਤਾ। ਉਸ ਨੇ 1974 ਵਿਚ ਆਪਣੀ ਪਹਿਲੀ ਪੂਰੀ ਲੰਬਾਈ ਵਾਲੀ ਫੀਚਰ ਫਿਲਮ ਬਣਾਈ।

ਇਕ ਫਿਲਮ ਨਿਰਮਾਤਾ ਦੇ ਰੂਪ ਵਿਚ ਉਹ ਸਵੈ-ਸਿੱਖਿਅਤ ਹੈ। ਉਸਦੇ ਮਨ ਵਿਚ ਸ਼ੁੱਧ ਵਪਾਰਕ ਫਿਲਮਾਂ ਬਣਾਉਣ ਦਾ ਵਿਚਾਰ ਨਹੀਂ ਆਇਆ, ਉਸਦਾ ਝੁਕਾਅ ਹਮੇਸ਼ਾ ਹੀ ਪ੍ਰਯੋਗਵਾਦੀ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਫਿਲਮਾਂ ਬਣਾਉਣ ਵਿਚ ਰਿਹਾ। ਉਸ ਨੇ ਆਮ ਲੋਕਾਂ ਦੀਆਂ ਕਹਾਣੀਆਂ ਨੂੰ ਪਰਦੇ 'ਤੇ ਦਿਖਾਉਣ ਨੂੰ ਤਰਜੀਹ ਦਿੱਤੀ। ਉਸਦੀ ਰੁਚੀ ਫਿਲਮਾਂ ਰਾਹੀਂ ਸਮਾਜ ਦੀਆਂ ਸੱਮਸਿਆਵਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਵਿਚ ਰਹੀ। ਇਸ ਲਈ ਉਸਨੇ ਜ਼ਿਆਦਾਤਰ ਨਾਨ ਐਕਟਰ ਤੇ ਕਮਿਊਨਿਟੀ ਵਰਕਰ ਨੂੰ ਆਪਣੀ ਫਿਲਮ ਵਿਚ ਕੰਮ ਕਰਨ ਦਾ ਮੌਕਾ ਦਿੱਤਾ। ਨਾਨ ਐਕਟਰ ਬਾਰੇ ਉਹਦਾ ਵਿਚਾਰ ਹੈ ਕਿ ਬਸ ਉਸ ਦੀ ਸ਼ਖ਼ਸੀਅਤ ਵਿਚ ਕ੍ਰਿਸ਼ਮਾ ਤੇ ਉਸ ਵਿਚ ਮਿਹਨਤ ਨਾਲ ਕੰਮ ਕਰਨ ਦਾ ਜਜ਼ਬਾ ਹੋਵੇ ਤਾਂ ਐਕਟਿੰਗ ਉਹ ਆਪੇ ਹੀ ਉਸ ਕੋਲੋਂ ਕਰਵਾ ਲਵੇਗਾ। ਉਸਦੀ ਫਿਲਮ ਮੇਕਿੰਗ ਬਾਰੇ ਆਪਣੀ ਹੀ ਅਲੱਗ ਸੋਚ ਹੈ। ਮੂਵੀ ਨੂੰ ਫਿਲਮਾਂਕਣ ਕਰਨ ਦੀ ਅਨੋਖੀ ਵਿਜ਼ੂਅਲ ਸ਼ੈਲੀ ਹੈ ਜੋ ਆਮ ਤੌਰ 'ਤੇ ਕਿਸੇ ਹੋਰ ਫਿਲਮ ਨਿਰਦੇਸ਼ਕ ਨਾਲ ਨਹੀਂ ਮਿਲਦੀ।

ਜੋਨ ਜੋਸਟ ਆਪਣੇ ਫਿਲਮੀ ਕਿਰਦਾਰਾਂ ਦੇ ਕਲੋਜ਼-ਅੱਪ ਦਿਖਾਉਣ, ਕੈਮਰੇ ਵੱਲ ਸਿੱਧੇ ਤੌਰ 'ਤੇ ਦੇਖਣ ਵਾਲੇ ਐਂਗਲ ਦੀ ਜਾਣ ਬੁੱਝ ਕੇ ਚੋਣ ਕਰਦਾ ਹੈ। ਉਨ੍ਹਾਂ ਦੇ ਚਿਹਰਿਆਂ 'ਤੇ ਜ਼ੂਮ ਸ਼ਾਟ ਨਾਲ ਫੋਕਸ ਕਰ ਕੇ ਉਨ੍ਹਾਂ ਦੇ ਹਾਵ-ਭਾਵ ਤੇ ਸਰੀਰ ਦੀ ਭਾਸ਼ਾ ਨਾਲ ਕੈਮਰੇ ਨਾਲ ਗੱਲਾਂ ਕਰਵਾਉਂਦਾ ਹੈ। ਉਹ ਆਪਣੇ ਫਿਲਮੀ ਪਾਤਰਾਂ ਨੂੰ ਇੰਪਰੋਵਾਜ਼ੀ ਕਰਨ ਦੀ ਪੂਰੀ ਖੁੱਲ੍ਹ ਦੇਂਦਾ ਹੈ। ਕਈ ਕਲਾਕਾਰਾਂ ਨੂੰ ਆਪਣੇ ਨਿੱਜੀ ਤਜਰਬੇ ਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮੌਕਾ ਦੇਂਦਾ ਹੈ। ਨਿਸ਼ਚੇ ਹੀ ਇਸ ਨਾਲ ਕਲਾਕਾਰ ਉਤਸ਼ਾਹਿਤ ਹੁੰਦੇ ਹਨ।

ਜਦੋਂ ਸੀਨ ਵਿਚ ਜ਼ਿਆਦਾ ਪਾਤਰ ਹੋਣ ਤਾਂ ਜੋਨ ਜੋਸਟ ਵਾਈਡ ਐਂਗਲ ਜਾਂ ਫਰੇਮਾਂ ਦੀ ਵਰਤੋਂ ਕਰਨਾ ਪਸੰਦ ਕਰਦੇ ਹਨ। ਉਹ ਫਿਲਮਾਂ ਦੀ ਲੋਕੇਸ਼ਨ ਲਈ ਵੀ ਵੱਡੇ ਵੱਡੇ ਸੈੱਟਾਂ ਦੀ ਬਜਾਏ ਰਾਹ ਚਲਦੇ ਮੈਦਾਨੀ ਇਲਾਕੇ, ਲਾਗੇ ਲੰਘਦੀ ਨਦੀ ਜਾਂ ਪਹਾੜੀ ਦੀ ਚੋਣ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਕੁਦਰਤੀ ਸੂਰਜ ਦੀ ਰੌਸ਼ਨੀ ਨੂੰ ਫਿਲਮ




ਮੂਵੀ ਬਲੂ ਸਟਰੇਟ ਦਾ ਸੀਨ

ਸੀਨ ਵਿਚ ਵਰਤ ਕੇ ਹੈਰਾਨੀਜਨਕ ਸ਼ਾਟ ਸਿਰਜ ਦੇਂਦਾ ਹੈ। ਫਿਲਮ ਦੇ ਬੈਕ ਗਰਾਊਂਡ ਸਾਊਂਡ ਤੇ ਮਿਊਜ਼ਿਕ ਨੂੰ ਆਲੇ ਦੁਆਲੇ ਦੀਆਂ ਕੁਦਰਤੀ ਅਵਾਜ਼ਾਂ ਨਾਲ ਭਰ ਦੇਂਦਾ ਹੈ। ਇਹ ਹੀ ਉਸਦੀ ਮੂਵੀ ਦਾ ਪ੍ਰਮੁੱਖ ਸੰਗੀਤ ਹੋ ਨਿੱਬੜਦੀਆਂ ਹਨ।

ਇਨਡੋਰ ਸੀਨ ਵਿਚ ਕਲਾਕਾਰ ਦੇ ਮੂਡ ਦਿਖਾਉਣ ਲਈ ਲਾਈਟ, ਐਂਗਲਜ਼ ਤੇ ਲੈਨਜ਼ ਦੀ ਚੋਣ ਕਰਨ ਦੀ ਉਸਦੀ ਸਮਝ ਕਾਬਿਲ-ਏ-ਤਾਰੀਫ ਹੈ। ਇਕ ਹੀ ਸੀਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਰੌਸ਼ਨੀ ਤੇ ਰੰਗਾਂ ਦੇ ਕਈ ਨਵੇਂ ਤਜਰਬੇ ਕਰ ਕੇ ਅਦਾਕਾਰ ਕੋਲੋਂ ਬਿਨਾ ਡਾਇਲਾਗ ਬੁਲਾਏ ਹੀ ਉਸ ਦੀਆਂ ਸਰੀਰਕ ਮੁਦਰਾ, ਹਰਕਤਾਂ ਤੇ ਚਿਹਰੇ ਦੀਆਂ ਸੂਖਮ ਭਾਵਨਾਵਾਂ ਰਾਹੀਂ ਹੀ ਫਿਲਮੀ ਕਹਾਣੀ ਨੂੰ ਅੱਗੇ ਤੋਰ ਦੇਣ ਦੀ ਅਦਭੁਤ ਕਲਾ ਦਾ ਨਮੂਨਾ ਪੇਸ਼ ਕਰ ਦੇਂਦਾ ਹੈ। ਇਹ ਪ੍ਰਯੋਗ ਕਰਨ ਲਈ ਉਹ ਆਮ ਤੌਰ 'ਤੇ ਲਾਈਟ ਮੀਟਰ ਦੀ ਵਰਤੋਂ ਵੀ ਨਹੀਂ ਕਰਦਾ।

ਅਮਰੀਕੀ ਸਿਨੇਮਾ ਤੇ ਹਾਲੀਵੁੱਡ ਨਿਰਦੇਸ਼ਕ ਕਲੋਜ਼ ਅਪ ਦੀ ਲੰਬਾਈ ਦਾ ਸਮਾਂ ਬਹੁਤ ਘੱਟ ਰਖਦੇ ਹਨ। ਪਰ ਜੋਸਟ ਵਿਚ ਸ਼ਾਟ ਵਿਚ ਵਿਸ਼ੇਸ਼ ਰੰਗਾਂ ਦੁਆਰਾ ਸੀਨ ਨੂੰ ਇੱਕ ਮਿੰਟ ਤੱਕ ਕਲੋਜ਼ ਅਪ 'ਤੇ ਰੱਖਣ ਦੀ ਹਿੰਮਤ ਹੈ। ਉਹ ਫਿਲਮ ਵਿਚ ਮੋਨੋਟਾਜ਼ ਸ਼ਾਟ ਦਾ ਮਾਹਿਰ ਹੈ।

ਡਾਇਮੈਟਿਕ ਸ਼ਾਟਾਂ ਵਿਚ ਉਸ ਦੁਆਰਾ ਨਿਰਧਾਰਤ ਕਲਾਕਾਰਾਂ ਦੀ ਮੂਵਮੈਂਟ ਤੇ ਬਲਾਕਇੰਗ ਬਹੁਤ ਹੀ ਵਿਲੱਖਣ ਹੈ। ਉਹ ਲੰਬੇ ਟਰੈਕਿੰਗ ਦ੍ਰਿਸ਼ਾਂ ਵਿਚ ਹੈਂਡ ਹੈਲਡ ਕੈਮਰੇ ਦੀ ਵਰਤੋਂ ਨਾਲ ਕਹਾਣੀਆਂ ਨੂੰ ਫਿਲਮਬੰਦ ਕਰਦਾ ਹੈ ਤੇ ਖੁੱਲ੍ਹ ਕੇ ਫਿਲਮ ਦੇ ਸ਼ਾਟ ਤੇ ਨਵੇਂ ਨਵੇਂ ਤਜਰਬੇ ਕਰਦਾ ਰਹਿੰਦਾ ਹੈ। ਆਪਣੀ ਫਿਲਮ ਦਾ ਮਾਲਕ ਉਹ ਆਪ ਹੈ ਇਸ ਲਈ ਉਹ ਚੰਗੀਆਂ ਤੇ ਗੰਭੀਰ ਫਿਲਮਾਂ ਦਾ ਨਿਰਮਾਣ ਕਰਦਾ ਹੈ।

ਉਸਨੇ ਲਗਭਗ 60 ਸਾਲਾਂ ਦੇ ਫਿਲਮ ਨਿਰਮਾਣ ਕੈਰੀਅਰ ਦੌਰਾਨ ਕਈ ਅਹਿਮ ਪੜਾਅ



ਜੌਨ ਦੀ ਫਿਲਮ ਦਾ ਸੀਨ


ਹੈ। ਆਪਣੇ ਸਟਾਈਲਿਸ਼ ਫਿਲਮ ਮੇਕਿੰਗ ਨਾਲ ਪਾਤਰਾਂ ਦੀਆਂ ਅੱਖਾਂ ਦੀਆਂ ਡੂੰਘਾਈ ਨਾਲ ਸੂਖਮ ਮਨੋ ਭਾਵਨਾਵਾਂ ਨੂੰ ਸਿਨੇਮਾ ਸਕਰੀਨ 'ਤੇ ਪ੍ਰਗਟ ਕਰਨ ਵਿਚ ਪੂਰਨ ਮਾਸਟਰ ਹੈ। ਉਸਦੇ ਫਿਲਮਾਏ ਸੀਨ ਦਿਲ ਨੂੰ ਛੂਹਣ ਵਾਲੇ ਪੋਰਟਰੇਟ ਜਾਂ ਪੇਂਟਿੰਗ ਦਾ ਭੁਲੇਖਾ ਪਾਉਂਦੇ ਹਨ। ਡਰਾਮੈਟਿਕ ਸੀਨ ਦੇ ਸਵਾਲ ਜਵਾਬ ਵੀ ਦਰਸ਼ਕ ਇਨ੍ਹਾਂ ਸਮਾਬੋਲਿਕ ਪੇਂਟਿੰਗ ਸੀਨਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ।

**ਉਸ ਵਲੋਂ ਬਣਾਈਆ ਕੁਝ ਪ੍ਰਮੁੱਖ ਫਿਲਮਾਂ ਹਨ:** "ਏਂਜਲ ਸਿਟੀ" (1976),"ਲਾਸਟ ਚੈਂਨਸ ਫਾਰ ਏ ਸਲੋ ਡਾਂਸ" (1977), "ਸਟੇਜਫ੍ਰਾਈਟ (1981)", "ਸਲੋ ਮੂਵਜ਼ (1983)" "ਬੈੱਲ ਡਾਇਮੰਡ (1986)", "ਰੇਮਬ੍ਰਾਂਟ ਲਾਫਿੰਗ (1988)", "ਫਰੇਮਅੱਪ (1993)", "ਲੰਡਨ ਬ੍ਰੀਫ", "ਰੈਂਟ", "ਕੈਨਿਯਨ" ਤੇ ਉਸ ਦੀਆਂ ਪ੍ਰਮੁੱਖ ਲਘੂ ਫਿਲਮਾਂ- "ਸੇਡੇ", "ਰੈਡ ਫਰੇਮ", "ਸਟੈਂਡ", "ਫੀਲਡ", "ਐਮਟਰੈਕ", "ਮਿਸਟਰ ਰਾਈਟ" ਹਨ।

ਫਿਲਮ ਜਗਤ ਭਾਵੇਂ ਹਾਲੀਵੁੱਡ ਹੋਵੇ ਜਾਂ ਯੂਰਪੀ ਕਲਾ ਦਾ ਖੇਤਰ ਜੇ ਤੁਸੀਂ ਟੀ.ਵੀ ਜਾਂ ਕਿਸੇ ਵੱਡੇ ਬੈਨਰ ਵਾਲੀਆਂ ਕੰਪਨੀਆਂ ਐਮ. ਜੀ. ਐਮ, ਡਿਜ਼ਨੀ, ਯੂਨੀਵਰਸਲ ਜਾਂ ਮੈਵਰਿਕ ਨਾਲ ਮਿਲ ਕੇ ਫਿਲਮ ਬਣਾਉਂਦੇ ਹੋ ਤਾਂ ਤੁਹਾਨੂੰ ਉਨ੍ਹਾਂ ਦੇ ਮਾਲਕਾਂ ਦੇ ਮੁਤਬਕ ਹੀ ਫਿਲਮ ਬਣਾਉਣੀ ਪੈਂਦੀ ਹੈ। ਇਸ ਮਾਮਲੇ ਵਿਚ ਜੌਨ ਜੋਸਟ ਇੰਡੀਪੈਂਡੈਂਟ ਫਿਲਮ ਮੇਕਰ ਹੋਣ ਦੇ ਨਾਤੇ ਪੂਰੀ ਤਰ੍ਹਾਂ ਆਜ਼ਾਦ ਤੈਅ ਕੀਤੇ ਹਨ। ਆਮ ਪਬਲਿਕ ਨੂੰ ਉਸ ਦੀਆਂ ਫਿਲਮਾਂ ਪਸੰਦ ਆਈਆਂ। ਉਨ੍ਹਾਂ ਅਨੁਸਾਰ ਉਸ ਦੀਆਂ ਫਿਲਮਾਂ ਦਿਲ ਨੂੰ ਛੂਹਣ ਤੇ ਹਲੂਣਾ ਦੇਣ ਵਾਲੀਆਂ ਹਨ। ਫਿਲਮ ਆਲੋਚਕਾਂ ਅਨੁਸਾਰ ਉਹ ਆਪਣੀ ਕਿਸਮ ਦਾ ਖਾਸ ਸਿਨੇਮੈਟਿਕ ਪ੍ਰਤਿਭਾਵਾਨ ਹੈ। ਵਿਲੱਖਣ ਨਿਰਮਾਤਾ-ਨਿਰਦੇਸ਼ਕ, ਸਕਰੀਨ ਪਲੇਅ ਰਾਈਟਰ ਤੇ ਫਿਲਮ ਮੇਕਰ ਹੈ। ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਸਾਰੇ ਮਾਣ-ਸਨਮਾਨ ਮਿਲੇ ਹਨ।

ਜੋਸਟ ਦਾ ਕੰਮ 1976 ਤੋਂ ਦੁਨੀਆ ਭਰ ਦੇ ਪ੍ਰਮੁੱਖ ਫਿਲਮ ਮੇਲਿਆਂ ਵਿਚ ਦਿਖਾਇਆ ਗਿਆ ਹੈ। ਆਧੁਨਿਕ ਕਲਾ ਦੇ ਅਜਾਇਬ ਘਰ ਵਿਚ 18 ਜਨਵਰੀ ਤੋਂ 19 ਫਰਵਰੀ, 1991 ਤੱਕ ਉਸਦੇ ਕੰਮ ਦੀ ਪੂਰੀ ਲੜੀ ਦੀ ਸਕ੍ਰੀਨਿੰਗ ਕੀਤੀ। ਇਹ ਪ੍ਰੋਗਰਾਮ ਅਮਰੀਕਨ ਫਿਲਮ ਇੰਸਟੀਚਿਊਟ, ਲਾਸ ਏਂਜਲਸ, (ਮਾਰਚ-ਅਪ੍ਰੈਲ) ਵਿਚ ਪੂਰੀ ਤਰ੍ਹਾਂ ਦੁਹਰਾਇਆ ਗਿਆ ਸੀ। ਜੇਐਫ ਕੈਨੇਡੀ ਸੈਂਟਰ, ਵਾਸ਼ਿੰਗਟਨ, ਡੀਸੀ, (ਫਰਵਰੀ) ਵਿਖੇ ਫਿਲਮ ਇੰਸਟੀਚਿਊਟ ਫਿਲਮ ਥੀਏਟਰ, ਫਿਲਮ ਆਰਟਸ ਫਾਊਂਡੇਸ਼ਨ ਅਤੇ ਸੈਨ ਫਰਾਂਸਿਸਕੋ ਫਿਲਮ ਸੋਸਾਇਟੀ, (ਮਾਰਚ-ਅਪ੍ਰੈਲ), ਅਤੇ ਹਾਰਵਰਡ ਫਿਲਮ ਆਰਕਾਈਵ ਦੀ ਸਪਾਂਸਰਸ਼ਿਪ ਅਧੀਨ ਸੈਨ ਫਰਾਂਸਿਸਕੋ ਵਿਚ ਕਾਬੁਕੀ ਥੀਏਟਰ, ਬੋਸਟਨ, (ਅਪ੍ਰੈਲ)। ਅਕਤੂਬਰ, 1991 ਵਿਚ, ਵਿਏਨਾ, ਆਸਟਰੀਆ ਵਿਚ, ਇੱਕ ਵਿਸ਼ਾਲ ਫਿਲਮੀ ਮੇਲੇ ਦੇ ਸੰਦਰਭ ਵਿਚ, ਜੋਸਟ ਦੀਆਂ ਫਿਲਮਾਂ ਦੀ ਇੱਕ ਪੂਰੀ ਪਿਛੋਕੜ ਦੀ ਸਕ੍ਰੀਨਿੰਗ ਕੀਤੀ ਗਈ। ਇਨ੍ਹਾਂ ਫਿਲਮਾਂ ਨੂੰ ਜਨਵਰੀ-ਫਰਵਰੀ 1992 ਵਿਚ ਅਰਸੇਨਲ ਕਿਨੋ, ਬਰਲਿਨ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ।

1994 ਵਿਚ ਬਰਗਾਮੋ ਫਿਲਮ ਮੀਟਿੰਗ, ਇਟਲੀ, ਨੇ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਲਘੂ



ਫਿਲਮ ਇੰਡਸਟਰੀ ਦੇ ਸੁਰਿੰਦਰ ਸਿੰਘ ਭਾਟੀਆ ਤੇ ਫਿਲਮ ਨਿਰਮਾਤਾ ਨਿਰਦੇਸ਼ਕ ਜੌਨ ਜੋਸਟ।

ਫਿਲਮਾਂ ਦੇ ਸੰਪੂਰਨ ਪਿਛੋਕੜ ਦਾ ਆਯੋਜਨ ਕੀਤਾ, ਅਤੇ ਜੋਸਟ ਅਤੇ ਉਸਦੇ ਕੰਮ 'ਤੇ ਇੱਕ ਕਿਤਾਬ ਅਤੇ ਕੈਟਾਲਾਗ ਪ੍ਰਕਾਸ਼ਿਤ ਕੀਤਾ। 1994 ਵਿਚ ਫਿਲਮ ਥੀਏਟਰ ਡੇਸਮੇਟ ਦੁਆਰਾ ਨੀਦਰਲੈਂਡ ਵਿਚ ਉਸਦੀ ਫਿਲਮ ਦਾ ਯਾਤਰਾ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਸੀ; ਅਤੇ ਦਸੰਬਰ 1994 ਵਿਚ ਇਟਲੀ ਦੇ ਬੋਲੋਗਨਾ ਵਿਚ ਕਈ ਫਿਲਮਾਂ ਪ੍ਰਦਰਸ਼ਿਤ ਹੋਈਆਂ।

ਜੋਨ ਜੋਸਟ ਨੇ ਹਾਲ ਵਿਚ ਹੀ ਆਪਣੀ ਨਵੀਂ ਫਿਲਮ "ਵਾਕਰਵਿਲ" ਦਾ ਨਿਰਮਾਣ ਕੀਤਾ ਹੈ। ਜਿਹੜੀ ਮੋਂਟਾਨਾ ਦੇ ਕਸਬੇ ਅਤੇ ਪ੍ਰਮੁੱਖ ਅਦਾਕਾਰ ਗੈਰੀ ਵਿੰਟਰਹੋਲਰ ਬਾਰੇ ਹੈ। ਗੈਰੀ ਵਿੰਟਰਹੋਲਰ ਨੂੰ ਕਈ ਸਾਲ ਪਹਿਲਾਂ ਗੰਭੀਰ ਦੌਰਾ ਪਿਆ ਸੀ ਤੇ ਉਹ ਠੀਕ ਹੋਣ ਦੀ ਪ੍ਰਕਿਰਿਆ ਵਿਚ ਸੀ। ਫਿਲਮ ਵਿਚ ਮੋਂਟਾਨਾ ਕਸਬੇ ਦੇ ਮੌਜੂਦਾ ਤੇ ਸਾਬਕਾ ਨਿਵਾਸੀਆਂ ਦੀ ਗ੍ਰੇਗੀ ਲਈ ਹਮਦਰਦੀ ਤੇ ਭਾਵਨਾ ਨੂੰ ਦਰਸਾਇਆ ਗਿਆ ਹੈ। ਇਸ ਦਸਤਾਵੇਜ਼ੀ ਟੋਨ ਵਾਲੀ ਫਿਲਮ ਵਿਚ ਕਹਾਣੀ ਨੂੰ ਕਵਿਤਾ ਤੇ ਸੰਗੀਤ ਨਾਲ ਪਰੋ ਕੇ ਦਿਖਾਇਆ ਗਿਆ ਹੈ। ਇਸ ਫਿਲਮ ਦਾ ਸ਼ੋਅ 11 ਮਈ 2024 ਨੂੰ ਸ਼ਿਕਾਗੋ ਵਿਚ ਕੀਤਾ ਜਾਏਗਾ।

# 11 ਸਾਲਾਂ ਦੀ ਪੰਜਾਬਣ ਬੱਚੀ ਐਸ਼ਲੀਨ ਖੇਲਾ ਨੇ ਅੰਗਰੇਜ਼ੀ ਦੀ '17 ਸਟੋਰੀਸ' ਪੁਸਤਕ ਲਿਖ ਕੇ ਰਚਿਆ ਵਿਸ਼ਵ ਇਤਿਹਾਸ


ਸਿਆਣੇ ਕਹਿੰਦੇ ਨੇ ਕਿ 'ਘਰ ਦੇ ਭਾਗ ਵਿਹੜਿਓਂ ਦਿਸਣ ਲੱਗ ਪੈਂਦੇ ਨੇ' ਤੇ ਬਚਪਨ 'ਚ ਬਹੁਤੇ ਮਾਂ ਬਾਪ ਨੂੰ ਪਤਾ ਲੱਗ ਜਾਂਦਾ ਹੈ ਕਿ ਬੱਚਾ ਕਿਸ ਦਿਸ਼ਾ ਵੱਲ ਵਧੇਗਾ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਚੌਰ ਲਾਗਲੇ ਪਿੰਡ ਸਜਾਵਲਪੁਰ ਦੀ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ 'ਚ ਵਸਦੀ ਗਿਆਰਾਂ



**ਐੱਸ. ਅਸ਼ੋਕ ਭੌਰਾ**

ਸਾਲ ਦੀ ਬੱਚੀ ਐਸ਼ਲੀਨ ਖੇਲਾ ਨੇ ਇਸ ਛੋਟੀ ਜਿਹੀ ਉਮਰ ਵਿਚ ਹੀ ਤਰਕ ਤੇ ਸੁਚੇਤ ਮਨ ਨਾਲ ਕਰੀਬ 50 ਸਫ਼ਿਆਂ ਦੀ ਪੁਸਤਕ '17 ਸਟੋਰੀਸ' ਲਿਖ ਕੇ ਇਕ ਤਰ੍ਹਾਂ ਨਾਲ ਵਿਸ਼ਵ ਇਤਿਹਾਸ ਸਿਰਜ ਦਿੱਤਾ ਹੈ। ਮੀਡੀਆ ਨਾਲ ਜੁੜੇ ਰਹੇ ਅਮਰਜੀਤ ਖੇਲਾ ਤੇ ਜੈਸਮੀਨ ਕੌਰ ਖੇਲਾ ਦੀ ਸਪੁੱਤਰੀ ਆਪਣੀ ਇਸ ਨਿਵੇਕਲੀ ਕਲਾ ਤੇ ਨਿੱਕੀ ਉਮਰੇ ਵਿਕਸਤ ਸੋਚ ਨਾਲ ਹਰ ਪਾਸੇ ਵਾਹ-ਵਾਹ ਖੱਟ ਰਹੀ ਹੈ। ਆਪਣੀ ਬੱਚੀ ਦੇ ਇਸ ਮਹਾਨ ਕਾਰਜ ਬਾਰੇ ਅਮਰਜੀਤ ਖੇਲਾ ਨੇ ਦੱਸਿਆ ਕਿ ਉਹ ਪੰਜਾਬ ਅੰਦਰ ਇਕ ਸੜਕ ਕਿਨਾਰੇ ਵਸਦੇ ਕੁਝ ਟੱਪਰੀਵਾਸ ਗਰੀਬ ਲੋਕਾਂ ਨੂੰ ਆਪਣੀ ਇਸ ਬੱਚੀ ਨਾਲ ਫਲ-ਫਰੂਟ ਵੰਡਣ ਗਏ ਤਾਂ ਇਨ੍ਹਾਂ ਗਰੀਬ ਲੋਕਾਂ ਦੇ ਨਿੱਕੇ ਨਿੱਕੇ ਬੱਚੇ ਹੱਥਾਂ 'ਚ ਸੇਬ ਕੇਲੇ ਫੜ ਕੇ ਲੁੱਡੀਆਂ ਪਾਉਣ ਲੱਗੇ। 'ਐਸ਼ਲੀਨ ਨੇ ਪੁੱਛਿਆ ਪਾਪਾ ਇਹ ਬੱਚੇ ਏਨੇ ਖੁਸ਼ ਕਿਉਂ ਨੇ?' ਖੇਲਾ ਨੇ ਦੱਸਿਆ, 'ਇਹ ਬਹੁਤ ਗਰੀਬ ਹਨ, ਵੇਖ ਪੁੱਤਰ ਇਨ੍ਹਾਂ ਦੇ ਤਾਂ ਠੰਢ 'ਚ ਕੱਪੜੇ ਵੀ ਪੂਰਾ ਤਨ ਢਕਣ ਲਈ ਨਹੀਂ ਹਨ।' ਬੱਚੀ ਦਾ ਅਗਲਾ ਸਵਾਲ ਹੀ ਅਸਲ ਵਿਚ ਪੁਸਤਕ ਦੀ ਰਚਨਾ ਦਾ ਸਬੱਬ ਬਣਿਆ। ਸਵਾਲ ਸੀ, 'ਇਹ ਗਰੀਬ ਕਿਉਂ ਹਨ, ਗਰੀਬ 'ਤੇ ਅਮੀਰੀ ਵਿਚ ਪਾੜਾ ਕਿਉਂ ਹੈ, ਇਨ੍ਹਾਂ ਬੱਚਿਆਂ ਨੂੰ ਵੀ ਮੇਰੇ ਵਾਂਗ ਸਭ ਕੁਝ ਕਿਉਂ ਨਹੀਂ ਮਿਲ ਰਿਹਾ?' ਮੈਂ ਜਵਾਬ ਨਾ ਦੇ ਸਕਿਆ। ਇਸ ਵਾਕਿਆ ਨੇ ਐਸ਼ਲੀਨ ਨੂੰ ਝੰਜੋੜਿਆ ਅਤੇ ਅਜਿਹੇ ਅਨੇਕਾਂ ਗੰਭੀਰ ਵਿਸ਼ਿਆਂ 'ਤੇ ਮਹੱਤਵਪੂਰਨ ਘਟਨਾਵਾਂ ਨੇ ਐਸ਼ਲੀਨ ਦੀਆਂ 17 ਛੋਟੀਆਂ ਕਹਾਣੀਆਂ ਨੂੰ ਜਨਮ ਦਿੱਤਾ। ਲਿਖਣ ਕਾਰਜ ਮੁਕੰਮਲ ਕਰਨ ਉਪਰੰਤ ਹੀ ਮਾਂ-ਬਾਪ ਨਾਲ ਹੈਰਾਨ ਕਰ ਦੇਣ ਵਾਲਾ ਕਾਰਜ ਉਸਨੇ ਸਾਂਝਾ ਕੀਤਾ। ਹੋਰ ਵੀ ਦਿਲਚਸਪ ਗੱਲ ਹੈ ਕਿ ਇਨ੍ਹਾਂ ਕਹਾਣੀਆਂ ਨਾਲ ਢੁਕਵੇਂ ਸਚਿੱਤਰ ਦਾ ਆਰਟ ਵਰਕ ਵੀ ਐਸ਼ਲੀਨ ਨੇ ਆਪ ਹੀ ਕੀਤਾ ਹੈ।

'ਆਟਮ ਆਰਟ ਪ੍ਰਕਾਸ਼ਨਾ' ਵਲੋਂ ਪ੍ਰਕਾਸ਼ਿਤ ਇਸ ਕਹਾਣੀਆਂ ਦੀ ਪੁਸਤਕ ਦਾ ਕਾਗਜ਼, ਕਲਾ




ਪੁਸਤਕ '17 ਸਟੋਰੀਸ' ਦਾ ਸਰਵਰਕ

ਤੇ ਪੇਸ਼ ਕਰਨ ਦਾ ਸਲੀਕਾ ਪੁਸਤਕ ਨੂੰ ਹੋਰ ਵੀ ਰੌਚਕ ਬਣਾ ਰਹੇ ਹਨ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ, ਡਾ. ਕੁਮਾਰ ਸੁਸ਼ੀਲ ਤੇ ਨਿੰਦਰ ਘੁਗਿਆਣਵੀ ਦੀਆਂ ਬੱਚੀ ਦੀ ਇਸ ਕਮਾਲ ਦੀ ਪੇਸ਼ਕਾਰੀ ਲਈ ਟਿੱਪਣੀਆਂ ਵੀ ਪੁਸਤਕ ਵਿਚ ਦਰਜ ਹਨ। 'ਐਲਿਸ ਐਂਡ ਜੋਸਫਿਨ', 'ਦਾ ਟਾਈਮ ਮਾਈ ਅਲਾਇਚੀਸ', 'ਗੇਮ ਅਲਾਈਵ',




ਐਸ਼ਲੀਨ ਆਪਣੀ ਕਹਾਣੀਆਂ ਦੀ ਪੁਸਤਕ ਨਾਲ।

'ਐਵਕੂਏਟ', 'ਦਾ ਰਾਈਸ ਵੋਮੈਨ', 'ਇਮਾ ਵਰਲਡ', 'ਵ੍ਰਪਸੀ', 'ਬੀਵੇਅਰ', 'ਮਾਈ ਡਾਇਰੀ', 'ਪਾਰਟੀ ਗੇਂਨ', 'ਸਟਰੇਜ ਲਿਟਲ ਹਾਊਸ', 'ਦਾ ਮੋਸਟ ਸਕਸੈਸਫੁੱਲ ਡਾਂਸ', 'ਸਿਲੀ ਸਿਲੀ' ਪੜ੍ਹ ਕੇ ਚੰਗਾ ਕਹਾਣੀਕਾਰ ਵੀ ਬੱਚੀ ਦੀ ਉਮਰ, ਖਿਆਲ, ਵਾਕ ਬਣਤਰ, ਉਦੇਸ਼ ਤੇ ਖਿਆਲਾਂ ਦਾ ਪ੍ਰਵਾਹ ਵੇਖ ਕੇ ਮੱਥੇ 'ਤੇ ਹੱਥ ਰੱਖ ਕੇ ਇਹੋ ਕਹਿਏਗਾ, 'ਵੱਡੀ ਹੋ ਕੇ ਇਹ ਬੱਚੀ ਬਹੁਤ ਵੱਡੀ ਹੀ ਨਹੀਂ ਮਹਾਨ ਕਹਾਣੀਕਾਰਾ ਬਣੇਗੀ'। ਫੈਮਿਲੀ ਸਿੱਖਿਆ ਹਾਸਲ ਕਰ ਰਹੀ ਪਿਆਰੀ ਤੇ ਮਾਸੂਮ ਐਸ਼ਲੀਨ ਨਾਲ ਗੱਲ ਕੀਤੀ ਤਾਂ ਉਹ ਕਹਿਣ ਲੱਗੀ, 'ਹਾਲੇ ਇਕ ਦਰਜਨ ਹੋਰ ਕਹਾਣੀਆਂ ਦੇ ਪਲਾਟ ਮੇਰੇ ਦਿਮਾਗ ਵਿਚ ਆਪਸ 'ਚ ਭਿੜ ਰਹੇ ਹਨ ਕਿ ਸਾਨੂੰ ਵੀ ਕਾਗਜ਼ 'ਤੇ ਉੱਕਰ'। ਸਜਾਵਲਪੁਰ ਦੇ ਮਨਮੋਹਨ ਸਿੰਘ ਖੇਲਾ ਦੀ ਪੋਤਰੀ, ਕਟਾਖਸ਼ ਸਾਹਿਤਕਾਰ ਬਲਜੀਤ ਖੇਲਾ ਦੀ ਪੰਜਾਬਣ ਭਤੀਜੀ ਨੇ ਅੰਗਰੇਜ਼ੀ 'ਚ ਪੁਸਤਕ ਲਿਖ ਕੇ ਆਸਟ੍ਰੇਲੀਅਨ ਪੰਜਾਬੀਆਂ ਦਾ ਹੀ ਨਹੀਂ ਸਗੋਂ ਵਿਸ਼ਵ ਦੇ ਪੰਜਾਬੀ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦਾ ਕੱਦ ਵੱਡਾ ਕਰ ਦਿੱਤਾ ਹੈ। ਬਾਲ ਮਨੋਵਿਗਿਆਨੀ ਸੌ ਵਾਰ ਸੋਚਣਗੇ ਕਿ ਏਡਾ ਵੱਡਾ ਕ੍ਰਿਸ਼ਮਾ ਏਨੀ ਛੋਟੀ ਉਮਰ 'ਚ ਹੋ ਕਿਵੇਂ ਗਿਆ?

# ਬੇਰੁਜ਼ਗਾਰੀ ਤੇ ਮਹਿੰਗਾਈ ਨੇ ਭਾਜਪਾ ਦਾ ਤਖਤ ਹਲੂਣਿਆ

ਕੀਇਹ 2004 ਵਰਗਾ ਕੋਈ ਪਲ ਹੈ? ਉਹ ਆਮ ਚੋਣਾਂ ਹੈਰਾਨੀਜਨਕ ਨਤੀਜਿਆਂ ਲਈ ਜਾਣੀਆਂ ਜਾਂਦੀਆਂ ਹਨ; ਨਾ ਕੇਵਲ ਹਾਰਨ ਵਾਲਿਆਂ ਲਈ ਸਗੋਂ ਜੇਤੂਆਂ ਲਈ ਵੀ, ਤੇ ਇਨ੍ਹਾਂ ਦਾ ਸਿਆਸੀ ਨਿਰੀਖਕਾਂ ਉਪਰ ਵੀ ਦੂਰਗਾਮੀ ਪ੍ਰਭਾਵ ਪਿਆ ਸੀ ਕਿਉਂਕਿ ਉਨ੍ਹਾਂ ਅਜਿਹੀ ਭਰਮਾਊ ਮੁਹਿੰਮ ਚਲਦੀ ਦੇਖੀ ਸੀ ਜਿਸ ਦਾ ਸਿੱਟਾ ਸੱਤਾ ਤਬਦੀਲੀ ਵਿਚ ਹੋਇਆ ਸੀ। ਦਰਅਸਲ, ਕਾਂਗਰਸ ਨੇ ਬਹੁਤਾ ਕੁਝ ਨਹੀਂ ਕੀਤਾ ਸੀ ਸਗੋਂ ਇਹ ਸਭ ਕੁਝ ਭਾਜਪਾ ਦੀ 'ਇੰਡੀਆ ਸ਼ਾਈਨਿੰਗ' ਨਾਅਰੇ ਦਾ ਕੀਤਾ ਕਰਾਇਆ ਸੀ ਕਿਉਂਕਿ ਬਹੁਗਿਣਤੀ ਦਾ ਭਾਰਤ ਚਮਕ ਨਹੀਂ ਰਿਹਾ ਸੀ

ਰਾਜੇਸ਼ ਰਾਮਚੰਦਰਨ

ਜਿਸ ਕਰ ਕੇ ਇਸ ਤਰ੍ਹਾਂ ਦਾ ਦਿਲਕਸ਼ ਨਾਅਰਾ ਘੜਨ ਵਾਲੇ ਸਮਾਰਟ ਕਾਪੀਰਾਈਟਰਾਂ ਨੂੰ ਸ਼ਰਮਿੰਦਗੀ ਉਠਾਉਣੀ ਪਈ।

ਹਾਲ ਹੀ ਵਿਚ ਸੈਂਟਰ ਫਾਰ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼ (ਸੀਐੱਸਡੀਐੱਸ) ਦੇ ਕਰਵਾਏ ਚੁਣਾਵੀ ਸਰਵੇਖਣ ਤੋਂ 2004 ਦੀ ਚੋਣ ਪ੍ਰਚਾਰ ਮੁਹਿੰਮ ਦਾ ਚੇਤਾ ਆ ਗਿਆ। ਸੀਐੱਸਡੀਐੱਸ ਅਜਿਹੀ ਵਿਚਾਰਸ਼ੀਲ ਸੰਸਥਾ ਹੈ ਜਿਸ ਦੀ ਸਥਾਪਨਾ ਕਰੀਬ 60 ਸਾਲ ਪਹਿਲਾਂ ਰਜਨੀ ਕੋਠਾਰੀ, ਡੀਐੱਲ ਸੇਠ ਅਤੇ ਅਸ਼ੀਸ਼ ਨੰਦੀ ਵਰਗੇ ਰਾਜਨੀਤਕ ਸ਼ਾਸਤਰੀਆਂ ਨੇ ਕੀਤੀ ਸੀ। ਇਸ ਸਰਵੇਖਣ ਦੇ ਨਤੀਜੇ ਲੰਘੇ ਵੀਰਵਾਰ ਅੰਗਰੇਜ਼ੀ ਦੇ ਇਕ ਪ੍ਰਮੁੱਖ ਅਖ਼ਬਾਰ ਨੇ ਪ੍ਰਕਾਸ਼ਤ ਕੀਤੇ ਹਨ। ਸੀਐੱਸਡੀਐੱਸ ਦੇ ਸਰਵੇਖਣ ਅਨੁਸਾਰ ਲੋਕ ਸਭਾ ਚੋਣਾਂ ਵਿਚ ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਵੋਟਰਾਂ ਦੇ ਮੁੱਖ ਸਰੋਕਾਰ ਹਨ ਨਾ ਕਿ ਹਿੰਦੂਤਵ। ਰਾਮ ਮੰਦਰ ਅਤੇ ਭ੍ਰਿਸ਼ਟਾਚਾਰ ਜਿਹੇ ਦੋਵੇਂ ਮੁੱਦੇ 8-8 ਫ਼ੀਸਦ ਅੰਕਾਂ ਨਾਲ ਰੁਜ਼ਗਾਰ (27%), ਵਧਦੀ ਮਹਿੰਗਾਈ (23%), ਵਿਕਾਸ (13%) ਅਤੇ ਹੋਰ ਮਸਲਿਆਂ (9%) ਤੋਂ ਬਾਅਦ ਪੰਜਵੇਂ ਅਤੇ ਛੇਵੇਂ ਨੰਬਰ 'ਤੇ ਆਉਂਦੇ ਹਨ। ਸਰਵੇਖਣਕਾਰਾਂ ਦਾ ਦਾਅਵਾ ਹੈ ਕਿ ਉਨ੍ਹਾਂ 19 ਸੂਬਿਆਂ ਦੀਆਂ 100 ਲੋਕ ਸਭਾ ਹਲਕਿਆਂ ਦੇ 400 ਮਤਦਾਨ ਕੇਂਦਰਾਂ 'ਤੇ ਪਹੁੰਚ ਕੇ 10019 ਲੋਕਾਂ ਦੀ ਰਾਇ ਲਈ ਤਾਂ ਉਹ ਬੇਰੁਜ਼ਗਾਰੀ ਦਾ ਅਸਰ ਦੇਖ ਕੇ ਹੱਕੇ-ਬੱਕੇ ਰਹਿ ਗਏ।

ਸਰਵੇਖਣ ਤਹਿਤ ਕਰੀਬ 62 ਫ਼ੀਸਦ ਲੋਕਾਂ ਨੂੰ ਨੌਕਰੀ ਹਾਸਲ ਕਰਨ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ; ਕਸਬਿਆਂ ਅਤੇ ਪਿੰਡਾਂ ਦੇ ਮੁਕਾਬਲੇ ਵੱਡੇ ਸ਼ਹਿਰਾਂ ਵਿਚ ਸਮੱਸਿਆ ਹੋਰ ਵੀ ਜ਼ਿਆਦਾ ਹੈ। ਇਹ ਹੈਰਤ ਅੰਗੇਜ਼ ਅੰਕੜਾ ਹੈ। ਕਿਸੇ ਸਮਾਜ ਦੀ ਤਰੱਕੀ ਦਾ ਅਸਲ ਪੈਮਾਨਾ ਇਹੀ ਹੁੰਦਾ ਹੈ ਕਿ ਕਿੰਨੀ ਜ਼ਿਆਦਾ ਸੰਖਿਆ ਵਿਚ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਨਾ ਕਿ ਇਹ ਕਿ ਸ਼ੇਅਰ ਬਾਜ਼ਾਰ ਛੜੱਪੇ ਮਾਰ ਕਿ ਕਿੰਨੀ ਉਚਾਈ 'ਤੇ ਪਹੁੰਚ ਗਿਆ ਹੈ ਜਾਂ ਭਾਰਤੀ ਖਰਬਪਤੀਆਂ ਦੀ ਧਨ ਸੰਪਦਾ ਕਿੱਥੇ ਅੱਪੜ ਗਈ ਹੈ। ਜਦੋਂ 2004 ਵਿਚ ਸੱਤਾਧਾਰੀ ਪਾਰਟੀ ਲਈ ਭਾਰਤ ਲਿਸ਼ਕਾਂ ਮਾਰ ਰਿਹਾ ਸੀ ਤਦ ਗਰੀਬਾਂ ਲਈ ਇਹ ਬਿਲਕੁਲ ਵੀ ਨਹੀਂ ਸੀ ਅਤੇ ਫਿਰ ਉਨ੍ਹਾਂ ਵੋਟਾਂ ਵਾਲੇ ਦਿਨ ਆਪਣਾ ਸਾਰਾ ਗੁੱਸਾ ਕੱਢਿਆ ਸੀ।



ਬੇਰੁਜ਼ਗਾਰੀ ਤੋਂ ਇਲਾਵਾ ਜਿਹੜੇ ਇਕ ਹੋਰ ਮੁੱਦੇ ਦੀ ਗ਼ਰੀਬਾਂ 'ਤੇ ਬਹੁਤੀ ਮਾਰ ਪੈਂਦੀ ਹੈ, ਉਹ ਹੈ ਮਹਿੰਗਾਈ। ਸਰਵੇਖਣ ਦੌਰਾਨ 71 ਫ਼ੀਸਦ ਲੋਕਾਂ ਨੇ ਵਧਦੀ ਮਹਿੰਗਾਈ ਦੀ ਗੱਲ ਕੀਤੀ ਅਤੇ ਗ਼ਰੀਬ ਵਰਗਾਂ 'ਚੋਂ 76 ਫ਼ੀਸਦ ਲੋਕ ਇਸ ਤੋਂ ਪ੍ਰੇਸ਼ਾਨ ਹਨ। ਭਾਜਪਾ ਨੂੰ ਇਸ ਨੂੰ ਸੁਣਨਾ ਅਤੇ ਗਹੁ ਨਾਲ ਦੇਖਣਾ ਚਾਹੀਦਾ ਹੈ। ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਰੋਜ਼ੀ-ਰੋਟੀ ਨਾਲ ਜੁੜੇ ਦੋ ਪੂਰਕ ਮੁੱਦੇ ਹਨ ਜੋ ਪਛਾਣ ਦੀ ਸਿਆਸਤ ਉਪਰ ਭਾਰੂ ਪੈ ਜਾਂਦੇ ਹਨ। ਅਸਲ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਆਮ ਰਾਏ ਅਤੇ ਬਿਰਤਾਂਤ ਘੜਨ ਵਾਲੇ ਕੀ ਸੋਚਦੇ ਹਨ ਸਗੋਂ ਵੱਧ ਇਸ ਕਰ ਕੇ ਪੈਂਦਾ ਹੈ ਕਿ ਖਸਤਾਹਾਲ ਵੋਟਰ ਨਾਖੁਸ਼ ਹਨ ਤੇ ਉਨ੍ਹਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ। 2004 ਤੋਂ ਉਲਟ ਮੌਜੂਦਾ ਸਰਕਾਰ ਨੂੰ ਇਸ ਸੰਕਟ ਦਾ ਪਤਾ ਹੈ। ਚੋਣਾਂ ਤੋਂ ਪਹਿਲਾਂ ਇਸ ਦੇ ਸਾਰੇ ਕਿਰਿਆ-ਕਲਾਪ ਇਸੇ ਗੱਲ ਦਾ ਸੰਕੇਤ ਸਨ ਕਿ ਇਸ ਨੂੰ ਹਾਲਾਤ ਬਦਲਣ ਦੀ ਕਾਹਲੀ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਭਾਜਪਾ ਮੁਕਾਮੀ ਖ਼ਿਆਲਾਂ ਨਾਲ ਗੰਢ-ਤੁਪ ਕਰਨ ਲੱਗੀ ਹੈ ਜਾਂ ਤਿੰਨ-ਚਾਰ ਕੋਣੇ ਮੁਕਾਬਲੇ ਯਕੀਨੀ ਬਣਾਉਣਾ ਚਾਹੁੰਦੀ ਹੈ ਤਾਂ ਕਿ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਜਾਣ। ਗੁਲਾਮ ਨਬੀ ਆਜ਼ਾਦ ਦੀ ਪਾਰਟੀ ਨੇ ਘੱਟੋ-ਘੱਟ ਊਧਮਪੁਰ ਹਲਕੇ ਵਿਚ ਬਹੁਕੋਣੀ ਮੁਕਾਬਲਾ ਬਣਾ ਦਿੱਤਾ ਹੈ ਜਿੱਥੇ ਗੁਲਾਮ ਮੁਹੰਮਦ ਸਰੂਰੀ ਮੁਸਲਿਮ ਵੋਟਾਂ ਵਿਚ ਸੰਨ੍ਹ ਲਾ ਸਕਦੇ ਹਨ।

ਪੰਜਾਬ ਅੰਦਰ ਵੀ ਦੋ ਮੁੱਖ ਮੁਹਾਜ਼ਾਂ ਦੀ ਬਜਾਇ ਚਹੁੰ-ਕੋਣੀ ਮੁਕਾਬਲੇ ਹੋਣ ਦੇ ਆਸਾਰ ਹਨ ਜਿਨ੍ਹਾਂ ਕਰ ਕੇ ਰਲੇ-ਮਿਲੇ ਨਤੀਜੇ ਆ ਸਕਦੇ ਹਨ। ਹਰਿਆਣਾ ਵਿਚ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਨੂੰ ਚੁੱਪ-ਚੁਪੀਤੇ ਭਾਜਪਾ ਸਰਕਾਰ 'ਚੋਂ ਬਾਹਰ ਦਾ ਰਸਤਾ ਦਿਖਾਉਣ ਨਾਲ ਸੱਤਾਧਾਰੀ ਪਾਰਟੀ ਨੂੰ ਵਿਰੋਧੀ ਧਿਰ ਦੀਆਂ ਜਾਟ ਵੋਟਾਂ ਵਿਚ ਵੰਡਣ ਵਿਚ ਮਦਦ ਮਿਲ ਸਕਦੀ ਹੈ। ਚੌਟਾਲਾ ਪਰਿਵਾਰ ਦੀਆਂ ਦੋ ਪਾਰਟੀਆਂ ਜੇਜੇਪੀ ਅਤੇ ਇਨੈਲੋ ਚੋਣ ਮੈਦਾਨ ਵਿਚ ਆ ਗਈਆਂ ਹਨ ਅਤੇ ਇਹ ਦੋਵੇਂ ਜਾਟ ਵੋਟਾਂ ਦੀਆਂ ਦਾਅਵੇਦਾਰ ਹਨ, ਨਹੀਂ ਤਾਂ ਇਨ੍ਹਾਂ ਦਾ ਵੱਡਾ ਹਿੱਸਾ ਕਾਂਗਰਸ ਦੇ ਭੁਪਿੰਦਰ ਸਿੰਘ ਹੁੱਡਾ ਦੇ ਖਾਤੇ ਵਿਚ ਜਾਣਾ ਸੀ।

ਹੁਣ ਬਿਰੇਂਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਦੀ ਕਾਂਗਰਸ ਵਿਚ ਵਾਪਸੀ ਹੋਣ ਨਾਲ ਜਾਟ ਭਾਈਚਾਰੇ ਅੰਦਰ ਪਾਰਟੀ ਦੀ ਛਬ ਹੋਰ ਨਿੱਖਰ ਗਈ ਹੈ ਪਰ ਹੋਰਨਾਂ ਪਛੜੇ ਵਰਗ (ਓਬੀਸੀ) ਨਾਲ ਸਬੰਧਿਤ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਭਾਜਪਾ ਮਨੋਹਰ ਲਾਲ ਖੱਟਰ ਦੇ ਨੌਂ ਸਾਲਾ ਸ਼ਾਸਨ ਖਿਲਾਫ਼ ਗ਼ੈਰ-ਜਾਟ ਵੋਟਰਾਂ ਦੇ ਰੋਹ ਦੀ ਧਾਰ ਖੁੰਢੀ ਕਰ ਸਕਦੀ ਹੈ। ਇਹ ਤੁੱਕਾ ਚੱਲ ਵੀ ਸਕਦਾ ਹੈ ਤੇ ਨਹੀਂ ਵੀ ਚੱਲ ਸਕਦਾ ਪਰ ਇਕ ਗੱਲ ਸਾਫ਼ ਹੈ ਕਿ ਚੋਣ ਰਣਨੀਤੀ ਮੁਕਾਮੀ ਮੁੱਦਿਆਂ, ਸੱਤਾ ਵਿਰੋਧ ਅਤੇ ਸਮਾਜਿਕ ਕਾਰਕਾਂ ਦੀ ਸਮਝ 'ਤੇ ਆਧਾਰਿਤ ਹੈ। ਕੀ ਇਹੋ ਜਿਹੇ ਉਪਰਾਲੇ ਬੇਰੁਜ਼ਗਾਰੀ ਦੇ ਸੇਕ ਨੂੰ ਸਹਾਰ ਸਕਦੀ ਹੈ? ਸੈਂਟਰ ਫਾਰ ਮੌਨੀਟ੍ਰਿੰਗ ਇੰਡੀਅਨ ਇਕੌਨੋਮੀ (ਸੀਐੱਮਆਈਈ) ਮੁਤਾਬਕ ਜਨਵਰੀ 2023 ਵਿਚ ਬੇਰੁਜ਼ਗਾਰੀ ਦੀ ਸਭ ਤੋਂ ਮਾੜੀ ਦਰ (37.4 ਫ਼ੀਸਦ) ਹਰਿਆਣਾ ਵਿਚ ਹੀ ਸੀ। ਬਿਨਾਂ ਸ਼ੱਕ, ਹਰਿਆਣਾ ਸਰਕਾਰ ਨੇ ਇਨ੍ਹਾਂ ਅੰਕੜਿਆਂ ਨੂੰ ਪ੍ਰਵਾਨ ਨਹੀਂ ਕੀਤਾ ਸੀ ਅਤੇ ਇਹ ਕੋਈ ਰੱਬੀ ਇਲਹਾਮ ਵੀ ਨਹੀਂ ਸਨ ਪਰ ਇਨ੍ਹਾਂ ਨੂੰ ਸੰਕੇਤ ਤਾਂ ਮੰਨਿਆ ਹੀ ਜਾ ਸਕਦਾ ਹੈ। ਭਾਜਪਾ ਨੇ ਮੁੱਖ ਮੰਤਰੀ ਬਦਲ ਕੇ ਅਤੇ ਵੋਟਾਂ ਪਾੜਨ ਦੀ ਰਣਨੀਤੀ ਅਪਣਾ ਕੇ ਆਰਥਿਕ ਤੰਗੀ ਦੀ ਜੋ ਸਿਆਸੀ ਦਵਾ ਲਿਆਂਦੀ ਸੀ, ਉਹ ਦਿਲਚਸਪ ਜ਼ਰੂਰ ਹੈ।

ਹਰੇਕ ਅਹਿਮ ਸੂਬੇ ਵਿਚ ਜਿੱਥੇ ਜਦੋਂ ਤੱਕ ਕੋਈ ਸਿੱਧਾ ਮੁਕਾਬਲਾ ਨਾ ਹੋਵੇ ਅਤੇ ਕਦੇ ਕਦਾਈਂ ਉਨ੍ਹਾਂ ਸੂਬਿਆਂ ਵਿਚ ਵੀ ਜਿੱਥੇ ਇਸ ਦਾ ਬਹੁਤਾ ਕੁਝ ਦਾਅ 'ਤੇ ਨਹੀਂ ਲੱਗਿਆ ਹੁੰਦਾ ਤਾਂ ਭਾਜਪਾ ਗੱਠਜੋੜਾਂ, ਵੋਟਾਂ ਪਾੜਨ, ਦਲ ਬਦਲੀਆਂ ਅਤੇ ਸਮਾਜਿਕ ਸ਼ਕਤੀਆਂ ਦੀ ਮੁੜ ਸਫ਼ਬੰਦੀ ਦੀ ਕਲਾ ਅਜ਼ਮਾਉਂਦੀ ਰਹੀ ਹੈ। ਮਿਸਾਲ ਦੇ ਤੌਰ 'ਤੇ ਬਿਹਾਰ ਵਿਚ ਨਿਤੀਸ਼ ਕੁਮਾਰ, ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ ਦੇ ਜਯੰਤ ਚੌਧਰੀ, ਕਰਨਾਟਕ ਵਿਚ ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਤੱਕ ਪਹੁੰਚਣਾ ਅਤੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਐੱਨਸੀਪੀ ਤੋਂ ਵੱਖ ਹੋਏ ਧੜਿਆਂ ਨੂੰ ਆਪਣੀ ਸਫ਼ ਵਿਚ ਰਲਾਉਣਾ ਕੁੱਲ 196 ਸੀਟਾਂ ਵਾਲੇ ਇਨ੍ਹਾਂ ਪ੍ਰਮੁੱਖ ਸੂਬਿਆਂ ਅੰਦਰ ਆਰਥਿਕ ਸਮੱਸਿਆਵਾਂ ਦਾ ਅਸਰ ਘਟਾਉਣ ਦੇ ਉਪਰਾਲੇ ਹੀ ਸਨ। 2019 ਦੀਆਂ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਨੇ ਇਨ੍ਹਾਂ 'ਚੋਂ 170 ਸੀਟਾਂ ਜਿੱਤੀਆਂ ਸਨ। ਇਉਂ ਪ੍ਰਤੀਤ ਹੁੰਦਾ ਹੈ ਕਿ ਭਾਜਪਾ ਨੇ ਇਹ ਤਾੜ ਲਿਆ ਸੀ ਕਿ ਆਰਥਿਕ ਸੰਕਟ ਨਾਰਾਜ਼ਗੀ ਪੈਦਾ ਕਰਨਗੇ ਜਿਸ ਕਰ ਕੇ ਇਨ੍ਹਾਂ ਸਾਰੇ ਸੂਬਿਆਂ ਵਿਚ ਉਸ ਨੇ ਚੁਣਾਵੀ ਜੋੜ-ਤੋੜ ਕਰ ਲਿਆ ਸੀ। ਹੁਣ ਸਵਾਲ ਇਹ ਹੈ ਕਿ ਕੀ ਬੇਰੁਜ਼ਗਾਰੀ ਅਤੇ ਮਹਿੰਗਾਈ ਭਾਜਪਾ ਨੂੰ ਐਡਾ ਵੱਡਾ ਝਟਕਾ ਦੇ ਸਕਣਗੇ ਅਤੇ ਇਸ ਦੀ ਜੋੜ-ਤੋੜ ਵਾਲੀ ਸਿਆਸਤ ਪਿਛਾਂਹ ਛੁੱਟ ਜਾਵੇਗੀ? 2004 'ਚ ਕਾਂਗਰਸ ਨੇ ਬਹੁਤਾ ਕੁਝ ਨਹੀਂ ਕੀਤਾ ਸੀ, ਆਰਥਿਕ ਸੰਕਟ ਨੇ ਹੀ ਭਾਜਪਾ ਨੂੰ ਮਾਤ ਦੇ ਦਿੱਤੀ ਸੀ। ਉਦੋਂ ਚੋਣਾਂ ਤੋਂ ਬਾਅਦ ਭਾਜਪਾ ਦੇ ਚੋਟੀ ਦੇ ਆਗੂ ਪ੍ਰਮੋਦ ਮਹਾਜਨ ਨੇ ਮੰਨਿਆ ਸੀ ਕਿ ਗ਼ਰੀਬਾਂ ਨੇ ਸਰਕਾਰ ਡੇਗ ਦਿੱਤੀ ਸੀ।

ਹੁਣ ਸਥਿਤੀ ਵੱਖਰੀ ਹੈ। ਸਰਕਾਰ ਨੂੰ ਪਤਾ ਹੈ ਕਿ ਉਸ ਨੂੰ ਕਿਹੋ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨੇ ਹਰੇਕ ਪੱਧਰ 'ਤੇ ਬਾਰੀਕੀ ਨਾਲ ਪ੍ਰਬੰਧਨ ਕੀਤਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਰੀਬਾਂ ਲਈ ਸ਼ੁਰੂ ਕੀਤੀਆਂ ਕਲਿਆਣਕਾਰੀ ਯੋਜਨਾਵਾਂ ਦੀ ਚਰਚਾ ਕਰਦੇ ਰਹਿੰਦੇ ਹਨ। ਕੀ ਇਹ ਕੰਮ ਦੇਣਗੀਆਂ? ਕੀ ਇਹ ਕਾਫ਼ੀ ਹੋਵੇਗਾ? ਫਿਲਹਾਲ ਗਰੀਬਾਂ ਦਾ ਗੁੱਸਾ ਫੁੱਟ ਕੇ ਬਾਹਰ ਨਹੀਂ ਆਇਆ ਅਤੇ ਇਸ ਗੱਲ ਦੇ ਸੰਕੇਤ ਨਹੀਂ ਮਿਲਦੇ ਕਿ ਇਹ ਰੋਹ ਦੀ ਸੁਨਾਮੀ ਦਾ ਰੂਪ ਧਾਰਨ ਕਰ ਸਕਦਾ ਹੈ।

# ਭਾਰਤ ਵਿਚ ਬੇਰੁਜ਼ਗਾਰੀ ਦਾ ਸੰਕਟ

ਸਰਕਾਰੀ ਕੰਟਰੋਲ ਅਤੇ ਦਖ਼ਲ ਨੂੰ ਆਰਥਿਕ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਕਰਾਰ ਦਿੰਦਿਆਂ ਮੁਲਕ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ 1991 ਤੋਂ ਲਾਗੂ ਕੀਤੀਆਂ ਗਈਆਂ ਸਨ। ਇਨ੍ਹਾਂ ਨੂੰ ਆਰਥਿਕ ਸੁਧਾਰਾਂ ਦਾ ਨਾਂ ਵੀ ਦਿੱਤਾ ਗਿਆ ਅਤੇ ਇਹ ਸੁਧਾਰ ਅੱਜ ਵੀ ਜਾਰੀ ਹਨ। ਇਨ੍ਹਾਂ ਸੁਧਾਰਾਂ ਨੂੰ ਵੱਖ-ਵੱਖ ਨਾਵਾਂ ਨਾਲ ਪ੍ਰਚਾਰਿਆ ਗਿਆ ਜਿਵੇਂ ਪਹਿਲੀ ਪੀੜ੍ਹੀ

ਡਾ. ਕੇਸਰ ਸਿੰਘ ਭੰਗੂ
ਫੋਨ: +91-98154-27127

ਦੇ ਸੁਧਾਰ, ਦੂਜੀ ਪੀੜ੍ਹੀ ਦੇ ਸੁਧਾਰ, ਤੀਜੀ ਪੀੜ੍ਹੀ ਦੇ ਸੁਧਾਰ, ਚੌਥੀ ਪੀੜ੍ਹੀ ਦੇ ਸੁਧਾਰ ਆਦਿ। ਇਨ੍ਹਾਂ ਨੀਤੀਆਂ ਅਤੇ ਸੁਧਾਰਾਂ ਦਾ ਮੁੱਖ ਮੰਤਵ ਆਰਥਿਕ ਵਿਕਾਸ ਦਾ ਰਾਹ ਮੋਕਲਾ ਕਰਨਾ, ਆਰਥਿਕ ਵਿਕਾਸ ਦੀ ਦਰ ਨੂੰ ਤੇਜ਼ੀ ਨਾਲ ਉੱਚਾ ਚੁੱਕਣਾ, ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਕਰਨਾ ਅਤੇ ਅਰਥਚਾਰੇ ਵਿਚ ਮੁਕਾਬਲੇ ਦੀ ਭਾਵਨਾ ਨੂੰ ਹੁਲਾਰਾ ਦੇਣਾ ਸੀ। ਇਨ੍ਹਾਂ ਸੁਧਾਰਾਂ ਅਧੀਨ ਸਰਮਾਏਦਾਰਾਂ ਨੂੰ ਹੋਰ ਖੁੱਲ੍ਹਾਂ ਦੇਣ ਲਈ ਜਿੱਥੇ ਨਵੇਂ ਕਾਨੂੰਨ ਘੜੇ ਗਏ, ਉੱਥੇ ਪੁਰਾਣੇ ਕਾਨੂੰਨਾਂ ਵਿਚ ਸਰਮਾਏ ਪੱਖੀ ਸੋਧਾਂ ਕੀਤੀਆਂ ਗਈਆਂ, ਕਈ ਕਾਨੂੰਨ ਤਾਂ ਖ਼ਤਮ ਕਰ ਦਿੱਤੇ ਗਏ।

ਇਹ ਸਭ ਸਹੂਲਤਾਂ ਭਾਰਤੀ ਸਰਮਾਏ ਦੇ ਨਿਵੇਸ਼ ਦੇ ਨਾਲ-ਨਾਲ ਵਿਦੇਸ਼ੀ ਸਰਮਾਏ ਨੂੰ ਖਿੱਚਣ ਲਈ ਦਿੱਤੀਆਂ ਗਈਆਂ। ਇਨ੍ਹਾਂ ਨੀਤੀਆਂ ਦੇ ਮੱਦੇਨਜ਼ਰ ਸਰਕਾਰੀ ਅਦਾਰਿਆਂ ਦਾ ਰੋਲ ਘਟਾਇਆ ਗਿਆ, ਬਿਮਾਰ ਸਰਕਾਰੀ ਅਦਾਰੇ ਬੰਦ ਕੀਤੇ ਗਏ ਜਾਂ ਨਿੱਜੀ ਕੰਪਨੀਆਂ ਨੂੰ ਖ਼ਾਸ ਗਿਣਤੀ-ਮਿਣਤੀ ਤਹਿਤ ਕੌਡੀਆਂ ਦੇ ਭਾਅ ਵੇਚ ਦਿੱਤਾ ਗਿਆ ਤਾਂ ਜੋ ਸਰਮਾਏਦਾਰਾਂ ਦੇ ਹਿੱਤਾਂ ਦੀ ਪੂਰਤੀ ਹੋ ਸਕੇ। ਇਹ ਨੀਤੀਆਂ ਲਾਗੂ ਹੋਣ ਨਾਲ ਆਰਥਿਕ ਵਿਕਾਸ ਦੀ ਦਰ ਤਾਂ ਸੁਧਾਰਾਂ ਦੇ ਸਮੇਂ ਤੋਂ ਪਹਿਲਾਂ ਦੀ 3-4 ਪ੍ਰਤੀਸ਼ਤ ਤੋਂ ਵਧ ਕੇ 7-8 ਪ੍ਰਤੀਸ਼ਤ ਹੋ ਗਈ ਪਰ ਇਸ ਵਿਕਾਸ ਦਰ ਨੇ ਜ਼ਰੂਰੀ ਅਤੇ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ; ਭਾਵ, ਰੁਜ਼ਗਾਰ ਤੋਂ ਬਿਨਾਂ ਵਿਕਾਸ ਦਾ ਵਰਤਾਰਾ ਸਾਹਮਣੇ ਆ ਗਿਆ ਅਤੇ ਨਾਲ ਹੀ ਰੁਜ਼ਗਾਰ ਸਬੰਧੀ ਹੋਰ ਗੰਭੀਰ ਸਮੱਸਿਆਵਾਂ ਵੀ ਉਜਾਗਰ ਹੋ ਗਈਆਂ। ਦੇਸ਼ ਵਿਚ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਨੂੰ ਸਮਝਣ ਲਈ ਹੁਣੇ ਜਾਰੀ 'ਇੰਡੀਆ ਐਂਪਲਾਇਮੈਂਟ ਰਿਪੋਰਟ-2024 ਧਿਆਨ ਦੇਣ ਯੋਗ ਹੈ।

ਇਸ ਰਿਪੋਰਟ ਵਿਚ 2000-2022 ਦੇ ਦੋ ਦਹਾਕਿਆਂ ਦੌਰਾਨ ਬੇਰੁਜ਼ਗਾਰੀ ਦੇ ਵੱਖ-ਵੱਖ ਪਹਿਲੂਆਂ ਅਤੇ ਸਮੱਸਿਆਵਾਂ ਦਾ ਵਿਸਤਾਰ ਸਹਿਤ ਅਧਿਐਨ ਕੀਤਾ ਗਿਆ ਹੈ। ਇਹ ਆਮ ਕਿਹਾ ਜਾਂਦਾ ਰਿਹਾ ਹੈ ਕਿ ਜਦੋਂ ਆਰਥਿਕ ਵਿਕਾਸ ਦਰ ਉੱਚੀ ਹੋਵੇਗੀ ਤਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਆਪਣੇ ਆਪ ਪੈਦਾ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਸਾਲ 2000 ਤੋਂ 2012 ਦਰਮਿਆਨ ਵਿਕਾਸ ਦੀ ਦਰ ਤਾਂ ਪ੍ਰਤੀ ਸਾਲ 6.2 ਪ੍ਰਤੀਸ਼ਤ ਰਹੀ ਪਰ ਰੁਜ਼ਗਾਰ ਦੀ ਸਾਲਾਨਾ ਦਰ ਕੇਵਲ 1.6 ਪ੍ਰਤੀਸ਼ਤ ਹੀ ਰਹੀ। ਇਸੇ ਤਰ੍ਹਾਂ 2012 ਤੋਂ 2019 ਦੇ ਸਮੇਂ ਦੌਰਾਨ ਆਰਥਿਕ ਵਿਕਾਸ ਦੀ ਦਰ ਵਿਚ ਹੋਰ ਸੁਧਾਰ ਹੋ ਕੇ ਇਹ 6.7 ਪ੍ਰਤੀਸ਼ਤ ਸਾਲਾਨਾ ਹੋ ਗਈ ਪਰ ਰੁਜ਼ਗਾਰ ਦੇ ਮੌਕੇ ਸਾਲਾਨਾ ਮਹਿਜ਼ 0.01 ਪ੍ਰਤੀਸ਼ਤ ਹੀ ਵਧੇ। ਇਹ ਤੱਥ ਦੱਸਦੇ ਹਨ ਕਿ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੀ ਦਰ ਦਾ ਆਪਸ ਵਿਚ ਕੋਈ ਸਬੰਧ ਨਹੀਂ ਹੈ। ਦੇਸ਼ ਵਿਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਦਰ 2000-2012 ਦੇ ਸਮੇਂ ਵਿਚ ਮਹਿਜ਼ 2-3 ਪ੍ਰਤੀਸ਼ਤ ਸੀ ਜਿਹੜੀ 2012-2019 ਦੇ ਸਮੇਂ ਵਿਚ ਕਾਫ਼ੀ ਜ਼ਿਆਦਾ ਵੱਧ ਕੇ 5.8 ਪ੍ਰਤੀਸ਼ਤ 'ਤੇ ਪਹੁੰਚ ਗਈ; ਮਗਰੋਂ ਥੋੜ੍ਹੀ ਘਟ ਕੇ 2022 ਵਿਚ 4.1 ਪ੍ਰਤੀਸ਼ਤ ਹੋ ਗਈ। ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਉੱਚੀ ਦਰ ਹੋਣ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕਿਆਂ ਵਿਚ ਘੱਟ ਵਾਧਾ ਹੋਣਾ ਹੈ।

ਦੁਨੀਆ ਭਰ ਵਿਚ 2021 ਵਿਚ ਨੌਜਵਾਨਾਂ ਭਾਵ 15-29 ਸਾਲ ਉਮਰ ਵਾਲਿਆਂ ਵਿਚ ਬੇਰੁਜ਼ਗਾਰੀ ਦੀ ਦਰ 15.6 ਪ੍ਰਤੀਸ਼ਤ ਸੀ ਜਿਹੜੀ ਬਾਲਗਾਂ, ਭਾਵ 30-59 ਸਾਲ ਉਮਰ ਵਾਲਿਆਂ ਵਿਚ ਬੇਰੁਜ਼ਗਾਰੀ ਤੋਂ ਤਿੰਨ ਗੁਣਾ ਜ਼ਿਆਦਾ ਸੀ। ਭਾਰਤ ਵਿਚ 2000-2019 ਦੇ ਸਮੇਂ ਦੌਰਾਨ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 5.7 ਪ੍ਰਤੀਸ਼ਤ ਤੋਂ ਵਧ ਕੇ 17.5 ਪ੍ਰਤੀਸ਼ਤ 'ਤੇ ਪਹੁੰਚ ਗਈ ਸੀ ਜਿਹੜੀ 2022 ਵਿਚ ਘਟ ਕੇ 12.4 ਪ੍ਰਤੀਸ਼ਤ ਰਹਿ ਗਈ ਸੀ। ਇਹ ਬਾਲਗਾਂ ਵਿਚ ਬੇਰੁਜ਼ਗਾਰੀ ਦੀ ਦਰ ਤੋਂ 12 ਗੁਣਾ ਜ਼ਿਆਦਾ ਸੀ। ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਇੱਕ ਹੋਰ ਖ਼ਾਸੀਅਤ ਵਰਨਣਯੋਗ ਹੈ ਕਿ ਇਹ ਪੇਂਡੂ ਖੇਤਰਾਂ ਵਿਚ 10.6 ਪ੍ਰਤੀਸ਼ਤ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਵਿਚ 17.2 ਪ੍ਰਤੀਸ਼ਤ ਹੈ ਜੋ ਕਾਫ਼ੀ ਉੱਚੀ ਹੈ। ਦੇਸ਼ ਵਿਚ 2022 ਵਿਚ ਕੁੱਲ ਬੇਰੁਜ਼ਗਾਰਾਂ ਵਿਚ ਨੌਜਵਾਨ ਬੇਰੁਜ਼ਗਾਰਾਂ ਦਾ ਹਿੱਸਾ 82.9 ਪ੍ਰਤੀਸ਼ਤ ਸੀ। ਇਵੇਂ ਹੀ ਕੁੱਲ ਬੇਰੁਜ਼ਗਾਰਾਂ ਵਿਚ ਪੜ੍ਹੇ ਲਿਖੇ ਨੌਜਵਾਨਾਂ ਦਾ ਹਿੱਸਾ 2000 ਵਿਚ 54.2 ਪ੍ਰਤੀਸ਼ਤ ਤੋਂ ਵਧ ਕੇ 2022 ਵਿਚ 65.7 ਪ੍ਰਤੀਸ਼ਤ ਹੋ ਗਿਆ। ਦੱਸਣਾ ਬਣਦਾ ਹੈ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਬਾਲਗ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਮੁਕਾਬਲੇ ਜ਼ਿਆਦਾ ਹੈ। ਮੌਜੂਦਾ ਸਮਿਆਂ ਵਿਚ ਦੇਸ਼ ਵਿਚ ਬੇਰੁਜ਼ਗਾਰੀ ਦੀ ਸਮੱਸਿਆਂ ਪੜ੍ਹੇ ਲਿਖੇ ਨੌਜਵਾਨਾਂ ਵਿਚ ਬਹੁਤ ਜ਼ਿਆਦਾ ਹੈ ਅਤੇ ਦੇਸ਼ ਦੀ ਬੇਰੁਜ਼ਗਾਰੀ ਨੂੰ ਹੁਣ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਵੀ ਕਿਹਾ ਜਾ ਸਕਦਾ ਹੈ ਜਿਹੜੀ ਆਉਣ ਵਾਲੇ ਸਮੇਂ ਵਿਚ ਬਹੁਤ ਗੰਭੀਰ ਮਸਲਾ ਹੋਵੇਗਾ।

ਦੇਸ਼ ਵਿਚ ਪ੍ਰਚਲਿਤ ਬੇਰੁਜ਼ਗਾਰੀ ਦੇ ਕੁਝ ਹੋਰ ਪਹਿਲੂ ਵੀ ਮਹੱਤਵਪੂਰਨ ਹਨ ਜਿਵੇਂ ਪਹਿਲਾਂ ਹੀ ਖੇਤੀ ਤੋਂ ਗੈਰ-ਖੇਤੀ ਧੰਦਿਆਂ ਵਿਚ ਕਿਰਤੀਆਂ ਦੀ ਤਬਦੀਲੀ ਬਹੁਤ ਧੀਮੀ ਸੀ, ਹੁਣ ਹੋਰ ਧੀਮੀ ਹੋ ਗਈ ਹੈ। ਜਿਹੜੇ ਵੀ ਕਿਰਤੀ ਖੇਤੀ ਵਿਚੋਂ ਗੈਰ-ਖੇਤੀ ਧੰਦਿਆਂ ਵਿਚ ਆਉਂਦੇ ਹਨ, ਉਨ੍ਹਾਂ ਨੂੰ ਮੁੱਖ ਤੌਰ 'ਤੇ ਨਿਰਮਾਣ ਕਾਰਜਾਂ ਜਾਂ ਸੇਵਾਵਾਂ ਦੇ ਖੇਤਰ ਵਿਚ ਹੀ ਰੁਜ਼ਗਾਰ ਮਿਲਦਾ ਹੈ ਕਿਉਂਕਿ ਸਨਅਤੀ (ਮੈਨੂਫੈਕਚਰਿੰਗ) ਖੇਤਰ ਵਿਚ ਰੁਜ਼ਗਾਰ ਦੇ ਮੌਕਿਆਂ ਵਿਚ ਖੜੋਤ ਹੈ। 2000-2019 ਦੌਰਾਨ ਇਸ ਖੇਤਰ ਦੇ ਉਤਪਾਦ ਦੀ ਕੁੱਲ ਕੀਮਤ ਵਿਚ ਵਾਧਾ 7.5 ਪ੍ਰਤੀਸ਼ਤ ਸਾਲਾਨਾ ਦੇ ਹਿਸਾਬ ਨਾਲ ਹੋਇਆ; ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਮਹਿਜ਼ 1.7 ਪ੍ਰਤੀਸ਼ਤ ਸਾਲਾਨਾ ਹੀ ਹੋਇਆ। ਦੇਸ਼ ਵਿਚ ਮੌਜੂਦਾ ਪ੍ਰਚਲਿਤ ਰੁਜ਼ਗਾਰ ਮੁੱਖ ਤੌਰ ਤੇ ਗੈਰ-ਸੰਗਠਿਤ ਖੇਤਰ ਵਿਚ ਹੀ ਹੈ ਜਿਸ ਦੀ ਗੁਣਵੱਤਾ ਬਹੁਤ ਗੈਰ-ਮਿਆਰੀ ਤੇ ਨੀਵੇਂ ਪੱਧਰ ਦੀ ਹੈ। ਦੇਸ਼ ਦੇ ਰੁਜ਼ਗਾਰ ਪ੍ਰਾਪਤ ਲੋਕਾਂ ਦਾ ਲੱਗਭਗ 82-90 ਪ੍ਰਤੀਸ਼ਤ ਜਾਂ ਤਾਂ ਆਪਣਾ ਕੰਮ ਕਰਦੇ ਹਨ ਜਾਂ ਆਮ ਮਜ਼ਦੂਰੀ ਕਰਦੇ ਹਨ। ਪਿਛਲੇ ਸਮੇਂ ਵਿਚ ਇਸ ਕਿਸਮ ਦੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਹੋਇਆ ਹੈ। ਅਜਿਹੇ ਰੁਜ਼ਗਾਰ ਪ੍ਰਾਪਤ ਲੋਕਾਂ/ਕਿਰਤੀਆਂ ਨੂੰ ਬਹੁਤ ਘੱਟ ਤਨਖ਼ਾਹਾਂ/ਉਜਰਤਾਂ ਦਿੱਤੀਆਂ ਜਾਂਦੀਆਂ ਹਨ। ਇਹ ਵੀ ਦੇਖਿਆ ਗਿਆ ਹੈ ਕਿ ਜਾਂ ਤਾਂ ਉਜਰਤਾਂ ਵਿਚ ਖੜੋਤ ਰਹੀ ਹੈ ਜਾਂ ਇਹ ਮਾੜੀਆਂ ਹਨ ਅਤੇ ਬਹੁਤ ਧੰਦਿਆਂ ਖ਼ਾਸ ਕਰ ਕੇ ਖੇਤੀ ਅਤੇ ਨਿਰਮਾਣ ਕਾਰਜਾਂ ਵਿਚ ਘੱਟੋ-ਘੱਟ ਉਜਰਤਾਂ ਵੀ ਨਹੀਂ ਮਿਲਦੀਆਂ। ਦੇਸ਼ ਵਿਚ ਰੁਜ਼ਗਾਰ ਦੇ ਸਬੰਧ ਵਿਚ ਇੱਕ ਹੋਰ ਮਹੱਤਵਪੂਰਨ ਅਤੇ ਗੰਭੀਰ ਸਮੱਸਿਆ ਇਹ ਹੈ ਕਿ ਅਰਧ-ਬੇਰੁਜ਼ਗਾਰੀ/ਘੱਟ-ਰੁਜ਼ਗਾਰ (ਜਦੋਂ ਕਿਰਤੀਆਂ ਨੂੰ ਪੂਰੇ ਦਿਨਾਂ ਲਈ ਪੂਰਨ ਰੁਜ਼ਗਾਰ ਨਾ ਮਿਲੇ) ਵੱਡੇ ਪੱਧਰ 'ਤੇ ਹੈ। ਅਰਧ-ਬੇਰੁਜ਼ਗਾਰੀ ਦੀ ਦਰ 2012 ਵਿਚ 8.1 ਪ੍ਰਤੀਸ਼ਤ, 2019 ਵਿਚ 9.1 ਪ੍ਰਤੀਸ਼ਤ ਅਤੇ 2022 ਵਿਚ 7.5 ਪ੍ਰਤੀਸ਼ਤ ਸੀ। ਰੁਜ਼ਗਾਰ ਦੀ ਅਜਿਹੀ ਸਥਿਤੀ ਲਈ ਨਵੀਆਂ ਸਨਅਤਾਂ ਦਾ ਜ਼ਿਆਦਾ ਕੈਪੀਟਲ ਇੰਟੈਂਸਿਵ, ਨਵੀਆਂ ਤਕਨੀਕਾਂ ਅਤੇ ਜ਼ਿਆਦਾ ਮਸ਼ੀਨੀਕਰਨ ਆਧਾਰਿਤ ਹੋਣਾ ਵੀ ਹੈ ਜਿਹੜੀਆਂ ਰੁਜ਼ਗਾਰ ਦੇ ਢੁਕਵੇਂ ਤੇ ਲੋੜੀਂਦੀ ਮੌਕੇ ਪੈਦਾ ਨਹੀਂ ਕਰਦੀਆਂ।

ਦੇਸ਼ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਕਾਫ਼ੀ ਗੰਭੀਰ ਹੈ ਅਤੇ ਸਮੇਂ ਦੇ ਨਾਲ-ਨਾਲ ਹੋਰ ਗੰਭੀਰ ਹੋ ਰਹੀ ਹੈ। ਇਸ ਲਈ ਸਮਾਂ ਅਤੇ ਸਮੱਸਿਆ ਦੀ ਗੰਭੀਰਤਾ ਮੰਗ ਕਰਦੇ ਹਨ ਕਿ ਬੇਰੁਜ਼ਗਾਰੀ ਦੇ ਹੱਲ ਲਈ ਆਰਥਿਕ ਨੀਤੀਆਂ ਵਿਚ ਤਬਦੀਲੀਆਂ ਹੋਣ। ਸਭ ਤੋਂ ਪਹਿਲਾਂ ਦੇਸ਼ ਵਿਚ ਹੋਣ ਵਾਲੇ ਨਿਵੇਸ਼ ਅਤੇ ਆਰਥਿਕ ਵਿਕਾਸ ਦੀ ਪਹਿਲੀ ਤਰਜੀਹ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਰਤ ਨੀਤੀਆਂ ਅਤੇ ਕਿਰਤ ਮਿਆਰਾਂ ਵਿਚ ਕਿਰਤੀ ਪੱਖੀ ਤਬਦੀਲੀਆਂ ਲਿਆ ਕੇ ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰਾਂ ਵਿਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਹੈ। ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰ ਵਿਚ ਸੁਧਾਰ ਲਿਆਉਣ ਦੇ ਨਾਲ-ਨਾਲ ਕਿਰਤ ਮੰਡੀ ਵਿਚ ਵੱਡੇ ਪੱਧਰ 'ਤੇ ਨਾ-ਬਰਾਬਰੀ ਨੂੰ ਘਟਾਉਣ/ਖ਼ਤਮ ਕਰਨ ਦੀ ਲੋੜ ਹੈ ਤਾਂ ਕਿ ਹੇਠਲੇ ਤਬਕੇ ਦੇ ਲੋਕਾਂ ਅਤੇ ਔਰਤਾਂ ਨੂੰ ਵੀ ਬਰਾਬਰ ਦੇ ਹੱਕ ਤੇ ਮੌਕੇ ਮਿਲ ਸਕਣ। ਤਕਨੀਕੀ ਅਤੇ ਹੁਨਰ ਵਾਲੇ ਕੋਰਸਾਂ ਵਿਚ ਸਮੇਂ ਦੇ ਹਾਣ ਦੀਆਂ ਅਤੇ ਮੌਜੂਦਾ ਲੋੜਾਂ ਮੁਤਾਬਿਕ ਤਬਦੀਲੀਆਂ ਕਰ ਕੇ ਲੋਕਾਂ ਖ਼ਾਸ ਕਰ ਕੇ ਨੌਜਵਾਨਾਂ ਵਿਚ ਰੁਜ਼ਗਾਰ ਯੋਗਤਾ ਵਧਾਈ ਜਾਣੀ ਚਾਹੀਦੀ ਹੈ ਕਿਉਂਕਿ ਹੁਨਰ ਸਿਖਲਾਈ ਦੀ ਮੰਗ ਅਤੇ ਪੂਰਤੀ ਵਿਚ ਕਾਫ਼ੀ ਅਸੰਤੁਲਨ ਹੈ।

# ਖਾਲਿਸਤਾਨੀ ਲਹਿਰ ਦੀ ਉਦਾਸ ਦਾਸਤਾਨ: ਇਕ ਪੰਥਕ ਕਮੇਟੀ ਮੈਂਬਰ ਦੀ ਜ਼ਬਾਨੀ

## (ਪੰਜਾਬ ਦੇ ਦੁਖਾਂਤ ਤੋਂ ਅਕਾਲੀ ਅਤੇ ਕਾਂਗਰਸੀ ਹਾਕਮਾਂ ਨੇ ਕੋਈ ਸਬਕ ਨਾ ਸਿੱਖਿਆ!)

ਪਿਛਲੇ ਸਮੇਂ ਵਿਚ ਹੋਈਆਂ ਕੁਝ ਅਣਸੁਖਾਵੀਆਂ ਘਟਨਾਵਾਂ ਤੇ ਖ਼ਾਸ ਕਰਕੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਖਾਲਿਸਤਾਨ ਦੇ ਮੁੱਦੇ 'ਤੇ ਦੇਸ਼ ਦੁਨੀਆ ਵਿਚ ਇਕ ਨਵੀਂ ਬਹਿਸ ਸ਼ੁਰੂ ਹੋਈ। ਇਸ ਘਟਨਾ ਤੋਂ ਬਾਅਦ ਕੈਨੇਡਾ ਦੀ ਪਾਰਲੀਮੈਂਟ ਵਿਚ ਉਥੋਂ ਦੇ ਪ੍ਰਧਾਨ ਮੰਤਰੀ ਵਲੋਂ ਇਸ ਕਤਲ ਬਾਰੇ ਦਿੱਤੇ ਬਿਆਨ ਨੇ ਇਸ ਮਸਲੇ ਦੀ ਉਲਝਣ ਨੂੰ ਪਿਛਲੇ ਸਮੇਂ ਦੌਰਾਨ ਹੋਰ ਵੀ ਪੇਚੀਦਾ ਬਣਾਈ ਰੱਖਿਆ ਹੈ। ਏਥੇ ਇਹ ਦੱਸਣਾ ਬਣਦਾ ਹੈ ਕਿ ਪੰਜਾਬ ਵਿਚ 1978 ਵਿਚ ਹੋਏ ਨਿਰੰਕਾਰੀ ਅਖੰਡ ਕੀਰਤਨੀ ਜਥੇ ਦੀ ਲੜਾਈ ਵਿਚ ਸ਼ੁਰੂ ਹੋਈ ਦਾਸਤਾਨ ਅੰਤ ਵਿਚ ਕਈ ਪੜਾਅ ਪਾਰ ਕਰਦੀ ਹੋਈ ਪੰਜਾਬ ਤੇ ਪੰਜਾਬ ਦੇ ਲੋਕਾਂ ਤੇ ਦੇਸ ਲਈ ਵੱਡੀ ਤਬਾਹੀ ਦਾ ਕਾਰਨ ਬਣੀ। ਇਸ ਤ੍ਰਾਸਦੀ

**ਜਗਰੂਪ ਸਿੰਘ ਸੇਖੋਂ**
**ਫੋਨ: 94170-75563**

ਵਿਚੋਂ ਪੰਜਾਬ ਵਿਚ 30,000 ਤੋਂ ਵੱਧ ਲੋਕਾਂ ਨੂੰ ਸਰਕਾਰੀ ਤੇ ਗ਼ੈਰ-ਸਰਕਾਰੀ ਅਤਿਵਾਦ ਹੱਥੋਂ ਜਾਨ ਗਵਾਉਣੀ ਪਈ। ਬਹੁਤ ਵੱਡੀ ਗਿਣਤੀ ਵਿਚ ਪਿੰਡਾਂ ਵਿਚੋਂ ਹਿਜਰਤ ਹੋਈ ਜਿਸ ਨੇ ਪੇਂਡੂ ਖੇਤਰ ਦੇ ਸਮਾਜਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਤਾਣੇ-ਬਾਣੇ ਦੀ ਤਹਿਸ-ਨਹਿਸ ਕਰ ਦਿੱਤੀ। ਸਭ ਤੋਂ ਵੱਧ ਪ੍ਰਭਾਵਿਤ ਵਿਦਿਆ, ਸਿਹਤ ਸਹੂਲਤਾਂ, ਪੰਚਾਇਤੀ ਰਾਜ ਤੇ ਹੋਰ ਉਹ ਸੰਸਥਾਵਾਂ ਹੋਈਆਂ ਜਿਹੜੀਆਂ ਹੱਸਦੇ-ਵਸਦੇ ਪੰਜਾਬ ਦੀਆਂ ਜੜ੍ਹਾਂ ਸਨ। ਪੰਦਰਾਂ ਸਾਲਾਂ ਦੀ ਤਬਾਹੀ ਤੋਂ ਬਾਅਦ ਪੰਜਾਬ ਵਿਚ ਆਮ ਹਾਲਾਤ ਪੈਦਾ ਹੋਏ। ਪਰ ਪਿਛਲੇ 30 ਸਾਲ ਤਕ ਰਾਜ ਕਰਨ ਵਾਲੀਆਂ ਦੋ ਧਿਰਾਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਨੇ ਪੰਜਾਬ ਦੀ ਤ੍ਰਾਸਦੀ ਨੂੰ ਖ਼ਤਮ ਕਰਨ ਤੇ ਅਤਿਵਾਦ ਤੇ ਉਸਦੇ ਬਾਅਦ ਪੈਦਾ ਹੋਈ ਢਾਂਚਾਗਤ ਸਮੱਸਿਆ ਵੱਲੋਂ ਨਾ ਕੇਵਲ ਮੂੰਹ ਮੋੜੀ ਰੱਖਿਆ, ਸਗੋਂ ਇਸ ਦੀਆਂ ਸਮੱਸਿਆਵਾਂ ਵਿਚ ਅਥਾਹ ਵਾਧਾ ਵੀ ਕੀਤਾ। ਇਸ ਦੇ ਨਤੀਜੇ ਵਜੋਂ ਪੰਜਾਬ ਬਰਬਾਦੀ ਦੀ ਕਗਾਰ ਵੱਲ ਧੱਕਿਆ ਗਿਆ ਤੇ ਹੌਲੀ ਹੌਲੀ ਲੋਕਾਂ ਦਾ ਆਪਣੇ ਆਪ ਤੋਂ ਵੀ ਵਿਸ਼ਵਾਸ ਉੱਠਣ ਲੱਗ ਪਿਆ। ਇਸ ਸਮੇਂ ਵਿਚ ਰਿਸ਼ਵਤਖੋਰੀ ਵਿਚ ਅਥਾਹ ਵਾਧਾ, ਰਾਜਨੀਤਕ ਲੀਡਰਾਂ ਦਾ ਗ਼ੈਰ-ਜ਼ਿੰਮੇਵਾਰ ਰਵੱਈਆ ਤੇ ਬਦਲਾਖੋਰੀ ਦੀ ਰਾਜਨੀਤੀ, ਨਸ਼ਿਆਂ ਦਾ ਵਧਦਾ ਜਾਲ ਤੇ ਧੰਦਾ, ਮਨੁੱਖੀ ਅਧਿਕਾਰਾਂ ਦਾ ਘਾਣ, ਸਰਕਾਰੀ ਤੰਤਰ ਦੀ ਰਾਜਸੀ ਮੁਫਾਦਾਂ ਵਾਸਤੇ ਵਰਤੋਂ, ਸਿੱਖਿਆ ਤੇ ਸਿਹਤ ਦੇ ਖੇਤਰ ਦੀ ਅਣਗਹਿਲੀ, ਕਿਸਾਨਾਂ ਤੇ ਮਜ਼ਦੂਰਾਂ ਦੀ ਦਿਨੋਂ-ਦਿਨ ਪਤਲੀ ਹੁੰਦੀ ਗਈ ਹਾਲਤ, ਬੇਰੁਜ਼ਗਾਰੀ, ਅਣਚਾਹਿਆ ਪਰਵਾਸ, ਗੈਂਗਵਾਰ ਦੀ ਉਤਪਤੀ ਤੇ ਇਸ ਨੂੰ ਰਾਜਸੀ ਸ਼ਹਿ ਆਦਿ ਨੇ ਪੰਜਾਬ ਤੇ ਪੰਜਾਬ ਦੇ ਲੋਕਾਂ ਅੱਗੇ ਵੱਡੇ ਸਵਾਲ ਖੜ੍ਹੇ ਕੀਤੇ। ਇਸ ਦੇ ਨਾਲ ਹੀ ਰਾਜਨੀਤਕ ਪਾਰਟੀਆਂ ਵੱਲੋਂ ਆਪਣੇ ਮੁਫਾਦਾਂ ਵਾਸਤੇ ਲੋਕਾਂ ਵਿਚ ਧਰਮ ਤੇ ਜਾਤ-ਪਾਤ ਦੇ ਆਧਾਰ 'ਤੇ ਪਈਆਂ ਵੰਡਾਂ ਤੇ ਝਗੜਿਆਂ ਨੇ ਸਥਿਤੀ ਨੂੰ ਹੋਰ ਉਲਝਾ ਰੱਖਿਆ ਹੈ। ਕੁਲ ਮਿਲਾ ਕੇ ਇਨ੍ਹਾਂ ਸਾਰੇ ਕਾਰਨਾਂ ਕਰਕੇ ਪੰਜਾਬ ਇਕ ਵਾਰੀ ਫਿਰ ਚੁਰਾਹੇ 'ਤੇ ਖੜ੍ਹਾ ਹੈ ਜਿਸ ਦੇ ਅੱਗੇ ਪਿੱਛੇ ਡੂੰਘੇ ਖੱਡ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਵੱਡੀ ਹਿੰਮਤ ਕਰ ਕੇ 2022 ਵਿਚ ਇਨ੍ਹਾਂ ਮਸਲਿਆਂ ਦੇ ਢਾਂਚਾਗਤ ਹੱਲ ਕਰਵਾਉਣ ਲਈ ਵੱਡਾ ਹੰਭਲਾ ਮਾਰਿਆ ਸੀ ਪਰ ਲਗਦਾ ਹੈ ਉਨ੍ਹਾਂ ਨੂੰ ਸ਼ਾਇਦ ਇਸ ਤੋਂ ਵੀ ਨਿਰਾਸ਼ਾ ਦਾ ਮੂੰਹ ਦੇਖਣਾ ਪਵੇ।

ਇਹ ਲੇਖ ਪੰਜਾਬ ਵਿਚ ਚੱਲੀ ਖਾਲਿਸਤਾਨੀ ਲਹਿਰ (1978-92) ਵਿਚ ਇਕ ਬਹੁਤ ਵੱਡੀ ਅਤਿਵਾਦੀ ਜਥੇਬੰਦੀ ਖਾਲਿਸਤਾਨ ਕਮਾਂਡੋ ਫੋਰਸ (ਜ਼ਫਰਵਾਲ) ਨਾਲ 19 ਜਨਵਰੀ 2017 ਵਿਚ ਹੋਈ ਵਿਸਥਾਰਪੂਰਵਕ ਇੰਟਰਵਿਊ 'ਤੇ ਆਧਾਰਤ ਹੈ। ਇਸ ਵਿਚ ਮੇਰੇ ਨਾਲ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਦੇ 'Terror in the mind of god: The Global rise of religious violence ਅਤੇ ਹੋਰ ਕਈ ਚਰਚਿਤ ਕਿਤਾਬਾਂ ਦੇ ਲੇਖਕ ਪ੍ਰੋਫੈਸਰ ਮਾਰਕ ਯੁਰਜਨਮੇਅਰ ਸਨ। ਇਹ ਇੰਟਰਵਿਊ ਵੱਸਣ ਸਿੰਘ ਜ਼ਫਰਵਾਲ ਦੇ ਆਪਣੇ ਖੇਤਾਂ ਵਿਚ ਬਣੇ ਹੋਏ ਇਕ ਘਰ ਵਿਚ ਕੀਤੀ ਗਈ। ਇਸ ਦਾ ਮੁੱਖ ਕਾਰਨ ਉਸ ਸਮੇਂ ਵਾਪਰਨ ਵਾਲੀਆਂ ਘਟਨਾਵਾਂ ਤੇ ਉਨ੍ਹਾਂ ਨਾਲ ਸੰਬੰਧਤ ਵੇਰਵੇ ਦਾ ਪਤਾ ਕਰਨਾ ਸੀ। ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਨਾਲ ਸੰਬੰਧਤ ਖਾਲਿਸਤਾਨ ਦੀ ਲਹਿਰ ਬਾਰੇ ਸੈਂਕੜੇ ਕਿਤਾਬਾਂ ਤੇ ਹਜ਼ਾਰਾਂ ਆਰਟੀਕਲ ਲਿਖੇ ਗਏ। ਇਨ੍ਹਾਂ ਵਿਚ ਖਾਲਿਸਤਾਨ ਲਹਿਰ ਦੇ ਪੈਦਾ ਹੋਣ ਦੇ ਬਹੁਤ ਸਾਰੇ ਕਾਰਨ ਦੱਸੇ ਗਏ ਹਨ ਪਰ ਇਹ ਲਹਿਰ ਇਕਦਮ ਕਿਵੇਂ ਖ਼ਤਮ ਹੋ ਗਈ, ਇਸ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਸਾਡਾ ਮਕਸਦ ਉਸ ਲਹਿਰ ਵਿਚ ਵੱਡਾ ਕਿਰਦਾਰ ਨਿਭਾਉਣ ਵਾਲੇ ਵਿਅਕਤੀ ਤੋਂ ਇਨ੍ਹਾਂ ਸਵਾਲਾਂ ਦੇ ਜਵਾਬ ਲੈਣਾ ਸੀ।

ਵੱਸਣ ਸਿੰਘ ਜ਼ਫਰਵਾਲ, ਗੁਰਦਾਸਪੁਰ ਨੇੜਲੇ ਪਿੰਡ ਜ਼ਫਰਵਾਲ ਦੇ ਇਕ ਸਾਧਾਰਨ ਕਿਸਾਨ ਪਰਿਵਾਰ ਨਾਲ ਸੰਬੰਧਤ ਹੈ। ਉਸ ਦੀਆਂ ਦੋ ਭੈਣਾਂ ਤੇ ਤਿੰਨ ਭਰਾ ਹਨ ਤੇ ਉਨ੍ਹਾਂ ਦੀ ਕੁਲ ਜ਼ਮੀਨ 10-12 ਏਕੜ ਹੈ। ਉਹ ਅੱਠ ਜਮਾਤ ਤਕ ਪੜ੍ਹਿਆ ਹੋਇਆ ਹੈ। ਉਸ ਦੇ ਪਰਿਵਾਰ ਦਾ ਪਿਛੋਕੜ ਅਕਾਲੀ ਹੈ। ਉਸ ਦੇ ਦਾਦੇ ਨੇ ਪੰਜਾਬੀ ਸੂਬਾ ਲਹਿਰ ਵਿਚ ਹਿੱਸਾ ਲਿਆ ਤੇ ਪਿਤਾ ਨੇ ਅਕਾਲੀ ਦਲ ਵੱਲੋਂ ਸਤਲੁਜ-ਯਮਨਾ ਲਿੰਕ ਲਹਿਰ ਦੀ ਉਸਾਰੀ ਦੇ ਖ਼ਿਲਾਫ਼ ਕਪੂਰੀ ਮੋਰਚੇ ਵਿਚ ਹਿੱਸਾ ਲਿਆ। ਪੰਦਰਾਂ ਸਾਲ ਦੀ ਉਮਰ ਵਿਚ ਉਹ ਆਪਣੇ ਪਿੰਡ ਦੇ ਨੇੜਲੇ ਕਸਬੇ ਧਾਰੀਵਾਲ ਵਿਚ ਅੰਗਰੇਜ਼ੀ ਸਾਮਰਾਜ ਦੇ ਸਮੇਂ ਵਿਚ ਬਣੀ ਹੋਈ ਕੱਪੜੇ ਦੀ ਮਿੱਲ ਵਿਚ ਸੁਰੱਖਿਆ ਗਾਰਡ ਦੀ ਨੌਕਰੀ 'ਤੇ ਲੱਗ ਗਿਆ। ਉਸ ਨੇ ਉਥੇ ਤਕਰੀਬਨ 10 ਸਾਲ ਨੌਕਰੀ ਕੀਤੀ। ਉਸ ਮਿੱਲ ਵਿਚ ਮਜ਼ਦੂਰਾਂ ਦੇ ਨੇਤਾ ਕਾਮਰੇਡ ਰਾਜਕੁਮਾਰ ਦੇ ਦੋ ਵਾਰੀ 1977 ਤੇ 1980 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਧਾਰੀਵਾਲ ਤੋਂ ਵਿਧਾਇਕ ਚੁਣੇ ਜਾਣ ਕਰਕੇ ਉਸ ਵਿਚ ਵੀ ਰਾਜਨੀਤਕ ਖ਼ਾਹਿਸ਼ ਪੈਦਾ ਹੋਈ। ਇਸੇ ਖ਼ਾਹਿਸ਼ ਦੀ ਪੂਰਤੀ ਲਈ ਉਹ ਇਕ ਵਾਰ ਇਸ ਮਿੱਲ ਵਿਚ ਕੰਮ ਕਰਦੇ 6000 ਵਰਕਰਾਂ ਦੀ ਜਥੇਬੰਦੀ ਦਾ ਉਪ-ਪ੍ਰਧਾਨ ਚੁਣਿਆ ਗਿਆ। ਪਰ ਛੇਤੀ ਹੀ ਹਾਲਾਤ ਬਦਲ ਗਏ ਤੇ ਉਹ ਨੌਕਰੀ ਛੱਡ ਕੇ ਉਸ ਸਮੇਂ ਪੰਜਾਬ ਵਿਚ ਚੱਲ ਰਹੀ ਲਹਿਰ ਦਾ ਹਿੱਸਾ ਬਣ ਗਿਆ।

1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਦੇ ਹਾਲਾਤ ਬਹੁਤ ਖਰਾਬ ਹੋ ਗਏ। ਇਨ੍ਹਾਂ ਹਾਲਾਤਾਂ ਵਿਚ ਹੀ ਵੱਸਣ ਸਿੰਘ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਪਰ ਉਹ ਪੁਲਿਸ ਵਾਲਿਆਂ ਨੂੰ ਰਿਸ਼ਵਤ ਦੇ ਕੇ ਬਾਹਰ ਆ ਗਿਆ। ਥੋੜ੍ਹੇ ਦਿਨਾਂ ਬਾਅਦ ਉਸ ਨੂੰ ਪਤਾ ਲੱਗਾ ਕਿ ਪੁਲਿਸ ਉਸ ਨੂੰ ਦੁਬਾਰਾ ਫੜਨਾ ਚਾਹੁੰਦੀ ਹੈ ਇਸ ਲਈ ਉਹ ਘਰ ਛੱਡ ਕੇ ਚਲਾ ਗਿਆ। ਇਸ ਤੋਂ ਬਾਅਦ ਪੁਲਿਸ ਉਸਦੇ ਪਰਿਵਾਰਕ ਮੈਂਬਰਾਂ, ਜਿਨ੍ਹਾਂ ਵਿਚ ਔਰਤਾਂ ਵੀ ਸਨ, ਨੂੰ ਫੜ ਕੇ ਲੈ ਗਈ। ਉਸ ਉਪਰ ਅੱਗਜ਼ਨੀ ਤੇ ਬੱਸਾਂ ਸਾੜਨ ਦਾ ਦੋਸ਼ ਲਗਾਇਆ ਗਿਆ ਸੀ। ਉਸਦੇ ਪਿਤਾ 'ਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਪੰਜ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ 1989 ਵਿਚ ਹਾਈਕੋਰਟ ਦੇ ਆਦੇਸ਼ ਨਾਲ ਉਸਦੀ ਰਿਹਾਈ ਹੋਈ। ਪੁਲਿਸ ਦੁਆਰਾ ਪਰਿਵਾਰ 'ਤੇ ਕਾਫ਼ੀ ਤਸ਼ੱਦਦ ਕੀਤਾ ਗਿਆ। ਉਸਦੇ ਮੁਤਾਬਕ ਉਹ ਉਸ ਸਮੇਂ ਤਕ ਕਿਸੇ ਵੀ ਅਤਿਵਾਦੀ ਸਰਗਰਮੀ ਵਿਚ ਸ਼ਾਮਲ ਨਹੀਂ ਸੀ। ਇਹ ਪੁਲਿਸ ਦਾ ਜ਼ੁਲਮ ਹੀ ਸੀ ਕਿ ਉਸ ਨੂੰ ਘਰ-ਬਾਰ ਛੱਡਣਾ ਪਿਆ ਤੇ ਬਾਅਦ ਵਿਚ ਖਾਲਿਸਤਾਨੀ ਲਹਿਰ ਦਾ ਹਿੱਸਾ ਬਣਨਾ ਪਿਆ। ਉਸ ਮੁਤਾਬਕ 25 ਸਾਲ ਦੀ ਉਮਰ ਤਕ ਉਹ ਗੁਰਦਾਸਪੁਰ ਸ਼ਹਿਰ ਕੇਵਲ ਦੋ ਵਾਰੀ ਹੀ ਗਿਆ ਸੀ। ਉਹ ਇਸ ਸਮੇਂ ਤਕ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਨਹੀਂ ਮਿਲਿਆ ਸੀ ਤੇ ਨਾ ਹੀ ਉਸਦਾ ਪੈਰੋਕਾਰ ਸੀ।

ਘਰ ਛੱਡਣ ਵੇਲੇ ਉਸਦੀ ਉਮਰ 25 ਸਾਲ ਦੀ ਸੀ। ਇਸ ਸਮੇਂ ਦੌਰਾਨ ਉਸ ਦੀ ਮੁਲਾਕਾਤ ਹੋਰ ਮੁੰਡਿਆਂ ਤੋਂ ਇਲਾਵਾ ਤਰਸੇਮ ਸਿੰਘ ਕੋਹਾੜ, ਜੋ ਬਾਅਦ ਵਿਚ ਖਾਲਿਸਤਾਨ ਲਿਬਰੇਸ਼ਨ ਆਰਮੀ ਦਾ ਮੁਖੀ ਬਣਿਆ ਨਾਲ ਹੋਈ। ਉਨ੍ਹਾਂ ਦਿਨਾਂ ਵਿਚ ਉਹ ਦੋਵੇਂ ਸਾਈਕਲ 'ਤੇ ਪਿੰਡੋਂ-ਪਿੰਡ ਆਪਣੀ ਜਾਨ ਬਚਾਉਣ ਲਈ ਜਾਂਦੇ ਤੇ ਘਰੋਂ ਭੱਜੇ ਹੋਏ ਮੁੰਡਿਆਂ ਨੂੰ ਜਥੇਬੰਦਕ ਕਰ ਕੇ ਸਰਕਾਰ ਵੱਲੋਂ ਪੰਜਾਬ ਵਿਚ ਕੀਤੀਆਂ ਵਧੀਕੀਆਂ ਦਾ ਬਦਲਾ ਲੈਣ ਲਈ ਉਨ੍ਹਾਂ ਖਾਲਿਸਤਾਨੀ ਲਿਬਰੇਸ਼ਨ ਆਰਮੀ ਬਣਾਈ। ਇਸ ਸਮੇਂ ਵਿਚ ਹੀ ਉਹ ਦਮਦਮੀ ਟਕਸਾਲ ਦੇ ਨੇਤਾ ਭਾਈ ਮੋਹਕਮ ਸਿੰਘ ਅਤੇ ਸੰਤਾਂ ਦੇ ਸਲਾਹਕਾਰ ਅਤੇ ਉਨ੍ਹਾਂ ਤੋਂ ਪਿੱਛੋਂ ਪਹਿਲੀ ਪੰਥਕ ਕਮੇਟੀ ਦੇ ਸੂਤਰਧਾਰ, ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਵਿਚ ਆਇਆ। ਇਸ ਤੋਂ ਬਾਅਦ ਸਾਂਝੀ ਰਣਨੀਤੀ ਤਹਿਤ ਉਸਨੇ ਦਲਬੀਰ ਸਿੰਘ ਨਾਲ ਮਿਲ ਕੇ ਨਵੰਬਰ 1985 ਵਿਚ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਮਹਿਤਾ ਵਿਚ ਇਕ ਵੱਡਾ ਪੰਥਕ ਸੰਮੇਲਨ ਕੀਤਾ। ਇਸ ਸੰਮੇਲਨ ਵਿਚ ਫ਼ੌਜ ਦੀ ਦਰਬਾਰ ਸਾਹਿਬ ਵਿਚ ਹੋਈ ਕਾਰਵਾਈ ਵਿਚ ਤੇ ਉਸ ਤੋਂ ਪਹਿਲਾਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸੰਮੇਲਨ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ। ਲੋਕਾਂ ਦੇ ਭਾਰੀ ਸਮਰਥਨ ਤੋਂ ਬਾਅਦ 26 ਜਨਵਰੀ 1986 ਨੂੰ ਅਕਾਲ ਤਖ਼ਤ 'ਤੇ ਹੋਏ ਸਰਬਤ ਖਾਲਸਾ ਵਿਚ ਵੀ ਉਸਨੇ ਵੱਡਾ ਰੋਲ ਅਦਾ ਕੀਤਾ। ਸਰਬਤ ਖ਼ਾਲਸਾ ਤੋਂ ਬਾਅਦ ਉਹ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਹੀ ਰਹਿਣ ਲੱਗ ਪਿਆ। ਇਸ ਦਾ ਮੁੱਖ ਕਾਰਨ ਉਸ ਸਮੇਂ ਦੇ ਅਕਾਲ ਤਖ਼ਤ ਦੇ ਜਥੇਦਾਰ ਦੇ ਦਮਦਮੀ ਟਕਸਾਲ ਦੇ ਲੋਕਾਂ ਨਾਲ ਨੇੜਲੇ ਸੰਬੰਧ ਸਨ। ਇਸੇ ਹੀ ਸਮੇਂ ਵਿਚ ਡਾ. ਸੋਹਨ ਸਿੰਘ ਵੱਲੋਂ ਪੰਥਕ ਕਮੇਟੀ ਬਣਾਈ ਗਈ, ਜਿਸ ਵਿਚ ਵੱਸਣ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ। ਏਸੇ ਕਮੇਟੀ ਨੇ ਹੀ ਸਭ ਤੋਂ ਪਹਿਲਾਂ 29 ਅਪ੍ਰੈਲ 1986 ਨੂੰ ਖਾਲਿਸਤਾਨ ਦੀ ਸਥਾਪਤੀ ਦਾ ਐਲਾਨ ਕੀਤਾ ਸੀ। ਉਸਦੇ ਮੁਤਾਬਕ ਉਹ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਕੁਨ ਇਸ ਮਤੇ ਦੇ ਖ਼ਿਲਾਫ਼ ਸਨ। ਉਹ ਚਾਹੁੰਦੇ ਸਨ ਕਿ ਸਿੱਖਾਂ ਵਿਚ ਜਾ ਕੇ ਇਕ ਰਾਏ ਤਿਆਰ ਕੀਤੀ ਜਾਵੇ ਤੇ ਫਿਰ ਇਸ ਦਾ ਐਲਾਨ ਕੀਤਾ ਜਾਵੇ। ਪਰ ਉਨ੍ਹਾਂ ਦੇ ਕਹਿਣ ਅਨੁਸਾਰ ਡਾਕਟਰ ਸੋਹਨ ਸਿੰਘ ਕਿਸੇ ਵੱਡੇ ਦਬਾਅ ਹੇਠ ਸੀ। ਉਸਦੇ ਕਹਿਣ ਮੁਤਾਬਕ ਇਸ ਸਮੇਂ ਤਕ ਪੰਥਕ ਕਮੇਟੀ ਵਿਚ ਧੜੇਬੰਦੀ ਤੇ ਸਰਕਾਰੀ ਏਜੰਸੀਆਂ ਦਾ ਦਖਲ ਵਧ ਗਿਆ ਸੀ। ਇਸ ਸਮੇਂ ਵਿਚ ਉਹ ਜਥੇਬੰਦੀ ਤੋਂ ਵੱਖ ਹੋ ਗਿਆ ਤੇ ਨਵੀਂ ਜਥੇਬੰਦੀ 'ਖਾਲਿਸਤਾਨ ਕਮਾਂਡੋ ਫੋਰਸ', ਜਿਸ ਦੇ ਪਹਿਲੇ ਮੁਖੀ ਮਨਬੀਰ ਸਿੰਘ ਚਹੇੜੂ ਸਨ, ਵਿਚ ਸ਼ਾਮਲ ਹੋ ਗਿਆ। ਥੋੜ੍ਹੀ ਦੇਰ ਬਾਅਦ ਇਹ ਜਥੇਬੰਦੀ ਕਈ ਹਿੱਸਿਆਂ ਵਿਚ ਵੰਡੀ ਗਈ ਤੇ ਉਸਦੇ ਇਕ ਹਿੱਸੇ ਦਾ ਮੁਖੀ ਵੱਸਣ ਸਿੰਘ ਜ਼ਫਰਵਾਲ ਬਣਿਆ। ਇਸ ਜਥੇਬੰਦੀ ਵਿਚ ਸੈਂਕੜੇ ਮੁੰਡੇ ਸ਼ਾਮਲ ਹੋਏ ਤੇ ਇਹ ਉਸ ਸਮੇਂ ਬਹੁਤ ਹੀ ਖ਼ਤਰਨਾਕ ਅਤਿਵਾਦੀ ਜਥੇਬੰਦੀ ਵਜੋਂ ਉਭਰੀ। 1986 ਤੋਂ ਬਾਅਦ ਤੇ ਖ਼ਾਸ ਕਰਕੇ 1987 ਵਿਚ ਖਾਲਿਸਤਾਨੀ ਜਥੇਬੰਦੀਆਂ ਦੁਆਰਾ 'ਸਮਾਜ ਸੁਧਾਰ ਲਹਿਰ' ਜ਼ਬਰਦਸਤੀ ਲਾਗੂ ਕਰਨ ਦੇ ਨਾਂ 'ਤੇ ਆਮ ਲੋਕਾਂ ਨਾਲ ਬਹੁਤ ਵਧੀਕੀ ਹੋਈ। ਇਸ ਦੇ ਨਾਲ ਪੰਜਾਬ ਵਿਚ ਅਕਾਲੀ ਸਰਕਾਰ ਨੂੰ ਬਰਤਰਫ਼ ਕਰ ਦਿੱਤਾ ਤੇ ਪੰਜਾਬ ਫਿਰ ਇਕ ਵਾਰੀ ਹਨੇਰ ਕੋਠੜੀ ਵੱਲ ਧੱਕ ਦਿੱਤਾ। 1987-1992 ਦੇ ਸਮੇਂ ਪੰਜਾਬ ਦੇ ਲੋਕ ਸਰਕਾਰੀ ਤੇ ਗ਼ੈਰ-ਸਰਕਾਰੀ ਦਹਿਸ਼ਤਵਾਦ ਦੇ ਸ਼ਿਕਾਰ ਹੋਏ। ਉਨ੍ਹਾਂ 'ਤੇ ਹੋਏ ਜ਼ੁਲਮਾਂ ਦੇ ਕਾਰਨ ਹੀ ਪੰਜਾਬ ਵਿਚ ਖਾਲਿਸਤਾਨ ਲਹਿਰ ਦੀਆਂ ਜੜ੍ਹਾਂ ਹਿੱਲੀਆਂ।



*ਵਸਣ ਸਿੰਘ ਜ਼ਫਰਵਾਲ*

ਇਸ ਦੇ ਨਾਲ ਹੀ ਅਤਿਵਾਦੀ ਜਥੇਬੰਦੀਆਂ ਦੀ ਆਪਣੀ ਧੜੇਬੰਦੀ ਤੇ ਇਕ ਦੂਜੇ ਨੂੰ ਨੀਵਾਂ ਵਿਖਾਉਣ ਦਾ ਵਰਤਾਰਾ ਭਾਰੂ ਹੋ ਚੁੱਕਾ ਸੀ। ਇਨ੍ਹਾਂ ਹਾਲਾਤਾਂ ਵਿਚ ਆਪਣੀ ਸੁਰੱਖਿਆ ਨੂੰ ਸਾਹਮਣੇ ਰੱਖ ਕੇ ਜ਼ਫਰਵਾਲ ਨੇ ਪਾਕਿਸਤਾਨ ਚਲੇ ਜਾਣ ਦੀ ਸਕੀਮ ਬਣਾਈ। ਉਸਦੇ ਮੁਤਾਬਕ ਦੂਸਰੀਆਂ ਜਥੇਬੰਦੀਆਂ ਦੇ ਨਾਲ-ਨਾਲ ਸਰਕਾਰੀ ਏਜੰਸੀਆਂ ਤੋਂ ਵੀ ਖ਼ਤਰਾ ਪੈਦਾ ਹੋ ਗਿਆ ਸੀ। ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਸਾਹਮਣੇ ਰੱਖਦੇ ਹੋਏ ਉਹ 27-28 ਅਗਸਤ 1987 ਦੀ ਰਾਤ ਨੂੰ ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਅੰਤਰਰਾਸ਼ਟਰੀ ਸਰਹੱਦ ਪਾਰ ਕਰ ਕੇ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਇੰਟਰ ਸਰਵਿਸਜ਼ ਇੰਟੈਲੀਜੈਂਸ ਦੀ ਮਦਦ ਨਾਲ ਲਾਹੌਰ ਪਹੁੰਚ ਗਿਆ। ਉਸਦੇ ਮੁਤਾਬਕ ਉਥੇ ਜਾਣ ਤੋਂ ਪਹਿਲਾਂ ਉਸ ਦੀ ਪਾਕਿਸਤਾਨ ਵਿਚ ਕਿਸੇ ਨਾਲ ਕੋਈ ਜਾਣ-ਪਛਾਣ ਨਹੀਂ ਸੀ। ਉਹ 1987 ਤੋਂ 1995 ਤਕ ਪਾਕਿਸਤਾਨ ਵਿਚ ਲਾਹੌਰ ਸ਼ਹਿਰ ਤੋਂ ਬਾਹਰ ISI ਦੀ ਨਿਗਰਾਨੀ ਵਿਚ ਇਕ ਘਰ ਵਿਚ ਰਿਹਾ।

ਏਥੇ ਇਹ ਦੱਸਣਾ ਬਣਦਾ ਹੈ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਪਾਕਿਸਤਾਨ ਨੇ ਖਾਲਿਸਤਾਨੀ ਜਥੇਬੰਦੀਆਂ ਵਾਸਤੇ ਹਥਿਆਰਾਂ ਦੀ ਸਪਲਾਈ ਤੇ ਘਰੋਂ ਦੌੜ ਕੇ ਗਏ ਮੁੰਡਿਆਂ ਦੀ ਸਿਖਲਾਈ ਲਈ ਕਈ ਕੈਂਪ ਸਥਾਪਤ ਕੀਤੇ ਸਨ। ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੀ 553 ਕਿਲੋਮੀਟਰ ਦੀ ਹੱਦ 'ਤੇ ਉਸ ਸਮੇਂ ਕੰਡਿਆਲੀ ਤਾਰ ਨਹੀਂ ਲੱਗੀ ਹੋਈ ਸੀ। ਉਸ ਸਮੇਂ ਤਕ ਉਸਦੀ ਜਥੇਬੰਦੀ ਪੰਜਾਬ ਵਿਚ ਤਕਰੀਬਨ 12-13 ਹੋਰ ਜਥੇਬੰਦੀਆਂ ਵਿਚ ਸਭ ਤੋਂ ਖ਼ਤਰਨਾਕ ਜਥੇਬੰਦੀ ਬਣ ਗਈ ਸੀ।

ਉਸਦੇ ਕਹਿਣ ਮੁਤਾਬਕ ਪਾਕਿਸਤਾਨ ਪਹੁੰਚਣ ਤੋਂ ਬਾਅਦ ਉਹ ਆਪਣੀ ਜਥੇਬੰਦੀ ਦੀਆਂ ਕਾਰਵਾਈਆਂ ਤੋਂ ਬਿਲਕੁਲ ਅਣਜਾਣ ਹੋ ਗਿਆ। ਸ਼ੁਰੂ ਵਿਚ ਉਹ ਜ਼ਿਆਦਾ ਸਮਾਂ ਪਾਕਿਸਤਾਨ ਖ਼ੁਫੀਆ ਏਜੰਸੀ ਦੀ ਨਿਗਰਾਨੀ ਵਿਚ ਘਰ ਵਿਚ ਹੀ ਬਤੀਤ ਕਰਦਾ ਸੀ। ਪਰ ਹੌਲੀ ਹੌਲੀ ਉਹ ਉਨ੍ਹਾਂ ਦੀ ਨਿਗਰਾਨੀ ਹੇਠ ਲਾਹੌਰ ਤੇ ਹੋਰ ਥਾਵਾਂ 'ਤੇ ਸਥਿਤ ਧਾਰਮਿਕ ਅਸਥਾਨਾਂ 'ਤੇ ਪੰਜਾਬ ਤੋਂ ਆਏ ਸ਼ਰਧਾਲੂਆਂ ਨੂੰ ਮਿਲ ਕੇ ਜਾਣਕਾਰੀ ਪ੍ਰਾਪਤ ਕਰਦਾ ਸੀ। ਇਹ ਸਾਰਾ ਕੁਝ ਖ਼ੁਫੀਆ ਤੰਤਰ ਦੀ ਨਿਗਰਾਨੀ ਹੇਠ ਹੀ ਹੁੰਦਾ ਸੀ। ਇਸ ਤੋਂ ਇਲਾਵਾ ਉਸ ਨੂੰ ਅੱਠ ਦਿਨ ਪੁਰਾਣੇ ਭਾਰਤੀ ਪੰਜਾਬ ਤੋਂ ਛਪਦੇ ਅਖ਼ਬਾਰ ਪੜ੍ਹਨ ਲਈ ਦਿੱਤੇ ਜਾਂਦੇ ਸਨ। ਉਹ ਥੋੜ੍ਹੇ ਸਮੇਂ ਵਿਚ ਹੀ ਅਜਿਹੇ ਹਾਲਾਤ ਵਿਚ ਰਹਿਣ ਤੋਂ ਤੰਗ ਆ ਚੁੱਕਾ ਸੀ। ਇਸ ਦੇ ਨਾਲ ਹੀ ਪੰਜਾਬ ਵਿਚ ਲੋਕਾਂ ਦੀ ਖਾਲਿਸਤਾਨੀ ਜਥੇਬੰਦੀਆਂ ਤੇ ਸਰਕਾਰੀ ਦਹਿਸ਼ਤਵਾਦ ਨਾਲ ਹੋ ਰਹੀ ਤਬਾਹੀ ਵੀ ਉਸ ਨੂੰ ਝੰਜੋੜ ਰਹੀ ਸੀ। ਪਰ ਉਹ ਇਸ ਹਾਲਾਤ ਵਿਚ ਬਿਲਕੁਲ ਅਸਹਾਇ ਮਹਿਸੂਸ ਕਰ ਰਿਹਾ ਸੀ। ਥੋੜ੍ਹੇ ਸਮੇਂ ਬਾਅਦ ਪੰਜਾਬ ਤੋਂ ਆਉਂਦੇ ਮੁੰਡਿਆਂ ਨੂੰ ਉਸ ਨਾਲ ਮਿਲਣ ਦੀ ਇਜਾਜ਼ਤ ਦਿੱਤੀ ਗਈ। ਇਨ੍ਹਾਂ ਵਿਚੋਂ ਜ਼ਿਆਦਾ ਉਥੋਂ ਡਰ ਕੇ ਘਰੋਂ ਭੱਜੇ ਹੋਏ ਸਨ ਤੇ ਇਥੇ ਖ਼ੁਫੀਆ ਏਜੰਸੀ ਦੀ ਨਿਗਰਾਨੀ ਵਿਚ ਰੱਖੇ ਜਾਂਦੇ ਸਨ। ਉਨ੍ਹਾਂ ਤੋਂ ਵੀ ਪੰਜਾਬ ਦੇ ਹਾਲਾਤ ਦੀਆਂ ਖ਼ਬਰਾਂ ਸੁਣ ਕੇ ਬਹੁਤ ਤਕਲੀਫ਼ ਹੁੰਦੀ ਸੀ। ਮੁੰਡਿਆਂ ਦਾ ਉਸ ਨੂੰ ਲਗਾਤਾਰ ਮਿਲਣ ਦਾ ਦੌਰ ਤਕਰੀਬਨ 1990 ਤਕ ਰਿਹਾ। ਇਸ ਪਿੱਛੋਂ ਸਰਹੱਦ 'ਤੇ ਕੰਡਿਆਲੀ ਤਾਰ ਲੱਗਣ ਕਰਕੇ ਪਾਕਿਸਤਾਨ ਵਿਚ ਚਲਾਏ ਜਾਂਦੇ ਸਿਖਲਾਈ ਕੈਂਪਾਂ 'ਤੇ ਵੀ ਰੋਕ ਲੱਗਣੀ ਸ਼ੁਰੂ ਹੋ ਗਈ। ਮੁੰਡਿਆਂ ਦਾ ਬਾਰਡਰ ਤੋਂ ਏਧਰ-ਓਧਰ ਜਾਣਾ ਬਹੁਤ ਮੁਸ਼ਕਲ ਤੇ ਜੋਖ਼ਮ ਭਰਿਆ ਹੋ ਗਿਆ। ਇਸ ਦੇ ਨਾਲ ਹੀ ਪੰਜਾਬ ਵਿਚ ਪੁਲਿਸ ਤੇ ਨੀਮ ਫ਼ੌਜੀ ਦਸਤੇ ਦੀ ਕਾਰਵਾਈ ਬਹੁਤ ਤੇਜ਼ ਹੋ ਗਈ। ਇਸ ਕਰਕੇ ਪੰਜਾਬ ਵਿਚ ਪਿੰਡਾਂ 'ਚ ਰਹਿਣ ਵਾਲੇ ਲੋਕ ਦੋਨਾਂ ਪਾਸਿਆਂ ਦੇ ਅਤਿਵਾਦ ਦਾ ਸ਼ਿਕਾਰ ਬਣ ਗਏ ਤੇ ਖਾਲਿਸਤਾਨ ਦੇ ਨਾਂ 'ਤੇ ਲੜੀ ਜਾਂਦੀ ਲਹਿਰ ਪ੍ਰਤੀ ਉਨ੍ਹਾਂ ਦੀ ਨਫ਼ਰਤ ਵਧ ਗਈ। ਇਨ੍ਹਾਂ ਹਾਲਾਤਾਂ ਵਿਚ ਪਾਕਿਸਤਾਨ ਦੀ ਦਿਲਚਸਪੀ ਪੰਜਾਬ ਵਿਚ ਘਟ ਗਈ। ਇਸੇ ਸਮੇਂ ਵਿਚ ਭਾਰਤ ਦੇ ਸੂਬੇ ਕਸ਼ਮੀਰ ਵਿਚ ਅਤਿਵਾਦੀ ਕਾਰਵਾਈਆਂ ਸ਼ੁਰੂ ਹੋ ਗਈਆਂ ਤੇ ਪਾਕਿਸਤਾਨ ਦੀਆਂ ਖ਼ੁਫ਼ੀਆ ਏਜੰਸੀਆਂ ਤੇ ਹੋਰ ਤਾਣੇ ਬਾਣੇ ਨੇ ਆਪਣਾ ਜ਼ਿਆਦਾ ਧਿਆਨ ਕਸ਼ਮੀਰ ਵਾਲੇ ਪਾਸੇ ਲਗਾ ਦਿੱਤਾ। ਏਥੇ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਪਾਕਿਸਤਾਨ ਕਦੇ ਵੀ ਆਜ਼ਾਦ ਖਾਲਿਸਤਾਨ ਦੇ ਹੱਕ ਵਿਚ ਨਹੀਂ ਹੋ ਸਕਦਾ। ਉਸਦਾ ਮੁੱਖ ਕਾਰਨ ਹਿੰਦੋਸਤਾਨੀ ਫ਼ੌਜਾਂ ਨੂੰ ਪੰਜਾਬ ਵਿਚ ਉਲਝਾ ਕੇ ਕਸ਼ਮੀਰ ਵਿਚ ਅਤਿਵਾਦੀ ਸਰਗਰਮੀਆਂ ਨੂੰ ਤੇਜ਼ ਕਰਨਾ ਸੀ। ਇਸ ਦੇ ਨਾਲ ਹੀ ਉਸ ਪ੍ਰਤੀ ਪਾਕਿਸਤਾਨੀ ਏਜੰਸੀ ਦਾ ਵਰਤਾਰਾ ਵੀ ਬਦਲ ਗਿਆ। ਇਸ ਬਦਲੇ ਵਰਤਾਰੇ ਤੋਂ ਬਾਅਦ ਉਸਦਾ ਇਸ ਲਹਿਰ ਵਿਚੋਂ ਮਨ ਉਚਾਟ ਹੋ ਗਿਆ।

1992 ਵਿਚ ਪੰਜਾਬ ਵਿਚ ਚੋਣਾਂ ਤੋਂ ਬਾਅਦ ਪੰਜਾਬ ਦੇ ਹਾਲਾਤ ਬਹੁਤ ਨਾਟਕੀ ਢੰਗ ਨਾਲ ਬਦਲਣ ਲੱਗੇ ਤੇ ਵੇਖਦਿਆਂ ਵੇਖਦਿਆਂ ਹੀ ਲਹਿਰ ਅਲੋਪ ਹੋ ਗਈ। ਇਸ ਸਮੇਂ ਵਿਚ ਰਾਜਨੀਤਕ ਸਾਸ਼ਨ ਨੇ ਪੁਲਿਸ ਤੇ ਨੀਮ ਫ਼ੌਜੀ ਬਲਾਂ ਨੂੰ ਇਸ ਲਹਿਰ ਦਾ ਖਾਤਮਾ ਕਰਨ ਵਾਸਤੇ ਕਿਸੇ ਵੀ ਹੱਦ ਤਕ ਜਾਣ ਦੀ ਇਜਾਜ਼ਤ ਦਿੱਤੀ। ਭਾਵੇਂ ਸਰਕਾਰੀ ਅਤਿਵਾਦ ਰਾਹੀਂ ਬਹੁਤ ਸਾਰੇ ਲੋਕਾਂ ਦੇ ਮਾਰੇ ਜਾਣ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ ਪਰ ਖਾਲਿਸਤਾਨੀ ਲਹਿਰ ਦੇ ਸਤਾਏ ਹੋਏ ਲੋਕਾਂ ਨੇ ਇਹ ਸਾਰਾ ਵਰਤਾਰਾ ਝੱਲਿਆ। 1992 ਤੋਂ 1995 ਦਾ ਸਮਾਂ ਉਸਨੇ ਬਹੁਤ ਮਾਯੂਸੀ ਤੇ ਉਦਾਸੀ ਵਿਚ ਬਤੀਤ ਕੀਤਾ। ਉਹ ਆਪਣੇ ਆਪ ਨੂੰ ਬਹੁਤ ਅਸਹਿਜ ਮਹਿਸੂਸ ਕਰ ਰਿਹਾ ਸੀ। ਇਸੇ ਸਮੇਂ ਵਿਚ ਉਸਨੇ ਪਾਕਿਸਤਾਨ ਛੱਡ ਕੇ ਕਿਸੇ ਪੱਛਮੀ ਦੇਸ਼ ਵਿਚ ਚਲੇ ਜਾਣ ਦਾ ਫ਼ੈਸਲਾ ਕੀਤਾ। ਉਸ ਨੂੰ ਲੱਗਦਾ ਸੀ ਕਿ ਸ਼ਾਇਦ ਪੱਛਮੀ ਦੇਸ਼ਾਂ ਵਿਚ ਖਾਲਿਸਤਾਨੀ ਲਹਿਰ ਨੂੰ ਕਾਫ਼ੀ ਹਮਾਇਤ ਹੋਵੇਗੀ ਤੇ ਉਹ ਉਸ ਲਹਿਰ ਨੂੰ ਹੋਰ ਤਗੜਾ ਕਰਨ ਵਿਚ ਮਦਦ ਕਰੇਗਾ। ਏਥੇ ਦੱਸਣਾ ਬਣਦਾ ਹੈ ਕਿ ਉਸ ਸਮੇਂ ਤੱਕ ਪੰਜਾਬ ਤੋਂ ਕਾਫੀ ਜ਼ਿਆਦਾ ਮੁੰਡੇ ਵੱਖ-ਵੱਖ ਤਰੀਕਿਆਂ ਰਾਹੀਂ ਯੂਰਪ ਦੇ ਦੇਸ਼ਾਂ ਤੇ ਅਮਰੀਕਾ, ਕੈਨੇਡਾ ਪਹੁੰਚ ਗਏ ਸਨ, ਜਿੱਥੇ ਉਨ੍ਹਾਂ ਨੇ ਰਾਜਸੀ ਸ਼ਰਨ ਪ੍ਰਾਪਤ ਕੀਤੀ।

ਉਸ ਦੇ 1995 ਵਿਚ ਪਾਕਿਸਤਾਨ ਤੋਂ ਬਾਹਰ ਜਾਣ ਲਈ ਜ਼ਰੂਰੀ ਕਾਗ਼ਜ਼ਾਤ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਨੇ ਤਿਆਰ ਕੀਤੇ ਸਨ। ਇਨ੍ਹਾਂ ਵਿਚ ਇਕ ਕੈਨੇਡੀਅਨ ਪਾਸਪੋਰਟ ਸੀ। ਸਭ ਤੋਂ ਪਹਿਲਾਂ ਉਸ ਨੂੰ ਲਾਹੌਰ ਤੋਂ ਕਰਾਚੀ ਤੱਕ ਜਹਾਜ਼ ਰਾਹੀਂ ਪਹੁੰਚਾਇਆ ਗਿਆ। ਇਸ ਤੋਂ ਬਾਅਦ ਉਹ ਕਰਾਚੀ ਤੋਂ ਪਾਕਿਸਤਾਨ ਏਅਰ ਲਾਈਨਜ਼ ਦੇ ਜਹਾਜ਼ ਰਾਹੀਂ ਪਹਿਲਾਂ ਹੀ ਤੈਅ ਕੀਤੀ ਜਗ੍ਹਾ ਸਵਿਟਜ਼ਰਲੈਂਡ ਦੇ ਸ਼ਹਿਰ ਜ਼ਿਊਰਿਕ ਪਹੁੰਚ ਗਿਆ। ਇਕ ਗਿਣੀ-ਮਿਣੀ ਸਕੀਮ, ਜਿਹੜੀ ਉਨ੍ਹਾਂ ਦਿਨਾਂ ਵਿਚ ਕਾਫੀ ਪ੍ਰਚਲਿਤ ਸੀ, ਤਹਿਤ ਉਸਨੇ ਉਥੇ ਹਵਾਈ ਜਹਾਜ਼ ਤੋਂ ਉਤਰਦੇ ਸਮੇਂ ਆਪਣਾ ਪਾਸਪੋਰਟ ਤੇ ਸੰਬੰਧਤ ਕਾਗ਼ਜ਼ ਪਾੜ ਦਿੱਤੇ ਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਇਸ ਦੇ ਨਾਲ ਹੀ ਉਸ ਨੇ ਆਪਣੀ ਬੋਲੀ ਵਿਚ ਭਾਰਤ ਵਿਚ ਸਿੱਖਾਂ ਨਾਲ ਹੁੰਦੇ ਜ਼ੁਲਮ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਜ਼ਿਕਰ ਕੀਤਾ। ਹਵਾਈ ਅੱਡੇ 'ਤੇ ਤਾਇਨਾਤ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਥੇ ਹੀ ਇਕ ਕਮਰੇ ਵਿਚ ਲਿਜਾ ਕੇ ਬੰਦ ਕਰ ਦਿੱਤਾ। ਉਸ ਸਮੇਂ ਕੋਈ ਵੀ ਅਧਿਕਾਰੀ ਉਸਦੀ ਭਾਸ਼ਾ ਨੂੰ ਨਹੀਂ ਸਮਝ ਰਿਹਾ ਸੀ। ਇਸ ਲਈ ਅਗਲੇ ਦਿਨ ਪੁਲਿਸ ਨੇ ਇਕ ਦੋ-ਭਾਸ਼ੀਆ ਵਿਅਕਤੀ ਦਾ ਬੰਦੋਬਸਤ ਕੀਤਾ ਜਿਹੜਾ ਪੰਜਾਬੀ ਤੇ ਉਥੋਂ ਦੀ ਸਥਾਨਕ ਭਾਸ਼ਾ ਸਮਝ ਸਕਦਾ ਸੀ। ਉਸ ਦੀ ਗਾਥਾ ਸੁਣਨ ਤੋਂ ਬਾਅਦ ਅਧਿਕਾਰੀਆਂ ਨੇ ਉਸ ਨੂੰ ਆਰਜ਼ੀ ਤੌਰ 'ਤੇ ਉਥੇ ਰੁਕਣ ਦੀ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਉਸ ਨੂੰ ਰੇਲਗੱਡੀ ਰਾਹੀਂ ਜ਼ਿਊਰਿਕ ਸ਼ਹਿਰ ਵਿਚ ਲਿਜਾਇਆ ਗਿਆ ਤੇ ਉਥੇ ਪਹਿਲਾਂ ਹੀ ਬਣੇ ਇਕ ਸ਼ਰਨਾਰਥੀ ਕੈਂਪ ਵਿਚ ਡੱਕ ਦਿੱਤਾ ਗਿਆ। ਇਸ ਕੈਂਪ ਵਿਚ ਸੌਣ ਲਈ ਵੱਖਰਾ ਕਮਰਾ ਤੇ ਰਹਿਣ ਦਾ ਪੂਰਾ ਬੰਦੋਬਸਤ ਸੀ। ਇਸ ਤੋਂ ਬਾਅਦ ਉਸ ਦੇਸ਼ ਵਿਚ ਇਸ ਲਹਿਰ ਨਾਲ ਜੁੜੇ ਲੋਕਾਂ ਨੂੰ ਪਤਾ ਲੱਗਾ ਤੇ

(ਬਾਕੀ ਅਗਲੇ ਸਫੇ 'ਤੇ)

# ਕਾਂਗਰਸ ਮੈਨੀਫੈਸਟੋ, ਆਪ ਤੇ ਕੱਚਾਥੀਵੂ ਟਾਪੂ


ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਜਿਉਂ ਜਿਉਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਦੇਸ਼ ਦੀ ਵਰਤਮਾਨ ਸਰਕਾਰ ਦੇ ਪੈਰ ਉਖੜਦੇ ਜਾਪ ਰਹੇ ਹਨ। ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਵਿਚ ਮੁਸਲਿਮ ਲੀਗ ਦਾ ਅਕਸ ਦਿਖਾਈ ਦੇਣਾ, ਨਵੀਂ ਦਿੱਲੀ ਦੇ ਕਾਇਮ ਮੁਕਾਮ ਮੁੱਖ ਮੰਤਰੀ ਨੂੰ ਸਲਾਖਾਂ ਪਿੱਛੇ ਹੋੜਨਾ ਤੇ ਇਕ ਨਿਕਚੂ ਜਿਹੇ ਟਾਪੂ ਕੱਚਾਥੀਵੂ ਦਾ ਦੇਸ਼ ਦੀ ਸੁਰੱਖਿਆ ਲਈ ਖਤਰਨਾਕ ਦਿਖਾਈ ਦੇਣਾ ਇਸਦੀ ਪੁਸ਼ਟੀ ਕਰਦੇ ਹਨ। ਕਾਂਗਰਸ ਦੇ ਚੋਣ ਮਨੋਰਥ ਪੱਤਰ ਵਾਲਾ ਮੁੱਦਾ ਤਾਂ ਚੋਣ ਕਮਿਸ਼ਨ ਤੱਕ ਪਹੁੰਚ ਚੁੱਕਾ ਹੈ। ਇਸਨੇ ਸ਼ਾਂਤ ਸੁਭਾਅ ਕਾਂਗਰਸ ਪ੍ਰਧਾਨ ਮਲਿਕਾਰੰਜਨ ਖੜਗੇ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਦੇ ਪੁਰਖਿਆਂ ਨੇ ਸੁਤੰਤਰਤਾ ਸੰਗਰਾਮ ਸਮੇਂ ਅੰਗਰੇਜ਼ਾਂ ਤੇ ਮੁਸਲਿਮ ਲੀਗ ਦੀ ਹਮਾਇਤ ਕੀਤੀ ਸੀ। ਇਹ ਵੀ ਕਿ 1942 ਵਿਚ ਉਨ੍ਹਾਂ ਨੇ ਮਹਾਤਮਾ ਗਾਂਧੀ ਤੇ ਮੌਲਾਨਾ ਆਜ਼ਾਦ ਦੀ ਅਗਵਾਈ ਵਾਲੇ ਭਾਰਤ ਛੱਡੋ ਅੰਦੋਲਨ ਦਾ ਵਿਰੋਧ ਕੀਤਾ ਸੀ ਤੇ ਇਸ ਤੋਂ ਪਹਿਲਾਂ 1940 ਵਿਚ ਮੁਸਲਿਮ ਲੀਗ ਨਾਲ ਮਿਲ ਕੇ ਬੰਗਾਲ, ਸਿੰਧ ਤੇ ਐਨ ਡੀ ਐਫ ਪੀ ਵਿਚ ਸਰਕਾਰ ਵੀ ਬਣਾ ਚੁੱਕੇ ਸਨ। ਵਰਤਮਾਨ ਸਰਕਾਰ ਉੱਤੇ ਆਰ ਐਸ ਐਸ ਦੀ ਛਾਪ ਨੂੰ ਹੋਰ ਉਜਾਗਰ ਕਰਦਿਆਂ ਸ੍ਰੀ ਖੜਗੇ ਨੇ ਇਹ ਵੀ ਕਿਹਾ ਕਿ ਕਾਂਗਰਸ ਨਿਆਇ ਪੱਤਰ ਨੇ ਆਰ ਐਸ ਐਸ ਨੂੰ ਉਨ੍ਹਾਂ ਦੇ ਪੁਰਖਿਆਂ ਦੀ ਮੁਸਲਿਮ ਲੀਗ ਨਾਲੋਂ ਭਾਈਵਾਲੀ ਮਿੱਤਰਤਾ ਚੇਤੇ ਕਰਵਾ ਦਿੱਤੀ ਹੈ।

ਨਵੀਂ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਲਾਖਾਂ ਪਿੱਛੇ ਰੱਖੇ ਜਾਣ ਉੱਤੇ ਦਿੱਲੀ ਹਾਈਕੋਰਟ ਦੀ ਟਿੱਪਣੀ ਵੀ ਮੋਦੀ ਸਰਕਾਰ ਨੂੰ ਪ੍ਰੇਸ਼ਾਨ ਕਰ ਰਹੀ ਹੈ। ਮੋਦੀ ਵਲੋਂ ਭੁੱਲੇ ਵਿਸਰੇ ਟਾਪੂ ਕੱਚਾਥੀਵੂ ਦਾ ਮੁੱਦਾ ਉਠਾਉਣਾ ਤਾਂ ਨਿਰਾ ਹਾਸੋਹੀਣਾ ਹੈ। ਉਸਨੂੰ ਇਹ ਵੀ ਨਹੀਂ ਪਤਾ ਕਿ ਸ੍ਰੀਲੰਕਾ ਨਾਲ ਸਾਡੇ ਰਾਜਨੀਤਕ ਸਬੰਧ ਅਗਸਤ 1983 ਤੋਂ ਬਿਨਾਂ ਸਦਾ ਹੀ ਸੁਖਾਵੇਂ ਰਹੇ ਹਨ ਕਿ ਕਿਸੇ ਸਮੇਂ ਜੈਪ੍ਰਕਾਸ਼ ਨਾਰਾਇਣ ਦੇ ਪ੍ਰਭਾਵ ਥੱਲੇ ਆਏ ਅਜੋਕੇ ਲੀਡਰਾਂ ਦੇ ਪੁਰਖੇ ਸ੍ਰੀਲੰਕਨ ਨੇਤਾ ਫਿਲਿਪ ਗੁਨਾਵਾਰ ਦੇਨਾ ਨੂੰ ਅੰਗਰੇਜ਼ਾਂ ਨੇ ਭਾਰਤ ਦਾ ਹਮਦਰਦ ਹੋਣ ਕਾਰਨ ਮੁੰਬਈ ਦੀ ਜੇਲ੍ਹ ਵਿਚ ਬੰਦ ਕਰ ਛਡਿਆ ਸੀ। ਇਹ ਗੱਲ ਸੱਚ ਹੈ ਕਿ 1983 ਵਿਚ ਸ੍ਰੀਲੰਕਨ ਨੇ ਆਪਣੇ ਦੇਸ਼ ਵਿਚ ਵਸਦੇ ਤਾਮਿਲਾਂ ਦੀਆਂ ਦੁਕਾਨਾ ਲੁੱਟ ਕੇ ਉਨ੍ਹਾਂ ਨੂੰ ਅੱਗ ਨਾਲ ਫੂਕ ਛੱਡਿਆ ਸੀ। ਉਨ੍ਹਾਂ ਦਿਨ ਵਿਚ ਮੈਂ ਇਕ ਕਾਨਫਰੰਸ ਵਿਚ ਹਿੱਸਾ ਲੈਣ ਉਥੇ ਗਿਆ ਹੋਇਆ ਸੀ। ਮੈਂ ਝਾੜਫੂਕ ਦਾ ਸ਼ਿਕਾਰ ਹੋਈ ਤਾਮਿਲ ਜਾਇਦਾਦ ਹੀ ਨਹੀਂ ਤੱਕੀ ਹਵਾਈ ਅੱਡੇ ਉਤੇ ਉਨ੍ਹਾਂ ਨੂੰ ਭਾਰਤ ਆਉਣ ਲਈ ਸੀਟਾਂ ਵਾਸਤੇ ਤਰਲੇ ਲੈਂਦੇ ਵੀ ਤੱਕਿਆ ਹੈ।



ਮੈਂ ਆਪਣੇ ਜੀਵਨ ਵਿਚ ਇਸ ਤਰ੍ਹਾਂ ਦੀ ਹੁੱਲੜਬਾਜ਼ੀ ਕਈ ਵਾਰ ਤੱਕ ਚੁੱਕਿਆ ਹਾਂ। ਸਨ ਸੰਤਾਲੀ ਵਿਚ ਸੀਮਾ ਦੇ ਇਸ ਪਾਸੇ ਮੁਸਲਮਾਨਾਂ ਦੀ ਵੱਢ ਟੁੱਕ ਅਤੇ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਦੇਸ਼ ਭਰ ਦੇ ਸਿਖਰ ਉੱਤੇ ਆਈ ਆਫਤ ਸਮੇਤ। ਪੰਜਾਬੀ ਸੂਬੇ ਦੀ ਮੰਗ ਸਮੇਂ ਹਰਿਆਣਾ ਤੇ ਪੰਜਾਬ ਵਿਚਲਾ ਰਾਜਨੀਤਕ ਤਣਾਓ ਵੀ ਕਈ ਜਾਨਾਂ ਦਾ ਖੌਅ ਬਣਿਆ। ਮੈਂ ਇਹ ਸਭ ਕੁੱਝ ਅੱਖੀਂ ਤੱਕਿਆ ਹੈ ਤੇ ਇਸ ਬਾਰੇ ਲਿਖਿਆ ਸਾਹਿਤ ਵੀ ਪੜ੍ਹਿਆ ਹੈ। ਪੁੱਛਦੇ ਹੋ ਤਾਂ ਮੈਂ ਇਹ ਵੀ ਤੱਕਿਆ ਹੈ ਕਿ ਕਿਸੇ ਵੇਲੇ ਇੱਕ ਦੂਜੇ ਦੇ ਦੁਸ਼ਮਣ ਬਣੇ ਇਹ ਲੋਕੀਂ ਇੱਕ ਦੂਜੇ ਨੂੰ ਮੁੜ ਜੱਫੀਆਂ ਪਾਉਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਆਦਮੀ ਦਾ ਇਹ ਪੁੱਤ ਬਹੁਤ ਚੰਗੇ ਕੰਮ ਵੀ ਕਰਦਾ ਹੈ ਪਰ ਮਾੜੇ ਕੰਮਾਂ ਤੋਂ ਵੀ ਬਾਜ਼ ਨਹੀਂ ਆਉਂਦਾ।

ਮੈਂ 1998 ਦੀ ਆਪਣੀ ਪਾਕਿਸਤਾਨ ਫੇਰੀ ਸਮੇਂ ਉਥੋਂ ਦੇ ਵਸਨੀਕਾਂ ਤੋਂ ਲੱਖ-ਲੱਖ ਸਲਾਮਾਂ ਕਬੂਲ ਕਰ ਕੇ ਉਨ੍ਹਾਂ ਦੀ ਪ੍ਰਾਹੁਣਚਾਰੀ ਵੀ ਮਾਣ ਚੁੱਕਿਆ ਹਾਂ। 20-25 ਬੁਰਕੇ ਵਾਲੀਆਂ ਪਾਕਿਸਤਾਨਣਾਂ ਦੀ ਬੇਨਤੀ ਉਤੇ ਉਨ੍ਹਾਂ ਵਿਚ ਖਲੋਅ ਕੇ ਖਿਚਵਾਈ ਫੋਟੋ ਸਮੇਤ।

ਮੋਦੀ ਸਰਕਾਰ ਦਾ ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਮੁਸਲਿਮ ਲੀਗੀ ਕਹਿਣਾ, ਅਰਵਿੰਦ ਕੇਜਰੀਵਾਲ ਨੂੰ ਸਲਾਖਾਂ ਪਿੱਛੇ ਡਕਣਾ ਤੇ ਇੰਦਰਾਂ ਗਾਂਧੀ ਵਲੋਂ ਕੱਚਾਥੀਵੂ ਟਾਪੂ ਸ੍ਰੀਲੰਕਾ ਦਾ ਹਿੱਸਾ ਬਣਾਏ ਜਾਣ ਨੂੰ ਦੇਸ਼ ਲਈ ਖਤਰਾ ਦੱਸਣਾ ਆਗਾਮੀ ਚੋਣਾਂ ਤੋਂ ਬੌਖਲਾਏ ਹੋਣ ਦਾ ਚਿੰਨ੍ਹ ਹੈ। ਨਤੀਜਾ ਕੀ ਨਿਕਲਦਾ ਹੈ ਸਮੇਂ ਨੇ ਦੱਸਣਾ ਹੈ।ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਨਵੇਂ ਫੈਲੋ

ਬੀਤੇ ਹਫਤੇ ਨਵੀਂ ਦਿੱਲੀ ਵਿਖੇ ਹੋਈ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ ਡਾ. ਰਵੇਲ ਸਿੰਘ, ਕਨਵੀਨਰ ਪੰਜਾਬੀ ਬੋਰਡ, ਸਾਹਿਤ ਅਕਾਡਮੀ ਨਵੀਂ ਦਿੱਲੀ ਤੋਂ ਭਾਪਾ ਪ੍ਰੀਤਮ ਸਿੰਘ ਮੈਮੋਰੀਅਲ ਲੈਕਚਰ ਕਰਵਾਉਣ ਸਮੇਤ ਪੰਜਾਬੀ ਦੇ ਤਿੰਨ ਲੇਖਕਾਂ ਨੂੰ ਫੈਲੋਸ਼ਿਪ ਦੇਣ ਦਾ ਫੈਸਲਾ ਲਿਆ ਗਿਆ ਹੈ। ਉਹ ਹਨ ਕੇਵਲ ਧਾਲੀਵਾਲ, ਕਾਨਾ ਸਿੰਘ ਤੇ ਪ੍ਰੇਮ ਪ੍ਰਕਾਸ਼। ਕੇਵਲ ਧਾਲੀਵਾਲ ਜਾਣਿਆ ਪਹਿਚਾਣਿਆ ਨਾਟਕਕਾਰ ਹੈ, ਜਿਸ ਨੇ ਸਨ ਸੰਤਾਲੀ ਬਾਰੇ ਕਈ ਨਾਟਕ ਲਿਖੇ ਹਨ। ਰੰਗ-ਮੰਚ ਦੀ ਸਰਦਾਰੀ ਸਦਕਾ ਉਹ ਪੰਜਾਬ ਸੰਗੀਤ ਨਾਟਕ ਅਕਾਡਮੀ ਚੰਡੀਗੜ੍ਹ ਦਾ ਪ੍ਰਧਾਨ ਹੈ।

ਪ੍ਰੇਮ ਪ੍ਰਕਾਸ਼ ਨੇ ਕਈ ਸਾਲ ਉਰਦੂ ਅਖਬਾਰ 'ਹਿੰਦ ਸਮਾਚਾਰ ਵਿਚ ਕੰਮ ਕਰਨ ਉਪਰੰਤ 'ਲਕੀਰ' ਨਾਂ ਦਾ ਪੰਜਾਬੀ ਰਸਾਲਾ ਕੱਢਿਆ ਜਿਹੜਾ ਬੜਾ ਮਕਬੂਲ ਹੋਇਆ। ਉਹਦੇ ਨਾਲ ਗੱਲਬਾਤ ਕਰਨ ਦਾ ਬੜਾ ਮਜ਼ਾ ਆਉਂਦੈ। ਇਹ ਜ਼ਰੂਰੀ ਨਹੀਂ ਕਿ ਉਹ ਜੋ ਵੀ ਬੋਲੇ ਸੋਲਾਂ ਆਨੇ ਸੱਚ ਹੋਵੇ। ਉਂਝ ਉਸ ਦੀ ਪ੍ਰਮੁੱਖ ਪਹਿਚਾਣ ਕਹਾਣੀਕਾਰ ਵਜੋਂ ਹੈ।

ਕਾਨਾ ਸਿੰਘ ਪਾਕਿਸਤਾਨ ਵਿਚ ਰਹਿ ਗਏ ਗੁਜਰਖਾਨੇ ਦੀ ਜੰਮਪਲ ਹੈ। ਉਹ ਕਵਿਤਾ ਲਿਖਦੀ ਹੈ, ਯਾਦਾਂ ਦੇ ਚਿੱਤਰ ਵੀ ਤੇ ਬਾਲ ਕਹਾਣੀਆਂ ਵੀ। ਉਸਦੀ ਵਡਿਆਈ ਵੀ ਉਸਦੇ ਕੱਦ ਵਿਚ ਨਹੀਂ, ਅਸਰ ਰਸੂਖ ਵਿਚ ਹੈ। ਹੁਣੇ ਹੁਣੇ ਉਸਨੂੰ ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮੈਨ, ਗੁਜਰਾਂਵਾਲਾ ਕੈਂਪਸ, ਲੁਧਿਆਣਾ ਨੇ ਇਕ ਵੱਡੀ ਕਾਨਫਰੰਸ ਵਿਚ 21,000 ਰੁਪਏ ਦੀ ਥੈਲੀ ਦੇ ਕੇ ਨਿਵਾਜਿਆ ਹੈ।

ਨਿੱਕ ਸੁੱਕ ਵਲੋਂ ਤਿੰਨਾਂ ਨੂੰ ਵਧਾਈਆਂ।

**ਅੰਤਿਕਾ**

—ਤਜੱਮਲ ਕਲੀਮ (ਪਾਕਿਸਤਾਨ)—
ਪਹਿਲਾਂ ਸਾਰੇ ਵਿਹਲੇ ਬੈਠੇ ਹੁੰਦੇ ਸੀ
ਉਸਦੇ ਰੂਪ ਨੇ ਸ਼ਹਿਰ ਨੂੰ ਆਹਰੇ ਲਾ ਦਿੱਤਾ
ਦਿਲ ਕਰਦਾ ਏ ਸਦਕੇ ਜਾਵਾਂ ਪੋਤੇ ਦੇ
ਮੇਰੇ ਪਿਛਲੇ ਪਹਿਰ ਨੂੰ ਆਹਰੇ ਲਾ ਦਿੱਤਾ
ਯਾਰ ਕਲੀਮ ਪਾਣੀ ਰੁਕਿਆ ਹੋਇਆ ਸੀ
ਉਹਦੇ ਪੈਰਾਂ ਨਹਿਰ ਨੂੰ ਆਹਰੇ ਲਾ ਦਿੱਤਾ।

---


*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਨੂੰ ਮਿਲਣ ਲਈ ਆਉਣ ਲੱਗ ਪਏ। ਇਸ ਦਾ ਮੁੱਖ ਕਾਰਨ ਇਹ ਸੀ ਕਿ ਜ਼ਫਰਵਾਲ ਉਸ ਸਮੇਂ ਤਕ ਖਾਲਿਸਤਾਨੀ ਲਹਿਰ ਦਾ ਵੱਡਾ ਲੀਡਰ ਬਣ ਚੁੱਕਾ ਸੀ ਤੇ ਉਸਦੇ ਨਾਂ ਨਾਲ ਚਲਦੀ ਅਤਿਵਾਦੀ ਜਥੇਬੰਦੀ ਦੀ ਪੰਜਾਬ ਤੇ ਪੰਜਾਬ ਤੋਂ ਬਾਹਰ ਵਸਦੇ ਲੋਕਾਂ ਵਿਚ ਬਹੁਤ ਦਹਿਸ਼ਤ ਸੀ।

ਇਸ ਜਗ੍ਹਾ ਵਿਚ ਉਸ ਉਪਰ ਪਾਕਿਸਤਾਨ ਦੇ ਉਲਟ ਬਾਹਰ ਜਾਣ ਦੀ ਕੋਈ ਪਾਬੰਦੀ ਨਹੀਂ ਸੀ ਤੇ ਨਾ ਹੀ ਵਾਰ-ਵਾਰ ਪੁਲਿਸ ਨੂੰ ਸੂਚਿਤ ਕਰਨਾ ਪੈਂਦਾ ਸੀ। ਉਸਦੀ ਯਾਦ ਮੁਤਾਬਕ ਇਨ੍ਹਾਂ ਛੇ ਸਾਲਾਂ (1995-2001) ਵਿਚ ਉਸ ਸ਼ਹਿਰ ਦਾ ਪੁਲਿਸ ਮੁਖੀ ਕੇਵਲ ਇਕ ਵਾਰ ਹੀ ਮਿਲਣ ਲਈ ਆਇਆ ਸੀ। ਉਸਦੀ ਅਨਪੜ੍ਹਤਾ ਉਸਦੇ ਘਰੋਂ ਬਾਹਰ ਨਿਕਲਣ ਤੇ ਆਮ ਲੋਕਾਂ ਨਾਲ ਮਿਲਣ ਦੇ ਰਸਤੇ ਵਿਚ ਵੱਡੀ ਰੁਕਾਵਟ ਸੀ। ਉਸ ਨੂੰ ਆਪਣੇ ਵਿਚਾਰ ਪ੍ਰਗਟ ਕਰਨ 'ਤੇ ਕੋਈ ਪਾਬੰਦੀ ਨਹੀਂ ਸੀ। ਉਸਨੇ ਕਈ ਵਾਰੀ ਆਪਣੇ ਨਾਲ 7-8 ਲੋਕ ਲੈ ਕੇ ਹੇਗ ਵਿਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਸੰਸਥਾ ਦੇ ਦਫਤਰ ਅੱਗੇ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਮੁਜ਼ਾਹਰੇ ਕੀਤੇ ਪਰ ਇਨ੍ਹਾਂ ਦਾ ਓਥੇ ਕੋਈ ਅਸਰ ਦਿਖਾਈ ਨਹੀਂ ਦੇਂਦਾ ਸੀ। ਫਿਰ ਹੌਲੀ-ਹੌਲੀ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਉਹ ਹਾਰੀ ਹੋਈ ਲੜਾਈ ਲੜ ਰਿਹਾ ਹੈ। ਇਸ ਦੇ ਨਾਲ ਹੀ ਲੰਮਾ ਸਮਾਂ ਘਰ ਪਰਿਵਾਰ ਤੋਂ ਦੂਰ ਰਹਿਣ ਦਾ ਦੁੱਖ ਵੀ ਉਸਦੇ ਮਨ 'ਤੇ ਬੋਝ ਬਣਦਾ ਜਾ ਰਿਹਾ ਸੀ। ਉਸਦੇ ਮੁਤਾਬਕ 1987 ਵਿਚ ਦੇਸ਼ ਛੱਡਣ ਤੋਂ ਬਾਅਦ ਉਸਦੀ ਕਦੇ ਵੀ ਆਪਣੇ ਪਰਿਵਾਰ ਜਾਂ ਨਜ਼ਦੀਕੀਆਂ ਨਾਲ ਕੋਈ ਰਾਬਤਾ ਜਾਂ ਗੱਲਬਾਤ ਨਹੀਂ ਹੋਈ। ਉਹ ਆਪਣੀ ਜ਼ਿੰਦਗੀ ਬਹੁਤ ਸ਼ਾਨਦਾਰ ਤਰੀਕੇ ਨਾਲ ਜੀਅ ਰਿਹਾ ਸੀ। ਉਸ ਨੂੰ ਰਾਜਨੀਤਕ ਸ਼ਰਨਾਰਥੀ ਦੇ ਤੌਰ 'ਤੇ ਚੰਗਾ ਗੁਜ਼ਾਰਾ ਭੱਤਾ ਮਿਲਦਾ ਸੀ ਤੇ ਕਿਸੇ ਕਿਸਮ ਦੀ ਕੋਈ ਰੋਕ-ਟੋਕ ਨਹੀਂ ਸੀ। ਪਰ ਉਸ ਨੂੰ ਪਰਿਵਾਰ ਤੇ ਕੌਮ ਦੀ ਚਿੰਤਾ ਸਤਾ ਰਹੀ ਸੀ। ਉਹ ਪੰਜਾਬ ਵਾਪਸ ਆ ਕੇ ਲਹਿਰ ਨੂੰ ਦੁਬਾਰਾ ਉਸਾਰਨ ਬਾਰੇ ਸੋਚ ਰਿਹਾ ਸੀ। ਇਸ ਕਰਕੇ ਉਸਨੇ ਆਪਣੇ ਆਪ ਹੀ ਜਨਵਰੀ 2001 ਵਿਚ ਵਾਪਸ ਪੰਜਾਬ ਆਉਣ ਦਾ ਫ਼ੈਸਲਾ ਕਰ ਲਿਆ।

ਉਸਨੇ ਵਾਪਸ ਆਉਣ ਵਾਸਤੇ ਲੋੜੀਂਦੇ ਕਾਗ਼ਜ਼ ਪੱਤਰ ਤਿਆਰ ਕੀਤੇ। ਇਸ ਕੰਮ ਵਿਚ ਉਸਦੇ ਨੇੜਲੇ ਸਹਿਯੋਗੀਆਂ ਨੇ ਇਟਲੀ ਵਿਚ ਰਹਿ ਰਹੇ ਇਕ ਭਾਰਤੀ ਦੇ ਮਿਆਦ ਪੁਗਾ ਚੁੱਕੇ ਪਾਸਪੋਰਟ ਦਾ ਬੰਦੋਬਸਤ ਕੀਤਾ। ਉਸ ਉਪਰ ਜ਼ਫਰਵਾਲ ਦੀ ਫੋਟੋ ਲਗਾ ਕੇ ਪਾਸਪੋਰਟ ਦੇ ਗੁੰਮ ਹੋਣ ਦੀ ਪੁਲਿਸ ਰਿਪੋਰਟ ਲਿਖਵਾ ਦਿੱਤੀ। ਇਸ ਰਿਪੋਰਟ ਦੇ ਆਧਾਰ 'ਤੇ ਉਸਦੇ ਭਾਰਤ ਵਾਪਸ ਆਉਣ ਦੇ ਕਾਗ਼ਜ਼ਾਤ ਤਿਆਰ ਕੀਤੇ ਤੇ ਉਹ ਇਕ ਪਾਸੇ ਦੀ ਟਿਕਟ ਖਰੀਦ ਕੇ ਜਨਵਰੀ 2001 ਦੇ ਅਖੀਰਲੇ ਹਫ਼ਤੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚ ਗਿਆ। ਉਸਦੇ ਦੱਸਣ ਮੁਤਾਬਕ ਹਵਾਈ ਅੱਡੇ 'ਤੇ ਉਹ ਬਿਨਾਂ ਕਿਸੇ ਰੋਕ-ਟੋਕ ਦੇ ਇਮੀਗ੍ਰੇਸ਼ਨ ਤੇ ਸੁਰੱਖਿਆ ਦਸਤਿਆਂ ਦੀ ਮੌਜੂਦਗੀ ਵਿਚ ਹਵਾਈ ਅੱਡੇ ਤੋਂ ਬਾਹਰ ਆ ਗਿਆ। ਉਸਨੇ ਆਪਣੇ ਆਉਣ ਦੀ ਖ਼ਬਰ ਕਿਸੇ ਨਾਲ ਵੀ ਸਾਂਝੀ ਨਹੀਂ ਕੀਤੀ ਸੀ। ਏਥੇ ਪਹੁੰਚ ਕੇ ਸਭ ਤੋਂ ਪਹਿਲਾਂ ਉਹ ਆਪਣੇ ਪੁਰਾਣੇ ਦੋਸਤ ਨੂੰ ਮਿਲਿਆ। ਪੰਜਾਬ ਵਿਚ ਬਦਲੇ ਹੋਏ ਹਾਲਾਤ ਉਸ ਵਾਸਤੇ ਬਹੁਤ ਹੈਰਾਨ ਕਰਨ ਵਾਲੀ ਗੱਲ ਸੀ। ਇਹ ਸੋਚ ਕੇ ਉਸਨੇ ਬਹੁਤ ਦੁੱਖ ਮਹਿਸੂਸ ਕੀਤਾ ਕਿ ਜਿਸ ਕਾਰਜ ਵਾਸਤੇ ਉਸਨੇ ਆਪਣੀ ਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਦਾਅ 'ਤੇ ਲਾਈ ਸੀ ਤੇ ਸੈਂਕੜੇ ਮੁਸੀਬਤਾਂ ਝੱਲੀਆਂ ਸਨ, ਪੰਜਾਬ ਦੇ ਲੋਕ ਕਿਵੇਂ ਇਹ ਸਭ ਕੁਝ ਭੁਲਾ ਬੈਠੇ ਹਨ।

ਪੰਜਾਬ ਆਉਣ ਤੋਂ ਬਾਅਦ ਉਹ ਬੜੀ ਆਸਾਨੀ ਨਾਲ ਇਧਰ ਉਧਰ ਘੁੰਮਦਾ ਰਿਹਾ। ਸਵਿਟਜ਼ਰਲੈਂਡ ਦੀ ਪੁਲਿਸ ਨੂੰ ਉਸਦੇ ਲਾਪਤਾ ਹੋਣ ਦੀ ਖ਼ਬਰ ਉਸਦੇ ਉਥੋਂ ਜਾਣ ਤੋਂ ਦੋ ਹਫ਼ਤੇ ਬਾਅਦ ਪਤਾ ਲੱਗਦੀ ਹੈ। ਉਸਦੇ ਕਹੇ ਮੁਤਾਬਕ ਹੋ ਸਕਦਾ ਕਿ ਉਸਨੇ ਇਹ ਖ਼ਬਰ ਭਾਰਤੀ ਖ਼ੁਫੀਆ ਤੰਤਰ ਨੂੰ ਦੇ ਦਿੱਤੀ ਹੋਵੇਗੀ। ਇਸ ਤੋਂ ਬਾਅਦ ਭਾਰਤੀ ਏਜੰਸੀਆਂ ਤੇ ਪੁਲਿਸ ਕਾਫ਼ੀ ਚੌਕਸ ਹੋ ਗਈ ਤੇ ਉਸ ਨੂੰ ਫੜਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ। ਏਸੇ ਹੀ ਕੜੀ ਵਿਚ ਤਕਰੀਬਨ ਦੋ ਮਹੀਨੇ ਬਾਅਦ ਅਪਰੈਲ ਦੇ ਸ਼ੁਰੂ ਵਿਚ ਉਸ ਨੂੰ ਅੰਮ੍ਰਿਤਸਰ ਬੱਸ ਸਟੈਂਡ ਦੇ ਬਾਹਰ ਬਣੇ ਢਾਬੇ ਤੋਂ ਸ਼ਾਮ ਨੂੰ ਖਾਣਾ ਖਾਂਦੇ ਸਮੇਂ ਬੜੇ ਨਾਟਕੀ ਢੰਗ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਸਨੇ ਅੰਮ੍ਰਿਤਸਰ ਆ ਕੇ ਇਕ ਫਰਜ਼ੀ ਦਸਤਾਵੇਜ਼ ਨਾਲ ਮੋਬਾਈਲ ਫੋਨ ਦਾ ਕੁਨੈਕਸ਼ਨ ਲਿਆ ਸੀ। ਇਹ ਗੱਲ ਪੁਲਿਸ ਦੇ ਧਿਆਨ ਵਿਚ ਆ ਗਈ ਸੀ ਤੇ ਇਸੇ ਆਧਾਰ 'ਤੇ ਉਸ ਉਪਰ ਨਿਗਰਾਨੀ ਰੱਖੀ ਗਈ। ਫੜੇ ਜਾਣ ਤੋਂ ਬਾਅਦ ਪੁਲਿਸ ਉਸ ਨੂੰ ਬੀ-ਡਿਵੀਜ਼ਨ ਠਾਣੇ ਵਿਚ ਲੈ ਗਈ ਤੇ ਅਗਲੇ ਦਿਨ ਅਦਾਲਤ ਵਿਚ ਪੇਸ਼ ਕਰਕੇ 14 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਿਹੜਾ ਬਾਅਦ ਵਿਚ ਫਿਰ 14 ਦਿਨਾਂ ਲਈ ਵਧਾ ਦਿੱਤਾ। ਉਸ ਸਮੇਂ ਉਸ ਨੂੰ 11 ਸੰਗੀਨ ਕੇਸਾਂ ਵਿਚ ਨਾਮਜ਼ਦ ਕੀਤਾ ਗਿਆ, ਜਿਨ੍ਹਾਂ ਵਿਚ ਕਤਲ, ਅਗਵਾਕਾਰੀ, ਲੁੱਟ-ਖਸੁੱਟ, ਦੇਸ਼ ਦੇ ਖਿਲਾਫ਼ ਬਗ਼ਾਵਤ ਆਦਿ ਧਾਰਾਵਾਂ ਲਾਈਆਂ ਗਈਆਂ ਸਨ। ਇਸ ਸਮੇਂ ਦੌਰਾਨ ਉਸ ਨੂੰ ਪੰਜਾਬ ਦੇ ਵੱਖ-ਵੱਖ ਪੁਲਿਸ ਥਾਣਿਆਂ ਵਿਚ ਲਿਜਾ ਕੇ ਹਰ ਤਰੀਕੇ ਨਾਲ ਪੁੱਛ ਪੜਤਾਲ ਕੀਤੀ ਤੇ ਬਾਅਦ ਵਿਚ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚੋਂ ਉਹ ਦੋ ਸਾਲ ਬਾਅਦ ਜ਼ਮਾਨਤ 'ਤੇ ਬਾਹਰ ਆਉਂਦਾ ਹੈ। ਸਾਡੀ ਮੁਲਾਕਾਤ ਹੋਣ ਤਕ ਉਸਦੇ ਕਹੇ ਮੁਤਾਬਕ ਉਹ ਸਾਰੇ ਕੇਸਾਂ ਵਿਚੋਂ ਬਾਇੱਜ਼ਤ ਬਰੀ ਹੋ ਗਿਆ। ਇਸ ਤੋਂ ਬਾਅਦ ਉਸ ਦੀਆਂ ਸਰਗਰਮੀਆਂ ਧਾਰਮਿਕ ਤੇ ਸਮਾਜਿਕ ਮੁੱਦਿਆਂ 'ਤੇ ਹੀ ਕੇਂਦ੍ਰਿਤ ਰਹੀਆਂ ਹਨ। ਪਿਛਲੇ ਸਾਲਾਂ ਵਿਚ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਮਾਮਲੇ ਵਿਚ ਬਣੀ ਜਥੇਬੰਦੀ ਤੇ ਬਾਅਦ ਵਿਚ ਹੋਏ ਸਰਬੱਤ ਖਾਲਸੇ ਦਾ ਉਹ ਹਿੱਸਾ ਰਹੇ ਹਨ। ਇਨ੍ਹਾਂ ਸਰਗਰਮੀਆਂ ਕਰਕੇ ਉਨ੍ਹਾਂ ਦੀ ਪੁਲਿਸ ਵੱਲੋਂ ਕਈ ਵਾਰ ਪੁੱਛਗਿੱਛ ਤੇ ਛੋਟੇ ਮੋਟੇ ਕੇਸ ਪਾ ਦਿੱਤੇ ਜਾਂਦੇ ਹਨ।




***ਜੌਇਸ ਪੈਟੀਗਰਿਊ ਦੀ ਚਰਚਿਤ ਪੁਸਤਕ 'ਦਿ ਸਿੱਖ ਆਫ ਦਿ ਪੰਜਾਬ' ਦਾ ਸਰਵਰਕ।***

ਇਸ ਸਾਰੀ ਲਹਿਰ ਤੇ ਆਪਣੇ ਤਜਬਰੇ ਸਾਂਝੇ ਕਰਦੇ ਹੋਏ ਉਹ ਕਹਿੰਦਾ ਹੈ ਕਿ "ਸਾਕਾ ਨੀਲਾ ਤਾਰਾ" ਦਾ ਦੁਖਾਂਤ ਤੇ ਉਸ ਤੋਂ ਬਾਅਦ ਪੁਲਿਸ ਦਾ ਉਨ੍ਹਾਂ ਨੂੰ ਘਰੋਂ ਚੁੱਕਣਾ, ਪੁਲਿਸ ਤੇ ਨੀਮ ਫ਼ੌਜੀ ਦਲਾਂ ਵੱਲੋਂ ਬੇਕਸੂਰ ਲੋਕਾਂ 'ਤੇ ਤਸ਼ੱਦਦ ਤੇ ਦਮਦਮੀ ਟਕਸਾਲ ਵੱਲ ਝੁਕਾਅ ਕਰਕੇ ਉਹ ਇਸ ਲਹਿਰ ਵਿਚ ਸ਼ਾਮਲ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ ਵੱਡੀ ਗਿਣਤੀ ਨੌਜਵਾਨ ਮੁੰਡੇ ਆਪਣੇ ਆਪ ਮੈਦਾਨ ਵਿਚ ਆ ਗਏ ਸਨ ਤੇ ਲਹਿਰ ਨੂੰ ਆਮ ਲੋਕਾਂ ਵੱਲੋਂ ਵੱਡਾ ਹੁੰਗਾਰਾ ਮਿਲ ਰਿਹਾ ਸੀ। ਸ਼ੁਰੂ ਸ਼ੁਰੂ ਵਿਚ ਜ਼ਿਆਦਾਤਰ ਹਥਿਆਰ ਪੁਲਿਸ ਦੇ ਹੋਮਗਾਰਡਾਂ ਦੇ ਜਵਾਨਾਂ ਤੋਂ ਖੋਹੇ ਜਾਂਦੇ ਸਨ ਪਰ ਬਾਅਦ ਵਿਚ ਪਾਕਿਸਤਾਨ ਵਾਲੇ ਪਾਸੇ ਤੋਂ ਹਥਿਆਰਾਂ ਦੀ ਸਪਲਾਈ ਸ਼ੁਰੂ ਹੋ ਗਈ ਸੀ। ਇਸ ਦੇ ਨਾਲ ਹੀ ਕੁਝ ਪੁਲਿਸ ਵਾਲੇ ਨੌਕਰੀ ਛੱਡ ਕੇ ਲਹਿਰ ਵਿਚ ਸ਼ਾਮਲ ਹੋਏ। ਇਸ ਤੋਂ ਇਲਾਵਾ ਕੁਝ ਆਮ ਲੋਕਾਂ ਦੇ ਲਾਇਸੰਸੀ ਹਥਿਆਰ ਵੀ ਖੋਹੇ ਗਏ। ਪਹਿਲਾਂ ਪਹਿਲ ਹਥਿਆਰ ਪ੍ਰਾਪਤ ਕਰਨ ਵਿਚ ਮੁਸ਼ਕਲ ਹੁੰਦੀ ਸੀ ਪਰ ਬਾਅਦ ਵਿਚ ਕੋਈ ਸਮੱਸਿਆ ਨਹੀਂ ਆਈ।

ਜਦੋਂ ਉਸ ਨੂੰ ਲਹਿਰ ਦੇ ਪਤਨ ਬਾਰੇ ਪੁੱਛਿਆ ਗਿਆ ਤਾਂ ਉਸਨੇ ਇਸ ਦੇ ਬਹੁਤ ਸਾਰੇ ਕਾਰਨ ਦੱਸੇ। ਸਭ ਤੋਂ ਵੱਡਾ ਕਾਰਨ ਜਥੇਬੰਦੀਆਂ ਦੀ ਆਪਸੀ ਖਹਿਬਾਜ਼ੀ ਤੇ ਰੰਜਿਸ਼ ਸੀ। ਇਸ ਦੇ ਨਾਲ ਹੀ ਜਥੇਬੰਦੀਆਂ ਵਿਚ ਮਾੜੇ ਅਨਸਰਾਂ ਨਾਲ ਸਰਕਾਰੀ ਏਜੰਸੀਆਂ ਦੇ ਲੋਕ ਵੜ ਗਏ। 1987 ਤੋਂ ਬਾਅਦ ਲੋਕਾਂ 'ਤੇ ਜ਼ਬਰਦਸਤੀ ਸਮਾਜ ਸੁਧਾਰ ਲਾਗੂ ਕਰਨ ਤੋਂ ਬਾਅਦ ਅਤਿਵਾਦੀ ਜਥੇਬੰਦੀਆਂ ਦੀ ਗਿਣਤੀ ਬਹੁਤ ਵਧ ਗਈ ਤੇ ਇਸ ਦੇ ਨਾਲ ਹੀ ਇਨ੍ਹਾਂ ਜਥੇਬੰਦੀਆਂ ਵਿਚ ਧੜੇਬੰਦੀ। ਇਹ ਉਹ ਸਮਾਂ ਸੀ ਜਦੋਂ ਕਿਸੇ ਵੀ ਜਥੇਬੰਦੀ ਦੇ ਮੁਖੀ ਜਾਂ ਅਹੁਦੇਦਾਰ ਦਾ ਥੱਲੇ ਕੰਮ ਕਰਦੇ ਮੁੰਡਿਆਂ 'ਤੇ ਕੋਈ ਕੰਟਰੋਲ ਨਹੀਂ ਸੀ। ਅਜਿਹੀ ਸਥਿਤੀ ਵਿਚ ਸਾਰਾ ਵਰਤਾਰਾ ਲੋਕ ਵਿਰੋਧੀ ਹੋ ਗਿਆ ਤੇ ਜ਼ਿਆਦਾਤਰ ਆਮ ਲੋਕ ਇਸ ਦੇ ਬੁਰੀ ਤਰ੍ਹਾਂ ਸ਼ਿਕਾਰ ਹੋਏ ਤੇ ਉਨ੍ਹਾਂ ਦੀ ਲਹਿਰ ਪ੍ਰਤੀ ਹਮਦਰਦੀ ਦੀ ਬਜਾਏ ਨਫ਼ਰਤ ਸ਼ੁਰੂ ਹੋ ਗਈ।

ਆਪਣੀ ਜਥੇਬੰਦੀ ਦੁਆਰਾ ਕੀਤੇ ਕੰਮਾਂ ਬਾਰੇ ਉਹ ਕਹਿੰਦਾ ਹੈ ਕਿ ਉਨ੍ਹਾਂ ਨੇ ਕਿਸੇ ਬੇਕਸੂਰ ਦਾ ਕਤਲ ਨਹੀਂ ਕੀਤਾ ਤੇ ਸਰਕਾਰੀ ਅਤੇ ਲੋਕਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਸਬਕ ਸਿਖਾਇਆ। ਉਹ ਇਹ ਵੀ ਮੰਨਦਾ ਹੈ ਕਿ ਬਾਅਦ ਵਿਚ ਹਾਲਾਤ ਅਜਿਹੇ ਬਣ ਗਏ ਸਨ ਜਦੋਂ ਕੋਈ ਵੀ ਕਿਸੇ ਦੇ ਕਾਬੂ ਹੇਠ ਨਹੀਂ ਸੀ। ਜਿੰਨਾ ਚਿਰ ਉਹ ਪੰਜਾਬ ਵਿਚ ਰਿਹਾ, ਉਸਨੇ ਮਾੜਾ ਕੰਮ ਕਰਨ ਵਾਲੇ ਅਨਸਰਾਂ ਨੂੰ ਜਥੇਬੰਦੀ ਵਿਚ ਬੇਦਖਲ ਕੀਤਾ ਤੇ ਉਨ੍ਹਾਂ ਨੇ ਅਜਿਹਾ ਨਾ ਕਰਨ ਵਾਸਤੇ ਚੇਤਾਵਨੀ ਦਿੱਤੀ। ਪਰ ਬਾਅਦ ਵਿਚ ਲਹਿਰ ਤੇ ਜਥੇਬੰਦੀ ਵਿਚ ਬਹੁਤ ਸਾਰੇ ਲੋਟੂ ਤੇ ਮਾੜੇ ਕਿਰਦਾਰ ਵਾਲੇ ਬੰਦੇ ਵੜ ਗਏ, ਜਿਨ੍ਹਾਂ ਦੇ ਕਾਰਨਾਮਿਆਂ ਕਰਕੇ ਲਹਿਰ ਬਦਨਾਮ ਤੇ ਬਹੁਤ ਜਲਦੀ ਅਲੋਪ ਹੋਈ।

ਉਸਦੀ ਸਭ ਤੋਂ ਵੱਡੀ ਨਿਰਾਸ਼ਾ ਉਸਦੇ ਵਾਪਸ ਆਉਣ ਤੇ ਲਹਿਰ ਦੇ ਸਮੇਂ ਦੇ ਕੁਝ ਨਜ਼ਦੀਕੀ ਤੇ ਜਾਣਕਾਰ ਲੋਕਾਂ ਦਾ ਪੂਰੀ ਤਰ੍ਹਾਂ ਮੂੰਹ ਮੋੜ ਲੈਣਾ ਸੀ। ਉਸ ਨੂੰ ਇਸ ਗੱਲ ਦਾ ਵੀ ਪਛਤਾਵਾ ਸੀ ਕਿ ਪੰਜਾਬ ਵਿਚ ਜੋ ਕੁਝ ਹੋਇਆ ਜਾਂ ਕੀਤਾ, ਬਹੁਤ ਮਾੜਾ ਸੀ। ਇਸ ਦੇ ਨਾਲ ਹੀ ਉਸ ਨੂੰ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਖਾਲਿਸਤਾਨ ਲਹਿਰ ਉੱਠਣ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ ਹੈ। ਉਸ ਦੇ ਸਮੇਂ ਹੀ ਪਾਕਿਸਤਾਨ ਵਿਚ ਸਮਾਂ ਗੁਜ਼ਾਰ ਕੇ ਵਾਪਸ ਪੰਜਾਬ ਪਰਤੇ। ਗੁਰਦਾਸਪੁਰ ਜ਼ਿਲ੍ਹੇ ਦੇ ਹੀ ਨਰਾਇਣ ਸਿੰਘ ਚੌੜਾ ਤੇ ਕੁਝ ਹੋਰ ਖਾੜਕੂ ਜਰਨੈਲਾਂ ਦੀ ਅਜੋਕੀ ਰਾਜਨੀਤੀ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ ਕਿ ਚੁੱਪ ਹੀ ਭਲੀ ਹੈ। ਉਸ ਨੇ ਉਨ੍ਹਾਂ ਬਾਰੇ ਕੁਝ ਵੀ ਅੱਛਾ ਬੁਰਾ ਕਹਿਣ ਤੋਂ ਨਾਂਹ ਕਰ ਦਿੱਤੀ। ਜੌਇਸ ਪੈਟੀਗਰਿਊ ਜਿਸ ਨੇ ਕਿ ਪੰਜਾਬ ਦੀ ਖਾੜਕੂ ਲਹਿਰ ਬਾਰੇ ਚਰਚਿਤ ਪੁਸਤਕ 'SIKHS OF THE PUNJAB' ਜਿਸ ਦਾ ਜ਼ਿਆਦਾ ਬਿਰਤਾਂਤ ਵੱਸਣ ਸਿੰਘ ਜ਼ਫਰਵਾਲ ਦੇ ਸੰਗਠਨ ਕੇਸੀਐਫ (ਜ਼ਫਰਵਾਲ) ਨਾਲ ਸਬੰਧਤ ਖਾੜਕੂਆਂ ਦੀਆਂ ਕਹਾਣੀਆਂ 'ਤੇ ਹੀ ਉਸਰਿਆ ਹੋਇਆ ਹੈ,ਬਾਰੇ ਵੀ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ।

***ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ***

# ਭਾਰਤੀ ਲੋਕਤੰਤਰ ਦੇ ਵਿਗਾੜ ਅਤੇ ਇਸ ਦਾ ਇਲਾਜ

ਮੁੱਦੇ ਦਾ ੳ ਅ... ਲੋਕਰਾਜ ਕੇਵਲ ਵਿਚਾਰ ਨਹੀਂ ਹੈ। ਲੋਕਰਾਜ ਅਮੂਰਤ ਨਹੀਂ ਹੈ। ਲੋਕਰਾਜ ਪਦਾਰਥਕ ਹੋਂਦ, ਹੈਸੀਅਤ ਅਤੇ ਵਜੂਦ ਹੈ। ਪਾਰਲੀਮੈਂਟ ਤੋਂ ਹੇਠਾਂ ਪੰਚਾਇਤਾਂ ਤੱਕ, ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਲੋਕਰਾਜ ਦੀ ਪਦਾਰਥਕ ਹੋਂਦ ਦੇ ਅੰਗ ਹਨ। ਅੱਜ ਦਾ ਲੋਕਰਾਜ ਮਾਨਵ ਸਮਾਜ ਦੇ ਇਸ ਖੇਤਰ ਵਿਚ ਮਾਨਵ ਵਿਕਾਸ ਦਾ ਇਨਕਲਾਬੀ ਪੜਾਅ ਹੈ। ਸਫ਼ਰ ਜਾਰੀ ਹੈ। ਸੰਖੇਪ ਵਿਚ ਕਬੀਲਾ ਪ੍ਰਬੰਧ ਤੋਂ ਰਾਜਾਸ਼ਾਹੀ, ਰਾਜਾਸ਼ਾਹੀ ਤੋਂ ਅੱਜ ਦੇ ਲੋਕਤੰਤਰ ਉਤੇ ਪਹੁੰਚ ਗਏ ਹਾਂ। ਸੱਭਿਅਤਾ ਦਾ ਅਗਲਾ ਪੜਾਅ ਜ਼ਰੂਰ ਆਏਗਾ



**ਸੁੱਚਾ ਸਿੰਘ ਖੱਟੜਾ**
ਫੋਨ: +91-94176-52947

ਕਿਉਂਕਿ ਅੱਜ ਦੇ ਇਸ ਲੋਕਤੰਤਰ ਵਿਚ 'ਸਰਕਾਰ ਵੋਟ ਦੇਣ ਵਾਲਿਆਂ ਦੀ ਨਹੀਂ, ਵੋਟ ਲੈਣ ਵਾਲਿਆਂ ਦੀ ਬਣਦੀ ਹੈ'। ਇਹ ਵਰਤਾਰਾ ਵਰਤਾਉਣ ਵਾਲੀ ਮਸ਼ੀਨ ਦਾ ਕੰਮ ਵੋਟ ਪ੍ਰਣਾਲੀ ਸ਼ੁਰੂ ਹੋਣ ਤੋਂ ਅੱਜ ਤੱਕ ਜਾਰੀ ਹੈ। ਈ.ਵੀ.ਐੱਮ. 'ਤੇ ਰੌਲ਼ਾ ਪਹਿਲਾਂ ਚੱਲਦੀ ਮਸ਼ੀਨ ਦੀ ਲਗਾਤਾਰਤਾ ਬਣਾਈ ਰੱਖਣ ਦਾ ਯਤਨ ਹੈ। ਇਸੇ ਲਈ ਇਸ ਨੂੰ ਹਟਾਉਣ ਦੀ ਬਜਾਇ ਲੋਕਾਂ ਦਾ ਧਿਆਨ ਅੱਜ ਦੀ ਈ.ਵੀ.ਐੱਮ. ਦੇ ਸੁਧਾਰਾਂ ਨਾਲ਼ ਨੂੜ ਦਿੱਤਾ ਗਿਆ ਹੈ।

ਆਪਣੇ ਮੁਲਕ ਵਿਚ ਲੋਕਰਾਜ ਆਜ਼ਾਦੀ ਦੇ ਨਾਲ਼ ਹੀ ਆਇਆ ਕਿਹਾ ਜਾਣਾ ਚਾਹੀਦਾ ਹੈ। ਬਹੁਤ ਰੌਲ਼ਾ ਹੈ ਕਿ ਮੌਜੂਦਾ ਹਕੂਮਤ ਨੇ ਲੋਕਰਾਜ ਬਰਬਾਦ ਕਰ ਰੱਖਿਆ ਹੈ। ਹੁਣ ਮੌਜੂਦਾ ਹਕੂਮਤ ਇਸ ਲੋਕਤੰਤਰ ਦੇ ਆਧਾਰ, ਭਾਵ ਸੰਵਿਧਾਨ ਨੂੰ ਬਦਲਣ ਦੇ ਐਲਾਨ ਨਾਲ਼ ਚੋਣਾਂ ਵਿਚ ਉਤਰ ਕੇ ਜਨਮਤ ਦੀ ਮੋਹਰ ਲਗਵਾਉਣਾ ਚਾਹੁੰਦੀ ਹੈ। ਇਹ ਸਭ ਕੁਝ ਠੀਕ ਹੈ ਪਰ ਇਸ ਵਰਤਾਰੇ ਦੀ ਚਰਚਾ ਲੋਕਾਂ ਦੀ ਸਮਝ-ਬੂਝ ਤਿੱਖਾ ਕਰਦੀ ਪ੍ਰਤੀਤ ਨਹੀਂ ਹੁੰਦੀ। ਹੁਣ ਤੱਕ ਇਸ ਚਰਚਾ ਦੀ ਬਾਇਨਿਰੀ 'ਚੋਣ ਕਮਿਸ਼ਨ ਪੱਖਪਾਤੀ ਹੈ', ਇਸ ਦਾ ਹੱਲ ਹੈ 'ਚੋਣ ਕਮੀਸ਼ਨ ਨਿਰਪੱਖ ਹੋਣਾ ਚਾਹੀਦਾ ਹੈ', 'ਚੋਣਾਂ ਵਿਚ ਧਨ ਦੀ ਵਰਤੋਂ ਹੱਦੋਂ ਵੱਧ ਹੋ ਗਈ ਹੈ', ਇਸ ਦਾ ਹੱਲ 'ਚੋਣਾਂ ਵਿਚ ਧਨ ਦੀ ਵਰਤੋਂ ਘਟਣੀ ਚਾਹੀਦੀ ਹੈ'। ਇਹ ਮੁਹਾਰਨੀ ਪਾਠਕ ਨੂੰ ਸਹੀ ਫ਼ੈਸਲ਼ਾ ਕਰਨ ਵਿਚ ਮਦਦ ਨਹੀਂ ਕਰਦੀ। ਲੋੜ ਮੁੱਦੇ ਦੀ ਕਿਸੇ ਹੋਰ ਦਿਸ਼ਾ ਤੋਂ ਵਿਸ਼ਲੇਸ਼ਣ ਕਰਨ ਦੀ ਹੈ। ਲੋਕਰਾਜ ਬਚਣਾ ਹੀ ਤਾਂ ਹੈ ਜੇਕਰ ਇਸ ਵਿਸ਼ੇ ਉਤੇ ਵੱਖਰੀ ਦਿਸ਼ਾ ਤੋਂ ਵਿਸ਼ਲੇਸ਼ਣ ਕੀਤਾ ਜਾਵੇ। ਇਸ ਵਿਸ਼ਲੇਸ਼ਣ ਵਿਚ ਲੋਕਰਾਜ ਨੂੰ ਬਚਾਉਣ ਵਾਲ਼ੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਨੀ ਅਤੇ ਇਸ ਬਾਰੇ ਉਨ੍ਹਾਂ ਸ਼ਕਤੀਆਂ ਨੂੰ ਲੋਕਰਾਜ ਨੂੰ ਬਚਾਉਣ ਦੀ ਲੋੜ ਅਤੇ ਇਸ ਕਾਰਜ ਉਤੇ ਕਾਰਜਸ਼ੀਲ ਹੋਣ ਲਈ ਪ੍ਰੇਰਨਾ ਪਵੇਗਾ। ਇਸ ਲਈ ਸਾਡੀ ਚਰਚਾ ਦੇ ਆਧਾਰ ਬਿੰਦੂ ਹਨ:

(ੳ) ਮੁਲਕ ਵਿਚ ਲੋਕਰਾਜ ਕੌਣ ਲੈ ਕੇ ਆਏ ਅਤੇ ਕਿਵੇਂ ਲਿਆਂਦਾ?

(ਅ) ਲੋਕਰਾਜ ਕੌਣ ਬਚਾਏਗਾ ਅਤੇ ਕਿਵੇਂ ਬਚਾਏਗਾ?



ਲੋਕਰਾਜ ਦੀ ਸਮਾਜ ਵਿਚ ਲੋੜ ਕਿਹਨੂੰ ਹੈ, ਇਹ ਬੁੱਝਣਾ ਜ਼ਰੂਰੀ ਹੈ ਕਿਉਂਕਿ ਲੋਕਰਾਜ ਲਿਆਉਣ ਵਾਲ਼ਿਆਂ ਨੇ ਹੀ ਇਸ ਨੂੰ ਬਚਾਉਣਾ ਹੈ। ਮੁਲਕ ਦੀ ਆਜ਼ਾਦੀ ਨਾਲ਼ ਹੀ ਸੰਵਿਧਾਨ ਮਿਲਿਆ ਅਤੇ ਸੰਵਿਧਾਨਕ ਲੋਕਰਾਜ ਸ਼ੁਰੂ ਹੋਇਆ। ਇਸ ਲੋਕਰਾਜ ਨੂੰ ਲਿਆਉਣ ਵਾਲ਼ੇ ਹਰ ਰੰਗ, ਧਰਮ ਅਤੇ ਨਰਮ-ਗਰਮ ਤਸੀਰਾਂ ਵਾਲ਼ੇ ਦੇਸ਼ਭਗਤਾਂ ਦੀ ਅਗਵਾਈ ਵਿਚ ਕਰੋੜਾਂ-ਕਰੋੜਾਂ ਭਾਰਤੀ ਸਨ। ਇਨ੍ਹਾਂ ਸਭਨਾਂ ਅੰਦਰ ਆਜ਼ਾਦੀ ਘੁਲਾਟੀਆਂ ਨੇ ਆਜ਼ਾਦ ਭਾਰਤ ਬਾਰੇ ਕਿੰਨੇ ਹੀ ਤਰ੍ਹਾਂ ਦੇ ਸੁਫ਼ਨੇ ਜਗਾਏ ਸਨ। ਮੁਲਕ ਦੀ ਦੌਲਤ ਇੰਗਲੈਂਡ ਦੇ ਖ਼ਜ਼ਾਨੇ ਦੀ ਥਾਂ ਆਜ਼ਾਦ ਭਾਰਤ ਦੇ ਖ਼ਜ਼ਾਨੇ ਵਿਚ ਜਾਏਗੀ, ਪੈਦਾਵਾਰੀ ਅਦਾਰੇ ਅਤੇ ਇਸ ਲਈ ਮੁੱਢਲਾ ਢਾਂਚਾ ਮੁਲਕ ਦੇ ਲੋਕਾਂ ਦੀ ਚੁਣੀ ਸੰਵਿਧਾਨਕ ਸਰਕਾਰ ਉਸਾਰੇਗੀ। ਸਿੱਖਿਆ, ਸਿਹਤ, ਸੰਚਾਰ ਅਤੇ ਸੜਕਾਂ, ਸਭ ਤਰ੍ਹਾਂ ਦੀਆਂ ਸੇਵਾਵਾਂ ਲਈ ਸਰਕਾਰੀ ਅਦਾਰੇ ਹੋਣਗੇ। ਸਭ ਲਈ ਮਿਆਰੀ ਸਿੱਖਿਆ, ਸਿਹਤ ਅਤੇ ਸੜਕ ਸੇਵਾਵਾਂ ਮੁਫ਼ਤ ਮਿਲਣਗੀਆਂ। ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੋਵੇਗੀ। ਕਿਸੇ ਵੀ ਆਧਾਰ 'ਤੇ ਕਿਸੇ ਨਾਲ਼ ਵੀ ਵਿਤਕਰਾ ਨਹੀਂ ਹੋਵੇਗਾ। ਸੰਵਿਧਾਨਕ ਸੰਸਥਾਵਾਂ ਮੌਕੇ ਦੀ ਸਰਕਾਰ ਦੀ ਦਖ਼ਲਅੰਦਾਜ਼ੀ ਤੋਂ ਬਿਨਾਂ ਕੰਮ ਕਰਨਗੀਆਂ। ਕਾਨੂੰਨ-ਘੜਨੀ ਅਦਾਰੇ ਭਾਵ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਸੰਵਿਧਾਨ ਵਿਚ ਦਰਜ ਨੀਤੀ ਨਿਰਦੇਸ਼ਾਂ ਦੀ ਲੋਅ ਵਿਚ ਕਾਨੂੰਨ ਬਣਾਉਣਗੇ ਆਦਿ-ਆਦਿ।

ਲੋਕਾਂ ਨੇ ਉਪਰੋਕਤ ਭਵਿੱਖੀ ਤਸਵੀਰ ਨੂੰ ਅਸਲੀਅਤ ਵਿਚ ਉਤਾਰਨ ਲਈ ਅੰਗਰੇਜ਼ ਹਕੂਮਤ ਦੀਆਂ ਫਾਂਸੀਆਂ, ਲੰਮੀਆਂ ਜੇਲ੍ਹਾਂ, ਕੁਰਕੀਆਂ, ਤਸੀਹੇ ਅਤੇ ਜ਼ਿੱਲਤਾਂ ਸਹਾਰ ਕੇ ਆਜ਼ਾਦੀ ਅਤੇ ਸੰਵਿਧਾਨ ਲਿਆਂਦੇ। ਇਹ (ੳ) ਧਿਰ ਲੋਕਰਾਜ ਨੂੰ ਲਿਆਉਣ ਵਾਲੀ ਹੈ।

ਦੂਜੀ ਧਿਰ ਭਾਰਤੀ ਜਨਤਾ ਪਾਰਟੀ, ਇਸ ਦੀ ਮਾਂ ਜਨਸੰਘ, ਉਸ ਦੀ ਮਾਂ ਆਰ.ਐੱਸ.ਐੱਸ., ਮਾਸੀ ਹਿੰਦੂ ਮਹਾਂ ਸਭਾ ਅਤੇ ਧਨ ਕੁਬੇਰਾਂ ਦੀ ਮੁਲਕ ਲਈ ਆਜ਼ਾਦੀ ਅਤੇ ਸੰਵਿਧਾਨ ਦੀ ਪ੍ਰਾਪਤੀ ਵਿਚ ਉਕੀ ਹੀ ਭੂਮਿਕਾ ਨਹੀਂ। ਹਾਂ, ਆਜ਼ਾਦੀ ਸੰਗਰਾਮ ਅਤੇ ਆਜ਼ਾਦੀ ਸੰਗਰਾਮੀਆਂ ਦੇ ਵਿਰੋਧ ਵਿਚ ਭੁਗਤਣ ਦੀਆਂ ਅਨੇਕ ਮਿਸਾਲਾਂ ਹਨ। ਹੁਣ ਦੂਜੀ ਧਿਰ ਦੀ ਮੁਲਕ ਦੀ ਆਜ਼ਾਦੀ, ਸੰਵਿਧਾਨ ਅਤੇ ਲੋਕਰਾਜ ਲਿਆਉਣ ਵਿਚ ਕੋਈ ਭੂਮਿਕਾ ਨਹੀਂ, ਇਸ ਲਈ ਇਸ ਨੂੰ ਬਚਾਉਣ ਵਾਲ਼ੀ ਇਹ ਕਦੇ ਵੀ ਧਿਰ ਨਹੀਂ ਬਣੇਗੀ। ਸਮਾਜ ਅਤੇ ਰਾਜ/ਪ੍ਰਸ਼ਾਸਨ ਚਲਾਉਣ ਲਈ ਸੰਵਿਧਾਨ ਦੀ ਥਾਂ ਇਹ ਧਿਰ ਮਨੂੰ ਸਮਰਿਤੀ ਤੋਂ ਅਗਵਾਈ ਲੈਣ ਵਿਚ ਭਰੋਸਾ ਰੱਖਦੀ ਹੈ। ਸੰਵਿਧਾਨ ਅਤੇ ਸੰਵਿਧਾਨ ਉਤੇ ਆਧਾਰਿਤ ਲੋਕਰਾਜ ਦੀ ਭਾਰਤੀ ਜਨਤਾ ਪਾਰਟੀ ਨੂੰ ਉਕਾ ਲੋੜ ਨਹੀਂ। ਇਸੇ ਬਰੈਕਟ ਵਿਚ ਮੁਲਕ ਦੇ ਧਨ ਕੁਬੇਰ ਹਨ ਜੋ ਸੋਚ ਅਤੇ ਹਿਤਾਂ, ਦੋਹਾਂ ਵਿਚ ਸਾਂਝੀਦਾਰ ਹਨ। ਲੋਕਰਾਜ ਅਤੇ ਲੋਕਰਾਜੀ ਸੰਸਥਾਵਾਂ ਨੂੰ ਗ਼ੁਲਾਮ ਅਤੇ ਅਪੰਗ ਕਰਨਾ ਇਨ੍ਹਾਂ ਦੋਹਾਂ ਦਾ ਏਜੰਡਾ ਰਿਹਾ ਹੈ।

ਇਹ ਪ੍ਰਸ਼ਨ ਵੀ ਉਤਰ ਮੰਗਦਾ ਹੈ ਕਿ ਜੇਕਰ ਭਾਰਤੀ ਜਨਤਾ ਪਾਰਟੀ ਵਿਰੁੱਧ ਇਤਿਹਾਸ ਇੰਨਾ ਕੁਝ ਦਿਖਾ ਰਿਹਾ ਹੈ ਤਾਂ ਇਹ ਜਮਾਤ ਇਸੇ ਲੋਕਰਾਜ ਦੀ ਕੁਰਸੀ ਕਿਵੇਂ ਲੈ ਗਈ? ਉਤਰ ਹੈ, ਇਸ ਨੂੰ ਇਸ ਬੁਲੰਦੀ ਤੱਕ ਲਿਆਉਣ ਵਿਚ ਮੁੱਖ ਭੂਮਿਕਾ ਕਾਂਗਰਸ ਦੀ ਅਤੇ ਉਪ ਭੂਮਿਕਾ ਵਿਚ ਕਮਿਊਨਿਸਟਾਂ ਤੋਂ ਬਿਨਾਂ ਉਹ ਸਾਰੇ ਹਨ ਜਿਹੜੇ ਅੱਜ ਮੁੜ ਆਪਣੀ ਹੋਂਦ ਸਥਾਪਿਤ ਕਰਨ ਲਈ ਇੱਕ ਹਨ। ਇਹ ਧਿਰਾਂ ਆਪਣੀਆਂ ਆਰਥਿਕ ਨੀਤੀਆਂ ਕਾਰਨ ਭ੍ਰਿਸ਼ਟ ਹੋ ਕੇ ਲੋਕਾਂ ਨੂੰ ਭੁੱਲ ਗਈਆਂ। ਆਰਥਿਕਤਾ ਨੂੰ ਸਮਾਜਵਾਦੀ ਲੀਹ ਤੋਂ ਉਤਾਰ ਦਿੱਤਾ। ਭਾਰਤੀ ਜਨਤਾ ਪਾਰਟੀ ਦਾ ਧਰਮ ਆਧਾਰਿਤ ਨਫ਼ਰਤੀ ਏਜੰਡਾ ਲੋਕਾਂ ਵਿਚ ਬਦਨਾਮ ਨਾ ਕਰ ਸਕੇ। ਨਤੀਜੇ ਵਜੋਂ ਭਾਰਤੀ ਜਨਤਾ ਪਾਰਟੀ ਲਈ ਇੱਕ ਪਾਸੇ ਰਾਸ ਆਉਂਦਾ ਆਰਥਿਕ ਮਾਡਲ ਖੜ੍ਹਾ ਕਰ ਦਿੱਤਾ ਅਤੇ ਦੂਜੇ ਪਾਸੇ ਸਮਾਜ ਦਾ ਵੱਡਾ ਹਿੱਸਾ ਧਰਮ ਦੇ ਆਧਾਰ 'ਤੇ ਉਨ੍ਹਾਂ ਦੀ ਝੋਲੀ ਪਾ ਦਿੱਤਾ। ਕਮਿਊਨਿਸਟਾਂ ਤੋਂ ਬਗ਼ੈਰ ਕਾਂਗਰਸ ਅਤੇ ਇਹ ਦੂਜੀਆਂ ਪਾਰਟੀਆਂ ਆਰ.ਐੱਸ.ਐੱਸ. ਦੀ ਮੁਲਕ ਪ੍ਰਤੀ ਹੌਲੀ ਭੂਮਿਕਾ ਤੋਂ ਲੋਕਾਂ ਨੂੰ ਜਾਣੂ ਨਾ ਕਰਵਾ ਸਕੀਆਂ। ਕਾਂਗਰਸ ਅਤੇ 'ਇੰਡੀਆ' ਗੱਠਜੋੜ ਵਿਚ ਜੁੜੀਆਂ ਧਿਰਾਂ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ ਕਿ ਭਾਰਤੀ ਜਨਤਾ ਪਾਰਟੀ ਨਹਿਰੂ, ਗਾਂਧੀ ਸਭਨਾਂ ਸਬੰਧੀ ਝੂਠ-ਪ੍ਰਚਾਰ ਵਿਚ ਸਫ਼ਲ ਰਹੀ। ਇੱਧਰ ਕਾਂਗਰਸ ਇਨ੍ਹਾਂ ਹੀ ਆਗੂਆਂ ਬਾਰੇ ਸੱਚ ਵੀ ਨਾ ਪ੍ਰਚਾਰ ਸਕੀ।

ਹੁਣ ਪ੍ਰਸ਼ਨ ਹੈ ਕਿ ਪਹਿਲੀ ਧਿਰ ਨੂੰ ਲੋਕਤੰਤਰ ਦੀ ਲੋੜ ਕਿਉਂ ਹੈ? ਉਤਰ ਹੈ ਕਿ ਲੋਕਤੰਤਰ ਦੀ ਮੌਤ ਨਾਲ਼ ਇਸ ਧਿਰ ਦੀ ਮੌਤ ਲਿਖੀ ਗਈ ਹੈ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਮੀਡੀਆ ਕਰਮੀਆਂ, ਸੁਤੰਤਰ ਮੀਡੀਆ ਦੇ ਹਮਾਇਤੀਆਂ, ਬੁੱਧੀਜੀਵੀਆਂ ਅਤੇ ਸਮਾਜ ਦੇ ਕਿਸੇ ਵੀ ਪੀੜਤ ਵਰਗ ਨੂੰ ਆਪੋ-ਆਪਣੇ ਸੰਘਰਸ਼ਾਂ ਤੋਂ ਇਸ ਪ੍ਰਸ਼ਨ ਉਤੇ ਸਹੀ-ਸਹੀ ਉਤਰ ਮਿਲ ਜਾਵੇਗਾ। ਇਨ੍ਹਾਂ ਮਿਹਨਤਕਸ਼ਾਂ ਦੇ ਸੰਘਰਸ਼ਾਂ ਨੇ ਆਪੋ-ਆਪਣੀ ਕੰਧ ਉਤੇ ਇਹ ਉਤਰ ਲਿਖ ਰੱਖਿਆ ਹੈ। ਇਸ ਨੂੰ ਪੜ੍ਹਨ-ਸਮਝਣ ਵਿਚ ਜੀਵਨ ਹੈ, ਨਾ ਪੜ੍ਹਨ ਵਿਚ ਮੌਤ ਹੈ।

ਆਖ਼ਰੀ ਗੱਲ ਲੋਕਰਾਜ ਦੀ ਬਹਾਲੀ ਦੀ ਗਰੰਟੀ 'ਇੰਡੀਆ' ਗੱਠਜੋੜ ਦੇ ਜਿੱਤਣ ਨਾਲ਼ ਹੀ ਨਹੀਂ ਹੋਣੀ। ਇਹ ਧਿਰ ਅਤੇ ਧਿਰਾਂ ਉਹੀ ਹਨ ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ, ਆਰ.ਐੱਸ.ਐੱਸ. ਅਤੇ ਕਾਰਪੋਰੇਟ ਦੀ ਤਿਕੜੀ ਨੂੰ ਗੱਦੀ ਉਤੇ ਬਿਠਾਉਣ ਲਈ ਰਾਹ ਤਿਆਰ ਕੀਤਾ। ਉਪਰੋਕਤ ਲੜਦੀਆਂ ਸ਼ਕਤੀਆਂ ਨੂੰ ਲੋਕਰਾਜ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਦਿਆਂ ਨਵੇਂ ਲੀਡਰ ਅਤੇ ਨਵੇਂ ਆਰਥਿਕ ਢਾਂਚਿਆਂ ਦੇ ਬਿਰਤਾਂਤ ਦੀ ਸਿਰਜਣਾ ਕਰਨੀ ਪਏਗੀ। ਕੁਰਸੀ ਲਈ ਤਰਲੋਮੱਛੀ 'ਇੰਡੀਆ' ਗੱਠਜੋੜ ਸਾਹਮਣੇ ਉਨ੍ਹਾਂ ਦੇ ਹੀ ਚੋਣ ਮਨੋਰਥ ਪੱਤਰ ਨੂੰ ਮੂਹਰੇ ਰੱਖ ਕੇ ਅਗਲੇ ਸੰਘਰਸ਼ ਕਰਨੇ ਪੈਣਗੇ। ਭਾਰਤੀ ਜਨਤਾ ਪਾਰਟੀ ਨੂੰ ਹਮੇਸ਼ਾ-ਹਮੇਸ਼ਾ ਲਈ ਭਾਰਤੀ ਜਨ-ਸਮੂਹਾਂ ਵਿਚੋਂ ਨਖੇੜ ਕੇ ਰੱਖਣ ਦਾ ਕੰਮ ਵੀ ਇਨ੍ਹਾਂ ਸੰਘਰਸ਼ੀ ਲੋਕਾਂ ਨੂੰ ਹੀ ਕਰਨਾ ਪਏਗਾ। ਰਾਹੁਲ ਗਾਂਧੀ ਦੀਆਂ ਪੰਜ ਨਿਆਂ ਗਰੰਟੀਆਂ ਲਾਗੂ ਕਰਵਾਉਣ ਵਿਚ ਲੋਕਰਾਜ ਬਚਿਆ ਰਹਿਣ ਦੀ ਸੰਭਾਵਨਾ ਹੈ। ਜਿਹੜੀ ਧਿਰ ਨੂੰ ਲੋਕਰਾਜ ਬਚਾਉਣ ਦੀ ਲੋੜ ਹੈ, ਉਸ ਨੂੰ ਸੰਘਰਸ਼ ਕਰਦਿਆਂ ਸਿਆਣੇ ਬਣਨ ਅਤੇ ਸਿਆਣੇ ਬਣ ਕੇ ਸੰਘਰਸ਼ ਕਰਨ ਦਾ ਸਿਲਸਿਲਾ ਸੂਤਰਬੱਧ ਕਰਨਾ ਹੋਏਗਾ। ਯਾਦ ਰੱਖਣਾ ਪਏਗਾ, ਲੋਕਤੰਤਰ ਦੇ ਨਵੇਂ ਪੜਾਅ ਉਤੇ ਤਾਂ ਹੀ ਪਹੁੰਚਾਂਗੇ ਜੇ ਮੌਜੂਦਾ ਲੋਕਤੰਤਰ ਨੂੰ ਲੱਗੇ ਜ਼ਖ਼ਮ ਠੀਕ ਕਰ ਲਏ ਜਾਣਗੇ।

# ਵਿਕਾਸ ਕਰਦੇ ਭਾਰਤ ਦੀ ਹਕੀਕਤ

ਭਾਰਤ ਸਾਲ 2047 ਤੱਕ ਉਚ ਆਮਦਨ ਵਾਲਾ ਵਿਕਸਤ ਮੁਲਕ ਬਣਨ ਦੀ ਲੋਚਾ ਰੱਖਦਾ ਹੈ। ਇਸ ਵਿਆਪਕ ਦ੍ਰਿਸ਼ਟੀ ਯੋਜਨਾ ਦੇ ਅਨੁਰੂਪ, ਅਰਥਚਾਰੇ ਨੂੰ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਕਾਸ ਦਰ ਨੂੰ ਹੁਲਾਰਾ ਦੇਣ ਅਤੇ ਅਗਲੇ 23 ਸਾਲਾਂ ਦੌਰਾਨ ਇਸ ਸਮੇਂ ਜੀ.ਡੀ.ਪੀ. ਨੂੰ 3.73 ਖਰਬ ਡਾਲਰ ਤੋਂ 30 ਖਰਬ ਡਾਲਰ ਤੱਕ ਦੀ ਜ਼ਬਰਦਸਤ ਬੁਲੰਦੀ 'ਤੇ ਪਹੁੰਚਾਉਣ ਲਈ ਬੇਪਨਾਹ ਸ਼ਕਤੀ ਦੀ ਲੋੜ ਹੈ। ਵਿਹਾਰਕ ਲਿਹਾਜ਼ ਤੋਂ ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਅਰਥਚਾਰੇ ਨੂੰ ਹਰ ਸਾਲ 1.14 ਖਰਬ ਡਾਲਰ ਦਾ ਜ਼ਬਰਦਸਤ ਇਜ਼ਾਫ਼ਾ ਦਰਸਾਉਣ ਦੀ ਲੋੜ ਪਵੇਗੀ ਤਾਂ ਕਿਤੇ

**ਕ੍ਰਿਸ਼ਨਾ ਰਾਜ**

ਜਾ ਕੇ ਦੋ ਦਹਾਕਿਆਂ ਵਿਚ ਇਹ 26.14 ਖਰਬ ਡਾਲਰ ਦੇ ਸਿਖਰਲੇ ਮੁਕਾਮ ਤੱਕ ਪਹੁੰਚ ਸਕੇਗੀ। ਜੇ 7.6 ਫ਼ੀਸਦ ਦੀ ਵਿਕਾਸ ਦਰ ਦੇ ਹਿਸਾਬ ਨਾਲ ਲੇਖਾ ਜੋਖਾ ਕੀਤਾ ਜਾਵੇ ਤਾਂ ਪਿਛਲੇ ਸਾਲ 2023-24 ਦੌਰਾਨ ਜੀ.ਡੀ.ਪੀ. 38.78 ਲੱਖ ਕਰੋੜ ਰੁਪਏ ਤੋਂ ਵਧ ਕੇ 41.74 ਲੱਖ ਕਰੋੜ ਰੁਪਏ ਹੋਈ ਹੈ। ਇਹ ਵਾਧਾ ਮਹਿਜ਼ 2.96 ਲੱਖ ਕਰੋੜ ਰੁਪਏ ਦਾ ਹੈ; ਵਾਧਾ 81 ਲੱਖ ਕਰੋੜ ਰੁਪਏ ਦਾ ਦਰਕਾਰ ਸੀ। 2047 ਤੱਕ ਵਿਕਸਤ ਭਾਰਤ ਦਾ ਦਰਜਾ ਹਾਸਲ ਕਰਨ ਲਈ ਇਹ ਮਾਮੂਲੀ ਵਾਧਾ ਹੈ ਅਤੇ ਇਸ ਲਈ ਜੀ.ਡੀ.ਪੀ. ਵਿਚ ਵਾਧੇ ਦੀ ਦਰ ਸਾਲਾਨਾ 15 ਫ਼ੀਸਦ ਦਰਕਾਰ ਹੋਵੇਗੀ।

ਅਮਰੀਕਾ, ਚੀਨ, ਜਰਮਨੀ, ਜਪਾਨ ਅਤੇ ਭਾਰਤ ਦੀ ਜੀ.ਡੀ.ਪੀ. ਕ੍ਰਮਵਾਰ 26.95 ਖਰਬ ਡਾਲਰ, 17.78 ਖਰਬ ਡਾਲਰ, 4.43 ਖਰਬ ਡਾਲਰ, 4.23 ਖਰਬ ਡਾਲਰ ਅਤੇ 3.73 ਖਰਬ ਡਾਲਰ ਹੈ। ਇਨ੍ਹਾਂ ਮੁਲਕਾਂ ਦੀ ਪ੍ਰਤੀ ਜੀਅ ਜੀ.ਡੀ.ਪੀ. ਅੰਦਾਜ਼ਨ ਕ੍ਰਮਵਾਰ 80410 ਡਾਲਰ, 12540 ਡਾਲਰ, 52820 ਡਾਲਰ, 33950 ਡਾਲਰ ਅਤੇ 2610 ਡਾਲਰ ਹੈ। ਭਾਰਤ ਦਾ ਸ਼ੁਮਾਰ ਇਸ ਸਮੇਂ ਘੱਟ ਆਮਦਨ ਵਾਲੇ ਮੁਲਕਾਂ ਵਿਚ ਹੁੰਦਾ ਹੈ। ਇਸ ਨੂੰ ਅਗਲੇ 23 ਸਾਲਾਂ ਵਿਚ ਘੱਟ ਆਮਦਨ ਤੋਂ ਦਰਮਿਆਨੀ ਆਮਦਨ ਅਤੇ ਉੱਚ ਆਮਦਨ ਵਾਲੇ ਮੁਲਕਾਂ ਦੇ ਵਰਗ ਵਿਚ ਪਹੁੰਚਣ ਲਈ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣਾ ਪੈਣਾ ਹੈ। ਉਚ ਆਮਦਨ ਵਾਲੇ ਮੁਲਕ ਦਾ ਦਰਜਾ ਹਾਸਲ ਕਰਨ ਲਈ ਭਾਰਤ ਦੀ ਪ੍ਰਤੀ ਜੀਅ ਜੀ.ਡੀ.ਪੀ. 2047 ਤੱਕ ਵਧ ਕੇ 12055 ਡਾਲਰ ਤੱਕ ਹੋਣੀ ਚਾਹੀਦੀ ਹੈ।

ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕਾਂ ਵਿਚ ਖੇਤੀਬਾੜੀ, ਸਨਅਤੀ ਅਤੇ ਸੇਵਾਵਾਂ ਦੇ ਖੇਤਰ ਸ਼ਾਮਲ ਹਨ। ਸਾਲ 2023 ਵਿਚ ਜੀ.ਡੀ.ਪੀ. ਵਾਧੇ ਵਿਚ ਸੇਵਾਵਾਂ ਖੇਤਰ ਦੀ ਹਿੱਸੇਦਾਰੀ 53.34 ਫ਼ੀਸਦ ਹੈ; ਸਨਅਤੀ ਤੇ ਖੇਤੀਬਾੜੀ ਖੇਤਰਾਂ ਦਾ ਯੋਗਦਾਨ ਕ੍ਰਮਵਾਰ 28.25 ਫ਼ੀਸਦ ਅਤੇ 18.42 ਫ਼ੀਸਦ ਹੈ। ਉਂਝ, ਦੁਨੀਆ ਦੇ ਪ੍ਰਮੁੱਖ ਅਰਥਚਾਰਿਆਂ ਜਿਵੇਂ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਵਿਚ ਇਨ੍ਹਾਂ ਦੀ ਜੀ.ਡੀ.ਪੀ. ਵਿਚ ਸੇਵਾਵਾਂ ਅਤੇ ਸਨਅਤੀ ਖੇਤਰਾਂ ਦਾ ਯੋਗਦਾਨ 95-98 ਫ਼ੀਸਦ ਹੈ ਅਤੇ ਖੇਤੀਬਾੜੀ ਉਪਰ ਨਿਰਭਰਤਾ ਮਹਿਜ਼ ਇੱਕ ਫ਼ੀਸਦ ਹੈ; ਸਿਰਫ਼ ਚੀਨ ਵਿਚ ਖੇਤੀਬਾੜੀ ਦਾ ਯੋਗਦਾਨ 6.9 ਫ਼ੀਸਦ ਹੈ। ਭਾਰਤ ਦੀ ਜੀ.ਡੀ.ਪੀ. 'ਚ ਇਨ੍ਹਾਂ ਦੋਵੇਂ ਖੇਤਰਾਂ ਦਾ ਯੋਗਦਾਨ 82 ਫ਼ੀਸਦ ਹੈ।

ਭਾਰਤ ਦੀਆਂ ਆਰਥਿਕ ਵਿਕਾਸ ਦੀਆਂ ਉਮੀਦਾਂ ਦੇ ਰਾਹ ਦਾ ਇਕ ਰੋੜਾ ਇਹ ਹੈ ਕਿ ਖੇਤੀਬਾੜੀ ਅਤੇ ਸਨਅਤੀ ਖੇਤਰਾਂ ਦਾ ਵਿਕਾਸ ਮੱਠਾ ਹੈ। ਵਿਕਸਤ ਅਰਥਚਾਰੇ ਦਾ ਇਕ ਹੋਰ ਖ਼ਾਸ ਲੱਛਣ ਇਹ ਹੈ ਕਿ ਇਹ ਆਪਣੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਆਪਣੀਆਂ ਦਰਾਮਦਾਂ ਨਾਲੋਂ ਜ਼ਿਆਦਾ ਬਰਾਮਦਾਂ ਕਰਦਾ ਹੈ। ਭਾਰਤੀ ਅਰਥਚਾਰੇ ਦੇ ਦੁਨੀਆ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਨ ਦੇ ਤੱਥ ਦੇ ਬਾਵਜੂਦ ਅਜੇ ਵੀ ਇਸ ਦੀ ਦਰਾਮਦਾਂ 'ਤੇ ਨਿਰਭਰਤਾ ਜਿਉਂ ਦੀ ਤਿਉਂ ਹੈ ਜੋ ਇਸ ਦੀ ਵੱਡੀ ਕਮਜ਼ੋਰੀ ਹੈ। ਇਸ ਦਾ ਚਲੰਤ ਖਾਤਾ ਘਾਟਾ ਜੀ.ਡੀ.ਪੀ. ਦਾ 2 ਫ਼ੀਸਦ ਹੈ ਜੋ ਕਾਫ਼ੀ ਜ਼ਿਆਦਾ ਹੈ। ਦੂਜੇ ਬੰਨੇ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਦਾ ਚਲੰਤ ਖਾਤਾ ਆਪੋ-ਆਪਣੀ ਜੀ.ਡੀ.ਪੀ. ਦਾ 5-10 ਫ਼ੀਸਦ ਵਾਧੇ ਵਿਚ ਹੈ। ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਦਾ ਵਹਾਓ ਤੇਜ਼ੀ ਨਾਲ ਘਟਿਆ ਹੈ ਅਤੇ ਕਰਜ਼ੇ ਵਿਚ 625 ਅਰਬ ਡਾਲਰ ਦਾ ਇਜ਼ਾਫ਼ਾ ਹੋ ਗਿਆ ਹੈ।

ਵਡੇਰੇ ਅਰਥਚਾਰੇ ਦੇ ਇਹ ਅੰਕੜੇ ਸਾਫ਼ ਦਰਸਾਉਂਦੇ ਹਨ ਕਿ ਆਪਣਾ ਸੁਫ਼ਨੇ ਸਾਕਾਰ ਕਰਨ ਲਈ ਭਾਰਤੀ ਅਰਥਚਾਰੇ ਨੂੰ ਆਪਣੀ ਬਰਾਮਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ, ਦਰਾਮਦਾਂ ਘਟਾਉਣ, ਅਹਿਮ ਖੇਤਰਾਂ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਵਧਾਉਣ ਅਤੇ ਸਨਅਤੀ ਖੇਤਰ ਨੂੰ ਵਿਕਸਤ ਕਰਨ ਦੀ ਲੋੜ ਹੈ। ਭਾਰਤ ਦੇ ਅਰਥਚਾਰੇ ਵਿਚ ਵਾਧਾ ਤਾਂ ਹੋ ਰਿਹਾ ਹੈ ਪਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ; ਇਸ ਕਰ ਕੇ ਆਮਦਨ ਅਤੇ ਦੌਲਤ ਵਿਚ ਨਾ-ਬਰਾਬਰੀ ਛੜੱਪੇ ਮਾਰ ਕੇ ਵਧ ਰਹੀ ਹੈ। 20-24 ਸਾਲ ਅਤੇ 25-29 ਸਾਲ ਦੀ ਉਮਰ ਦੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦਰ ਕ੍ਰਮਵਾਰ 44.49 ਫ਼ੀਸਦ ਅਤੇ 14.33 ਫ਼ੀਸਦ ਹੋ ਗਈ ਹੈ। ਦੇਸ਼ ਦੀ ਕੁੱਲ 22.6 ਆਮਦਨ ਅਤੇ 40.1 ਫ਼ੀਸਦ ਦੌਲਤ ਉਪਰਲੇ ਇਕ ਫ਼ੀਸਦ ਲੋਕਾਂ ਦੇ ਹੱਥਾਂ ਵਿਚ ਚਲੀ ਗਈ ਹੈ। ਸਾਲ 2022-23 ਵਿਚ ਪਾਣੀ ਦੀ ਪ੍ਰਤੀ ਜੀਅ ਉਪਲਬਧਤਾ ਘਟ ਕੇ 1486 ਘਣ ਮੀਟਰ ਰਹਿ ਗਈ।

ਇਸੇ ਦੌਰਾਨ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ (1 ਅਰਬ 42 ਕਰੋੜ) ਵਾਲਾ ਮੁਲਕ ਬਣ ਗਿਆ ਹੈ। ਇਸ ਦਾ ਮਤਲਬ ਹੈ ਕਿ ਦੁਨੀਆ ਦੀ 17.5 ਫ਼ੀਸਦ ਆਬਾਦੀ ਸਿਰਫ਼ 2.4 ਫ਼ੀਸਦ ਜ਼ਮੀਨ 'ਤੇ ਰਹਿ ਰਹੀ ਹੈ। ਸਮਾਜਿਕ-ਆਰਥਿਕ ਅਤੇ ਵਾਤਾਵਰਨ ਮੁਹਾਜ਼ਾਂ 'ਤੇ ਇਨ੍ਹਾਂ ਗਤੀਸ਼ੀਲ ਤਬਦੀਲੀਆਂ ਨੇ ਭਾਰਤ ਦੇ ਵਿਕਾਸ ਕਰਨ ਦੇ ਆਸਾਰ ਨੂੰ ਨੱਪ ਲਿਆ ਹੈ। ਇਨ੍ਹਾਂ ਤੋਂ ਇਲਾਵਾ ਆਰਥਿਕ ਨੀਤੀਆਂ ਅਤੇ ਕਿਰਤ ਕਾਨੂੰਨਾਂ ਦੇ ਲਿਹਾਜ਼ ਤੋਂ ਢਾਂਚਾਗਤ ਤਬਦੀਲੀਆਂ ਨੇ ਕਾਰਪੋਰੇਟ ਕੰਪਨੀਆਂ ਅਤੇ ਵਿੱਤੀ ਸੰਸਥਾਵਾਂ ਦੇ ਹਿੱਤ ਪੂਰੇ ਹਨ। ਰੁਜ਼ਗਾਰ ਮੰਡੀ ਵਿਚ ਗ਼ਰੀਬਾਂ ਅਤੇ ਨੌਜਵਾਨਾਂ ਨੂੰ ਬਰਾਬਰ ਦੇ ਮੌਕੇ ਨਹੀਂ ਮਿਲਦੇ। ਦੁਨੀਆ ਵਿਚ ਭਾਰਤ ਦੇ ਮਨੁੱਖੀ ਅਤੇ ਵਾਤਾਵਰਨਕ ਸੂਚਕ ਅੰਕ ਅਤੇ ਦਰਜਾਬੰਦੀਆਂ ਬਦ ਤੋਂ ਬਦਤਰ ਹੋ ਰਹੀਆਂ ਹਨ। ਦੇਸ਼ ਦੇ ਸਨਅਤੀ ਅਤੇ ਖੇਤੀਬਾੜੀ ਖੇਤਰ ਉਤਪਾਦਨ ਅਤੇ ਉਤਪਾਦਕਤਾ ਦੇ ਲਿਹਾਜ਼ ਤੋਂ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਨਹੀਂ ਹਨ।

ਭਾਰਤ ਨੂੰ ਵਿਕਸਤ ਮੁਲਕ 'ਚ ਬਦਲਣ ਦੇ ਅਗਲੇ ਕਦਮਾਂ ਵਜੋਂ ਸਰਕਾਰ ਨੇ ਛੇ ਸੂਤਰੀ ਰਣਨੀਤੀ ਦੀ ਤਜਵੀਜ਼ ਰੱਖੀ ਹੈ- ਢਾਂਚਾਗਤ ਪਰਿਵਰਤਨ, ਬਿਹਤਰ ਮੁਕਾਬਲੇਬਾਜ਼ੀ, ਵਿੱਤੀ ਤੇ ਸਮਾਜਿਕ ਘੇਰੇ 'ਚ ਵਾਧਾ, ਪ੍ਰਸ਼ਾਸਕੀ ਸੁਧਾਰ, ਤਕਨੀਕ ਨਾਲ ਲੈਸ ਦੂਜੀ ਹਰੀ ਕ੍ਰਾਂਤੀ ਅਤੇ ਕਿਰਤ ਸੁਧਾਰ। ਇਨ੍ਹਾਂ ਨੀਤੀਆਂ ਦਾ ਮੰਤਵ ਵਿਕਾਸ ਦੀ ਰਫ਼ਤਾਰ ਤੇਜ਼ ਕਰਨ ਲਈ ਸਾਧਨਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਵੱਖ-ਵੱਖ ਖੇਤਰਾਂ ਦੀ ਉਤਪਾਦਕਤਾ ਵਧਾਉਣਾ ਹੈ ਤਾਂ ਕਿ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ ਤੇ ਗਰੀਬੀ ਘਟਾਈ ਜਾ ਸਕੇ।

ਭਾਰਤ ਦੇ ਇਹ ਟੀਚੇ ਕਈ ਬੁਨਿਆਦੀ ਸਵਾਲ ਖੜ੍ਹੇ ਕਰਦੇ ਹਨ। ਕੀ ਇਸ ਨੀਤੀ 'ਚੋਂ ਭਾਰਤ ਦੇ ਲੋਕਾਂ ਦੀਆਂ ਖ਼ਾਹਸ਼ਾਂ, ਕਦਰਾਂ-ਕੀਮਤਾਂ ਤੇ ਭਾਵਨਾਵਾਂ ਝਲਕਦੀਆਂ ਹਨ? ਕੀ ਪ੍ਰਤੀ ਜੀਅ ਆਮਦਨ ਵਿੱਚ ਵਾਧਾ ਤੇ ਜੀ.ਡੀ.ਪੀ. ਹੀ ਅਜਿਹੇ ਦੋ ਸੂਚਕ ਹਨ ਜੋ ਭਾਰਤ ਨੂੰ 2047 ਤੱਕ ਵਿਕਸਤ ਮੁਲਕ ਬਣਾਉਣਗੇ? ਕੁਦਰਤੀ ਸਰੋਤਾਂ ਦੀ ਲੁੱਟ ਦੇ ਮੱਦੇਨਜ਼ਰ ਕੀ ਉੱਚੀ ਵਿਕਾਸ ਦਰ ਵਾਤਾਵਰਨ ਦੇ ਪੱਖ ਤੋਂ ਟਿਕਾਊ ਹੈ? ਕੀ ਵਿਕਾਸ ਦਰ ਦੇ ਉੱਚੇ ਅੰਕੜੇ ਆਮਦਨ ਨੂੰ ਲੋਕਾਂ ਵਿਚਾਲੇ ਵਾਜਬ ਢੰਗ ਨਾਲ ਵੰਡ ਸਕਣਗੇ?

ਇਹ ਸਾਰੇ ਇਕ ਸਵਾਲ ਦਾ ਜਵਾਬ ਮੰਗਦੇ ਹਨ: ਵਿਕਾਸ ਆਖ਼ਰ ਕਿੰਨੀ ਅਤੇ ਕੀਹਦੀ ਕੀਮਤ 'ਤੇ ਹੋਵੇਗਾ? ਕਈ ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਦੀ ਵੰਨ-ਸਵੰਨਤਾ, ਸਮਾਜਿਕ, ਆਰਥਿਕ ਤੇ ਕੁਦਰਤੀ ਹਾਲਾਤ ਦੇ ਮੱਦੇਨਜ਼ਰ ਭਾਰਤ ਨੂੰ ਪੱਛਮੀ ਅਰਥਚਾਰਿਆਂ ਜਾਂ ਚੀਨ ਵਾਲੇ ਰਾਹਾਂ 'ਤੇ ਹੀ ਚੱਲਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ ਬਲਕਿ ਆਪਣੇ ਵਿਕਾਸ ਲਈ ਵੱਖਰਾ ਰਾਹ ਫੜਨਾ ਚਾਹੀਦਾ ਹੈ। ਇਸ ਲਈ 2047 ਤੱਕ 'ਵਿਕਸਤ ਮੁਲਕ' ਦਾ ਦਰਜਾ ਹਾਸਲ ਕਰਨ ਲਈ ਦੇਸ਼ ਨੂੰ ਆਪਣੇ ਵਿਰਾਸਤੀ ਵਡੇਰੇ ਅਰਥਚਾਰੇ ਦੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਨੂੰ ਪਛਾਣਨਾ ਪਏਗਾ। ਸੁਧਾਰਾਂ ਖ਼ਾਤਰ ਅਤੇ ਟਿਕਾਊ ਤੇ ਵਿਆਪਕ ਤਰੱਕੀ ਲਈ ਸਰਕਾਰ ਨੂੰ ਫੌਰੀ ਤੌਰ 'ਤੇ ਆਪਣੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਦੀ ਸਮੀਖਿਆ ਦੀ ਲੋੜ ਹੈ। ਵਿਨਾਸ਼ਕਾਰੀ ਅਤੇ ਦੂਰ-ਅੰਦੇਸ਼ੀ ਤੋਂ ਵਿਹੂਣੀਆਂ ਆਰਥਿਕ ਨੀਤੀਆਂ ਕਾਰਨ ਵਧ ਰਹੀਆਂ ਜਲਵਾਯੂ ਤਬਦੀਲੀ ਦੀਆਂ ਘਟਨਾਵਾਂ ਕਾਰਨ ਸੰਸਾਰ ਨਿਰਾਸ਼ਾਜਨਕ ਢੰਗ ਨਾਲ ਸੰਘਰਸ਼ ਕਰ ਰਿਹਾ ਹੈ। ਭਾਰਤ ਵਿੱਚ ਅਜਿਹਾ ਟਿਕਾਊ ਵਿਕਾਸ ਲੋੜੀਂਦਾ ਹੈ ਜਿਸ ਦਾ ਧੁਰਾ ਕੁਦਰਤ ਅਤੇ ਮਨੁੱਖਤਾ ਹੋਣ।

# ਦੱਖਣ ਦੀ ਸੁੰਦਰੀ ਸਾਈ ਪੱਲਵੀ ਦਾ ਜਾਦੂ





ਦੱਖਣ ਦੀਆਂ ਤੈਲਗੂ, ਤਮਿਲ ਅਤੇ ਮਲਿਆਲਮ ਫਿਲਮਾਂ ਦੀ ਸਟਾਰ ਅਦਾਕਾਰਾ ਸਾਈ ਪੱਲਵੀ ਹੁਣ ਹਿੰਦੀ ਫਿਲਮਾਂ ਵਿਚ ਵੀ ਆ ਰਹੀ ਹੈ। ਇਸ ਫਿਲਮ ਵਿਚ ਉਸ ਦਾ ਹੀਰੋ ਉਘੀ ਫਿਲਮੀ ਹਸਤੀ ਆਮਿਰ ਖਾਨ ਦਾ ਪੁੱਤਰ ਜੁਨੈਦ ਖਾਨ ਹੋਵੇਗਾ। ਫਿਲਮ ਦਾ ਨਾਂ ਅਜੇ ਰੱਖਿਆ ਨਹੀਂ ਹੈ ਪਰ ਇਸ ਉਪਰ ਬਾਕਾਇਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ।

**ਕੁਦਰਤ ਕੌਰ**

ਸਾਲ 1992 ਦੀ ਪੈਦਾਇਸ਼ ਸਾਈ ਪੱਲਵੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਛੋਟੀਆਂ-ਮੋਟੀਆਂ ਭੂਮਿਕਾਵਾਂ ਤੋਂ ਕੀਤੀ ਸੀ ਪਰ 2015 ਵਿਚ ਉਸ ਨੂੰ ਫਿਲਮ 'ਪ੍ਰੇਮਮ' ਨਾਲ ਵੱਡੀ ਬ੍ਰੇਕ ਮਿਲੀ। ਇਸ ਮਲਿਆਲਮ ਫਿਲਮ ਵਿਚ ਉਸ ਦਾ ਲੀਡ ਰੋਲ ਸੀ। ਫਿਲਮ ਹਿੱਟ ਹੋ ਗਈ ਅਤੇ ਨਾਲ ਹੀ ਪੱਲਵੀ ਦੇ ਸਿਤਾਰੇ ਚਮਕ ਉਠੇ। ਇਹ ਫਿਲਮ ਉਸ ਸਾਲ ਸਭ ਤੋਂ ਵੱਧ ਕਮਾਈ ਕਰਨ ਵਾਲੀ ਦੂਜੀ ਵੱਡੀ ਫਿਲਮ ਬਣ ਗਈ। ਫਿਲਮ ਵਿਚ ਪੱਲਵੀ ਨੇ ਮਲਾਰ ਦਾ ਜੋ ਕਿਰਦਾਰ ਨਿਭਾਇਆ, ਉਸ ਨਾਲ ਦਰਸ਼ਕ ਉਸ ਦੇ ਦੀਵਾਨੇ ਹੋ ਗਏ। ਇਸ ਫਿਲਮ ਲਈ ਉਸ ਨੂੰ ਮਲਿਆਲਮ ਵਿਚ ਫਿਲਮਫੇਅਰ ਦਾ ਸਰਵੋਤਮ ਨਵੀਂ ਅਦਾਕਾਰਾ ਦਾ ਇਨਾਮ ਮਿਲਿਆ।

ਕੋਇੰਬਟੂਰ (ਤਾਮਿਲ ਨਾਡੂ) ਵਿਚ ਜਨਮੀ ਸਾਈ ਪੱਲਵੀ ਫਿਰ 2017 ਵਿਚ ਆਪਣੀ ਫਿਲਮ 'ਫਿਦਾ' ਰਾਹੀਂ ਤੈਲਗੂ ਫਿਲਮੀ ਦੁਨੀਆ ਅੰਦਰ ਦਾਖਲ ਹੋਈ। ਇਹ ਫਿਲਮ ਵੀ ਖੂਬ ਹਿੱਟ ਰਹੀ। ਉਸ ਦੀ ਅਦਾਕਾਰੀ ਦੀ ਵੀ ਖੂਬ ਤਾਰੀਫ ਹੋਈ ਅਤੇ ਉਸ ਨੂੰ ਤੈਲਗੂ ਵਿਚ ਫਿਲਮਫੇਅਰ ਇਨਾਮ ਵੀ ਮਿਲਿਆ। ਇਸ ਤੋਂ ਬਾਅਦ ਉਸ ਦੀਆਂ ਕਈ ਫਿਲਮਾਂ ਆਈਆਂ ਜਿਨ੍ਹਾਂ ਵਿਚ 'ਕਾਲੀ' (2016), 'ਮਿਡਲ ਕਲਾਸ ਅੱਬਾਈ' (2017), 'ਮਾਰੀ' (2018), 'ਪਾਵਾ ਕਧਾਈਗਈ' (2020), 'ਲਵ ਸਟੋਰੀ' (2021), 'ਸ਼ਿਆਮ ਸਿੰਘਾ ਰਾਏ' (2021), 'ਗਾਰਗੀ' (2023) ਆਦਿ ਸ਼ਾਮਿਲ ਹਨ। ਹੁਣ ਉਸ ਦੀ ਗਿਣਤੀ ਸਟਾਰ ਅਦਾਕਾਰਾਵਾਂ ਵਿਚ ਹੁੰਦੀ ਹੈ। ਉਸ ਦਾ ਕਹਿਣਾ ਹੈ ਕਿ ਤੁਹਾਡੀ ਮਿਹਨਤ ਅਤੇ ਲਗਨ ਸਫਲਤਾ ਦੇ ਰਾਹ ਆਪੇ ਖੋਲ੍ਹ ਦਿੰਦੀ ਹੈ।




*ਫਿਲਮ 'ਅਮਰ ਸਿੰਘ ਚਮਕੀਲਾ' ਦੇ ਦੋ ਪੋਸਟਰ।*

# ਫਿਲਮ 'ਅਮਰ ਸਿੰਘ ਚਮਕੀਲਾ' ਤੇ ਪੰਜਾਬ

**ਗੁਰਜੰਟ ਸਿੰਘ**

ਆਪਣੇ ਵੇਲਿਆਂ ਦੇ ਚਰਚਿਤ ਗਾਇਕ ਅਮਰ ਸਿੰਘ ਚਮਕੀਲਾ ਦੇ ਜੀਵਨ 'ਤੇ ਆਧਾਰਿਤ ਆਈ ਫਿਲਮ 'ਅਮਰ ਸਿੰਘ ਚਮਕੀਲਾ' ਨੇ ਪੰਜਾਬ ਵਿਚ ਵੱਖਰੀ ਤਰ੍ਹਾਂ ਦੀ ਬਹਿਸ ਛੇੜ ਦਿੱਤੀ ਹੈ। ਇਸ ਮਸਲੇ 'ਤੇ ਪੰਜਾਬੀ ਮੋਟੇ ਰੂਪ ਵਿਚ ਦੋ ਖੇਮਿਆਂ ਵਿਚ ਵੰਡੇ ਗਏ ਹਨ; ਖਾਸ ਕਰ ਕੇ ਸੋਸ਼ਲ ਮੀਡੀਆ ਉਤੇ ਫਿਲਮ ਦੇ ਹੱਕ ਅਤੇ ਵਿਰੋਧ ਵਿਚ ਖੂਬ ਪੋਸਟਾਂ ਪਾਈਆਂ ਜਾ ਰਹੀਆਂ ਹਨ। ਚੰਗੇ-ਭਲੇ ਸੰਜੀਦਾ ਲੋਕ ਵੀ ਅੱਡੀਆਂ ਚੁੱਕ-ਚੁੱਕ ਅਤੇ ਬਾਹਾਂ ਉਲਾਰ-ਉਲਾਰ ਕੇ ਮਿਹਣੋ-ਮਿਹਣੀ ਹੋ ਰਹੇ ਹਨ।

ਹੈਰਾਨੀ ਹੁੰਦੀ ਹੈ ਕਿ ਅਮਰ ਸਿੰਘ ਚਮਕੀਲਾ ਦੀ ਇੰਨੀ ਔਕਾਤ ਹੈ ਸੀ ਕਿ ਉਸ ਬਾਰੇ ਇੰਨੇ ਵੱਡੇ ਪੱਧਰ 'ਤੇ ਚਰਚਾ ਹੋਵੇ! ਫਿਲਮ ਦਾ ਵਿਰੋਧ ਕਰਨ ਵਾਲਿਆਂ ਦਾ ਆਖਣਾ ਹੈ ਕਿ ਇਸ ਫਿਲਮ ਰਾਹੀਂ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਝ ਜ਼ਿਆਦਾ ਹੀ ਤੱਤੇ ਵਿਰੋਧੀ ਤਾਂ ਇਸ ਫਿਲਮ ਵਿਚੋਂ ਕੇਂਦਰ ਸਰਕਾਰ ਦੀ ਕੋਈ ਸਾਜ਼ਿਸ਼ ਵੀ ਤਲਾਸ਼ ਰਹੇ ਹਨ। ਕੁਝ ਲੋਕ ਤਾਂ ਇਸ ਫਿਲਮ ਦੇ ਨਾਇਕ ਦਿਲਜੀਤ ਦੁਸਾਂਝ ਦੇ ਮਗਰ ਵੀ ਪੈ ਗਏ ਹਨ ਕਿ ਉਸ ਨੇ ਇਸ ਫਿਲਮ ਵਿਚ ਕੰਮ ਹੀ ਕਿਉਂ ਕੀਤਾ। ਫਿਲਮ ਦੇ ਹੱਕ ਵਿਚ ਬੋਲਣ ਵਾਲਿਆਂ ਦਾ ਕਹਿਣਾ ਹੈ ਕਿ ਇਸ ਫਿਲਮ ਨੂੰ ਸਿਰਫ ਫਿਲਮ ਵਜੋਂ ਹੀ ਲੈਣਾ ਚਾਹੀਦਾ ਹੈ। ਕੁਝ ਤਾਂ ਇਸ ਨੂੰ ਮਸਾਲਾ ਫਿਲਮ ਆਖ ਕੇ ਰੱਦ ਵੀ ਕਰ ਰਹੇ ਹਨ ਜਿਸ ਵਿਚ ਤੱਥਾਂ ਦੀ ਤੋੜ-ਮਰੋੜ ਵੀ ਖੂਬ ਕੀਤੀ ਗਈ ਹੈ।


ਅਸਲ ਵਿਚ ਅਮਰ ਸਿੰਘ ਚਮਕੀਲਾ ਜਿਸ ਦਾ ਅਸਲ ਨਾਂ ਧਨੀ ਰਾਮ ਸੀ, ਬਹੁਤ ਸਾਧਾਰਨ ਗਾਇਕ ਸੀ ਪਰ ਚੱਕਵੇਂ ਗੀਤ ਗਾਉਣ ਕਰ ਕੇ ਇਕਦਮ ਚਰਚਾ ਵਿਚ ਆ ਗਿਆ। ਚਰਚਾ ਵਿਚ ਆਉਣ ਦਾ ਇਕ ਹੋਰ ਵੱਡਾ ਕਾਰਨ ਉਸ ਦੀ ਸਟੇਜ ਕਲਾਕਾਰੀ ਵੀ ਸੀ। ਉਹ ਮੁੱਖ ਤੌਰ 'ਤੇ ਪਿੰਡਾਂ ਵਿਚ ਅਖਾੜੇ ਲਾਉਂਦਾ ਸੀ ਅਤੇ ਪੇਂਡੂ ਜਨਤਾ ਨੂੰ ਭਾਵਨਾਵਾਂ ਵਿਚ ਵਹਾ ਕੇ ਲੈ ਜਾਂਦਾ ਸੀ। ਇਨ੍ਹਾਂ ਕਾਰਨਾਂ ਕਰ ਕੇ ਦਿਨਾਂ ਵਿਚ ਹੀ ਉਸ ਦੀ ਗੁੱਡੀ ਅਸਮਾਨੀਂ ਜਾ ਚੜ੍ਹੀ ਅਤੇ ਸਮਕਾਲੀ ਕਲਾਕਾਰ ਉਸ ਤੋਂ ਖਾਰ ਤੱਕ ਖਾਣ ਲੱਗ ਪਏ। ਉਸ ਉਤੇ ਅਸ਼ਲੀਲ ਗੀਤ ਗਾਉਣ ਦੇ ਦੋਸ਼ ਲੱਗੇ ਅਤੇ ਉਸ ਦਾ ਪਿੱਛਾ ਵੀ ਹੋਣ ਲੱਗਿਆ ਹਾਲਾਂਕਿ ਉਸ ਤੋਂ ਪਹਿਲਾਂ ਅਤੇ ਉਸ ਦੇ ਸਮਕਾਲੀ ਵੀ ਮਾੜੇ ਗੀਤ ਅਕਸਰ ਗਾਉਂਦੇ ਸਨ। ਖਾੜਕੂਆਂ ਵੱਲੋਂ ਧਮਕੀਆਂ ਮਿਲਣ ਕਾਰਨ ਉਸ ਨੇ ਮੁਆਫੀ ਵੀ ਮੰਗੀ ਸੀ ਪਰ ਬਾਅਦ ਵਿਚ ਕੁਝ ਅਜਿਹੀਆਂ ਘਟਨਾਵਾਂ ਹੋਈ ਕਿ ਖਾੜਕੂਆਂ ਨੇ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਪਤਨੀ ਤੇ ਜੋੜੀਦਾਰ ਅਮਰਜੋਤ ਕੌਰ ਨੂੰ 8 ਮਾਰਚ 1988 ਨੂੰ ਮਾਰ ਮੁਕਾਇਆ।

# ਫਿਲਮਸਾਜ਼ ਪਾਇਲ ਕਪਾਡੀਆ ਦੀ 'ਕਾਨ' ਉਡਾਰੀ

**ਆਮਨਾ ਕੌਰ**

ਭਾਰਤੀ ਫਿਲਮਸਾਜ਼ ਪਾਇਲ ਕਪਾਡੀਆ ਨੇ ਤਿੰਨ ਦਹਾਕਿਆਂ ਦੇ ਵਕਫੇ ਬਾਅਦ ਭਾਰਤ ਲਈ ਇਤਿਹਾਸ ਸਿਰਜ ਦਿੱਤਾ ਹੈ। ਉਸ ਦੀ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਸੰਸਾਰ ਦੇ ਪ੍ਰਸਿੱਧ ਕਾਨ ਫਿਲਮ ਮੇਲੇ ਦੇ ਸਭ ਤੋਂ ਵੱਕਾਰੀ ਪਾਮ ਓ'ਡਰ ਇਨਾਮ ਲਈ ਸਵੀਕਾਰ ਕਰ ਲਈ ਹੈ। ਇਸ ਤੋਂ ਪਹਿਲਾਂ ਸਾਲ 1994 ਵਿਚ ਸ਼ਾਜੀ ਐੱਨ. ਕਰੁਨ ਦੀ ਫਿਲਮ 'ਸਵਾਹਮ' ਇਸ ਮੁਕਾਬਲੇ ਵਿਚ ਦਿਖਾਈ ਗਈ ਸੀ। ਫਰਾਂਸ ਦਾ ਇਹ ਵੱਕਾਰੀ ਫਿਲਮ ਮੇਲਾ 14 ਤੋਂ 25 ਮਈ ਤੱਕ ਲੱਗਣਾ ਹੈ ਅਤੇ ਇਸ ਵਿਚ ਸੰਸਾਰ ਭਰ ਦੀਆਂ ਉਮਦਾ ਫਿਲਮਾਂ ਵੱਖ-ਵੱਖ ਸੈਕਸ਼ਨਾਂ ਵਿਚ ਦਿਖਾਈਆਂ ਜਾਣੀਆਂ ਹਨ।


ਜਿਸ ਇਨਾਮ ਮੁਕਾਬਲੇ ਲਈ ਪਾਇਲ ਦੀ ਫਿਲਮ ਚੁਣੀ ਗਈ ਹੈ, ਉਸ ਵਿਚ ਭਾਰਤ ਦੀ ਨਾਮਜ਼ਦਗੀ ਤਾਂ ਕਈ ਵਾਰ ਹੋਈ ਹੈ ਪਰ ਭਾਰਤ ਨੂੰ ਇਹ ਇਨਾਮ ਸਿਰਫ ਇਕ ਵਾਰ ਹੀ ਮਿਲਿਆ ਹੈ। ਇਹ ਇਨਾਮ 1946 ਵਿਚ ਚੇਤਨ ਆਨੰਦ ਦੀ ਫਿਲਮ 'ਨੀਚਾ ਨਗਰ' ਨੂੰ ਮਿਲਿਆ ਸੀ। ਉਦੋਂ ਕਾਨ ਫਿਲਮ ਮੇਲਾ ਗ੍ਰਾਂ ਪ੍ਰੀ ਕੌਮਾਂਤਰੀ ਫਿਲਮ ਮੇਲੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਤੋਂ ਪਹਿਲਾਂ ਇਸ ਵੱਕਾਰੀ ਇਨਾਮ ਮੁਕਾਬਲੇ ਲਈ ਮ੍ਰਿਣਾਲ ਸੇਨ ਦੀ ਫਿਲਮ 'ਖਾਰਜੀ' (1983), ਐੱਮ.ਐੱਸ. ਸੱਥਿਊ ਦੀ 'ਗਰਮ ਹਵਾ' (1974), ਸੱਤਿਆਜੀਤ ਰੇਅ ਦੀ ਪਾਰਾਸ਼ ਪਾਥਰ' (1958), ਰਾਜ ਕਪੂਰ ਦੀ 'ਆਵਾਰਾ' (1953), ਵੀ ਸ਼ਾਤਾਰਾਮ ਦੀ 'ਅਮਰ ਭੁਪਾਲੀ' (1952) ਵਿਚਾਰੀਆਂ ਗਈਆਂ ਸਨ।




'ਆਲ ਵੀ ਇਮੈਜਿਨ ਐਜ਼ ਲਾਈਟ' ਪ੍ਰਭਾ ਨਾਂ ਦੀ ਨਰਸ ਦੀ ਕਹਾਣੀ ਹੈ। ਚਿਰਾਂ ਤੋਂ ਬੇਮੁਖ ਹੋਇਆ ਉਸ ਦਾ ਪਤੀ ਇਕ ਦਿਨ ਉਸ ਨੂੰ ਤੋਹਫਾ ਭੇਜਦਾ ਹੈ ਅਤੇ ਇਸ ਤੋਂ ਬਾਅਦ ਉਸ ਦੀ ਜ਼ਿੰਦਗੀ ਵਿਚ ਸਭ ਕੁਝ ਉਲਟ-ਪੁਲਟ ਹੋ ਜਾਦਾ ਹੈ। ਪਾਇਲ ਨੇ ਇਹ ਕਹਾਣੀ ਬਹੁਤ ਸੰਵੇਦਨਾ ਨਾਲ ਬਿਆਨ ਕੀਤੀ ਹੈ।

ਪਾਇਲ ਕਪਾਡੀਆ 2021 ਵਾਲੇ ਕਾਨ ਫਿਲਮ ਮੇਲੇ ਵਿਚ ਗੋਲਡਨ ਆਈ ਇਨਾਮ ਜਿੱਤ ਚੁੱਕੀ ਹੈ। ਉਸ ਨੂੰ ਇਹ ਇਨਾਮ ਉਸ ਦੀ ਫਿਲਮ 'ਐਨ ਨਾਈਟ ਆਫ ਨੋਇੰਗ ਨਥਿੰਗ' ਲਈ ਦਿੱਤਾ ਗਿਆ ਸੀ। 2017 ਵਿਚ ਉਸ ਦੀ ਫਿਲਮ 'ਆਫਟਰਨੂਨ ਕਲਾਊਡਸ' ਇਕਲੌਤੀ ਭਾਰਤੀ ਫਿਲਮ ਸੀ ਜੋ ਕਾਨ ਫਿਲਮ ਮੇਲੇ ਲਈ ਵਿਚਾਰੀ ਗਈ ਸੀ। ਪਾਇਲ ਨੇ ਆਪਣੀ ਪਹਿਲੀ ਦਸਤਾਵੇਜ਼ੀ 'ਵਾਟਰਮੈਲਨ, ਫਿਸ਼ ਐਂਡ ਹਾਫ ਘੋਸਟ' ਸਾਲ 2014 ਵਿਚ ਬਣਾਈ ਸੀ। ਇਸ ਤੋਂ ਬਾਅਦ ਉਸ ਨੇ 2015 ਵਿਚ 'ਆਫਟਰਨੂਨ ਕਲਾਊਡਸ', 2017 ਵਿਚ 'ਦਿ ਲਾਸਟ ਮੈਂਗੋ ਬੀਫੋਰ ਦਿ ਮੌਨਸੂਨ', 2018 ਵਿਚ 'ਐਂਡ ਵ੍ਹਟ ਇਜ਼ ਦਿ ਸਮਰ ਸੇਇੰਗ' ਅਤੇ 2021 ਵਿਚ 'ਐਨ ਨਾਈਟ ਆਫ ਕੋਇੰਗ ਨਥਿੰਗ' ਫਿਲਮਾਂ ਬਣਾਈਆਂ।





*ਫਿਲਮਸਾਜ਼ ਪਾਇਲ ਕਪਾਡੀਆ ਦੀ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਦਾ ਪੋਸਟਰ ਤੇ ਦ੍ਰਿਸ਼ ਅਤੇ (ਐਨ ਸੱਜੇ) ਪਾਇਲ ਕਪਾਡੀਆ।*

# ਯੂ. ਐੱਸ. ਕਾਂਗਰਸ ਲਈ ਰਾਜੂ ਨੂੰ ਚੁਣੋ

**REPUBLICAN CANDIDATE FOR U.S. CONGRESS**
**INDIANA'S 5TH DISTRICT**

RAJU CHINTHALA FOR CONGRESS



## ਰਾਜੂ ਤੁਹਾਡੇ ਲਈ ਹੈ!

**ਗਤੀਸ਼ੀਲ. ਦੂਰਦਰਸ਼ੀ. ਪ੍ਰਮਾਣਿਕ.**

## 7 ਮਈ ਨੂੰ ਜਾਂ ਇਸ ਤੋਂ ਪਹਿਲਾਂ ਰਾਜੂ ਲਈ ਵੋਟ ਕਰੋ!

ਇੰਡੀਆਨਾ ਪ੍ਰਾਇਮਰੀ: ਤੁਹਾਡੀ ਰਾਜਨੀਤਿਕ ਮਾਨਤਾ ਦੇ ਬਾਵਜੂਦ, ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੋ। ਜੇਕਰ ਤੁਸੀਂ ਰਜਿਸਟਰਡ ਵੋਟਰ ਹੋ, ਤਾਂ ਕਾਂਗਰਸ ਲਈ ਰਾਜੂ ਨੂੰ ਵੋਟ ਪਾਉਣ ਬਾਰੇ ਵਿਚਾਰ ਕਰੋ। ਰਿਪਬਲਿਕਨ ਬੈਲਟ ਦੀ ਮੰਗ ਕਰਨਾ ਯਾਦ ਰੱਖੋ।

ਹੋਰ ਜਾਣਕਾਰੀ ਲਈ:
www.indianavoters.com

SCAN ME FOR MORE DETAILS:

RAJUFORCONGRESS.COM

## ਰਾਜੂ ਬਾਰੇ:

- ਪਤੀ, ਪਿਤਾ, ਸਫਲ ਕਾਰੋਬਾਰੀ, ਕਮਿਊਨਿਟੀ ਲੀਡਰ, ਸਿਆਸੀ ਵਕੀਲ
- ਸਪੀਚ-ਲੈਂਗਵੇਜ ਪੈਥੋਲੋਜਿਸਟ, ਅਤੇ ਅੰਤਰਰਾਸ਼ਟਰੀ ਆਰਥਿਕ ਸਲਾਹਕਾਰ
- ਹੈਮਿਲਟਨ ਕਾਉਂਟੀ ਰਿਪਬਲਿਕਨ ਪਾਰਟੀ ਦੇ ਖਜ਼ਾਨਚੀ

## ਰਾਜੂ ਕਿਉਂ?

- ✓ ਸਾਬਤ ਲੀਡਰਸ਼ਿਪ & ਅਨੁਭਵ
- ✓ ਤਰੱਕੀ ਲਈ ਵਚਨਬੱਧਤਾ
- ✓ ਤੁਹਾਡੇ ਲਈ ਵਕੀਲ
- ✓ ਪਹੁੰਚਯੋਗ ਅਤੇ ਜਵਾਬਦੇਹ

PAID FOR BY RAJU FOR CONGRESS